*Published in Punjabi & English*

**Distributed in Toronto, Calgary, Vancouver, Winnipeg and Online Worldwide.**

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com

ਸਾਲ- 16, ਅੰਕ-4, ਅਪ੍ਰੈਲ 2026

Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300


# ਜੰਗਬਾਜ਼ਾਂ ਵੱਲੋਂ ਤਕਨਾਲੋਜੀ ਦੀ ਦੁਰਵਰਤੋਂ-ਲੋਕ-ਰਾਇ ਉਸਾਰਨ ਦੀ ਲੋੜ

ਸਰਮਾਏਦਾਰੀ ਦਾ ਉੱਚਤਮ ਰੂਪ ਸਾਮਰਾਜਵਾਦ ਮਨੁੱਖੀ ਕਿਰਤ ਅਤੇ ਕੁਦਰਤੀ ਵਸੀਲਿਆਂ ਦੀ ਕਰੂਰ ਲੁੱਟ ਤਾਂ ਕਰਦਾ ਹੀ ਹੈ, ਇਸ ਵੱਲੋਂ ਵਿਗਿਆਨਕ ਖੋਜਾਂ ਤੇ ਤਕਨਾਲੋਜੀ ਦੀ ਆਪਣੇ ਲੋਟੂ-ਧਾੜਵੀ ਮੁਫ਼ਾਦਾਂ ਲਈ ਦੁਰਵਰਤੋਂ ਕਰਨ ਦੀ ਕੋਈ ਹੱਦ ਨਹੀਂ ਹੈ। ਅਮਰੀਕੀ ਸਾਮਰਾਜੀਆਂ ਵੱਲੋਂ ਜਪਾਨ ਉੱਪਰ ਪ੍ਰਮਾਣੂ ਬੰਬ ਸੁੱਟਕੇ, 1960ਵਿਆਂ 'ਚ ਵੀਅਤਨਾਮ ਉੱਪਰ 388000 ਟਨ ਨਾਪਾਮ ਬੰਬ ਵਰਸਾਕੇ ਅਤੇ ਹੋਰ ਬਹੁਤ ਸਾਰੇ ਮੁਲਕਾਂ ਉੱਪਰ ਨਹੱਕੀਆਂ ਜੰਗਾਂ/ਹਮਲੇ ਥੋਪਕੇ ਬੇਥਾਹ ਮਨੁੱਖੀ ਅਤੇ ਵਾਤਾਵਰਣੀ ਤਬਾਹੀ ਮਚਾਈ ਗਈ। ਮੌਜੂਦਾ ਜੰਗ ਵਿਚ ਇਰਾਨ ਅਤੇ ਲਿਬਨਾਨ ਵਿਚ ਚਾਰ ਹਜ਼ਾਰ ਤੋਂ ਵੱਧ ਲੋਕ ਮਾਰੇ ਗਏ ਹਨ ਅਤੇ ਲਗਭਗ 45 ਲੱਖ ਘਰਾਂ ਤੋਂ ਉਜਾੜ ਦਿੱਤੇ ਗਏ ਹਨ।

ਕੁਲ ਅਤਿ-ਆਧੁਨਿਕ ਵਿਗਿਆਨਕ ਤਕਨਾਲੋਜੀ ਉੱਪਰ ਸਾਮਰਾਜੀ ਰਾਜਾਂ ਦਾ ਅਜਾਰੇਦਾਰ ਕਬਜ਼ਾ ਹੋਣ ਕਾਰਨ ਤਕਨਾਲੋਜੀ ਦੀਆਂ ਬੇਹੱਦ ਉਪਯੋਗੀ ਕਾਢਾਂ ਸਾਮਰਾਜੀ ਸਰਮਾਏਦਾਰੀ ਦੇ ਲੋਟੂ ਹੱਥਾਂ ਵਿਚ ਮਨੁੱਖੀ ਜ਼ਿੰਦਗੀ ਨੂੰ ਕੰਟਰੋਲ ਕਰਨ ਅਤੇ ਸਮੁੱਚੀ ਨਿੱਜੀ ਜ਼ਿੰਦਗੀ ਦੀ ਜਾਸੂਸੀ ਕਰਨ ਦਾ ਬੇਹੱਦ ਕਾਰਗਰ ਹਥਿਆਰ ਬਣ ਚੁੱਕੀਆਂ ਹਨ। ਇਸ ਕਾਰਨ ਧਾੜਵੀ ਸਾਮਰਾਜੀ ਤਾਕਤਾਂ ਅਤੇ ਇਨ੍ਹਾਂ ਦੇ ਇਜ਼ਰਾਇਲ, ਭਾਰਤ ਵਰਗੇ ਝੋਲੀਚੁੱਕ ਰਾਜਾਂ ਦੀ ਆਪਣੇ ਲੋਟੂ ਮਨੋਰਥਾਂ ਲਈ ਤਬਾਹੀ ਦੀ ਸਮਰੱਥਾ ਅਤੇ ਵਿਆਪਕਤਾ ਦਿਨੋ-ਦਿਨ ਵਧਦੀ ਜਾਂਦੀ ਹੈ। ਕੁਦਰਤੀ ਵਸੀਲੇ ਅਤੇ ਮਨੁੱਖੀ ਦੌਲਤ ਬੇਸ਼ੁਮਾਰ ਪੱਧਰ 'ਤੇ ਜੰਗ ਵਿਚ ਝੋਕੇ ਜਾ ਰਹੇ ਹਨ। ਸਾਮਰਾਜੀ ਕੁੱਤਾ-ਭੇੜ ਵੱਲੋਂ ਯੂਕਰੇਨ ਨੂੰ ਬੁਰੀ ਤਰ੍ਹਾਂ ਬਰਬਾਦ ਕਰ ਦਿੱਤਾ ਗਿਆ ਹੈ। ਯੂਕਰੇਨ ਵਿਚ ਪੱਛਮੀ ਤੇ ਰੂਸੀ ਸਾਮਰਾਜੀ ਸ਼ਰੀਕਾਂ ਵੱਲੋਂ ਅਤੇ ਗਾਜ਼ਾ ਪੱਟੀ ਤੇ ਇਰਾਨ-ਲਿਬਨਾਨ ਵਿਚ ਅਮਰੀਕੀ-ਇਜ਼ਰਾਇਲੀ ਜੰਗਬਾਜ਼ਾਂ ਵੱਲੋਂ ਜਿਵੇਂ ਏ.ਆਈ. (ਆਰਟੀਫਿਸ਼ੀਅਲ ਇੰਟੈਲੀਜੈਂਸ) ਦੀ ਮੱਦਦ ਨਾਲ ਬੇਤਹਾਸ਼ਾ ਟਾਰਗੈਟਿੰਗ ਕੀਤੀ ਜਾ ਰਹੀ ਹੈ, ਉਹ ਹੋਰ ਵੀ ਭਿਆਨਕ ਬਣਦੇ ਜਾ ਰਹੇ ਖ਼ਤਰੇ ਵੱਲ ਇਸ਼ਾਰਾ ਕਰਦੀ ਹੈ। ਭਾਰਤ ਵਿਚ ਮਾਓਵਾਦੀ ਲਹਿਰ ਨੂੰ ਕੁਚਲਣ ਲਈ ਵੀ ਇਸਰੋ ਦਾ ਸੈਟੇਲਾਈਟ ਸਿਸਟਮ, ਨੈਸ਼ਨਲ ਟੈਕਨਾਲੋਜੀ ਰਿਸਰਚ ਸੰਸਥਾ ਸਮੇਤ ਤਰ੍ਹਾਂ ਤਰ੍ਹਾਂ ਦਾ ਖ਼ੁਫ਼ੀਆ ਨਿਗਰਾਨੀ ਤੰਤਰ ਵਰਤਿਆ ਗਿਆ।



ਇਜ਼ਰਾਇਲ ਨੇ ਅਮਰੀਕੀ ਪੁਸ਼ਤਪਨਾਹੀ ਨਾਲ ਦਹਾਕਿਆਂ ਤੋਂ ਗਾਜ਼ਾ ਪੱਟੀ ਨੂੰ ਨਵੀਂ ਜੰਗੀ ਤਕਨਾਲੋਜੀ ਅਤੇ ਫ਼ੌਜੀ ਸਾਜ਼ੋਸਮਾਨ ਦੀ ਪ੍ਰਯੋਗਸ਼ਾਲਾ ਬਣਾਇਆ ਹੋਇਆ ਹੈ। ਮਈ 2021 'ਚ ਗਾਜ਼ਾ ਉੱਪਰ ਕੀਤੀ ਬੰਬਾਰੀ ਨੂੰ ਇਜ਼ਰਾਇਲੀ ਫ਼ੌਜ ਨੇ "ਪਹਿਲੀ ਆਰਟੀਫਿਸ਼ੀਅਲ ਇੰਟੈਲੀਜੈਂਸ ਜੰਗ" ਕਿਹਾ ਸੀ। ਪਿੱਛੇ ਜਹੇ ਮੀਡੀਆ ਪੜਤਾਲਾਂ ਨੇ ਖ਼ੁਲਾਸੇ ਕੀਤੇ ਕਿ ਏ.ਆਈ. ਟਾਰਗੈਟਿੰਗ ਪ੍ਰਣਾਲੀਆਂ 'ਲਵੈਂਡਰ' ਅਤੇ 'ਦੀ ਗੋਸਪਲ' ਦੀ ਮਦਦ ਨਾਲ ਇਜ਼ਰਾਇਲ ਵੱਲੋਂ ਗਾਜ਼ਾ ਪੱਟੀ ਵਿਚ ਗਿਣ-ਮਿੱਥਕੇ ਆਮ ਨਾਗਰਿਕਾਂ ਦਾ ਕਤਲੇਆਮ ਕੀਤਾ ਗਿਆ। ਰਾਸ਼ਟਰਪਤੀ ਮਾਦੂਰੋ ਦੇ ਅਗਵਾ ਨੂੰ ਅੰਜਾਮ ਦੇਣ ਅਤੇ ਉਸਦੇ ਸੁਰੱਖਿਆ ਘੇਰੇ ਨੂੰ ਨਸ਼ਟ ਕਰਨ ਲਈ ਏ.ਆਈ. ਟਾਰਗੈਟਿੰਗ ਸਿਸਟਮ ਵਰਤੇ ਗਏ। ਇਰਾਨ ਵਿਚ ਚੋਟੀ ਦੀ ਫ਼ੌਜੀ ਲੀਡਰਸ਼ਿਪ ਨੂੰ ਮਾਰਨ ਲਈ ਚਲਾਏ 'ਓਪਰੇਸ਼ਨ ਐਪਿਕ ਫਿਊਰੀ' ਦੇ ਪਹਿਲੇ 12 ਘੰਟਿਆਂ 'ਚ ਹੀ ਅਹਿਮ ਟਿਕਾਣਿਆਂ ਉੱਪਰ ਤਕਰੀਬਨ 900 ਆਟੋਮੇਟਿਡ ਹਮਲੇ ਕਰਨ ਦੀਆਂ ਰਿਪੋਰਟਾਂ ਹਨ। ਜਿਨ੍ਹਾਂ ਵਿਚ ਮਿਨਾਬ ਦੇ ਪ੍ਰਾਇਮਰੀ ਸਕੂਲ ਨੂੰ ਨਿਸ਼ਾਨਾ ਬਣਾਕੇ 168 ਬੱਚੀਆਂ ਸਮੇਤ 180 ਲੋਕਾਂ ਦਾ ਕਤਲੇਆਮ ਵੀ ਸ਼ਾਮਲ ਹੈ। ਟਰੰਪ ਸਰਕਾਰ ਵੱਲੋਂ ਆਪਣੇ ਕੁਕਰਮਾਂ ਨੂੰ ਢਕਣ ਲਈ ਇਹ ਮਹਾਂ-ਝੂਠ ਪ੍ਰਚਾਰਿਆ ਗਿਆ ਕਿ ਇਹ ਤਾਂ ਇਰਾਨੀ ਮਿਜ਼ਾਇਲਾਂ ਦਾ ਨਿਸ਼ਾਨਾ ਗ਼ਲਤ ਹੋ ਜਾਣ ਕਾਰਨ ਵਾਪਰਿਆ ਹੈ। ਰਿਪੋਰਟਾਂ ਹਨ ਕਿ ਅਮਰੀਕੀ ਫ਼ੌਜ ਵੱਲੋਂ ਏ.ਆਈ. ਰਿਸਰਚ ਕੰਪਨੀ ਐਂਥਰੌਪਿਕ ਦਾ ਕਲਾਡ ਨਾਂ ਦਾ ਏ.ਆਈ. ਮਾਡਲ ਵਰਤਿਆ ਗਿਆ। ਇਹ ਤਕਨਾਲੋਜੀ "ਕਿਲਿੰਗ ਚੇਨ" ਯਾਨੀ ਨਿਸ਼ਾਨੇ ਦੀ ਸ਼ਨਾਖ਼ਤ ਕਰਨ, ਅਥਾਰਟੀ ਤੋਂ ਮਨਜ਼ੂਰੀ ਲੈਣ ਅਤੇ ਹਮਲਾ ਕਰਨ ਦੀ ਪ੍ਰਕਿਰਿਆ ਦਾ ਸਮਾਂ ਘਟਾਉਣ ਭਾਵ ਅੱਖ ਝਪਕਦੇ ਹੀ ਹਮਲਾ ਕਰਨ ਲਈ ਬਣਾਈ ਗਈ ਹੈ। 2024 'ਚ ਕਲਾਡ ਨੂੰ ਵੀ ਪੈਲੈਂਟੀਅਰ ਅਤੇ ਪੈਂਟਾਗਾਨ ਦੁਆਰਾ ਵਿਕਸਤ ਕੀਤੀ ਅਮਰੀਕੀ ਆਟੋਮੇਟਿਡ ਟਾਰਗੈਟਿੰਗ ਮਸ਼ੀਨ ਵਿਚ ਸ਼ੁਮਾਰ ਕਰ ਲਿਆ ਗਿਆ। ਪੈਂਟਾਗਾਨ ਕੋਲ ਮੇਵੇਨ ਸਮਾਰਟ ਸਿਸਟਮ ਦੁਆਰਾ ਬਣਾਇਆ ਡੇਟਾਬੇਸ ਹੈ। 2018 'ਚ ਗੂਗਲ ਨੂੰ ਆਪਣੇ 4000 ਤੋਂ ਵੱਧ ਇੰਜੀਨੀਅਰਾਂ ਤੇ ਮੁਲਾਜ਼ਮਾਂ ਦੇ ਵਿਰੋਧ ਕਾਰਨ ਪੈਂਟਾਗਾਨ ਦੀਆਂ ਟਾਰਗੈਟਿੰਗ ਪ੍ਰਣਾਲੀਆਂ ਲਈ ਵਿਸ਼ੇਸ਼ ਏ.ਆਈ. ਸਿਸਟਮ ਤਿਆਰ ਕਰਨ ਦਾ ਠੇਕਾ ਰੱਦ ਕਰਨਾ ਪਿਆ ਸੀ। ਫਿਰ ਪੈਂਟਾਗਾਨ ਨੂੰ ਪੈਲੈਂਟੀਅਰ ਟੈਕਨਾਲੋਜੀਜ਼ ਨੇ ਮੇਵੇਨ ਸਿਸਟਮ ਬਣਾਕੇ ਦਿੱਤਾ ਜੋ ਸੈਟੇਲਾਈਟ ਤਸਵੀਰਾਂ, ਸਿਗਨਲ ਇੰਟੈਲੀਜੈਂਸ ਅਤੇ ਸੈਂਸਰ ਡੇਟਾ ਨੂੰ ਜੋੜਕੇ ਨਿਸ਼ਾਨਿਆਂ ਦੀ ਸ਼ਨਾਖ਼ਤ ਕਰਦਾ ਹੈ ਅਤੇ ਸ਼ਨਾਖ਼ਤ ਤੋਂ ਲੈ ਕੇ ਹਮਲੇ ਦੇ ਆਦੇਸ਼ ਦੇਣ ਤੱਕ ਹਰ ਪੜਾਅ ਨੂੰ ਅੱਗੇ ਵਧਾਉਂਦਾ ਹੈ। ਨਿਸ਼ਾਨੇ ਤੈਅ ਕਰਨ ਤੋਂ ਲੈ ਕੇ ਕਤਲੇਆਮ ਕਰਨ ਲਈ ਹਮਲਿਆਂ ਦੀ ਬੌਛਾੜ ਦਾ ਆਖ਼ਰੀ ਫ਼ੈਸਲਾ ਲੈਣ ਦੇ ਸਮਰੱਥ ਇਨ੍ਹਾਂ ਮੁਕੰਮਲ ਖ਼ੁਦਮੁਖਤਿਆਰ ਹਥਿਆਰਾਂ ਦੀ ਬੇਥਾਹ, ਬੇਲਗਾਮ ਤਬਾਹਕੁਨ ਸਮਰੱਥਾ ਨੂੰ ਨਕੇਲ ਪਾਉਣ ਦੀ ਜ਼ਰੂਰਤ ਇਸ ਦੇ ਨਿਰਮਾਤਾ ਵੀ ਮਹਿਸੂਸ ਕਰ ਰਹੇ ਹਨ।

ਪਿਛਲੇ ਦਿਨੀਂ ਪੈਂਟਾਗਾਨ ਨੇ ਐਂਥਰੋਪਿਕ ਨਾਲ ਸਮਝੌਤਾ ਨਵਿਆਉਣ ਸਮੇਂ ਦਬਾਅ ਪਾਇਆ ਕਿ ਉਹ ਪਹਿਲੇ ਸਮਝੌਤੇ ਵਾਲੇ ਅੜਿੱਕੇ ਖ਼ਤਮ ਕਰਕੇ ਆਪਣੀ ਏ.ਆਈ. ਤਕਨਾਲੋਜੀ ਨੂੰ ਅਮਰੀਕੀ ਫ਼ੌਜ ਵੱਲੋਂ "ਸਾਰੇ ਕਾਨੂੰਨੀ ਉਦੇਸ਼ਾਂ" ਲਈ "ਬੇਰੋਕ ਵਰਤਣ ਦੀ ਖੁੱਲ੍ਹ" ਦੇਵੇ। ਕੰਪਨੀ ਦੇ ਸੀਈਓ ਨੇ ਸ਼ਰਤ ਰੱਖੀ ਕਿ ਅਮਰੀਕੀਆਂ ਦੀ ਵਿਆਪਕ ਨਿਗਰਾਨੀ ਨਹੀਂ ਕੀਤੀ ਜਾਵੇਗੀ ਅਤੇ ਇਹ ਮੁਕੰਮਲ ਖ਼ੁਦਮੁਖਤਿਆਰ ਹਥਿਆਰ ਮਨੁੱਖੀ ਨਿਗਰਾਨੀ ਦੇ ਬਿਨਾਂ ਨਹੀਂ ਵਰਤੇ ਜਾਣਗੇ। ਸਮਝੌਤਾ ਨੇਪਰੇ ਨਹੀਂ ਚੜ੍ਹਿਆ ਅਤੇ ਟਰੰਪ ਨੇ ਕੰਪਨੀ ਨੂੰ ਕੌਮੀ ਸੁਰੱਖਿਆ ਲਈ ਜੋਖ਼ਮ ਕਰਾਰ ਦੇ ਕੇ ਉਸਦੇ ਐੱਲਐੱਲਐੱਮ ਅਤੇ ਚੈਟਬੌਟ ਕਲਾਡ ਦੀ ਵਰਤੋਂ ਬੰਦ ਕਰਨ ਦਾ ਆਦੇਸ਼ ਦੇ ਦਿੱਤਾ। (ਸੀਈਓ ਦੇ ਅਨੁਸਾਰ ਟਰੰਪ ਦੀ ਨਾਰਾਜ਼ਗੀ ਦਾ ਅਸਲ ਕਾਰਨ ਕੰਪਨੀ ਵੱਲੋਂ ਉਸ ਨੂੰ ਡੋਨੇਸ਼ਨ ਨਾ ਦੇਣਾ ਹੈ।) ਸ਼ਰੀਕ ਓਪਨਏਆਈ ਨੇ ਤੁਰੰਤ ਪੈਂਟਾਗਾਨ ਨਾਲ ਸਮਝੌਤਾ ਕਰ ਲਿਆ। ਅਗਲੇ ਦਿਨ ਹੀ ਅਮਰੀਕਾ-ਇਜ਼ਰਾਇਲ ਨੇ ਇਰਾਨ ਉੱਪਰ ਹਮਲਾ ਕਰ ਦਿੱਤਾ।

ਹੋ ਸਕਦਾ ਹੈ ਇਰਾਨ ਵਿਚ ਟਾਰਗੈਟਿੰਗ ਸਿਸਟਮ ਦਾ ਨਿਸ਼ਾਨਾ ਗ਼ਲਤ ਹੋਵੇ, ਪਰ ਇਸ ਨਾਲ ਅਮਰੀਕੀ ਰਾਜ ਮਾਨਵਤਾ ਵਿਰੁੱਧ ਘਿਣਾਉਣੇ ਜੁਰਮਾਂ ਤੋਂ ਬਰੀ ਨਹੀਂ ਹੋ ਜਾਂਦਾ ਜੋ ਸ਼ਰੀਕ ਸਾਮਰਾਜੀ ਤਾਕਤਾਂ ਨੂੰ ਮਾਤ ਦੇਣ ਅਤੇ ਆਕੀ ਹਕੂਮਤਾਂ ਨੂੰ ਕੁਚਲਣ ਲਈ ਆਪਣੀ ਜੰਗੀ ਮਸ਼ੀਨ ਨੂੰ ਵੱਧ ਤੋਂ ਵੱਧ ਤਬਾਹਕੁਨ ਬਣਾਉਂਦਾ ਰਹਿੰਦਾ ਹੈ। ਸਾਮਰਾਜੀਆਂ ਨੂੰ ਭਰਮ ਹੈ ਕਿ ਉਹ ਜੰਗੀ ਮਸ਼ੀਨ ਦੀ ਤਬਾਹਕੁਨ ਸਮਰੱਥਾ ਦੇ ਜ਼ੋਰ ਅਜਿੱਤ ਬਣ ਜਾਣਗੇ ਪਰ ਵੀਅਤਨਾਮ, ਅਫ਼ਗਾਨਿਸਤਾਨ ਆਦਿ ਅਨੇਕਾਂ ਮਿਸਾਲਾਂ ਹਨ ਜਦੋਂ ਘੋਰ ਜੰਗਬਾਜ਼ਾਂ ਨੂੰ ਲੋਕਾਈ ਦੇ ਸਿਦਕ ਅੱਗੇ ਹਾਰ ਮੰਨਕੇ ਵਾਪਸ ਜਾਣਾ ਪਿਆ। ਹਾਲਾਤ ਦਿਖਾਉਂਦੇ ਹਨ ਕਿ ਇਰਾਨ ਵੀ ਅਮਰੀਕੀ ਜੰਗਬਾਜ਼ਾਂ ਲਈ ਵੀਅਤਨਾਮ ਸਿੱਧ ਹੋਵੇਗਾ। ਦੁਨੀਆ ਦੇ ਅਮਨ ਪ੍ਰੇਮੀ ਲੋਕਾਂ ਨੂੰ ਤਕਨਾਲੋਜੀ ਦੀ ਦੁਰਵਰਤੋਂ ਵਿਰੁੱਧ ਜ਼ੋਰਦਾਰ ਲੋਕ ਦਬਾਅ ਉਸਾਰਨ ਲਈ ਅੱਗੇ ਆਉਣਾ ਚਾਹੀਦਾ ਹੈ।

**- ਸੰਪਾਦਕੀ ਬੋਰਡ**












# ਰਜਿਸਟਡ ਡਿਸਏਬਿਲਟੀ ਸੇਵਿੰਗ ਪਲਾਨ (RDSP)

(ਦੇਖੋ ਸਫ਼ਾ 39 'ਤੇ)

16 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



| ਹਰਬੰਸ ਸਿੰਘ | ਦੇਵਿੰਦਰ ਤੂਰ | ਮਾਸਟਰ ਭਜਨ ਸਿੰਘ | ਪਰਮਿੰਦਰ ਕੌਰ ਸਵੈਚ | ਜਸਵੀਰ ਕੌਰ ਮੰਗੂਵਾਲ | ਬਲਜਿੰਦਰ ਸਿੰਘ ਵੜੈਚ |
|---|---|---|---|---|---|
| (ਟੋਰਾਂਟੋ) | (ਟੋਰਾਂਟੋ) | (ਕੈਲਗਰੀ) | (ਵੈਨਕੂਵਰ) | (ਵਿਨੀਪੈਗ) | (ਪੰਜਾਬ) |
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |


NEW SERVICE BY CARE INC

CARE AUDIOLOGY

Calgary 403-605-6300

ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ

## ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

Hearing Aid Brands we Carry
• Oticon • Unitron • Signia

ਅੱਖਾਂ ਦੀ ਨਿਗਾ ਚੈਕ ਕਰਾਉਣ ਅਤੇ ਹਰ ਕਿਸਮ ਦੀਆਂ ਬਰੈਂਡਡ ਐਨਕਾਂ ਲੈਣ ਲਈ ਮਿਲੋ

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
1st Location : 124-4774 Westwinds Drive NE Calgary, Alberta
Email : westwinds@careine.ca
2nd Location : 2110-4250 109 Ave NE, Calgary, AB (The Port Plaza)
3rd Location : 45-250 Carrington Blvd NW Calgary, AB, T3P OC7
Phone : 403-605-6300 | Fax : 403-536-4057
Email : calgary@careinc.ca

AAXEL INSURANCE BROKERS LTD.

Harcharan Parhar
403-614-1797
harcharan.parhar@aaxelinsurance.com

Auto·Home·Business Insurance

- Commercial Auto & Trucking
- Commercial Property
- Rental Property
- Tenant Insurance
- General Liability
- Builder's Risk
- Special Event, Shows, Parties Liability

403-614-1797 | harcharan.parhar@aaxelinsurance.com
#3256, 4310-104 Ave NE, Calgary AB T3N 1W1 | www.aaxelinsurance.com

Call Romi Sidhu For Insurance & Financial Needs




StateFarm IS NOW Desjardins Insurance

Monday - Friday 9am to 5:30pm
Weekends: All Other Times
Only Appointments



4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com

| | | |
|---|---|---|
| * HOME | * DISABILITY | * VEHICLE FINANCE |
| * AUTO | * RRSV | * CRITICAL ILLNESS |
| * LIFE | * RESP | * MUTUAL FUNDS |

Romi Sidhu, Agent
P02720CN



ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ

Specialist in :
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

www.hmphome.com

HMP Custom Cabinets Ltd.

Specialist in :



Custom Kitchen, Bars, Washroom Vanity, Custom Bedroom Closet & All Commercial Mill Work

Free Estimate Paul Sekhon : 403-701-4947

Bay 11 2316 27 Ave. NE, Calgary



Harpinder Sidhu INSURANCE EXPERT

Punjab Insurance Inc

SUPER VISA INSURANCE
* LIFE INSURANCE * RESPs
# 5106-4310 104 Ave,
NE Calgary AB T3N 1W5



CALL FOR BEST RATES
HARPINDER SIDHU
LOVEPREET SIDHU
403 404 3500

## SAROKARAN DI AWAZ

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Mehmoodpur
(Punjab)
946-347-4342
atoozed@gmail.com
Navkiran Singh Patti
+91 98885 44001
n4navkiran@gmail.com

**Literary Advisor**
Parminder Swaich
Surrey (BC)
604-760-4794
pswaich@hotmail.com
Jasvir kaur Manguwal
Winnipeg
204-881-4955
manguwal.j@gmail.com

**Honorary Advisory Board**
Sukhdev Singh Sandhu
(Toronto)
Master Balbir Singh Gill
(Toronto)
Jaspreet Dhaliwal
(Toronto)
Harcharan Singh Parhar
Calgary
Narbhinder Singh (India)
(Punjab)
935-443-0211

**Graphic Desinger**
Baljinder Singh Waraich
+91-92167-29598
akashdeep.1064@gmail.com



ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।


TOP CHOICE
INSURANCE AGENCY INC
RAVINDERJIT BASRA
INSURANCE BROKER
416-845-6232
info@topchoiceinsurance.ca
topchoiceinsurance.ca
Hiring new and experienced insurance agents
Unit 6 - 11675 Mcvean Dr, Brampton, ON, L6P 4N5





Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!


Apinder Aujla
BSc.Pharm





Satvachan Lal
B.Sc.Pharm
#1150, 4818 Westwindus Drive NE. Calgary
403-293-9360




For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca
MLS MULTIPLE LISTING SERVICE REALTOR
REAL ESTATE BOARD





Taranjit "T. J." Mand
Real Estate Associate
Max Value Reality Ltd.




SAVANNA
Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com



Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in
IMMIGRATION
Applications for Family Class and APPEALS, Skilled Workers, Investors, Refugee Claims
REAL ESTATE
Buying and Selling Commercial and Residential Land Development Condominium Projects
WILLS & ESTATE
CRIMINAL LAW
SMALL BUSINESS
Buying and Selling Franchises, Shareholder Agreements and Incorporations
FORMATION OF PUBLIC COMPANIES
Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਨਿਆਂਪਸੰਦ ਕਾਰਕੁਨਾਂ ਦੀ ਜ਼ਬਾਨਬੰਦੀ ਲਈ ਕਰੂਰ ਤਸੀਹੇ



ਬੂਟਾ ਸਿੰਘ
ਮਹਿਮੂਦਪੁਰ
94634-74342

*'ਸਾਡੇ ਤਾਂ ਡੀਐੱਨਏ ਵਿਚ ਲੋਕਤੰਤਰ ਹੈ', ਭਾਰਤੀ ਹਾਕਮਾਂ ਦਾ ਇਹ ਦਾਅਵਾ ਕਿੰਨਾ ਕੁ ਸੱਚ ਹੈ? ਕੀ ਉਹ ਰਾਜ ਲੋਕਤੰਤਰ ਕਹਾ ਸਕਦਾ ਹੈ ਜੋ ਮਹਿਜ਼ ਸੱਤਾ ਨੂੰ ਸਵਾਲ ਕਰਨ ਦੇ ਮੁੱਢਲੇ ਜਮਹੂਰੀ ਹੱਕ ਨੂੰ ਕਰੂਰ ਤਸੀਹਿਆਂ ਰਾਹੀਂ ਕੁਚਲਣ ਵਾਲਾ ਗੁਨਾਹ ਸਮਝਦਾ ਹੋਵੇ? ਇਹ ਟਿੱਪਣੀ ਅਜਿਹੇ ਕੁਝ ਮਹੱਤਵਪੂਰਨ ਸਵਾਲ ਉਠਾਉਂਦੀ ਹੈ। -ਸੰਪਾਦਕ*




ਦਿੱਲੀ ਪੁਲਿਸ ਦਾ ਸਪੈਸ਼ਲ ਸੈੱਲ ਹਕੂਮਤ ਦੇ ਇਸ਼ਾਰੇ 'ਤੇ ਬੇਕਸੂਰ ਮੁਸਲਮਾਨਾਂ ਅਤੇ ਲੋਕਪੱਖੀ ਸੋਚ ਵਾਲੇ ਇਨਸਾਫ਼ਪਸੰਦ ਕਾਰਕੁਨਾਂ ਨੂੰ ਗ਼ੈਰਕਾਨੂੰਨੀ ਤੌਰ 'ਤੇ ਅਗਵਾ ਕਰਕੇ ਤਸੀਹੇ ਦੇਣ ਅਤੇ ਝੂਠੇ ਕੇਸਾਂ ਵਿਚ ਫਸਾਕੇ ਜੇਲ੍ਹੀਂ ਡੱਕਣ ਲਈ ਬੇਹੱਦ ਬਦਨਾਮ ਹੈ। ਇਸ ਵੱਲੋਂ ਇਕ ਵਾਰ ਫਿਰ ਨੌਜਵਾਨ ਲੜਕੇ-ਲੜਕੀਆਂ ਨੂੰ ਤਸੀਹੇ ਦਿੰਦਿਆਂ ਜ਼ੁਲਮ ਦੀਆਂ ਸਭ ਹੱਦਾਂ ਪਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਨ੍ਹਾਂ ਚੋਂ ਜ਼ਿਆਦਾਤਰ ਨੂੰ ਜੁਲਾਈ 2025 'ਚ ਵੀ ਇਸੇ ਤਰ੍ਹਾਂ ਅਗਵਾ ਕਰਕੇ 'ਨਿਊ ਫਰੈਂਡਜ਼ ਕਾਲੋਨੀ' ਨਾਂ ਦੇ ਗੁਪਤ ਤਸੀਹਾ ਕੇਂਦਰ ਵਿਚ ਰੱਖਕੇ ਤਸੀਹੇ ਦਿੱਤੇ ਗਏ ਸਨ ਅਤੇ ਦਿੱਲੀ ਛੱਡ ਦੇਣ ਦੀ ਧਮਕੀ ਦਿੱਤੀ ਗਈ ਸੀ। ਇਹ ਸਹਿਜੇ ਹੀ ਸਮਝਿਆ ਜਾ ਸਕਦਾ ਹੈ ਕਿ ਜਿਨ੍ਹਾਂ ਜ਼ਹੀਨ ਮੁੰਡੇ-ਕੁੜੀਆਂ ਨੂੰ ਸਿਰਫ਼ ਇਸ ਲਈ ਅਗਵਾ ਕਰਕੇ ਖ਼ਤਰਨਾਕ ਮੁਜਰਿਮਾਂ ਵਾਂਗ ਤਸੀਹੇ ਦਿੱਤੇ ਗਏ ਹੋਣ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਦਹਿਸ਼ਤਜ਼ਦਾ ਕਰਕੇ ਆਪਣੇ ਬੱਚਿਆਂ ਨੂੰ ਪੜ੍ਹਾਈ ਛੱਡਕੇ ਘਰ ਬਿਠਾ ਲੈਣ ਲਈ ਮਜਬੂਰ ਕਰ ਦਿੱਤਾ ਗਿਆ ਹੋਵੇ, ਕਿਉਂਕਿ ਉਹ ਸੱਤਾ ਦੀਆਂ ਮਨਮਾਨੀਆਂ ਵਿਰੁੱਧ ਆਵਾਜ਼ ਉਠਾਉਂਦੇ ਹਨ, ਉਨ੍ਹਾਂ ਨੂੰ ਉਸ ਭਿਆਨਕਤਾ ਦੇ ਡੂੰਘੇ ਸਦਮੇ 'ਚੋਂ ਬਾਹਰ ਆਉਣ ਲਈ ਕਿੰਨਾ ਵਕਤ ਲੱਗਿਆ ਹੋਵੇਗਾ।

ਦਿੱਲੀ ਪੁਲਿਸ ਸਪੈਸ਼ਲ ਸੈੱਲ ਦਾ ਮੁੱਖ ਦਫ਼ਤਰ ਲੋਧੀ ਰੋਡ 'ਤੇ ਹੈ, ਜਿੱਥੋਂ ਪੁਲਿਸ ਦੀ ਇਹ ਵਿਸ਼ੇਸ਼ ਸ਼ਾਖਾ 'ਕਾਨੂੰਨੀ' ਤਰੀਕੇ ਨਾਲ ਕੰਮ ਕਰਦੀ ਹੈ ਜਾਂ ਆਮ ਪੁੱਛ-ਗਿੱਛ ਲਈ ਬੁਲਾਉਂਦੀ ਹੈ। ਦਿੱਲੀ ਪੁਲਿਸ ਦੁਆਰਾ ਗ਼ੈਰ-ਕਾਨੂੰਨੀ ਤਰੀਕੇ ਨਾਲ ਹਿਰਾਸਤ 'ਚ ਲਏ ਜਾਂ ਗ੍ਰਿਫ਼ਤਾਰ ਕੀਤੇ ਲੋਕਾਂ ਨੂੰ ਜ਼ਿਬਾਹ ਕਰਕੇ ਮਨਮਰਜ਼ੀ ਦੇ ਇਕਬਾਲ ਕਰਾਉਣ, ਗ਼ੈਰਕਾਨੂੰਨੀ ਹਿਰਾਸਤ ਨੂੰ ਗੁਪਤ ਰੱਖਕੇ ਨਾਗਰਿਕਾਂ ਨੂੰ ਆਪਣੀ ਕਾਨੂੰਨੀ ਡਿਫੈਂਸ ਦੇ ਸੰਵਿਧਾਨਕ ਹੱਕਾਂ ਤੋਂ ਵਾਂਝਾ ਕਰਨ ਲਈ 'ਨਿਊ ਫਰੈਂਡਜ਼ ਕਾਲੋਨੀ' ਵਰਗੇ ਅਣਅਧਿਕਾਰਕ ਅੱਡੇ ਹਨ। ਇਹ ਭਾਰਤੀ ਰਾਜ ਵੱਲੋਂ ਬਣਾਏ ਉਹ ਗੁਪਤ ਤਸੀਹਾ ਕੇਂਦਰ ਹਨ ਜਿੱਥੇ ਪੁਲਿਸ ਤੇ ਹੋਰ ਜਾਂਚ ਏਜੰਸੀਆਂ ਹਿਰਾਸਤ 'ਚ ਲਏ ਵਿਅਕਤੀ ਉੱਪਰ ਬੇਖ਼ੌਫ਼ ਹੋ ਕੇ ਜ਼ੁਲਮ ਕਰ ਸਕਦੀਆਂ ਹਨ। ਅਜਿਹੇ ਮਾਮਲਿਆਂ ਦੀ ਸੂਚੀ ਬਹੁਤ ਲੰਮੀ ਹੈ।

ਪਿਛਲੇ ਦਿਨੀਂ ਸਪੈਸ਼ਲ ਸੈੱਲ ਵੱਲੋਂ ਜਿਨ੍ਹਾਂ 10 ਨੌਜਵਾਨ ਮੁੰਡੇ-ਕੁੜੀਆਂ ਨੂੰ ਵੱਖ-ਵੱਖ ਥਾਵਾਂ ਤੋਂ ਅਗਵਾ ਕਰਨ ਤੋਂ ਬਾਅਦ 'ਨਿਊ ਫਰੈਂਡਜ਼ ਕਾਲੋਨੀ' ਵਾਲੇ ਤਸੀਹਾ ਕੇਂਦਰ ਵਿਚ ਰੱਖਕੇ ਬੇਕਿਰਕੀ ਨਾਲ ਸਰੀਰਕ, ਮਾਨਸਿਕ ਅਤੇ ਜਿਨਸੀ ਤਸੀਹੇ ਦਿੱਤੇ ਗਏ, ਉਹ ਸਾਰੇ ਜਨਤਕ ਜਮਹੂਰੀ ਜਥੇਬੰਦੀਆਂ, ਮਜ਼ਦੂਰ ਅਧਿਕਾਰ ਸੰਗਠਨ ਤੇ ਭਗਤ ਸਿੰਘ ਛਾਤਰ ਏਕਤਾ ਮੰਚ, ਵਿਚ ਸਰਗਰਮ ਹਨ ਅਤੇ ਭਗਵਾ ਹਕੂਮਤ ਦੇ ਫਿਰਕੂ ਫਾਸ਼ੀਵਾਦ ਅਤੇ ਕਾਰਪੋਰੇਟ ਹਿਤੈਸ਼ੀ ਨੀਤੀਆਂ ਵਿਰੁੱਧ ਬੇਬਾਕੀ ਨਾਲ ਆਵਾਜ਼ ਉਠਾਉਂਦੇ ਹਨ। ਹਿਰਾਸਤ ਦੌਰਾਨ ਝੱਲੇ ਭਿਆਨਕ ਤਸੀਹਿਆਂ ਦੇ ਵਿਸਤਾਰੀ ਵੇਰਵੇ ਉਨ੍ਹਾਂ ਨੇ 23 ਮਾਰਚ ਨੂੰ ਸ਼ਾਮ ਨੂੰ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ (ਪੀਯੂਸੀਐੱਲ) ਵੱਲੋਂ ਆਯੋਜਤ ਆਨਲਾਈਨ ਪਬਲਿਕ ਮੀਟਿੰਗ ਵਿਚ ਸ਼ਾਮਲ ਹੋ ਕੇ ਦਿੱਤੇ ਹਨ ਜੋ ਸੰਖੇਪ ਵਿਚ ਇਸ ਤਰ੍ਹਾਂ ਹਨ:

ਪਿਛਲੇ ਸਾਲ ਜਦੋਂ ਜੂਨ ਜਾਂ ਜੁਲਾਈ ਮਹੀਨੇ ਦਿੱਲੀ ਤੋਂ ਪ੍ਰਕਾਸ਼ਤ ਕੀਤੇ ਜਾਂਦੇ ਆਨਲਾਈਨ ਇਨਕਲਾਬੀ ਰਸਾਲੇ 'ਨਜ਼ਰੀਆ' ਦੀ ਸੰਪਾਦਕ ਵੱਲਿਕਾ ਨਾਂ ਦੀ ਕਾਰਕੁਨ ਕੁੜੀ ਆਪਣੀ ਮਾਂ ਅਰਚਨਾ ਵਰਮਾ ਨਾਲ, ਜੋ ਕਿ ਦਿੱਲੀ ਸਰਕਾਰ ਵਿਚ ਉੱਚ ਅਹੁਦੇ 'ਤੇ ਕੰਮ ਕਰਦੀ ਨੌਕਰਸ਼ਾਹ ਹੈ, ਵਿਚਾਰਧਾਰਕ ਮੱਤਭੇਦਾਂ ਕਾਰਨ ਸੰਪਰਕ ਤੋੜਕੇ ਕਿਸੇ ਅਗਿਆਤ ਜਗ੍ਹਾ ਰਹਿਣ ਲੱਗੀ ਤਾਂ ਉਸ ਰਸੂਖ਼ਵਾਨ ਅਧਿਕਾਰੀ ਦੇ ਕਹਿਣ 'ਤੇ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ 8 ਮੁੰਡੇ-ਕੁੜੀਆਂ ਨੂੰ ਗ਼ੈਰਕਾਨੂੰਨੀ ਹਿਰਾਸਤ ਵਿਚ ਲੈ ਕੇ ਵੱਲਿਕਾ ਬਾਰੇ ਪੁੱਛਗਿੱਛ ਕਰਦਿਆਂ ਬੇਹੱਦ ਜਾਬਰ ਤਰੀਕੇ ਵਰਤੇ ਸਨ। ਹਾਲਾਂਕਿ ਉਨ੍ਹਾਂ ਵਿਰੁੱਧ ਕੋਈ ਕੇਸ ਨਹੀਂ ਸੀ, ਫਿਰ ਵੀ ਉਨ੍ਹਾਂ ਨੂੰ ਵੱਖ-ਵੱਖ ਸਮੇਂ 'ਤੇ ਚੁੱਕੇ ਜਾਣ ਕਾਰਨ 5 ਤੋਂ 10 ਦਿਨ ਤੱਕ ਗ਼ੈਰਕਾਨੂੰਨੀ ਹਿਰਾਸਤ ਵਿਚ ਰੱਖਕੇ ਤਸੀਹੇ ਦਿੱਤੇ ਗਏ। ਮੁਸਲਮਾਨ ਪਿਛੋਕੜ ਵਾਲੇ ਐਡਵੋਕੇਟ ਏਹਤਮਾਮ ਨੂੰ ਫਿਰਕੂ ਗਾਲੀਗਲੋਚ ਕਰਕੇ ਅਪਮਾਨਿਤ ਕੀਤਾ ਗਿਆ ਅਤੇ ਉਸ ਦੇ ਚਿਹਰੇ 'ਤੇ ਕਾਲਾ ਕੱਪੜਾ ਬੰਨ੍ਹ ਕੇ ਨੰਗਾ ਕਰਕੇ ਬੁਰੀ ਤਰ੍ਹਾਂ ਕੁੱਟਿਆ ਗਿਆ। ਇੱਕ ਲੜਕੇ ਦਾ ਸਿਰ ਮਨੁੱਖੀ ਗੰਦ ਨਾਲ ਭਰੀ ਟਾਇਲਟ ਵਿੱਚ ਘੁਸੇੜ ਦਿੱਤਾ ਗਿਆ। ਕੁੜੀਆਂ ਦੇ ਚਿਹਰੇ 'ਤੇ ਵੀ ਕਾਲਾ ਕੱਪੜਾ ਬੰਨ੍ਹ ਕੇ ਉਨ੍ਹਾਂ ਦੀ ਕੁੱਟਮਾਰ ਕੀਤੀ ਗਈ। ਮਹਾਵਾਰੀ ਪੀਰੀਅਡ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਪੈਡ ਨਹੀਂ ਬਦਲਣ ਦਿੱਤਾ ਗਿਆ। ਮੁੰਡਿਆਂ ਨੂੰ ਉਨ੍ਹਾਂ ਦੀਆਂ ਔਰਤ ਸਾਥੀਆਂ ਦੇ ਸਾਹਮਣੇ ਨੰਗਾ ਕਰਕੇ ਲਿਆਂਦਾ ਗਿਆ। ਹਿਰਾਸਤ ਦੌਰਾਨ ਉਨ੍ਹਾਂ ਨੂੰ ਸੌਣ ਨਹੀਂ ਦਿੱਤਾ ਗਿਆ, ਸਾਰਿਆਂ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਧਮਕਾਕੇ ਇਹ ਮੰਨਣ ਲਈ ਮਜਬੂਰ ਕੀਤਾ ਗਿਆ ਕਿ ਉਹ 'ਦਿੱਲੀ ਦੇ ਅੰਦਰ ਕਦਮ ਨਹੀਂ ਰੱਖਣਗੇ'। ਇਸ ਤੋਂ ਬਾਅਦ ਜਦੋਂ ਵੱਲਿਕਾ ਨੇ ਖੁੱਲ੍ਹੀ ਚਿੱਠੀ ਲਿਖਕੇ ਆਪਣੀ ਨੌਕਰਸ਼ਾਹ ਮਾਂ ਦੀ ਜ਼ਿਹਨੀਅਤ ਅਤੇ ਪਿਛਾਖੜੀ ਵਿਚਾਰਾਂ ਦਾ ਪਰਦਾਫਾਸ਼ ਕਰਕੇ ਇਨ੍ਹਾਂ ਗ੍ਰਿਫ਼ਤਾਰੀਆਂ ਦੇ ਪਿੱਛੇ ਉਸਦੀ ਭੂਮਿਕਾ ਜੱਗ ਜ਼ਾਹਰ ਕੀਤੀ ਤਾਂ ਉਸਨੇ ਦਰਸਾਇਆ ਕਿ ਸੱਤਾ ਵਿਚ ਆਪਣੇ ਰਸੂਖ਼ ਦੇ ਜ਼ੋਰ ਨੌਕਰਸ਼ਾਹ ਕਿੰਨੇ ਜ਼ੁਲਮ ਕਰਵਾ ਸਕਦੇ ਹਨ।

ਮਨੁੱਖੀ ਅਧਿਕਾਰ ਜਥੇਬੰਦੀਆਂ ਅਤੇ ਹੋਰ ਨਿਆਂਪਸੰਦਾਂ ਵੱਲੋਂ ਇਹ ਵਹਿਸ਼ੀਆਨਾ ਤਸ਼ੱਦਦ ਕਰਨ ਵਾਲਿਆਂ ਵਿਰੁੱਧ ਕਾਰਵਾਈ ਕਰਨ ਦੀ ਮੰਗ ਦੇ ਬਾਵਜੂਦ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਅਦਾਲਤਾਂ ਵੱਲੋਂ ਇਸਦਾ ਕੋਈ ਨੋਟਿਸ ਨਹੀਂ ਲਿਆ ਗਿਆ। ਸਰਕਾਰ ਅਤੇ ਸਟੇਟ ਦੀਆਂ ਹੋਰ ਸੰਸਥਾਵਾਂ ਵੱਲੋਂ ਅਜਿਹੀਆਂ ਲਾਕਾਨੂੰਨੀਆਂ ਕਰਨ ਵਾਲਿਆਂ ਨੂੰ ਸਜ਼ਾ ਤੋਂ ਛੋਟ ਅਤੇ ਹੋਰ ਤਰੀਕਿਆਂ ਨਾਲ ਰਾਜਕੀ ਪੁਸ਼ਤਪਨਾਹੀ ਹਿਰਾਸਤ ਵਿਚ ਤਸ਼ੱਦਦ ਨੂੰ ਹਕੂਮਤੀ ਦਹਿਸ਼ਤਵਾਦ ਦੇ ਸੰਦ ਵਜੋਂ ਵਰਤਣ ਬਾਕਾਇਦਾ ਨੀਤੀ ਤਹਿਤ ਹਨ।

ਅਸਹਿਮਤੀ ਨੂੰ ਕੁਚਲਣਾ ਮੌਜੂਦਾ ਫਾਸ਼ੀਵਾਦੀ ਸਰਕਾਰ ਦਾ ਸਾਫ਼-ਸਪਸ਼ਟ ਏਜੰਡਾ ਹੋਣ ਕਾਰਨ ਭਲਾ ਮੁਲਕ ਦੀ ਰਾਜਧਾਨੀ ਵਿਚ ਸੱਤਾ ਦੀਆਂ ਨੀਤੀਆਂ ਉੱਪਰ ਸਵਾਲ ਕਰਨ ਦਾ ਹੱਕ ਕਿਵੇਂ ਸੁਰੱਖਿਅਤ ਰਹਿ ਸਕਦਾ ਹੈ। ਜਿਹੜੀ ਹਕੂਮਤ ਜੇਐੱਨਯੂ ਸਮੇਤ ਮੁਲਕ ਦੀਆਂ ਕੇਂਦਰੀ ਯੂਨੀਵਰਸਿਟੀਆਂ ਵਿਚ ਸੱਤਾ ਨੂੰ ਸਵਾਲ ਕਰਨ ਵਾਲੇ ਵਿਦਿਆਰਥੀਆਂ ਨੂੰ ਬੇਕਿਰਕੀ ਨਾਲ ਕੁਚਲਣ ਦੇ ਰਾਹ 'ਤੇ ਚੱਲ ਰਹੀ ਹੋਵੇ, ਉਹ ਅਗਾਂਹਵਧੂ ਵਿਚਾਰਾਂ ਵਾਲੇ ਵਿਦਿਆਰਥੀ ਕਾਰਕੁਨਾਂ, ਖ਼ਾਸ ਕਰਕੇ ਮੁਸਲਮਾਨਾਂ, ਦਲਿਤਾਂ ਅਤੇ ਕੁੜੀਆਂ ਵੱਲੋਂ ਸਰਕਾਰ ਵਿਰੁੱਧ ਮੁੱਦੇ ਉਠਾਉਣ ਨੂੰ ਕਿਵੇਂ ਸਹਿਣ ਕਰ ਲਵੇਗੀ। ਇਹ ਕਾਰਕੁਨ 12 ਮਾਰਚ ਨੂੰ ਐਡਵੋਕੇਟ ਸੁਰਿੰਦਰ ਗਾਰਡਿੰਗ ਨਾਲ ਇਕਮੁੱਠਤਾ ਪ੍ਰਗਟਾਉਣ ਲਈ ਕੈਂਪੇਨ ਅਗੇਂਸਟ ਸਟੇਟ ਰਿਪਰੈਸ਼ਨ ਵੱਲੋਂ ਆਯੋਜਤ ਕੀਤੀ ਜਨਤਕ ਇਕੱਤਰਤਾ ਵਿਚ ਸ਼ਾਮਲ ਹੋਏ ਸਨ ਜਿਸ ਨੂੰ ਪਿਛਲੇ 7 ਸਾਲ ਤੋਂ ਭੀਮਾ-ਕੋਰੇਗਾਓਂ ਦੇ ਝੂਠੇ ਸਾਜ਼ਿਸ਼ ਕੇਸ ਤਹਿਤ ਬਿਨਾਂ ਜ਼ਮਾਨਤ ਜੇਲ੍ਹ ਵਿਚ ਡੱਕਿਆ ਹੋਇਆ ਹੈ। 12 ਮਾਰਚ ਨੂੰ ਦੁਪਹਿਰ ਸਮੇਂ ਮਜ਼ਦੂਰ ਅਧਿਕਾਰ ਸੰਗਠਨ ਦੇ ਕਾਰਕੁਨ ਸ਼ਿਵ ਕੁਮਾਰ ਅਤੇ ਭਗਤ ਸਿੰਘ ਛਾਤਰ ਏਕਤਾ ਮੰਚ ਦੀ ਕਾਰਕੁਨ ਇਲਕੀਆ ਨੂੰ ਉਸ ਵਕਤ ਸਾਦੇ ਕੱਪੜਿਆਂ ਵਿੱਚ ਪੁਲਿਸ ਨੇ ਚੁੱਕ ਲਿਆ, ਜਦੋਂ ਉਹ ਦਿਆਲ ਸਿੰਘ ਕਾਲਜ ਤੋਂ ਵਾਪਸ ਆ ਰਹੇ ਸਨ ਜਿੱਥੇ ਉਹ 23 ਮਾਰਚ ਤੋਂ 31 ਮਾਰਚ ਤੱਕ ਚਲਾਈ ਜਾਣ ਵਾਲੀ ਸਾਮਰਾਜਵਾਦ ਵਿਰੋਧੀ ਮੁਹਿੰਮ ਸੰਬੰਧੀ ਕੁਝ ਅਧਿਆਪਕਾਂ ਨਾਲ ਗੱਲ ਕਰਨ ਗਏ ਸਨ। ਸ਼ਿਵ ਕੁਮਾਰ ਅਤੇ ਉਸਦੀ ਸਾਥੀ ਕਾਰਕੁਨ ਨੌਦੀਪ ਕੌਰ ਨੂੰ 2020 ਦੇ ਕਿਸਾਨ ਅੰਦੋਲਨ ਦੌਰਾਨ ਵੀ ਕੁੰਡਲੀ-ਮਾਨੇਸਰ ਪੁਲਿਸ ਵੱਲੋਂ ਅਗਵਾ ਕਰਕੇ ਹਿਰਾਸਤ ਵਿਚ ਬੇਕਿਰਕੀ ਨਾਲ ਤਸੀਹੇ ਦਿੱਤੇ ਗਏ ਸਨ। ਹੁਣ ਜਦੋਂ ਉਨ੍ਹਾਂ ਦੇ ਲਾਪਤਾ ਹੋਣ ਦੀ ਜਾਣਕਾਰੀ ਉਨ੍ਹਾਂ ਦੇ ਦੋਸਤਾਂ ਨੂੰ ਮਿਲੀ, ਜੋ ਅਜਿਹੇ ਸੰਤਾਪ ਵਿੱਚੋਂ ਪਹਿਲਾਂ ਹੀ ਗੁਜ਼ਰ ਚੁੱਕੇ ਹਨ ਤਾਂ ਇਲਕੀਆ ਦੇ ਨਾਲ ਰਹਿ ਰਹੀ ਕੁੜੀ ਦ੍ਰਿਸ਼ਟੀ ਅਤੇ ਹੋਰ ਕਾਰਕੁਨ ਇਹ ਵਿਚਾਰ ਕਰਨ ਲਈ ਉਸਦੇ ਕਮਰੇ ਵਿਚ ਇਕੱਠੇ ਹੋਏ ਕਿ ਉਨ੍ਹਾਂ ਨੂੰ ਆਪਣੇ ਸਾਥੀਆਂ ਦਾ ਪਤਾ ਲਾਉਣ ਲਈ ਕੀ ਕਾਨੂੰਨੀ ਚਾਰਾਜੋਈ ਕਰਨੀ ਚਾਹੀਦੀ ਹੈ। ਇੱਥੇ ਸ਼ਾਮ ਦੇ 7 ਵਜੇ ਫਿਰ ਸਾਦੇ ਕੱਪੜਿਆਂ ਵਿੱਚ ਕਈ ਵਿਅਕਤੀ ਜ਼ਬਰਦਸਤੀ ਕਮਰੇ ਵਿੱਚ ਘੁਸ ਗਏ। ਸਭ ਤੋਂ ਪਹਿਲਾਂ ਉੱਥੇ ਬੈਠੇ ਸਾਰਿਆਂ ਦੇ ਸਾਰੇ ਫ਼ੋਨ, ਆਈਪੈਡ, ਲੈਪਟਾਪ ਖੋਹ ਲਏ ਗਏ। ਫਿਰ ਉੱਥੇ ਮੌਜੂਦ ਐਡਵੋਕੇਟ ਏਹਤਮਾਮ ਉਲ ਹੱਕ, ਰੁਦਰ ਵਿਕਰਮ ਰਾਏ, ਗੌਰਵ, ਅਕਸ਼ੈ ਅਤੇ ਅਵਿਨਾਸ਼ ਯਾਨੀ ਸਾਰੇ ਮੁੰਡਿਆਂ ਨੂੰ ਕੁੱਟਣ ਲੱਗੇ। ਇੱਥੇ ਵੀ ਏਹਤਮਾਮ ਨੂੰ ਉਨ੍ਹਾਂ ਨੇ 'ਮੁੱਲਾ' ਕਹਿਕੇ ਫਿਰਕੂ ਗਾਲ੍ਹਾਂ ਦਿੱਤੀਆਂ। ਫਿਰ ਉਨ੍ਹਾਂ ਨੂੰ ਜ਼ਬਰਦਸਤੀ ਚੁੱਕ ਕੇ ਗੱਡੀ ਵਿੱਚ ਭਰ ਕੇ ਨਿਊ ਫਰੈਂਡਜ਼ ਕਾਲੋਨੀ ਵਾਲੇ ਤਸੀਹਾ ਘਰ ਵਿੱਚ ਲੈ ਗਏ। ਲਕਸ਼ਿਤਾ ਅਤੇ ਇਲਕੀਆ ਦੀ ਰੂਮ ਪਾਰਟਨਰ ਦ੍ਰਿਸ਼ਟੀ ਨੂੰ ਪੁਲਿਸ ਟੀਮ ਨੇ ਕਮਰੇ ਵਿੱਚ ਬੰਦ ਕਰ ਦਿੱਤਾ ਅਤੇ ਆਪ ਵੀ ਉੱਥੇ ਬੈਠ ਗਏ, ਕਿਉਂਕਿ ਇਨ੍ਹਾਂ ਦੋਵੇਂ ਕੁੜੀਆਂ ਅੜ ਗਈਆਂ ਕਿ ਉਹ ਪੁਲਿਸ ਕੋਲ ਤਾਂ ਹੀ ਜਾਣਗੀਆਂ ਜਦੋਂ ਉਨ੍ਹਾਂ ਨੂੰ ਲਿਖਤੀ ਰੂਪ ਵਿੱਚ ਕਾਨੂੰਨੀ ਨੋਟਿਸ ਦੇ ਕੇ ਬੁਲਾਇਆ ਜਾਵੇਗਾ।

ਮਰਦ ਪੁਲਿਸ ਵਾਲਿਆਂ ਦੇ ਨਾਲ ਦੋ ਔਰਤ ਕਾਂਸਟੇਬਲ ਵੀ ਕਮਰੇ ਦੇ ਅੰਦਰ ਸਨ। ਇਹ ਪੁਲਸੀਏ ਉਨ੍ਹਾਂ ਨੂੰ ਇਹ ਕਹਿਕੇ ਅਪਮਾਨਿਤ ਕਰਦੇ ਰਹੇ ਕਿ ਉਨ੍ਹਾਂ ਦੇ ਕਾਰਨ ਉਨ੍ਹਾਂ ਨੂੰ ਇੱਥੇ 'ਵੇਸਵਾਘਰ ਵਰਗੀ ਗੰਦੀ ਜਗ੍ਹਾ' ਵਿੱਚ ਬੈਠਣਾ ਪੈ ਰਿਹਾ ਹੈ। ਉਨ੍ਹਾਂ ਨੂੰ ਗਿਣ-ਮਿੱਥਕੇ ਮਾਨਸਿਕ ਤਸੀਹੇ ਦੇਣ ਦੀ ਇੰਤਹਾ ਇਹ ਸੀ ਕਿ ਔਰਤ ਪੁਲਿਸ ਮੁਲਾਜ਼ਮਾਂ ਵੱਲੋਂ ਕੁੜੀਆਂ ਨੂੰ ਆਪਣਾ ਵਾਸ਼ਰੂਮ ਵਰਤਣ ਦੀ ਇਜਾਜ਼ਤ ਵੀ ਨਹੀਂ ਦਿੱਤੀ ਗਈ ਜਦਕਿ ਇੱਕ ਕੁੜੀ ਦਾ ਪੀਰੀਅਡ ਚੱਲ ਰਿਹਾ ਸੀ ਅਤੇ ਉਹ ਪੈਡ ਬਦਲਣਾ ਚਾਹੁੰਦੀ ਸੀ। ਸਵੇਰੇ ਛੇ ਵਜੇ ਇਨ੍ਹਾਂ ਨੂੰ ਵੀ ਨਿਊ ਫਰੈਂਡਜ਼ ਕਾਲੋਨੀ ਦੇ ਤਸੀਹਾ ਘਰ ਲੈ ਜਾਇਆ ਗਿਆ। ਦੋਹਾਂ ਕੁੜੀਆਂ ਨੇ ਦੇਖਿਆ ਕਿ ਇਲਕੀਆ ਤੇ ਸ਼ਿਵਕੁਮਾਰ ਸਮੇਤ ਉਨ੍ਹਾਂ ਦੇ ਸਾਰੇ ਸਾਥੀਆਂ ਨੂੰ ਉੱਥੇ ਰੱਖਿਆ ਹੋਇਆ ਸੀ। ਇਕ ਹੋਰ ਕਾਰਕੁਨ ਮਨਜੀਤ ਬੈਨੀਵਾਲ ਨੂੰ ਵੀ ਕਿਸੇ ਹੋਰ ਜਗ੍ਹਾ ਤੋਂ ਅਗਵਾ ਕਰਕੇ ਉੱਥੇ ਲਿਆਂਦਾ ਗਿਆ ਸੀ।

ਮੁੰਡਿਆਂ ਨੂੰ ਵੱਖਰੇ ਕਮਰੇ ਵਿੱਚ ਲੈ ਜਾ ਕੇ ਬੇਕਿਰਕੀ ਨਾਲ ਤਸੀਹੇ ਦਿੱਤੇ ਗਏ। ਦਲਿਤ ਪਿਛੋਕੜ ਵਾਲੇ ਮਨਜੀਤ ਨੂੰ ਜਾਤੀ ਸੂਚਕ ਗਾਲ੍ਹਾਂ ਦਿੱਤੀਆਂ ਗਈਆਂ। ਉਸ ਨੂੰ ਬਿਲਕੁਲ ਨੰਗਾ ਕਰਕੇ ਉਸ ਤੋਂ ਆਪਣੀ ਕਮੀਜ਼ ਨਾਲ ਤਿੰਨ ਕਮਰਿਆਂ ਵਿਚ ਪੋਚਾ ਲਗਵਾਇਆ ਗਿਆ। ਟਰਾਂਸ ਵੂਮੈਨ ਰੁਦਰ ਵਿਕਰਮ ਰਾਏ ਨੂੰ ਵੀ ਨੰਗਾ ਕਰਕੇ ਰੱਖਿਆ ਗਿਆ। ਉਸ ਦੀ ਜੈਂਡਰ ਪਛਾਣ ਨੂੰ ਲੈ ਕੇ ਭੱਦੀਆਂ ਟਿੱਪਣੀਆਂ ਕੀਤੀਆਂ ਗਈਆਂ, ਉਸ ਤੋਂ ਵੀ ਉਸਦੇ ਕੱਪੜਿਆਂ ਨਾਲ ਸਫ਼ਾਈ ਕਰਵਾਈ ਗਈ, ਜੂਠਾ ਖਾਣਾ ਖਾਣ ਨੂੰ ਕਿਹਾ ਗਿਆ। ਇਸੇ ਤਰ੍ਹਾਂ ਅਕਸ਼ੈ, ਸ਼ਿਵ ਕੁਮਾਰ, ਅਵਿਨਾਸ਼ ਅਤੇ ਗੌਰਵ ਨੂੰ ਵੀ ਨੰਗਾ ਕਰਕੇ ਇੱਕ ਦੂਜੇ ਦੇ ਸਿਰ ਉੱਤੇ ਬੈਠਣ ਦਾ ਹੁਕਮ ਚਾੜ੍ਹਿਆ ਗਿਆ। ਉਨ੍ਹਾਂ ਨੂੰ ਇੱਕ ਦੂਜੇ ਦਾ ਗੁਪਤ ਅੰਗ ਛੂਹਣ ਅਤੇ ਫਿਰ ਪੁਲਸੀਏ ਨੇ ਆਪਣਾ ਗੁਪਤ ਅੰਗ ਦਿਖਾ ਕੇ ਉਸ ਨੂੰ ਮੂੰਹ ਵਿਚ ਪਾਉਣ ਲਈ ਕਿਹਾ, ਇਨਕਾਰ ਕਰਨ 'ਤੇ ਉਸ ਨੂੰ ਬੁਰੀ ਤਰ੍ਹਾਂ ਕੁੱਟਿਆ ਗਿਆ। ਕੁਝ ਪੁਲਿਸ ਅਧਿਕਾਰੀ ਬੇਖ਼ੌਫ਼ ਹੋ ਕੇ ਇਸ ਘਿਣਾਉਣੇ ਕਾਰੇ ਦੀ ਵੀਡੀਓ ਬਣਾਉਂਦੇ ਰਹੇ। ਉਸਦੀ ਛਾਤੀ ਅਤੇ ਢਿੱਡ 'ਤੇ ਮਾਰਿਆ ਗਿਆ ਅਤੇ ਜਾਤੀ-ਸੂਚਕ, ਧਰਮ-ਸੂਚਕ ਗਾਲ੍ਹਾਂ ਦਿੱਤੀਆਂ ਗਈਆਂ। ਉਨ੍ਹਾਂ ਨੂੰ ਜਾਨ ਤੋਂ ਮਾਰਨ ਅਤੇ ਉਨ੍ਹਾਂ ਦੀ ਮੌਤ ਨੂੰ ਆਤਮਹੱਤਿਆ ਵਜੋਂ ਦਿਖਾਉਣ ਦੀਆਂ ਧਮਕੀਆਂ ਦਿੱਤੀਆਂ ਗਈਆਂ। ਉਨ੍ਹਾਂ ਨੂੰ ਝੂਠੇ ਬਿਆਨ ਦੇਣ ਲਈ ਮਜਬੂਰ ਕੀਤਾ ਗਿਆ। ਦਲਿਤ ਨੌਜਵਾਨਾਂ ਤੋਂ ਅਜੇਹੇ ਅਪਮਾਨਜਨਕ ਕੰਮ ਕਰਵਾਏ ਗਏ ਜਿਨ੍ਹਾਂ ਨਾਲ ਉਨ੍ਹਾਂ ਦੇ ਮਨੁੱਖੀ ਸਨਮਾਨ ਅਤੇ ਮਨੋਬਲ ਨੂੰ ਤੋੜਿਆ ਜਾ ਸਕੇ।

ਉਨ੍ਹਾਂ ਨੂੰ ਉਨ੍ਹਾਂ ਦੀਆਂ ਔਰਤ ਸਾਥੀਆਂ ਨਾਲ ਜੋੜਦਿਆਂ ਅਸ਼ਲੀਲ ਗੱਲਾਂ ਕੀਤੀਆਂ ਗਈਆਂ। ਇੱਕ ਕੁੜੀ ਨੂੰ ਪੁੱਛਿਆ ਗਿਆ ਕਿ ਉਸ ਨੂੰ ਮੁਸਲਮਾਨ ਮੁੰਡਿਆਂ ਨਾਲ ਹੀ ਸੈਕਸ ਕਰਨ ਵਿੱਚ ਕਿਉਂ ਮਜ਼ਾ ਆਉਂਦਾ ਹੈ। ਮੁੰਡਿਆਂ ਨੂੰ ਨੰਗਾ ਕਰਕੇ ਉਨ੍ਹਾਂ ਦੇ ਗੁਪਤ ਅੰਗ 'ਤੇ ਧਾਤ ਦੀ ਬੈਲਟ ਮਾਰੀ ਗਈ। ਅਕਸ਼ੈ ਜਿਸ ਦੇ ਪੈਰ ਵਿੱਚ ਲਿਗਾਮੈਂਟ ਦਾ ਓਪਰੇਸ਼ਨ ਹੋ ਚੁੱਕਾ ਹੈ, ਨੂੰ ਪੈਰ ਫੈਲਾ ਕੇ ਬੈਠਣ ਨੂੰ ਕਿਹਾ ਗਿਆ, ਜਿਸ 'ਤੇ ਖ਼ੁਦ ਕੁਰਸੀ ਰੱਖ ਕੇ ਪੁਲਸੀਏ ਬੈਠ ਗਏ। ਇੱਕ ਮੁੰਡੇ ਨੂੰ ਨੰਗਾ ਕਰਕੇ ਉਸ ਦੇ ਨਿੱਪਲ ਨੂੰ ਲਾਈਟਰ ਨਾਲ ਜਲਾਇਆ ਗਿਆ। ਏ.ਸੀ. ਨਾਲ ਕਮਰੇ ਦਾ ਤਾਪਮਾਨ ਇਕਦਮ ਠੰਡਾ ਕਰਕੇ ਮੁੰਡਿਆਂ ਨੂੰ ਰਾਤ ਭਰ ਜ਼ਮੀਨ 'ਤੇ ਸੌਣ ਲਈ ਛੱਡ ਦਿੱਤਾ ਗਿਆ। ਕੁੜੀਆਂ ਨੂੰ ਕਿਹਾ ਗਿਆ ਕਿ ਹੁਣ ਤੁਹਾਡੇ ਦੋਸਤਾਂ ਨੂੰ ਬੁਲਵਾ ਕੇ ਤੁਹਾਡਾ ਬਲਾਤਾਰਕਾਰ ਕਰਾਵਾਂਗੇ। ਇਲਕੀਆ ਦੇ ਮੂੰਹ 'ਤੇ ਅਜਿਹਾ ਕੱਪੜਾ ਬੰਨ੍ਹ ਕੇ ਘੰਟਿਆਂ ਤੱਕ ਬਿਠਾਈ ਰੱਖਿਆ ਗਿਆ ਜੋ ਪਿਸ਼ਾਬ ਨਾਲ ਭਿੱਜਿਆ ਹੋਇਆ ਸੀ।

ਕੁੜੀਆਂ ਨੂੰ ਪੀਰੀਅਡ ਦੇ ਪੈਡ ਨਹੀਂ ਬਦਲਣ ਦਿੱਤੇ ਗਏ, ਉਨ੍ਹਾਂ ਨੂੰ ਵਾਰ-ਵਾਰ ਝਾੜੂ ਨਾਲ ਕੁੱਟਣ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਰਹੀਆਂ ਅਤੇ ਡਰਾਇਆ ਜਾਂਦਾ ਰਿਹਾ। ਸ਼ਿਵ ਕੁਮਾਰ ਨੂੰ ਪੁੱਠਾ ਲਟਕਾ ਕੇ ਉਸ ਦੀਆਂ ਲੱਤਾਂ 'ਤੇ ਲਾਠੀਆਂ ਵਰ੍ਹਾਈਆਂ ਗਈਆਂ। ਉਸ ਨੂੰ ਆਪਣੇ ਸਾਥੀ ਨੂੰ ਥੱਪੜ ਮਾਰਨ ਨੂੰ ਕਿਹਾ ਗਿਆ, ਜਦੋਂ ਉਸ ਨੇ ਇਨਕਾਰ ਕੀਤਾ ਤਾਂ ਉਸ ਦੇ ਵੱਟਕੇ ਥੱਪੜ ਮਾਰੇ ਗਏ। ਕੁੜੀਆਂ ਨੂੰ ਰਾਤ ਭਰ ਦੂਜੇ ਕਮਰਿਆਂ ਤੋਂ ਉੱਥੇ ਤਸੀਹੇ ਝੱਲ ਰਹੇ ਆਪਣੇ ਸਾਥੀਆਂ ਅਤੇ ਹੋਰ ਲੋਕਾਂ ਦੇ ਚੀਕਣ ਦੀਆਂ ਦਰਦਨਾਕ ਆਵਾਜ਼ਾਂ ਸੁਣਦੀਆਂ ਰਹੀਆਂ। ਮੁੰਡਿਆਂ ਨੂੰ ਵਾਰ-ਵਾਰ ਐਨਕਾਊਂਟਰ ਕਰ ਦੇਣ ਦੀਆਂ ਧਮਕੀਆਂ ਦਿੱਤੀਆਂ ਗਈਆਂ। ਐਨਕਾਊਂਟਰ ਸਪੈਸ਼ਲਿਸਟ ਕਹੇ ਜਾਣ ਵਾਲੇ ਏਸੀਪੀ ਨਿਸ਼ਾਂਤ ਦਹੀਆ ਨੇ ਰੁਦਰ ਵਿਕਰਮ ਰਾਏ ਅਤੇ ਸ਼ਿਵ ਕੁਮਾਰ ਨੂੰ ਐਨਕਾਊਂਟਰ ਵਿੱਚ ਮਾਰੇ ਗਏ ਲੋਕਾਂ ਦੀਆਂ ਵੱਢੀਆਂ-ਟੁੱਕੀਆਂ ਲਾਸ਼ਾਂ ਦੀਆਂ ਤਸਵੀਰਾਂ ਦਿਖਾ ਕੇ ਪੁੱਛਿਆ ਕਿ ਉਹ ਐਨਕਾਊਂਟਰ ਵਿੱਚ ਕਿਸ ਤਰੀਕੇ ਨਾਲ ਮਰਨਾ ਪਸੰਦ ਕਰਨਗੇ।

ਬੁਰੀ ਤਰ੍ਹਾਂ ਕੁੱਟਣ ਤੋਂ ਬਾਅਦ ਪੁਲਸੀਆਂ ਨੇ ਸ਼ਿਵ ਕੁਮਾਰ ਅਤੇ ਰੁਦਰ ਵਿਕਰਮ ਰਾਏ ਤੋਂ ਇੱਕ ਕਾਗ਼ਜ਼ 'ਤੇ ਜ਼ਬਰੀ ਇਹ ਲਿਖਵਾਇਆ ਕਿ 'ਮੈਂ ਤਿੰਨ ਸਾਲ ਲਈ ਬਸਤਰ ਜਾ ਕੇ ਅੰਡਰਗਰਾਊਂਡ ਹੋ ਰਿਹਾ ਹਾਂ, ਕੋਈ ਮੇਰੀ ਤਲਾਸ਼ ਨਾ ਕਰੇ'। ਫਿਰ ਉਨ੍ਹਾਂ ਨੂੰ ਕਿਹਾ ਗਿਆ ਕਿ 'ਤਿੰਨ ਸਾਲ ਅਸੀਂ ਤੁਹਾਨੂੰ ਇੱਥੇ ਹੀ ਬੰਦ ਰੱਖਾਂਗੇ, ਫਿਰ ਤੁਹਾਡਾ ਐਨਕਾਊਂਟਰ ਕਰਾਂਗੇ ਅਤੇ ਕਹਿ ਦਿਆਂਗੇ ਕਿ ਤੁਸੀਂ ਮਾਓਵਾਦੀ ਹੋ'। ਸ਼ਿਵ ਕੁਮਾਰ ਦੇ ਸਿਰ 'ਤੇ ਪਿਸਤੌਲ ਲਾ ਕੇ ਘੋੜਾ ਦਬਾਉਣ ਦਾ ਨਾਟਕ ਵੀ ਕੀਤਾ ਗਿਆ, ਫਿਰ ਕਿਹਾ ਗਿਆ 'ਤੁਹਾਨੂੰ ਅਜੇ ਨਹੀਂ, ਤਿੰਨ ਸਾਲ ਬਾਅਦ ਮਾਰਾਂਗੇ'। ਮਾਨਸਿਕ ਸਿਹਤ ਖ਼ਰਾਬ ਹੋਣ ਬਾਰੇ ਦੱਸਣ ਦੇ ਬਾਵਜੂਦ ਉਸ ਨੂੰ ਇਹ ਕਹਿ ਕੇ ਤਸੀਹੇ ਦਿੱਤੇ ਜਾਂਦੇ ਰਹੇ ਕਿ ਉਹ ਨਾਟਕ ਕਰ ਰਿਹਾ ਹੈ।

ਇਸ ਦੌਰਾਨ ਇਨ੍ਹਾਂ ਸਭ ਦੇ ਲਾਪਤਾ ਹੋਣ ਦੀ ਜਾਣਕਾਰੀ ਮਿਲਣ ਤੋਂ ਬਾਅਦ ਦਿੱਲੀ ਹਾਈ ਕੋਰਟ ਵਿੱਚ 'ਹੈਬੀਅਸ ਕਾਰਪਸ' ਪਾਈ ਗਈ। ਜਦੋਂ ਸਪੈਸ਼ਲ ਸੈੱਲ ਵਾਲਿਆਂ ਕੋਲ ਨੋਟਿਸ ਆ ਗਿਆ ਤਾਂ ਉਨ੍ਹਾਂ ਨੇ ਸਾਰਿਆਂ 'ਤੇ ਦਬਾਅ ਪਾਇਆ ਗਿਆ ਕਿ ਉਹ ਆਪਣੇ ਘਰਦਿਆਂ ਨੂੰ ਇਹ ਪਟੀਸ਼ਨ ਵਾਪਸ ਲੈਣ ਲਈ ਕਹਿਣ। ਜਦੋਂ ਦਿੱਲੀ ਹਾਈ ਕੋਰਟ ਨੇ ਹੈਬੀਅਸ ਕਾਰਪਸ ਪਟੀਸ਼ਨ 'ਤੇ ਸੁਣਵਾਈ ਲਈ 15 ਮਾਰਚ ਦੀ ਤਰੀਕ ਤੈਅ ਕਰ ਦਿੱਤੀ ਤਾਂ ਨਾ ਚਾਹੁੰਦੇ ਹੋਏ ਵੀ ਸਪੈਸ਼ਲ ਸੈੱਲ ਦੇ ਅਧਿਕਾਰੀਆਂ ਨੂੰ ਇਨ੍ਹਾਂ ਮੁੰਡੇ-ਕੁੜੀਆਂ ਨੂੰ ਛੱਡਣਾ ਪਿਆ। ਇਸ ਤੋਂ ਪਹਿਲਾਂ ਅਦਾਲਤ ਵਿਚ ਆਪਣੇ ਬਚਾਅ ਲਈ ਸਾਰਿਆਂ ਤੋਂ ਪਿਛਲੀ ਤਰੀਕ ਵਾਲੇ ਨੋਟਿਸ 'ਤੇ ਦਸਖ਼ਤ ਕਰਵਾ ਲਏ ਕਿ 'ਪੁੱਛ-ਗਿੱਛ ਦਾ ਨੋਟਿਸ ਮਿਲਣ ਤੋਂ ਬਾਅਦ ਉਹ ਆਪਣੀ ਮਰਜ਼ੀ

ਨਾਲ ਇੱਥੇ ਆਏ ਹਨ।'

ਜਦੋਂ ਇਹ ਪੀੜਤ ਆਪਣਾ ਮੈਡੀਕਲ ਕਰਾਉਣ ਲਈ ਆਲ ਇੰਡੀਆ ਮੈਡੀਕਲ ਇੰਸਟੀਚਿਊਟ ਗਏ ਤਾਂ ਡਾਕਟਰਾਂ ਨੇ ਪਹਿਲਾਂ ਤਾਂ ਉਨ੍ਹਾਂ ਦੀਆਂ ਸੱਟਾਂ ਦੇ ਨਿਸ਼ਾਨ ਨੋਟ ਕਰ ਲਏ, ਪਰ ਜਦੋਂ ਪੁਲਿਸ ਨੂੰ ਸੱਦਿਆ ਗਿਆ ਤਾਂ ਡਾਕਟਰਾਂ ਨੇ ਸੱਟਾਂ ਦੇ ਨਿਸ਼ਾਨ ਰਿਪੋਰਟ ਵਿਚ ਦਰਜ ਕਰਨ ਤੋਂ ਨਾਂਹ ਕਰ ਦਿੱਤੀ। 27 ਮਾਰਚ ਨੂੰ ਹੋਣ ਵਾਲੀ ਹੈਬੀਅਸ ਕਾਰਪਸ ਦੀ ਅਗਲੀ ਸੁਣਵਾਈ ਦੇ ਮੱਦੇਨਜ਼ਰ ਪੁਲਸੀਆਂ ਨੇ ਹਿਰਾਸਤ ਵਿਚ ਤਸੀਹਿਆਂ ਦੇ ਸਾਰੇ ਸਬੂਤ ਮਿਟਾਉਣੇ ਸ਼ੁਰੂ ਕਰ ਦਿੱਤੇ ਹਨ।

ਹਕੂਮਤੀ ਥਾਪੜੇ ਨਾਲ ਸਪੈਸ਼ਲ ਸੈੱਲ ਮਨਮਾਨੀਆਂ ਕਰਨ ਲਈ ਐਨਾ ਬੇਖ਼ੌਫ਼ ਹੋ ਚੁੱਕਾ ਹੈ ਕਿ ਮਨਜੀਤ ਬੈਨੀਵਾਲ ਦਾ ਦੋਸਤ ਅਮਨ, ਜੋ ਕਿ ਉਸ ਦੀ ਮਾਤਾ ਨੂੰ ਪਟੀਸ਼ਨ 'ਤੇ ਦਸਖ਼ਤ ਕਰਾਉਣ ਦਿੱਲੀ ਲੈ ਕੇ ਆਇਆ ਸੀ, ਉਸ ਨੂੰ ਵੀ ਸਪੈਸ਼ਲ ਸੈੱਲ ਵਾਲੇ ਉਸ ਦੇ ਘਰ ਕੋਲੋਂ ਚੁੱਕ ਕੇ ਇਸੇ ਤਸੀਹਾ ਘਰ ਵਿੱਚ ਲੈ ਆਏ। ਉਸ ਨੂੰ ਵੀ ਸਭ ਦੇ ਨਾਲ ਹੀ ਛੱਡਿਆ ਗਿਆ।

ਪੀੜਤਾਂ ਨੇ ਪੀਯੂਸੀਐੱਲ ਦੀ ਆਨਲਾਈਨ ਮੀਟਿੰਗ ਵਿਚ ਸਪਸ਼ਟ ਦੱਸਿਆ ਕਿ ਸਪੈਸ਼ਲ ਸੈੱਲ ਦਾ ਮਨੋਰਥ ਉਨ੍ਹਾਂ ਤੋਂ ਪੁੱਛਗਿੱਛ ਕਰਨਾ ਨਹੀਂ ਸੀ। ਅਧਿਕਾਰੀਆਂ ਦੇ ਸਵਾਲ ਸੱਤਾਧਾਰੀ ਧਿਰ ਦੀ ਭਗਵਾ ਵਿਚਾਰਧਾਰਾ ਅਤੇ ਰਾਜਨੀਤਕ ਧਾਰਨਾਵਾਂ ਦੇ ਗੂੜ੍ਹੇ ਰੰਗ 'ਚ ਰੰਗੇ ਹੋਏ ਸਨ। ਉਹ 31 ਮਾਰਚ ਤੱਕ ਭਾਰਤ ਨੂੰ 'ਨਕਸਲ-ਮੁਕਤ' ਬਣਾਉਣ ਦੇ ਮੋਦੀ ਸਰਕਾਰ ਦੇ ਟੀਚੇ ਦਾ ਜ਼ਿਕਰ ਕਰਦੇ ਹੋਏ ਕਹਿ ਰਹੇ ਸਨ ਕਿ 'ਤੁਸੀਂ 31 ਮਾਰਚ ਦਾ ਪ੍ਰੋਗਰਾਮ (ਕਾਰਪੋਰੇਟ ਲੁੱਟ ਦੇ ਖ਼ਿਲਾਫ਼) ਕਿਉਂ ਕਰ ਰਹੇ ਹੋ, ਕਿਸ ਦੇ ਕਹਿਣ 'ਤੇ ਕਰ ਰਹੇ ਹੋ, ਅਸੀਂ ਇਹ ਨਹੀਂ ਹੋਣ ਦਿਆਂਗੇ। ਕਿਉਂਕਿ 31 ਮਾਰਚ ਤੱਕ ਮਾਓਵਾਦੀਆਂ ਦਾ ਸਫ਼ਾਇਆ ਕਰਨ ਦਾ ਹੁਕਮ ਹੈ। ਕੁਝ ਦਿਨਾਂ ਲਈ ਤੁਸੀਂ ਲੋਕ ਕਿਤੇ ਹੋਰ ਚਲੇ ਜਾਓ, ਇਹ ਸਮਾਂ-ਸੀਮਾ ਖ਼ਤਮ ਹੋਣ ਤੋਂ ਬਾਅਦ ਹੀ ਇੱਥੇ ਨਜ਼ਰ ਆਉਣਾ'। ਉਨ੍ਹਾਂ ਨੂੰ ਪੁੱਛਿਆ ਗਿਆ ਕਿ 'ਤੁਸੀਂ ਲੋਕ ਵਾਰ-ਵਾਰ ਛੱਤੀਸਗੜ੍ਹ ਕਿਉਂ ਜਾਂਦੇ ਹੋ', (ਜਦਕਿ ਉਨ੍ਹਾਂ ਵਿੱਚੋਂ ਕਈ ਉੱਥੇ ਕਦੇ ਗਏ ਹੀ ਨਹੀਂ)। ਇਹ ਤਫ਼ਤੀਸ਼ੀ ਅਧਿਕਾਰੀ ਮੁਲਕ ਦੀ ਜੰਗੇ-ਆਜ਼ਾਦੀ ਦੇ ਨਾਇਕਾਂ ਦਾ ਅਪਮਾਨ ਕਰਨ ਦੀ ਹੱਦ ਤੱਕ ਜਾ ਕੇ ਉਨ੍ਹਾਂ ਨੂੰ ਸਵਾਲ ਕਰਦੇ ਰਹੇ: 'ਤੁਸੀਂ ਲੋਕ ਭਗਤ ਸਿੰਘ ਦੀਆਂ ਟੂਕਾਂ ਕਿਉਂ ਲਿਖਦੇ ਹੋ, ਉਹ ਤਾਂ ਦਹਿਸ਼ਤਗਰਦ ਸੀ, ਤੁਸੀਂ ਲੋਕ ਵੀ ਉਸ ਵਰਗੇ ਦਹਿਸ਼ਤਗਰਦ ਹੋ'।

ਕੁੜੀਆਂ ਤੋਂ ਪੁੱਛਿਆ ਗਿਆ ਕਿ 'ਤੁਸੀਂ ਮੁਸਲਮਾਨ ਨਾਲ ਸੈਕਸ ਕਿਉਂ ਕਰਦੀਆਂ ਹੋ'। ਇੱਕ ਕੁੜੀ ਦੇ ਪਿਤਾ ਨੂੰ ਇੱਕ ਤਸਵੀਰ ਦਿਖਾਈ ਗਈ ਜਿਸ ਵਿੱਚ ਕੁੜੀ ਨੇ ਟਰੇਨ ਵਿਚ ਸਫ਼ਰ ਕਰਦੇ ਸਮੇਂ ਏਹਤਮਾਮ ਦੇ ਮੋਢੇ 'ਤੇ ਸਿਰ ਰੱਖਿਆ ਹੋਇਆ ਹੈ। ਉਨ੍ਹਾਂ ਨੂੰ ਕਿਹਾ ਗਿਆ ਕਿ ਆਪਣੀ ਕੁੜੀ ਨੂੰ ਇਸ ਮੁਸਲਮਾਨ ਮੁੰਡੇ ਤੋਂ ਦੂਰ ਰੱਖੋ। ਉਸ ਨੂੰ ਕਮਰੇ ਵਿੱਚ ਬੰਦ ਕਰ ਦਿਓ। ਉਸ ਨੂੰ 'ਸੰਸਕਾਰ' ਸਿਖਾਓ। ਮੁੰਡਿਆਂ ਤੋਂ ਉਨ੍ਹਾਂ ਦੇ ਪਾਰਟਨਰਾਂ ਬਾਰੇ ਸਵਾਲ ਪੁੱਛੇ ਗਏ ਅਤੇ ਕਿਹਾ ਗਿਆ ਕਿ ਉਹ ਉਨ੍ਹਾਂ ਤੋਂ ਦੂਰੀ ਬਣਾਉਣ। ਰੁਦਰ ਵਿਕਰਮ ਰਾਏ ਤੋਂ ਉਸ ਦੀ ਜੈਂਡਰ ਪਛਾਣ ਨੂੰ ਲੈ ਕੇ ਭੱਦੇ ਸਵਾਲ ਪੁੱਛੇ ਗਏ ਅਤੇ ਉਸ ਦਾ ਮਜ਼ਾਕ ਉਡਾਇਆ ਗਿਆ।

ਸਹਿਜੇ ਹੀ ਸਮਝਿਆ ਜਾ ਸਕਦਾ ਹੈ ਕਿ ਇਹ ਪੁੱਛਗਿੱਛ ਨਹੀਂ ਸੀ, ਇਹ ਭਗਵਾ ਵਿਚਾਰਧਾਰਾ ਤੋਂ ਪ੍ਰੇਰਿਤ ਖੁੱਲ੍ਹੇਆਮ ਦਬਾਅ ਪਾਉਣ ਦੀ ਕਵਾਇਦ ਹੈ ਕਿ ਹਕੂਮਤੀ ਦਹਿਸ਼ਤ ਤੋਂ ਖ਼ੌਫ਼ਜ਼ਦਾ ਹੋ ਕੇ ਚਿੰਤਨਸ਼ੀਲ ਮੁੰਡੇ-ਕੁੜੀਆਂ ਸੁਤੰਤਰ ਸੋਚਣਾ ਤੇ ਸਮਾਜੀ-ਸਰੋਕਾਰਾਂ ਬਾਰੇ ਚਿੰਤਨ ਕਰਨਾ ਬੰਦ ਕਰ ਦੇਣ। ਉਹ ਦੱਬੇ-ਕੁਚਲੇ ਤੇ ਸਟੇਟ ਦੇ ਸਤਾਏ ਹਾਸ਼ੀਆਗ੍ਰਸਤ ਹਿੱਸਿਆਂ ਦੇ ਮੁੱਦੇ ਉਠਾ ਕੇ ਨਿਆਂ ਦੀ ਮੰਗ ਕਰਨ ਤੋਂ ਦੂਰ ਹੋ ਜਾਣ। ਤਫ਼ਤੀਸ਼ ਕਰਨ ਵਾਲਿਆਂ ਦਾ ਵਤੀਰਾ ਔਰਤ-ਮਰਦ ਸੰਬੰਧਾਂ ਬਾਰੇ ਉਨ੍ਹਾਂ ਦੀ ਵਿਕਾਰਗ੍ਰਸਤ, ਜਾਤੀਵਾਦੀ, ਘੱਟਗਿਣਤੀਆਂ, ਵਿਸ਼ੇਸ਼ ਜੈਂਡਰ ਵਿਰੋਧੀ ਬੀਮਾਰ ਜ਼ਿਹਨੀਅਤ ਨੂੰ ਦਿਖਾਉਂਦਾ ਹੈ।

ਸਵਾਲਾਂ ਤੋਂ ਸਮਝਿਆ ਜਾ ਸਕਦਾ ਹੈ ਕਿ ਅਜਿਹੇ ਅਧਿਕਾਰੀਆਂ ਨੂੰ ਜਾਣ-ਬੁੱਝਕੇ ਦਹਿਸ਼ਤ ਪਾਉਣ ਲਈ ਬੇਲਗਾਮ ਕੀਤਾ ਜਾਂਦਾ ਹੈ। ਮਜ਼ਦੂਰ ਕਾਰਕੁਨਾਂ, ਵਿਦਿਆਰਥੀ ਕਾਰਕੁਨਾਂ, ਉਜਾੜਾ ਵਿਰੋਧੀ ਕਾਰਕੁਨਾਂ ਅਤੇ ਨਿਆਂ ਦੀ ਮੰਗ ਕਰਨ ਵਾਲੇ ਜ਼ਹੀਨ ਮੁੰਡੇ-ਕੁੜੀਆਂ ਨੂੰ ਗਿਣ-ਮਿੱਥਕੇ ਨਿਸ਼ਾਨਾ ਬਣਾਇਆ ਗਿਆ ਹੈ। ਪਰਿਵਾਰ ਨੂੰ ਧਮਕੀਆਂ, ਪੁਲਿਸ ਦੇ ਲਿਖੇ ਕਾਗਜ਼ਾਂ ਉੱਪਰ ਜ਼ਬਰਦਸਤੀ ਦਸਖ਼ਤ ਕਰਾਉਣੇ, ਕਾਨੂੰਨੀ ਪੈਰਵਾਈ ਕਰਨ ਜਾਂ ਕਿਸੇ ਤਰ੍ਹਾਂ ਦੀ ਮਦਦ ਕਰਨ ਤੋਂ ਰੋਕਣਾ ਕੁਝ ਸਿਰਫਿਰੇ ਵਰਦੀਧਾਰੀਆਂ ਦਾ ਆਮਮੁਹਾਰਾ ਕਾਰਾ ਨਹੀਂ ਹੈ, ਇਹ ਸਟੇਟ ਵੱਲੋਂ ਵਿਉਂਤਬੱਧ ਤਰੀਕੇ ਨਾਲ ਪਾਏ ਜਾ ਰਹੇ ਹਕੂਮਤੀ ਖ਼ੌਫ਼ ਅਤੇ ਜਬਰ ਦਾ ਹਿੱਸਾ ਹੈ।

ਭਾਰਤੀ ਰਾਜ ਮਨੁੱਖੀ ਅਧਿਕਾਰਾਂ ਬਾਰੇ ਕੌਮਾਂਤਰੀ ਅਹਿਦਨਾਮਿਆਂ ਅਤੇ ਤਸੀਹਿਆਂ ਬਾਰੇ ਯੂ.ਐੱਨ ਚਾਰਟਰ ਪ੍ਰਤੀ ਵਚਨਬੱਧਤਾ ਦੇ ਦਾਅਵੇ ਕਰਦਾ ਨਹੀਂ ਥੱਕਦਾ। ਅਮਲ ਪੂਰੀ ਤਰ੍ਹਾਂ ਉਲਟ ਹੈ। 1947 ਦੀ ਸੱਤਾ-ਬਦਲੀ ਦੇ ਸਮੇਂ ਤੋਂ ਹੀ ਭਾਰਤੀ ਰਾਜ ਮਨੁੱਖੀ ਅਤੇ ਜਮਹੂਰੀ ਹੱਕਾਂ ਨੂੰ ਪੁਲਿਸ-ਫ਼ੌਜ, ਜੇਲ੍ਹਾਂ ਅਤੇ ਕਾਲੇ ਕਾਨੂੰਨਾਂ ਦੇ ਜ਼ੋਰ ਕੁਚਲਦਾ ਆ ਰਿਹਾ ਹੈ। ਸਾਢੇ ਸੱਤ ਦਹਾਕਿਆਂ ਵਿਚ ਲਾਕਾਨੂੰਨੀਆਂ ਦੀ ਖੁੱਲ੍ਹੇਆਮ ਰਾਜਕੀ ਪੁਸ਼ਤ-ਪਨਾਹੀ ਧੁਰ ਦੱਖਣੀ ਰਾਜਾਂ ਤੋਂ ਲੈ ਕੇ ਧੁਰ ਉੱਤਰ ਵਿਚ ਜੰਮੂ-ਕਸ਼ਮੀਰ ਤੱਕ ਸਾਫ਼ ਦੇਖੀ ਜਾ ਸਕਦੀ ਹੈ ਜੋ ਭਾਜਪਾ ਦੇ ਸੱਤਾ ਵਿਚ ਆਉਣ ਨਾਲ ਨੰਗੇ ਫਾਸ਼ੀਵਾਦੀ ਦਹਿਸ਼ਤਵਾਦ ਦਾ ਰੂਪ ਅਖ਼ਤਿਆਰ ਕਰ ਚੁੱਕੀ ਹੈ। ਨਕਸਲਵਾਦ ਨੂੰ ਖ਼ਤਮ ਕਰਨ ਦੇ ਨਾਂ ਹੇਠ ਭਗਵਾ ਹਕੂਮਤ ਦਾ ਨਿਸ਼ਾਨਾ ਸੱਤਾ ਦੀਆਂ ਲੋਕ ਵਿਰੋਧੀ ਨੀਤੀਆਂ ਤੇ ਅਮਲਾਂ ਉੱਪਰ ਉਠਾਉਣ ਵਾਲੀ ਹਰ ਆਵਾਜ਼ ਨੂੰ ਕੁਚਲਣਾ ਅਤੇ ਬੁੱਧੀਮਾਨ ਹਿੱਸਿਆਂ ਦੀ ਵਿਆਪਕ ਪੱਧਰ 'ਤੇ ਜ਼ਬਾਨਬੰਦੀ ਕਰਨਾ ਹੈ। ਜੋ ਜੇਐੱਨਯੂ ਦੀ ਵਿਦਿਆਰਥੀ ਜਥੇਬੰਦੀ ਉੱਪਰ ਹਾਲੀਆ ਜਬਰ ਤੋਂ ਐਨ ਸਪਸ਼ਟ ਹੈ।

ਭਿਆਨਕ ਤਸੀਹੇ ਦੇਣ ਵਾਲੇ ਜਲਾਦ ਅਧਿਕਾਰੀਆਂ ਅਤੇ ਝੂਠੇ ਮੁਕਾਬਲਿਆਂ ਦੇ ਮਾਹਰਾਂ ਨੂੰ ਪੁਲਿਸ-ਫ਼ੌਜ ਦਾ ਮਨੋਬਲ ਬਣਾਈ ਰੱਖਣ ਦੇ ਬਹਾਨੇ ਵਿਸ਼ੇਸ਼ ਜਾਬਰ ਕਾਨੂੰਨਾਂ ਦੇ ਤਹਿਤ ਕਾਨੂੰਨੀ ਕਾਰਵਾਈ ਤੋਂ ਮੁਕੰਮਲ ਛੋਟ ਹੈ। ਇਸ ਤੋਂ ਵੀ ਅੱਗੇ ਜਾ ਕੇ ਸਰਕਾਰਾਂ ਵੱਲੋਂ ਬਹਾਦਰੀ ਦੇ ਵਿਸ਼ੇਸ਼ ਪੁਰਸਕਾਰਾਂ ਨਾਲ ਸਨਮਾਨਿਤ ਕਰਨ ਦੇ ਘਿਣਾਉਣਾ ਦਸਤੂਰ ਦੀਆਂ ਅਨੇਕਾਂ ਮਿਸਾਲਾਂ ਹਨ। ਪੁਲਿਸ ਹਿਰਾਸਤ ਵਿਚ ਆਦਿਵਾਸੀ ਕਾਰਕੁਨ ਸੋਨੀ ਸੋਰੀ ਦੇ ਗੁਪਤ ਅੰਗਾਂ ਵਿਚ ਪੱਥਰ ਤੁੰਨਣ ਵਾਲੇ ਪੁਲਿਸ ਅਧਿਕਾਰੀ (ਦੰਤੇਵਾੜਾ ਦੇ ਐੱਸ.ਪੀ. ਅੰਕਿਤ ਗਰਗ) ਨੂੰ ਰਾਸ਼ਟਰਪਤੀ ਵੱਲੋਂ ਬਹਾਦਰੀ ਪੁਰਸਕਾਰ ਦੇਣ, ਹੋਰ ਬਹੁਤ ਸਾਰਿਆਂ ਨੂੰ ਵਿਸ਼ੇਸ਼ ਤਰੱਕੀਆਂ ਦੇਣ ਅਤੇ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੂੰ ਘੱਟਗਿਣਤੀ ਮੁਸਲਮਾਨਾਂ, ਕਸ਼ਮੀਰੀਆਂ, ਦਲਿਤਾਂ, ਔਰਤਾਂ ਤੇ ਹੋਰ ਕਾਰਕੁਨਾਂ ਨਾਲ ਮਨਮਾਨੀਆਂ ਕਰਨ ਲਈ ਉਤਸ਼ਾਹਤ ਕਰਨ ਬਾਰੇ ਸਭ ਨੂੰ ਪਤਾ ਹੈ।

ਅਜਿਹਾ ਕਰਨ ਕਰਾਉਣ ਵਾਲੇ ਭਾਰਤੀ ਹਾਕਮਾਂ, ਚਾਹੇ ਉਹ ਕਿਸੇ ਵੀ ਪਾਰਟੀ ਦੇ ਹੋਣ, ਦੀ ਜਵਾਬਦੇਹੀ ਲਈ ਮਨੁੱਖੀ ਤੇ ਜਮਹੂਰੀ ਹੱਕਾਂ ਬਾਰੇ ਚੇਤਨ, ਵਿਆਪਕ ਜਨਤਕ-ਜਮਹੂਰੀ ਲਹਿਰ ਜ਼ਰੂਰੀ ਹੈ। ਜੁਲਾਈ 2025 ਦੇ ਤਸੀਹਿਆਂ ਸਮੇਂ ਇਹ ਨੌਜਵਾਨ ਮੁੰਡੇ-ਕੁੜੀਆਂ ਚੁੱਪ ਕਰ ਗਏ ਸਨ, ਇਸ ਵਾਰ ਉਨ੍ਹਾਂ ਨੇ ਬਹੁਤ ਹੌਸਲੇ ਨਾਲ ਤਸੀਹਿਆਂ ਦੇ ਵੇਰਵਿਆਂ ਜਨਤਕ ਕਰਕੇ ਲੋਕਤੰਤਰ ਦੇ ਮਖੌਟੇ ਹੇਠ ਲੁਕੀ ਭਾਰਤੀ ਸਟੇਟ ਦੀ ਕਰੂਰ ਖ਼ਸਲਤ ਨੂੰ ਬਖ਼ੂਬੀ ਨੰਗਾ ਕੀਤਾ ਹੈ। ਸਮੂਹ ਜਮਹੂਰੀ, ਨਿਆਂਪਸੰਦ ਤਾਕਤਾਂ ਨੂੰ ਇਸ ਦਲੇਰ ਆਵਾਜ਼ ਨੂੰ ਵੱਡੇ ਜਨਤਕ ਅੰਦੋਲਨ 'ਚ ਬਦਲਣਾ ਚਾਹੀਦਾ ਹੈ। ਜਨਤਕ ਦਬਾਅ ਰਾਹੀਂ ਸਟੇਟ ਅਤੇ ਸਰਕਾਰਾਂ ਨੂੰ ਜਵਾਬਦੇਹ ਬਣਾਉਣਾ ਹੀ ਤਸੀਹਿਆਂ ਅਤੇ ਹਕੂਮਤੀ ਦਹਿਸ਼ਤਵਾਦ ਦੇ ਹੋਰ ਰੂਪਾਂ ਨੂੰ ਠੱਲ ਪਾਉਣ ਦੀ ਮੁੱਢਲੀ ਸ਼ਰਤ ਹੈ।

# ਸਾਡੀ ਸਰਕਾਰ ਨੂੰ ਕਾਇਰ, ਕੰਗਰੋੜਹੀਣ ਹੋਈ ਦੇਖਕੇ ਮੈਨੂੰ ਸ਼ਰਮ ਆ ਰਹੀ ਹੈ - ਅਰੁੰਧਤੀ ਰਾਏ

*[ਦਿੱਲੀ ਦੇ ਕਮਾਨੀ ਸਭਾਗਾਰ ਵਿੱਚ ਵਿਸ਼ਵ ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ ਨੇ ਆਪਣੀ ਕਿਤਾਬ 'ਮਦਰ ਮੇਰੀ ਕਮਜ਼ ਟੂ ਮੀ' ਬਾਰੇ ਚਰਚਾ ਤੋਂ ਬਾਅਦ ਈਰਾਨ ਉੱਤੇ ਅਮਰੀਕਾ-ਇਜ਼ਰਾਇਲ ਹਮਲੇ ਨੂੰ ਲੈ ਕੇ ਕਈ ਮਹੱਤਵਪੂਰਨ ਗੱਲਾਂ ਕੀਤੀਆਂ। ਨਾਲ ਹੀ ਮੌਜੂਦਾ ਸਮੇਂ ਵਿੱਚ ਚੱਲ ਰਹੇ ਪੱਛਮੀ ਏਸ਼ੀਆ ਦੇ ਸੰਘਰਸ਼ ਦੌਰਾਨ ਭਾਰਤ ਸਰਕਾਰ ਦੀ ਚੁੱਪ 'ਤੇ ਵੀ ਸਵਾਲ ਉਠਾਏ। ਲੇਖਿਕਾ ਨੇ ਕਿਹਾ ਕਿ ਜੋ ਕੁਝ ਹੋ ਰਿਹਾ ਹੈ ਉਹ ਗਾਜ਼ਾ ਵਿੱਚ ਅਮਰੀਕੀ-ਇਜ਼ਰਾਇਲੀ ਕਤਲੇਆਮ ਦੀ ਹੀ ਲੜੀ ਦਾ ਹਿੱਸਾ ਹੈ, ਪਰ ਈਰਾਨ ਗਾਜ਼ਾ ਨਹੀਂ ਹੈ।]*

**ਜਾਹਨਵੀ ਸੇਨ**
**ਪੇਸ਼ਕਸ਼: ਬੂਟਾ ਸਿੰਘ ਮਹਿਮੂਦਪੁਰ**

ਨਵੀਂ ਦਿੱਲੀ: 'ਮੈਂ ਕੁਝ ਕਹਿਣਾ ਹੈ ਕਿਉਂਕਿ ਮੈਂ ਆਪਣੀ ਮਾਂ ਦੀ ਧੀ ਹਾਂ ਅਤੇ ਮੈਨੂੰ ਹੌਸਲਾ ਜੁਟਾ ਕੇ ਇਹ ਕਹਿਣਾ ਹੀ ਪਵੇਗਾ। ਇਹ ਉਸ ਜੰਗ ਬਾਰੇ ਛੋਟਾ ਜਿਹਾ ਬਿਆਨ ਹੈ ਜੋ ਪੂਰੀ ਦੁਨੀਆ ਨੂੰ ਆਪਣੀ ਲਪੇਟ ਵਿੱਚ ਲੈ ਸਕਦੀ ਹੈ।'

ਇਹ ਗੱਲ 9 ਮਾਰਚ ਨੂੰ ਦਿੱਲੀ ਦੀ ਕਮਾਨੀ ਸਭਾਗਾਰ ਵਿੱਚ ਲੇਖਿਕਾ ਅਰੁੰਧਤੀ ਰਾਏ ਨੇ ਆਪਣੀ ਕਿਤਾਬ 'ਮਦਰ ਮੇਰੀ ਕਮਜ਼ ਟੂ ਮੀ' ਉੱਪਰ ਚਰਚਾ ਤੋਂ ਬਾਅਦ ਕਹੀ। ਉਨ੍ਹਾਂ ਨੇ ਈਰਾਨ ਉੱਤੇ ਅਮਰੀਕਾ-ਇਜ਼ਰਾਇਲ ਹਮਲੇ ਨੂੰ ਲੈ ਕੇ ਕਈ ਮਹੱਤਵਪੂਰਨ ਗੱਲਾਂ ਰੱਖੀਆਂ। ਨਾਲ ਹੀ ਮੌਜੂਦਾ ਸਮੇਂ ਵਿੱਚ ਚੱਲ ਰਹੇ ਪੱਛਮੀ ਏਸ਼ੀਆ ਸੰਘਰਸ਼ ਦੌਰਾਨ ਭਾਰਤ ਸਰਕਾਰ ਦੀ ਚੁੱਪ ਉੱਪਰ ਵੀ ਸਵਾਲ ਉਠਾਏ।

ਉਨ੍ਹਾਂ ਨੇ ਕਿਹਾ, 'ਮੈਨੂੰ ਪਤਾ ਹੈ ਕਿ ਅਸੀਂ ਅੱਜ ਇੱਥੇ 'ਮਦਰ ਮੇਰੀ ਕਮਜ਼ ਟੂ ਮੀ' ਬਾਰੇ ਗੱਲ ਕਰਨ ਲਈ ਜੁੜੇ ਹਾਂ। ਪਰ ਉਨ੍ਹਾਂ ਖ਼ੂਬਸੂਰਤ ਸ਼ਹਿਰਾਂ - ਤੇਹਰਾਨ, ਇਸਫ਼ਹਾਨ ਅਤੇ ਬੇਰੂਤ - ਬਾਰੇ ਗੱਲ ਕੀਤੇ ਬਿਨਾਂ ਅਸੀਂ ਇਹ ਗੱਲਬਾਤ ਕਿਵੇਂ ਖ਼ਤਮ ਕਰ ਸਕਦੇ ਹਾਂ ਜੋ ਅੱਗ ਦੀਆਂ ਲਾਟਾਂ ਵਿੱਚ ਘਿਰੇ ਹੋਏ ਹਨ?'

ਅਰੁੰਧਤੀ ਰਾਏ ਨੇ ਅੱਗੇ ਕਿਹਾ, 'ਆਪਣੀ ਮਾਂ ਮੇਰੀ ਦੀ ਸਾਫ਼ਗੋਈ ਅਤੇ ਬੇਬਾਕੀ ਦੇ ਅਨੁਸਾਰ, ਮੈਂ ਇਸ ਮੰਚ ਦਾ ਇਸਤੇਮਾਲ ਅਮਰੀਕਾ ਅਤੇ ਇਜ਼ਰਾਇਲ ਵੱਲੋਂ ਈਰਾਨ ਉੱਪਰ ਬਿਨਾਂ ਕਿਸੇ ਕਾਰਨ ਕੀਤੇ ਗਏ ਗੈਰਕਾਨੂੰਨੀ ਹਮਲੇ ਬਾਰੇ ਕੁਝ ਕਹਿਣ ਲਈ ਕਰਨਾ ਚਾਹੁੰਦੀ ਹਾਂ। ਇਹ ਨਿਸ਼ਚਿਤ ਤੌਰ 'ਤੇ ਗਾਜ਼ਾ ਵਿੱਚ ਅਮਰੀਕਾ-ਇਜ਼ਰਾਇਲ ਵੱਲੋਂ ਕੀਤੇ ਜਾ ਰਹੇ ਕਤਲੇਆਮ ਦੀ ਲੜੀ ਦੀ ਹੀ ਕੜੀ ਹੈ। ਇਹ ਉਹੀ ਪੁਰਾਣੇ ਕਤਲੇਆਮ ਕਰਨ ਵਾਲੇ ਹਨ ਜੋ ਉਹੀ ਪੁਰਾਣੀ ਯੁੱਧਨੀਤੀ ਵਰਤ ਰਹੇ ਹਨ—ਔਰਤਾਂ ਅਤੇ ਬੱਚਿਆਂ ਦੇ ਕਤਲ ਕਰਨਾ, ਹਸਪਤਾਲਾਂ 'ਤੇ ਬੰਬਾਰੀ ਕਰਨਾ, ਸ਼ਹਿਰਾਂ 'ਤੇ ਅੰਧਾਧੁੰਦ ਹਮਲੇ ਕਰਨਾ ਅਤੇ ਫਿਰ ਆਪਣੇ ਆਪ ਨੂੰ ਪੀੜਤ ਦਿਖਾਉਣਾ।'

'ਈਰਾਨ ਗਾਜ਼ਾ ਨਹੀਂ ਹੈ, ਇਹ ਜੰਗ ਪੂਰੀ ਦੁਨੀਆ ਨੂੰ ਆਪਣੀ ਲਪੇਟ ਵਿਚ ਲੈ ਸਕਦੀ ਹੈ' ਉਨ੍ਹਾਂ ਨੇ ਅੱਗੇ ਕਿਹਾ, 'ਪਰ ਈਰਾਨ ਗਾਜ਼ਾ ਨਹੀਂ ਹੈ। ਇਸ ਨਵੀਂ ਜੰਗ ਦਾ ਦਾਇਰਾ ਪੂਰੀ ਦੁਨੀਆ ਨੂੰ ਆਪਣੀ ਲਪੇਟ ਵਿੱਚ ਲੈ ਸਕਦਾ ਹੈ। ਅਸੀਂ ਪਰਮਾਣੂ ਤਬਾਹੀ ਅਤੇ ਆਰਥਕ ਪਤਨ ਦੇ ਕੰਢੇ 'ਤੇ ਖੜ੍ਹੇ ਹਾਂ। ਜਿਸ ਮੁਲਕ ਨੇ ਹੀਰੋਸ਼ਿਮਾ ਅਤੇ ਨਾਗਾਸਾਕੀ ਉੱਤੇ ਬੰਬ ਵਰਾਏ ਸਨ, ਉਹੀ ਦੁਨੀਆ ਦੀਆਂ ਸਭ ਤੋਂ ਪ੍ਰਾਚੀਨ ਸੱਭਿਅਤਾਵਾਂ ਵਿੱਚੋਂ ਇੱਕ ਉੱਤੇ ਬੰਬਾਰੀ ਕਰਨ ਦੀ ਤਿਆਰੀ ਕਰ ਰਿਹਾ ਹੋ ਸਕਦਾ ਹੈ।

ਇਸ ਵਿਸ਼ੇ 'ਤੇ ਹੋਰ ਵੀ ਮੌਕੇ ਆਉਣਗੇ ਜਦੋਂ ਵਿਸਤਾਰ ਨਾਲ ਗੱਲ ਹੋਵੇਗੀ। ਇਸ ਲਈ ਅਜੇ ਮੈਂ ਸਿਰਫ਼ ਇਹ ਕਹਿਣਾ ਚਾਹੁੰਦੀ ਹਾਂ ਕਿ ਮੈਂ ਈਰਾਨ ਦੇ ਨਾਲ ਖੜ੍ਹੀ ਹਾਂ—ਪੂਰੀ ਤਰ੍ਹਾਂ। ਅਮਰੀਕਾ, ਇਜ਼ਰਾਇਲ ਅਤੇ ਸਾਡੀ ਸਰਕਾਰ ਸਮੇਤ ਜਿਨ੍ਹਾਂ ਵੀ ਹਕੂਮਤਾਂ ਨੂੰ ਬਦਲਣ ਦੀ ਲੋੜ ਹੈ, ਉਹ ਲੋਕਾਂ ਵੱਲੋਂ ਬਦਲੀਆਂ ਜਾਣੀਆਂ ਚਾਹੀਦੀਆਂ ਹਨ, ਨਾ ਕਿ ਕਿਸੇ ਹੰਕਾਰੀ, ਝੂਠੇ, ਧੋਖੇਬਾਜ਼, ਲਾਲਚੀ, ਸਰੋਤਾਂ ਨੂੰ ਲੁੱਟਣ ਵਾਲੇ, ਬੰਬ ਵਰਸਾਉਣ ਵਾਲੇ ਸਾਮਰਾਜੀ ਅਤੇ ਉਸਦੇ ਸੰਗੀਆਂ ਵੱਲੋਂ।'

ਅਰੁੰਧਤੀ ਰਾਏ ਦੇ ਅਨੁਸਾਰ, 'ਈਰਾਨ ਇਨ੍ਹਾਂ ਚੁਣੌਤੀਆਂ ਦਾ ਡਟ ਕੇ ਸਾਹਮਣਾ ਕਰ ਰਿਹਾ ਹੈ, ਜਦਕਿ ਭਾਰਤ ਡਰਪੋਕ ਬਣਿਆ ਹੋਇਆ ਹੈ। ਮੈਨੂੰ ਸ਼ਰਮ ਆਉਂਦੀ ਹੈ ਕਿ ਸਾਡੀ ਸਰਕਾਰ ਕਿੰਨੀ ਕਾਇਰ ਅਤੇ ਕੰਗਰੋੜਹੀਣ ਹੋ ਗਈ ਹੈ। ਬਹੁਤ ਸਮਾਂ ਪਹਿਲਾਂ ਅਸੀਂ ਇੱਕ ਗ਼ਰੀਬ ਮੁਲਕ ਸਾਂ, ਜਿੱਥੇ ਬਹੁਤ ਗ਼ਰੀਬ ਲੋਕ ਰਹਿੰਦੇ ਸਨ। ਪਰ ਸਾਨੂੰ ਮਾਣ ਸੀ, ਸਾਡੇ ਕੋਲ ਸਨਮਾਨ ਸੀ।

ਅੱਜ ਅਸੀਂ ਇੱਕ ਖ਼ੁਸ਼ਹਾਲ ਦੇਸ਼ ਹਾਂ, ਜਿੱਥੇ ਬਹੁਤ ਗ਼ਰੀਬ ਅਤੇ ਬੇਰੁਜ਼ਗਾਰ ਲੋਕ ਰਹਿੰਦੇ ਹਨ, ਜਿਨ੍ਹਾਂ ਨੂੰ ਅਸਲੀ ਭੋਜਨ ਦੀ ਬਜਾਏ ਨਫ਼ਰਤ, ਜ਼ਹਿਰ ਅਤੇ ਝੂਠ ਪਰੋਸਿਆ ਜਾਂਦਾ ਹੈ। ਅਸੀਂ ਆਪਣਾ ਮਾਣ ਗੁਆ ਦਿੱਤਾ ਹੈ, ਸਨਮਾਨ ਗੁਆ ਦਿੱਤਾ ਹੈ ਅਤੇ ਹਿੰਮਤ ਵੀ ਗੁਆ ਦਿੱਤੀ ਹੈ—ਸਿਵਾਏ ਸਾਡੀਆਂ ਫਿਲਮਾਂ ਦੇ।'

ਉਨ੍ਹਾਂ ਨੇ ਪੁੱਛਿਆ, 'ਅਸੀਂ ਕਿਸ ਤਰ੍ਹਾਂ ਦੇ ਲੋਕ ਹਾਂ ਜਿਨ੍ਹਾਂ ਦੀ ਚੁਣੀ ਹੋਈ ਸਰਕਾਰ ਅਮਰੀਕਾ ਵੱਲੋਂ ਹੋਰ ਦੇਸ਼ਾਂ ਦੇ ਰਾਸ਼ਟਰਪਤੀਆਂ ਦੇ ਅਗਵਾ ਅਤੇ ਕਤਲ ਦੀ ਨਿੰਦਾ ਕਰਨ ਲਈ ਵੀ ਖੜ੍ਹੀ ਨਹੀਂ ਹੋ ਸਕਦੀ? ਕੀ ਅਸੀਂ ਚਾਹੁੰਦੇ ਹਾਂ ਕਿ ਸਾਡੇ ਨਾਲ ਵੀ ਅਜਿਹਾ ਹੀ ਹੋਵੇ?



ਸਾਡੇ ਪ੍ਰਧਾਨ ਮੰਤਰੀ ਦਾ ਈਰਾਨ ਉੱਤੇ ਹਮਲੇ ਤੋਂ ਕੁਝ ਦਿਨ ਪਹਿਲਾਂ ਇਜ਼ਰਾਇਲ ਜਾ ਕੇ ਬੈਂਜਾਮਿਨ ਨੇਤਨਯਾਹੂ ਨੂੰ ਗਲੇ ਲਗਾਉਣਾ—ਇਸਦਾ ਕੀ ਮਤਲਬ ਹੈ?

ਸਾਡੀ ਸਰਕਾਰ ਦਾ ਅਮਰੀਕਾ ਨਾਲ ਅਜਿਹਾ ਵਪਾਰ ਸਮਝੌਤਾ ਕਰਨਾ ਜੋ ਸਾਡੇ ਕਿਸਾਨਾਂ ਅਤੇ ਕਪੜਾ ਉਦਯੋਗ ਨੂੰ ਪੂਰੀ ਤਰ੍ਹਾਂ ਬਰਬਾਦ ਕਰ ਸਕਦਾ ਹੈ—ਇਸਦਾ ਕੀ ਮਤਲਬ ਹੈ? ਹੁਣ ਸਾਨੂੰ ਰੂਸ ਤੋਂ ਤੇਲ ਖਰੀਦਣ ਦੀ 'ਇਜਾਜ਼ਤ' ਦਿੱਤੀ ਜਾ ਰਹੀ ਹੈ। ਇਸਦਾ ਕੀ ਭਾਵ ਹੈ? ਸਾਨੂੰ ਹੋਰ ਕਿਸ ਚੀਜ਼ ਲਈ ਇਜਾਜ਼ਤ ਚਾਹੀਦੀ ਹੈ—ਬਾਥਰੂਮ ਜਾਣ ਲਈ? ਕੰਮ ਤੋਂ ਛੁੱਟੀ ਲੈਣ ਲਈ? ਆਪਣੀ ਮਾਂ ਨੂੰ ਮਿਲਣ ਲਈ?'

ਉਨ੍ਹਾਂ ਨੇ ਕਿਹਾ, 'ਹਰ ਦਿਨ ਡੋਨਲਡ ਟਰੰਪ ਸਮੇਤ ਅਮਰੀਕੀ ਆਗੂ ਸਾਨੂੰ ਜਨਤਕ ਤੌਰ 'ਤੇ ਮਜ਼ਾਕ ਦਾ ਪਾਤਰ ਬਣਾਉਂਦੇ ਹਨ। ਪਰ ਸਾਡੇ ਪ੍ਰਧਾਨ ਮੰਤਰੀ ਆਪਣੀ ਉਹਾ ਖੋਖਲਾ ਹਾਸਾ ਹੱਸਦੇ ਹਨ ਅਤੇ ਜੱਫੀਆਂ ਪਾ ਪਾ ਮਿਲਦੇ ਰਹਿੰਦੇ ਹਨ।

ਗਾਜ਼ਾ ਵਿੱਚ ਕਤਲੇਆਮ ਦੀ ਸਿਖ਼ਰ ਸਮੇਂ ਭਾਰਤ ਸਰਕਾਰ ਨੇ ਕੱਢੇ ਗਏ ਫ਼ਲਸਤੀਨੀ ਮਜ਼ਦੂਰਾਂ ਦੀ ਥਾਂ ਹਜ਼ਾਰਾਂ ਗ਼ਰੀਬ ਭਾਰਤੀ ਮਜ਼ਦੂਰਾਂ ਨੂੰ ਇਜ਼ਰਾਇਲ ਭੇਜਿਆ ਸੀ। ਅੱਜ ਜਦੋਂ ਇਜ਼ਰਾਇਲੀ ਲੋਕ ਬੰਕਰਾਂ ਵਿੱਚ ਸ਼ਰਨ ਲਈ ਬੈਠੇ ਹਨ, ਖ਼ਬਰਾਂ ਆ ਰਹੀਆਂ ਹਨ ਕਿ ਉਨ੍ਹਾਂ ਭਾਰਤੀ ਮਜ਼ਦੂਰਾਂ ਨੂੰ ਉਨ੍ਹਾਂ ਸ਼ਰਣ ਸਥਾਨਾਂ ਵਿੱਚ ਵੜਨ ਵੀ ਨਹੀਂ ਦਿੱਤਾ ਜਾ ਰਿਹਾ। ਆਖ਼ਰ ਇਹ ਸਭ ਕੀ ਦਰਸਾਉਂਦਾ ਹੈ? ਕਿਸ ਨੇ ਸਾਨੂੰ ਦੁਨੀਆ ਵਿੱਚ ਇਸ ਤਰ੍ਹਾਂ ਦੇ ਸ਼ਰਮਨਾਕ ਅਤੇ ਘਿਣਾਉਣੇ ਸਥਾਨ 'ਤੇ ਪਹੁੰਚਾ ਦਿੱਤਾ ਹੈ?'

ਉਨ੍ਹਾਂ ਨੇ ਕਿਹਾ, 'ਤੁਹਾਨੂੰ ਯਾਦ ਹੋਵੇਗਾ ਕਿ ਅਸੀਂ ਚੀਨੀ ਕਮਿਊਨਿਸਟ ਕਹਾਵਤ "ਸਾਮਰਾਜਵਾਦ ਦਾ ਪਿਛਲੱਗ" ਦਾ ਕਿਵੇਂ ਮਜ਼ਾਕ ਉਡਾਉਂਦੇ ਸਾਂ। ਪਰ ਹੁਣ ਮੈਂ ਕਹਾਂਗੀ ਕਿ ਇਹ ਸ਼ਬਦ ਸਾਡੇ ਉੱਪਰ ਬਿਲਕੁਲ ਢੁੱਕਦਾ ਹੈ—ਸਿਵਾਏ ਉਹਨਾਂ ਵਿਗੜੀਆਂ, ਜ਼ਹਿਰੀਲੀਆਂ ਫਿਲਮਾਂ ਦੇ ਜਿੱਥੇ ਸਾਡੇ ਹੀਰੋ ਕਾਲਪਨਿਕ ਜੰਗਾਂ ਜਿੱਤਦੇ ਫਿਰਦੇ ਹਨ।'

'ਕਿਉਂਕਿ ਮੈਂ ਆਪਣੀ ਮਾਂ ਦੀ ਧੀ ਹਾਂ' ਵਰਨਣਯੋਗ ਹੈ ਕਿ ਅਰੁੰਧਤੀ ਰਾਏ ਨੇ ਆਪਣੀ ਗੱਲ ਦੀ ਸ਼ੁਰੂਆਤ 'ਕਿਉਂਕਿ ਮੈਂ ਆਪਣੀ ਮਾਂ ਦੀ ਧੀ ਹਾਂ' ਨਾਲ ਕੀਤੀ ਸੀ। ਇਹ ਕੋਈ ਸੰਯੋਗ ਨਹੀਂ ਸੀ। ਇਹ ਗੱਲ ਉਨ੍ਹਾਂ ਨੇ ਆਪਣੀ ਕਿਤਾਬ 'ਮਦਰ ਮੇਰੀ ਕਮਜ਼ ਟੂ ਮੀ' ਉੱਤੇ ਚਰਚਾ ਤੋਂ ਬਾਅਦ ਕਹੀ, ਜੋ ਪਿਛਲੇ ਸਾਲ ਪੈਂਗੁਇਨ ਰੈਂਡਮ ਹਾਊਸ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਸੀ।

ਦਿੱਲੀ ਦੇ ਕਮਾਨੀ ਸਭਾਗਾਰ ਵਿੱਚ ਅਰੁੰਧਤੀ ਰਾਏ ਲੇਖਿਕਾ ਅਤੇ ਕਾਲਮਨਵੀਸ ਨੀਲਾਂਜਨਾ ਰਾਏ ਨਾਲ ਗੱਲਬਾਤ ਕਰ ਰਹੇ ਸਨ। ਉਸ ਸ਼ਾਮ ਦੀ ਚਰਚਾ ਵਿੱਚ ਉਨ੍ਹਾਂ ਦੀ ਮਾਂ ਮੇਰੀ ਰਾਏ ਨਾਲ ਉਤਾਰ-ਚੜ੍ਹਾਅ ਭਰੀਆਂ ਯਾਦਾਂ, ਆਪਣੇ ਗੈਰਹਾਜ਼ਰ ਅਤੇ ਸ਼ਰਾਬੀ ਪਿਤਾ ਨਾਲ ਛੋਟੀਆਂ ਮੁਲਾਕਾਤਾਂ, ਸਕੂਲ ਆਫ ਪਲੈਨਿੰਗ ਐਂਡ ਆਰਕੀਟੈਕਚਰ ਵਿੱਚ ਬਿਤਾਇਆ ਸਮਾਂ ਅਤੇ ਲੇਖਿਕਾ ਵਜੋਂ ਉਸ ਦਾ ਉਭਰਨਾ ਵੀ ਸ਼ਾਮਲ ਸੀ।

ਉਨ੍ਹਾਂ ਨੇ ਮਸਨੂਈ ਬੁੱਧੀ (ਏਆਈ) ਬਾਰੇ ਵੀ ਗੱਲ ਕੀਤੀ ਕਿ ਕਿਵੇਂ 'ਏਆਈ' ਹੌਲੀ-ਹੌਲੀ 'ਅਸਲੀ ਬੁੱਧੀ' ਨੂੰ ਨਸ਼ਟ ਕਰ ਰਹੀ ਹੈ, ਕਿਉਂਕਿ ਕੁਝ ਗਿਣਤੀ ਦੇ ਤਾਕਤਵਰ ਲੋਕਾਂ ਨੇ ਕੁਦਰਤੀ ਅਤੇ ਮਨੁੱਖੀ ਵਸੀਲਿਆਂ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ।

ਭਾਰਤ ਦੀਆਂ ਯੂਨੀਵਰਸਿਟੀਆਂ ਦੇ ਭਗਵਾਕਰਨ ਬਾਰੇ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਸਿਰਫ਼ ਸਿੱਖਿਆ ਪ੍ਰਣਾਲੀ ਹੀ ਨਹੀਂ, ਸਗੋਂ ਉਹ ਸਾਰੀਆਂ ਸੰਸਥਾਵਾਂ ਜਿਨ੍ਹਾਂ 'ਤੇ ਭਾਰਤੀਆਂ ਨੂੰ ਕਦੇ ਮਾਣ ਸੀ, ਅੱਜ ਸ਼ਰਮ ਦਾ ਕਾਰਨ ਬਣ ਗਈਆਂ ਹਨ।

ਇੱਕ ਬਦੇਸ਼ੀ ਮਿੱਤਰ ਨੇ ਉਨ੍ਹਾਂ ਤੋਂ ਪੁੱਛਿਆ ਕਿ ਕੀ 2017-18 ਤੋਂ ਬਾਅਦ ਭਾਰਤ ਵਿੱਚ ਹਾਲਾਤ ਬਦਲੇ ਹਨ। ਉਨ੍ਹਾਂ ਨੇ ਕਿਹਾ:

'ਓਦੋਂ ਅਸੀਂ ਫਾਸ਼ੀਵਾਦੀ ਸਰਕਾਰ ਨਾਲ ਲੜ ਰਹੇ ਸੀ। ਹੁਣ ਅਸੀਂ ਫਾਸ਼ੀਵਾਦੀ ਸਮਾਜ ਨਾਲ ਲੜ ਰਹੇ ਹਾਂ।'

ਸਫ਼ਲਤਾ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਜਿਨ੍ਹਾਂ ਵਿਸ਼ਿਆਂ 'ਤੇ ਉਹ ਲਿਖਦੀ ਹੈ—ਕਾਰਪੋਰੇਟ ਵਿਸ਼ਵੀਕਰਨ, ਜੰਗ, ਡੈਮ, ਬੇਘਰੇ ਹੋਣ ਦਾ ਮਸਲਾ, ਸਾਮਰਾਜਵਾਦ—ਉਨ੍ਹਾਂ ਕਾਰਨਾਂ ਕਰਕੇ ਆਪਣੇ ਆਪ ਨੂੰ ਸੱਚਮੁੱਚ ਸਫ਼ਲ ਮੰਨਣਾ ਮੁਸ਼ਕਲ ਹੋ ਜਾਂਦਾ ਹੈ।

ਚਰਚਾ ਦਾ ਵੱਡਾ ਹਿੱਸਾ ਉਨ੍ਹਾਂ ਦੀ ਮਾਂ ਮੇਰੀ ਰਾਏ ਅਤੇ ਬੱਚਿਆਂ ਨਾਲ ਉਨ੍ਹਾਂ ਦੇ ਰਿਸ਼ਤੇ ਬਾਰੇ ਸੀ। ਇੱਕ ਮਾਂ ਵਜੋਂ ਮੇਰੀ ਕਈ ਵਾਰ ਸਖ਼ਤ ਸਨ, ਪਰ ਇੱਕ ਅਧਿਆਪਕਾ ਅਤੇ ਸੀਰੀਆਈ ਈਸਾਈ ਔਰਤਾਂ ਲਈ ਵਿਰਾਸਤੀ ਅਧਿਕਾਰਾਂ ਦੀ ਲੜਾਈ ਲੜਨ ਵਾਲੀ ਔਰਤ ਵਜੋਂ ਪ੍ਰੇਰਣਾਦਾਇਕ ਅਤੇ ਇਨਕਲਾਬੀ ਵੀ ਸਨ।

'ਮਦਰ ਮੇਰੀ ਕਮਜ਼ ਟੂ ਮੀ' ਉਨ੍ਹਾਂ ਨੂੰ ਸਮਰਪਿਤ ਸ਼ਰਧਾਂਜਲੀ ਹੈ ਅਤੇ ਇੱਕ ਧੀ ਵੱਲੋਂ ਦੁਨੀਆ ਦੇ ਸਾਹਮਣੇ ਇੱਕ ਜਟਿਲ ਔਰਤ ਦੀ ਤਸਵੀਰ ਪੇਸ਼ ਕਰਨ ਦੀ ਕੋਸ਼ਿਸ਼ ਵੀ ਹੈ।

ਚਰਚਾ ਦੇ ਅੰਤ ਵਿੱਚ ਜਦੋਂ ਅਰੁੰਧਤੀ ਨੇ ਈਰਾਨ ਦੇ ਹੱਕ ਵਿੱਚ ਖੜ੍ਹ ਕੇ ਭਾਰਤੀ ਸਰਕਾਰ ਦੀ ਨਿੰਦਾ ਕੀਤੀ, ਤਾਂ ਦਰਸ਼ਕਾਂ ਨੇ ਖੜ੍ਹ ਕੇ ਉਨ੍ਹਾਂ ਨਾਲ ਇਕਮੁੱਠਤਾ ਪ੍ਰਗਟਾਈ। ਤਾੜੀਆਂ ਦੀ ਗੂੰਜ ਦਰਮਿਆਨ ਉਨ੍ਹਾਂ ਨੇ ਮੁਸਕਰਾਉਂਦਿਆਂ ਹੱਥ ਨਾਲ ਜਿੱਤ ਦਾ ਚਿੰਨ੍ਹ ਦਿਖਾਇਆ ਅਤੇ ਕਿਹਾ:

**'ਦਿੱਲੀ ਵਿੱਚ ਅਸੀਂ ਹਮੇਸ਼ਾ ਪਲਟ ਕੇ ਲੜਦੇ ਹਾਂ।'** [ਦ ਵਾਇਰ ਦੇ ਧੰਨਵਾਦ ਸਹਿਤ]

# ਓਂਟਾਰੀਓ ਹਸਪਤਾਲਾਂ ਵਿੱਚ ਪ੍ਰਬੰਧਕੀ ਸੁਧਾਰ ਦੀ ਲੋੜ

*ਹਸਪਤਾਲਾਂ ਵਿੱਚ ਇਲਾਜ਼ ਲਈ ਇੰਤਜ਼ਾਰ ਦੇ ਲੰਬੇ ਸਮੇਂ ਅਤੇ ਹਾਲਵੇਅ ਸੰਕਟ ਕਾਰਨ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਐਮਰਜੈਂਸੀ ਦੌਰਾਨ ਬੈਡ ਨਾ ਮਿਲਣ ਕਾਰਣ, ਮਰੀਜਾਂ ਨੂੰ ਹਾਲਵੇਅ ਕੋਰੀਡੋਰ ਵਿੱਚ ਹੀ ਇਲਾਜ਼ ਸਹਾਇਤਾ ਦੇਣ 'ਹਾਲਵੇਅ ਕਰਈਸਸ' ਦਾ ਨਾਮ ਦਿੱਤਾ ਜਾਂਦਾ ਹੈ। ਜਨਤਾ ਆਪਣੀਆਂ ਜ਼ਰੂਰਤਾਂ ਦੇ ਅਨੁਸਾਰ, ਵਧੇਰੇ ਕੁਸ਼ਲ ਸਿਹਤ ਪ੍ਰਣਾਲੀ ਦੀ ਮੰਗ ਕਰਦੀ ਹੈ। ਪਿਛਲੇ ਸਾਲ 2025 ਵਿੱਚ, ਸਮਾਜਿਕ ਸੰਗਠਨ 'ਕੈਨੇਡੀਅਨ ਸੈਂਟਰ ਫਾਰ ਪਾਲਿਸੀ ਅਲਟਰਨੇਟਿਵ' ਦੇ ਮਾਹਿਰਾਂ ਦੁਆਰਾ ਓਂਟਾਰੀਓ ਦੀ ਸਿਹਤ ਪ੍ਰਣਾਲੀ ਹੋਲੋਅਡ ਆਉਟ, ਓਂਟਾਰੀਓ ਦੇ ਜਨਤਕ ਹਸਪਤਾਲ ਅਤੇ ਨਿੱਜੀ ਸਟਾਫਿੰਗ ਏਜੰਸੀਆਂ ਦਾ ਵਾਧੇ ਬਾਰੇ ਰਿਪੋਰਟ ਪੇਸ਼ ਕੀਤੀ ਹੈ। ਜਨਤਕ ਹਸਪਤਾਲਾਂ ਅਤੇ ਨਿੱਜੀ ਸਟਾਫ ਏਜੰਸੀਆਂ ਦੇ ਵਾਧੇ ਦਾ ਵਿਸਥਾਰਤ ਅਧਿਐਨ ਕਰਕੇ, ਇਹ ਰਿਪੋਰਟ ਤਿਆਰ ਕੀਤੀ ਗਈ ਹੈ। ਮਾਹਿਰ ਐਂਡਰਿਊ ਲੌਂਗਹਰਸਟ ਦੁਆਰਾ ਇਸ ਅਧਿਐਨ ਦਾ ਸੰਚਾਲਨ ਕੀਤਾ ਗਿਆ ਹੈ। ਇਹ ਰਿਪੋਰਟ ਓਂਟਾਰੀਓ ਦੀ ਹਸਪਤਾਲ ਪ੍ਰਣਾਲੀ ਨੂੰ ਤੁਰੰਤ ਸਥਿਰ ਕਰਨ ਲਈ ਸਿਫਾਰਸ਼ਾਂ ਦੀ ਪੇਸ਼ਕਸ਼ ਕਰਦੀ ਹੈ ਅਤੇ ਨਾਲ ਹੀ ਬਿਹਤਰ ਮੁੱਢਲੀ ਸੰਭਾਲ, ਬਿਮਾਰੀ ਦੀ ਰੋਕਥਾਮ ਅਤੇ ਵਸੋਂ ਦੀ ਸਿਹਤ ਲਈ, ਤੀਬਰ ਸੰਭਾਲ ਦੀ ਮੰਗ ਕਰਦੀ ਹੈ। ਹਥਲਾ ਲੇਖ ਇਸੇ ਰਿਪੋਰਟ ਦੇ ਤੱਥਾਂ ਅਤੇ ਅੰਸ਼ਾਂ ਦੇ ਅਧਾਰਿਤ ਹੈ। -ਸੰਪਾਦਕ*



ਅਨੁਵਾਦ ਅਤੇ ਪੇਸ਼ਕਸ਼
ਡਾ: ਹਰਦੀਪ ਸਿੰਘ ਅਟਵਾਲ
ਕੈਮਬ੍ਰਿਜ, ਓਨਟਾਰੀਓ

ਓਂਟਾਰੀਓ ਦੇ ਸਿਹਤ ਪ੍ਰਬੰਧ ਲੋਕਾਂ ਦੀਆਂ ਲੋੜਾਂ ਦੀ ਪੂਰੀ ਕਰਨ ਵਿੱਚ ਅਸਮਰਥ ਵਿਖਾਈ ਦੇ ਰਹੇ ਹਨ। ਓਂਟਾਰੀਓ ਸਰਕਾਰ ਦੇ ਫੰਡਿਗ ਅਤੇ ਨੀਤੀਗਤ ਫੈਸਲਿਆਂ ਕਰਕੇ, ਸੂਬੇ ਭਰ ਵਿੱਚ ਹਸਪਤਾਲ ਵਿਤੀ ਸੰਕਟ ਨਾਲ ਜੂਝ ਰਹੇ ਹਨ, ਜਿਸਨੇ ਇੱਕ ਗੰਭੀਰ ਸੰਕਟ ਨੂੰ ਜਨਮ ਦਿੱਤਾ ਹੈ। ਸਿਹਤ ਕਾਮਿਆਂ ਲਈ 'ਤਨਖਾਹ ਦਮਨ ਕਾਨੂੰਨ' ਦੇ ਸਥਾਈ ਪ੍ਰਭਾਵਾਂ ਨੇ ਸਿਹਤ ਸੰਭਾਲ ਦੇ ਕੰਮ ਨੂੰ ਘੱਟ ਲੁਭਾਵਣਾ ਬਣਾ ਦਿੱਤਾ ਹੈ। ਬਿਲ 124 ਨੇ ਸੂਬਾਈ ਜਨਤਕ ਖੇਤਰ ਦੇ ਕਰਮਚਾਰੀਆਂ ਲਈ ਤਿੰਨ ਸਾਲਾਂ ਲਈ ਸਾਲਾਨਾ ਤਨਖਾਹ ਵਾਧੇ 'ਤੇ ਇੱਕ ਪ੍ਰਤੀਸ਼ਤ ਦੀ ਸੀਮਾ ਲਗਾਈ ਹੈ। 2024 ਵਿੱਚ, ਅਦਾਲਤਾਂ ਨੇ ਵੀ ਇਸ ਕਾਨੂੰਨ ਨੂੰ ਗੈਰ-ਸੰਵਿਧਾਨਕ ਕਰਾਰ ਕਰਕੇ ਰੱਦ ਕਰ ਦਿੱਤਾ ਗਿਆ। ਲੇਬਰ ਆਰਬਿਟਰੇਸ਼ਨ ਅਦਾਲਤੀ ਅਵਾਰਡਾਂ ਦੀ ਇੱਕ ਲੜੀ ਨੇ ਸਿਹਤ ਸੰਭਾਲ ਕਰਮਚਾਰੀਆਂ ਲਈ ਪਿਛੋਕੜ ਵਾਲੀ ਤਨਖਾਹ ਵਿੱਚ ਵਾਧਾ ਪ੍ਰਦਾਨ ਕਰਨ ਲਈ ਹੁਕਮ ਜ਼ਾਰੀ ਕੀਤੇ ਹਨ। ਹਾਲਾਂਕਿ, ਸੂਬਾਈ ਸਰਕਾਰ ਨੇ ਇਨ੍ਹਾਂ ਅਵਾਰਡਾਂ ਦੇ ਬਾਵਜੂਦ ਹਸਪਤਾਲਾਂ ਦੇ ਵਧੇ ਹੋਏ ਖਰਚਿਆਂ ਨੂੰ ਪੂਰੀ ਤਰ੍ਹਾਂ ਫੰਡ ਨਹੀਂ ਦਿੱਤਾ ਹੈ। ਸਿਰਫ ਹਸਪਤਾਲ ਦੇ ਘਾਟੇ ਨੂੰ ਫੰਡ ਦੇਣ ਦੀ ਬਜਾਏ, ਹਸਪਤਾਲਾਂ ਨੂੰ ਮੁਨਾਫੇ ਲਈ ਉਤਸ਼ਾਹਤ ਕਰਨਾ ਜਾਰੀ ਰੱਖਕੇ, ਓਂਟਾਰੀਓ ਸਰਕਾਰ ਸੂਬਾਈ ਸਿਹਤ ਪ੍ਰਣਾਲੀ ਨੂੰ ਡਾਵਾਂਡੋਲ ਕਰ ਰਹੀ ਹੈ। ਹਸਪਤਾਲਾਂ ਵਿੱਚ ਕੰਮ ਦਾ ਭਾਰ ਵਧਣ ਨਾਲ, ਹਸਪਤਾਲ ਦੀਆਂ ਵਿੱਤੀ ਅਤੇ ਸਟਾਫ ਦੀਆਂ ਚੁਣੌਤੀਆਂ ਤੇਜ਼ ਹੋਣ ਦੀ ਸੰਭਾਵਨਾ ਹੈ। ਹਸਪਤਾਲਾਂ ਵਿੱਚ ਮੁਨਾਫੇ ਅਧਾਰਿਤ ਨਿੱਜੀਕਰਨ ਦਾ ਪਹਿਲਾ ਰੂਪ ਹੈ, ਜਨਤਕ ਤੌਰ 'ਤੇ ਫੰਡ ਪ੍ਰਾਪਤ ਸਰਜਰੀਆਂ ਅਤੇ ਡਾਇਗਨੌਸਟਿਕਸ ਨੂੰ ਆਉਟਸੋਰਸਿੰਗ ਕਰਨਾ, ਜਿਸਦਾ ਮਤਲਬ ਸਭ ਤੋਂ ਸਧਾਰਣ, ਸਭ ਤੋਂ ਲਾਭਦਾਇਕ ਪ੍ਰਕਿਰਿਆਵਾਂ ਨੂੰ ਹਸਪਤਾਲਾਂ ਤੋਂ ਬਾਹਰ ਅਤੇ ਨਿੱਜੀ, ਨਿਵੇਸ਼ਕਾਂ ਦੀ ਮਲਕੀਅਤ ਵਾਲੀਆਂ ਸਹੂਲਤਾਂ ਵਿੱਚ ਤਬਦੀਲ ਕਰਨਾ ਸ਼ਾਮਲ ਹੈ।

ਤਨਖਾਹ ਦਮਨ ਕਾਨੂੰਨ, ਮਹਾਂਮਾਰੀ ਦੇ ਦਬਾਅ ਅਤੇ ਵੱਧ ਰਹੇ ਕੰਮ-ਭਾਰ ਦੇ ਨਾਲ, ਹਸਪਤਾਲਾਂ ਵਲੋਂ ਇਕਰਾਰਨਾਮੇ ਵਾਲੀਆਂ ਨਿੱਜੀ, ਮੁਨਾਫਾ ਅਧਾਰਿਤ ਸਟਾਫ ਏਜੰਸੀਆਂ ਦੇ ਵਾਧੇ ਵਿੱਚ ਯੋਗਦਾਨ ਪਾਇਆ ਹੈ ਜਿੱਥੇ ਨਿੱਜੀ ਸਟਾਫ (ਨਰਸਾਂ, ਸਹਿਯੋਗੀ ਸਿਹਤ ਪੇਸ਼ੇਵਰ ਅਤੇ ਸਹਾਇਤਾ ਸਟਾਫ) ਜਨਤਕ ਖੇਤਰ ਦੇ ਕਰਮਚਾਰੀਆਂ ਦੇ ਨਾਲ ਉਹੀ ਕੰਮ ਕਰਦੇ ਹਨ। ਪ੍ਰਾਈਵੇਟ ਏਜੰਸੀ ਦਾ ਕੰਮ ਆਕਰਸ਼ਕ ਹੈ ਕਿਉਂਕਿ ਜਨਤਕ ਖੇਤਰ ਦੇ ਮੁਕਾਬਲੇ ਵਧੇਰੇ ਤਨਖਾਹ, ਕੰਮ ਵਾਲੀ ਥਾਂ 'ਤੇ ਸ਼ਿਫਟਾਂ ਅਤੇ ਸਮਾਂ-ਸਾਰਣੀ ਦੇ ਸੰਬੰਧ ਵਿੱਚ ਚੋਣ ਅਤੇ ਲਚਕਤਾ ਅਤੇ ਲਾਜ਼ਮੀ ਓਵਰਟਾਈਮ ਤੋਂ ਬਿਨਾਂ ਕੰਮ ਦੇ ਭਾਰ ਨੂੰ ਘਟਾਇਆ ਗਿਆ ਹੈ।

ਨੱਜੀ, ਮੁਨਾਫਾ ਸਟਾਫਿੰਗ ਏਜੰਸੀਆਂ ਦੀ ਵਰਤੋਂ ਜਨਤਕ ਤੌਰ 'ਤੇ ਫੰਡ ਪ੍ਰਾਪਤ ਸਿਹਤ ਸੰਭਾਲ ਸੰਸਥਾਵਾਂ 'ਤੇ ਵਿੱਤੀ ਨਿਕਾਸ ਹੈ। ਸਰਕਾਰੀ ਹਸਪਤਾਲਾਂ ਦੀ ਲਾਗਤ, ਇਨ੍ਹਾਂ ਏਜੰਸੀਆਂ ਨੂੰ ਕਿਰਾਏ 'ਤੇ ਲੈਣ ਦੀ ਲਾਗਤ, ਰੈਗੂਲਰ ਰੁਜ਼ਗਾਰ ਵਾਲੇ ਸਟਾਫ ਨਾਲੋਂ ਤਿੰਨ ਗੁਣਾ ਵੱਧ ਹੋ ਸਕਦੀ ਹੈ। ਕੁਈਨਜ਼ ਯੂਨੀਵਰਸਿਟੀ ਦੇ ਪ੍ਰੋਫੈਸਰ ਜ਼ੋਨ ਲਗਭਗ ਦੁਆਰਾ ਕੀਤੇ ਗਏ ਇੱਕ ਅਧਿਐਨ ਵਿੱਚ ਅਨੁਮਾਨ ਲਗਾਇਆ ਗਿਆ ਹੈ ਕਿ ਕੈਨੇਡਾ ਵਿੱਚ ਨਰਸਿੰਗ ਏਜੰਸੀਆਂ 'ਤੇ ਹਸਪਤਾਲ ਅਤੇ ਲੰਬੇ ਸਮੇਂ ਦੀਆਂ ਦੇਖਭਾਲ ਸਹੂਲਤਾਂ ਦਾ ਖਰਚਾ ਛੇ ਗੁਣਾ ਵਧਿਆ ਹੈ, ਜੋ ਕਿ 2020-21 ਵਿੱਚ 248 ਮਿਲੀਅਨ ਡਾਲਰ ਤੋਂ ਵਧ ਕੇ 2023-24.18 ਵਿੱਚ 1.5 ਬਿਲੀਅਨ ਡਾਲਰ ਹੋ ਗਿਆ ਹੈ।

ਏਜੰਸੀ ਸਟਾਫ ਦੀ ਵਰਤੋਂ ਇੱਕ ਦੁਸ਼ਟ ਚੱਕਰ ਨੂੰ ਕਾਇਮ ਰੱਖਦੀ ਹੈ ਜੋ ਜਨਤਕ ਖੇਤਰ ਦੇ ਕਰਮਚਾਰੀਆਂ ਨੂੰ ਖੋਖਲਾ ਕਰ ਦਿੰਦੀ ਹੈ ਅਤੇ ਕੁਝ ਸੂਬੇ ਇਸ ਅਭਿਆਸ ਨੂੰ ਖਤਮ ਕਰਨ ਲਈ ਕੰਮ ਕਰ ਰਹੇ ਹਨ। ਇਹ ਅਜਿਹੀ ਸਮੱਸਿਆ ਬਣ ਗਈ ਕਿ ਕਿਊਬਿਕ ਸਰਕਾਰ ਨੇ 2023 ਵਿੱਚ 2026 ਤੱਕ ਸਿਹਤ ਸੰਭਾਲ ਸਟਾਫ ਏਜੰਸੀਆਂ ਨੂੰ ਪੜਾਅਵਾਰ ਢੰਗ ਨਾਲ ਖਤਮ ਕਰਨ ਅਤੇ ਪਾਬੰਦੀ ਲਗਾਉਣ ਲਈ ਕਾਨੂੰਨ ਪੇਸ਼ ਕੀਤਾ। ਬੀ.ਸੀ. ਵਿੱਚ ਸੂਬਾਈ ਸਰਕਾਰ ਸਿਹਤ ਖੇਤਰਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਮੁਨਾਫਾ ਏਜੰਸੀਆਂ ਲਈ ਇੱਕ ਜਨਤਕ ਖੇਤਰ ਦਾ ਵਿਕਲਪ ਸਥਾਪਤ ਕਰਨ ਦੀ ਯੋਜਨਾ ਬਣਾ ਰਹੀ ਹੈ। ਦਸੰਬਰ 2024 ਵਿੱਚ, ਓਂਟਾਰੀਓ ਸਰਕਾਰ ਨੇ ਕਾਨੂੰਨ ਪੇਸ਼ ਕੀਤਾ ਜਿਸ ਵਿੱਚ ਏਜੰਸੀਆਂ ਨੂੰ ਸਰਕਾਰ ਨੂੰ ਆਪਣੀਆਂ ਦਰਾਂ ਦਾ ਖੁਲਾਸਾ ਕਰਨ ਦੀ ਜ਼ਰੂਰਤ ਸੀ, ਪਰ ਜਨਤਕ ਤੌਰ 'ਤੇ ਫੰਡ ਪ੍ਰਾਪਤ ਸਿਹਤ ਸੰਭਾਲ ਵਿੱਚ ਉਨ੍ਹਾਂ ਦੀ ਵਰਤੋਂ ਨੂੰ ਪੜਾਅਵਾਰ ਬੰਦ ਕਰਨ ਲਈ ਵਚਨਬੱਧ ਨਹੀਂ ਸੀ।

ਮਾਹਿਰਾਂ ਦਾ ਮੰਨਣਾ ਹੈ ਕਿ ਸੂਬਾਈ ਫੰਡਿੰਗ ਅਤੇ ਨੀਤੀਗਤ ਫੈਸਲਿਆਂ ਨੇ ਹਸਪਤਾਲਾਂ ਨੂੰ ਕਈ ਸਾਲਾਂ ਦੇ ਬਜਟ ਘਾਟੇ ਅਤੇ ਸਟਾਫ ਦੀ ਗੰਭੀਰ ਘਾਟ ਨਾਲ ਛੱਡ ਦਿੱਤਾ ਹੈ। 'ਕੈਨੇਡੀਅਨ ਇੰਸਟੀਚਿਊਟ ਫਾਰ ਹੈਲਥ ਇਨਫਰਮੇਸ਼ਨ' ਦੇ ਨਵੇਂ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਓਂਟਾਰੀਓ ਵਿੱਚ 2022 ਵਿੱਚ ਹਸਪਤਾਲ ਲਈ ਬਜ਼ਟ ਖਰਚਾ ਪ੍ਰਤੀ ਵਿਅਕਤੀ ਲਈ $1,805 ਸੀ ਜੋ ਕੈਨੇਡਾ ਭਰ ਵਿੱਚ ਸਭ ਤੋਂ ਘੱਟ ਸੀ ਜਦਕਿ ਇਹੀ ਬੀ.ਸੀ. $1,902, ਕਿਊਬਿਕ $2,028 ਅਤੇ ਅਲਬਰਟਾ $2,045 ਸੀ। ਸਾਲ 2013 ਤੋਂ 2022 ਤੱਕ ਦੇ ਦਹਾਕੇ ਦੌਰਾਨ, ਓਂਟਾਰੀਓ ਦੇ ਹਸਪਤਾਲਾਂ ਵਿੱਚ ਸੱਤ ਸਾਲਾਂ ਦੀ ਅਸਲ ਪ੍ਰਤੀ ਵਿਅਕਤੀ ਖਰਚਿਆਂ ਵਿੱਚ ਕਟੌਤੀ ਕੀਤੀ ਗਈ ਸੀ, ਜੋਕਿ ਜਿਨ੍ਹਾਂ ਵਿੱਚ ਫੰਡਾਂ ਵਿੱਚ ਵਾਧਾ ਵੀ ਮਹਿੰਗਾਈ ਅਤੇ ਆਬਾਦੀ ਦੇ ਵਾਧੇ ਦੇ ਨਾਲ ਮੇਲ ਨਹੀਂ ਖਾਂਦਾ। ਨਤੀਜੇ ਵਜੋਂ ਸਾਲ 2023-24 ਵਿੱਚ 134 ਹਸਪਤਾਲਾਂ ਵਿੱਚੋਂ 66 ਮਤਲਬ 49 ਪ੍ਰਤੀਸ਼ਤ ਬਜਟ ਘਾਟੇ ਵਿੱਚ ਸਨ ਅਤੇ ਓਂਟਾਰੀਓ ਹਸਪਤਾਲ ਐਸੋਸੀਏਸ਼ਨ ਨੂੰ ਉਮੀਦ ਹੈ ਕਿ ਹੋਰ ਜ਼ਿਆਦਾ ਹਸਪਤਾਲ 2024-25 ਨੂੰ ਘਾਟੇ ਵਿੱਚ ਜਾਣਗੇ। ਹਸਪਤਾਲ ਫੰਡਿੰਗ ਸ਼ੰਕਟ 100 ਮਿਲੀਅਨ ਡਾਲਰ ਤੋਂ ਘੱਟ ਮਾਲੀਆ ਵਾਲੇ ਛੋਟੇ ਅਤੇ ਉੱਤਰੀ ਓਨਟਾਰੀਓ ਹਸਪਤਾਲਾਂ ਨੂੰ ਬਹੁਤ ਪ੍ਰਭਾਵਿਤ ਕਰਦਾ ਹੈ। ਹਸਪਤਾਲ ਦੇ ਘਾਟੇ ਲਈ ਫੰਡ ਦੇਣ ਦੀ ਬਜਾਏ, ਸੂਬਾਈ ਸਰਕਾਰ ਇਨ੍ਹਾਂ ਸੇਵਾਵਾਂ ਨੂੰ ਮੁਨਾਫੇ ਲਈ ਨੂੰ ਉਤਸ਼ਾਹਤ ਕਰਨਾ ਜਾਰੀ ਰੱਖਦੀ ਹੈ ਜੋ ਓਂਟਾਰੀਓ ਦੀ ਸਿਹਤ ਪ੍ਰਣਾਲੀ ਤੇ ਮਾੜਾ ਪ੍ਰਭਾਵ ਪਾ ਰਹੀ ਹੈ। ਇਹ ਰਿਪੋਰਟ ਮਹਿੰਗੇ ਮੁਨਾਫਾ ਸਟਾਫ ਏਜੰਸੀਆਂ ਦੇ ਨਾਟਕੀ ਵਾਧੇ ਦੁਆਰਾ ਹਸਪਤਾਲ ਦੇ ਨਿੱਜੀਕਰਨ ਦੇ ਪ੍ਰਭਾਵਾਂ 'ਤੇ ਕੇਂਦ੍ਰਤ ਕਰਦੀ ਹੈ। ਇਸ 10 ਸਾਲਾਂ (2013-14 ਤੋਂ 2022-23) ਤੋਂ ਵੱਧ ਸਮੇਂ ਦੀਆਂ ਸੇਵਾਵਾਂ ਵਾਸਤੇ ਮੁਨਾਫਾ ਅਦਾਰਿਆਂ ਨੂੰ $9.2 ਬਿਲੀਅਨ ਦਾ ਭੁਗਤਾਨ ਕੀਤਾ। ਇਸ ਮਿਆਦ ਦੇ ਦੌਰਾਨ, ਓਂਟਾਰੀਓ ਵਿੱਚ ਅਸਲ ਪ੍ਰਤੀ ਵਿਅਕਤੀ ਪ੍ਰਾਈਵੇਟ ਏਜੰਸੀ ਦੇ ਖਰਚੇ ਲਗਭਗ ਦੁੱਗਣੇ (98 ਪ੍ਰਤੀਸ਼ਤ) ਹੋ ਗਏ ਜਦੋਂਕਿ ਸਰਕਾਰੀ ਹਸਪਤਾਲ ਦੇ ਸਟਾਫ 'ਤੇ ਖਰਚੇ ਵਿੱਚ ਸਿਰਫ ਛੇ ਪ੍ਰਤੀਸ਼ਤ ਦਾ ਵਾਧਾ ਹੋਇਆ।

ਬਜਟ 2024-25 ਵਿੱਚ ਸੂਬਾਈ ਸਰਕਾਰ ਨੇ ਬੇਸ ਹਸਪਤਾਲ ਫੰਡਿੰਗ ਨੂੰ ਵਧਾਉਣ ਲਈ 965 ਮਿਲੀਅਨ ਡਾਲਰ ਦੀ ਵਚਨਬੱਧਤਾ ਕੀਤੀ-ਜੋ ਕਿ ਚਾਰ ਪ੍ਰਤੀਸ਼ਤ ਦਾ ਵਾਧਾ ਹੈ। ਹਾਲਾਂਕਿ ਇਹ ਆਬਾਦੀ ਦੇ ਵਾਧੇ, ਬੁਢਾਪੇ, ਮਹਿੰਗਾਈ ਅਤੇ ਬਿਨਾਂ ਫੰਡ ਕੀਤੇ ਬਿੱਲ 124 ਲੇਬਰ ਖਰਚਿਆਂ ਨਾਲ ਜੁੜੇ ਵਧੇ ਹੋਏ ਖਰਚਿਆਂ ਨੂੰ ਸਹੀ ਢੰਗ ਨਾਲ ਨਹੀਂ ਦਰਸਾਉਂਦਾ ਹੈ। ਓਂਟਾਰੀਓ ਕੌਂਸਲ ਆਫ ਹਸਪਤਾਲ ਯੂਨੀਅਨਜ਼ (OCHU/CUPE) ਦੁਆਰਾ ਕੀਤੇ ਗਏ ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ ਸੇਵਾ ਦੇ ਪੱਧਰਾਂ ਨੂੰ ਬਣਾਈ ਰੱਖਣ ਲਈ ਸੱਤ ਪ੍ਰਤੀਸ਼ਤ ਦੀ ਵਾਧੇ ਦੀ ਲੋੜ ਹੈ, ਜਿਸ ਲਈ ਸਾਲਾਨਾ ਲਗਭਗ 2 ਬਿਲੀਅਨ ਡਾਲਰ ਦੀ ਲੋੜ ਹੁੰਦੀ ਹੈ। ਇਹ ਆਮ ਮਾਨਤਾ ਹੈ ਕਿ ਓਂਟਾਰੀਓ ਹਸਪਤਾਲ ਬਿਸਤਰਿਆਂ ਦੀ ਵਰਤਮਾਨ ਸਮਰੱਥਾ ਨਾਕਾਫੀ ਹੈ। ਆਬਾਦੀ ਦੇ ਵਾਧੇ ਅਤੇ ਬੁਢਾਪੇ ਦੀ ਵੱਧ ਰਹੀ ਮੰਗ ਨੂੰ ਪੂਰਾ ਕਰਨ ਲਈ 2028 ਤੱਕ ਅੰਦਾਜ਼ਨ 10,095 ਵਾਧੂ ਹਸਪਤਾਲ ਬਿਸਤਰੇ ਦੀ ਜ਼ਰੂਰਤ ਹੈ, ਜਿਸ ਦੀ ਸੰਚਾਲਨ ਲਾਗਤ ਸਾਲਾਨਾ ਘੱਟੋ ਘੱਟ ਚਾਰ ਬਿਲੀਅਨ ਡਾਲਰ ਹੈ।

ਇੱਕ ਸੂਬਾਈ ਸਿਹਤ ਵਰਕਫੋਰਸ ਰਣਨੀਤੀ ਅਤੇ ਪੂੰਜੀਗਤ ਯੋਜਨਾ ਦਾ ਵਿਕਾਸ ਕੀਤਾ ਜਾਣਾ ਚਾਹੀਦਾ ਹੈ। ਓਂਟਾਰੀਓ ਕੋਲ ਸਟਾਫ ਦੀ ਘਾਟ ਨੂੰ ਹੱਲ ਕਰਨ ਲਈ ਸੂਬਾਈ ਅਤੇ ਖੇਤਰੀ ਹੱਲਾਂ ਦੇ ਨਾਲ ਸਿਹਤ ਕਰਮਚਾਰੀਆਂ ਦੀ ਰਣਨੀਤੀ ਦੀ ਘਾਟ ਹੈ। ਹਾਲਾਂਕਿ ਸਰਕਾਰ ਦੀ 2023 ਸਿਹਤ ਨੀਤੀ ਦੇ ਨਿਰਦੇਸ਼, ਕੁਝ ਕਰਮਚਾਰੀਆਂ ਦੀਆਂ ਪਹਿਲਕਦਮੀਆਂ ਬਾਰੇ ਗੱਲ ਕਰਦੇ ਹਨ। ਪਰ ਇਹ ਦਸਤਾਵੇਜ਼ ਇੱਕ ਵਿਆਪਕ ਸੂਬਾਈ ਸਿਹਤ ਕਰਮਚਾਰੀਆਂ ਦੀ ਯੋਜਨਾ ਦੀ ਪੇਸ਼ਕਸ਼ ਨਹੀਂ ਕਰਦਾ, ਜਿਸ ਵਿੱਚ ਸੂਬਾਈ ਅਤੇ ਖੇਤਰੀ ਪੱਧਰ ਦੇ ਟੀਚੇ ਸ਼ਾਮਲ ਹੋਣ, ਜੋ ਤੁਰੰਤ ਅਤੇ ਲੰਬੇ ਸਮੇਂ ਲਈ ਸਰਕਾਰੀ ਕਾਰਵਾਈ 'ਤੇ ਧਿਆਨ ਕੇਂਦਰਤ ਕਰ ਸਕਦੇ ਹਨ। ਅੰਤਰਰਾਸ਼ਟਰੀ ਪੱਧਰ 'ਤੇ ਅਤੇ ਕੈਨੇਡਾ ਵਿੱਚ ਹੋਰ ਅਧਿਕਾਰ ਖੇਤਰਾਂ ਵਿੱਚ, ਜਿਸ ਵਿੱਚ ਬ੍ਰਿਟਿਸ਼ ਕੋਲੰਬੀਆ ਅਤੇ ਸਕਾਟਲੈਂਡ ਵੀ ਸ਼ਾਮਲ ਹਨ, ਨੇ ਅਜਿਹੀਆਂ ਰਣਨੀਤੀਆਂ ਵਿਕਸਿਤ ਕੀਤੀਆਂ ਹਨ ਜੋ ਸਿਹਤ ਪ੍ਰਣਾਲੀ ਦੇ ਕਰਮਚਾਰੀਆਂ ਦੀਆਂ ਚੁਣੌਤੀਆਂ ਨੂੰ ਹੱਲ ਕਰਨ ਲਈ ਗਿਣਨਯੋਗ ਪ੍ਰਗਤੀ ਦੇ ਯੋਗ ਬਣਾਉਂਦੀਆਂ ਹਨ। ਸੂਬਾਈ ਸਰਕਾਰ ਅਤੇ ਸਿਹਤ ਖੇਤਰ ਦੇ ਮਾਲਕਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਇਹ ਕੰਮ ਖੇਤਰ ਦੀਆਂ ਸ਼ਰਤਾਂ ਮਰੀਜ਼ਾਂ ਦੀ ਦੇਖਭਾਲ ਦੀਆਂ ਹਨ ਅਤੇ ਇਹ ਕਿ ਕੰਮ ਵਾਲੀ ਥਾਂ ਦੇ ਵਾਤਾਵਰਣ ਵਿੱਚ ਸੁਧਾਰ ਕਰਨਾ, ਜ਼ਰੂਰੀ ਸੰਸਥਾਵਾਂ ਨਾਲ ਜੁੜਿਆ ਵਾਲਾ ਹੈ ਜੋ ਮਰੀਜ਼ਾਂ ਦੀ ਦੇਖਭਾਲ ਅਤੇ ਬਿਹਤਰ ਸੁਰੱਖਿਅਤ ਨਤੀਜੇ ਪ੍ਰਦਾਨ ਕਰਦੇ ਹਨ। ਇੱਕ ਕਰਮਚਾਰੀਆਂ ਦੀ ਰਣਨੀਤੀ ਦੇ ਨਾਲ, ਲੰਮੇ ਸਮੇਂ ਦੀ ਹਸਪਤਾਲ ਪੂੰਜੀ ਬੁਨਿਆਦੀ ਢਾਂਚਾ ਯੋਜਨਾ ਹੋਣੀ ਚਾਹੀਦੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਜ਼ਮੀਨੀ ਬੁਨਿਆਦੀ ਢਾਂਚਾ, ਬਿਸਤਰੇ ਦੀ ਸਮਰੱਥਾ ਅਤੇ ਸਾਜ਼ੋ-ਸਾਮਾਨ ਦੀ ਯੋਜਨਾਬੰਦੀ ਕਰਮਚਾਰੀਆਂ ਦੇ ਵਿਸਥਾਰ ਦੇ ਨਾਲ ਮੇਲ ਖਾਂਦੀ ਹੈ। ਸਿਹਤ ਮੰਤਰਾਲੇ ਅਤੇ ਓਂਟਾਰੀਓ ਸਿਹਤ ਮੰਤਰਾਲੇ ਨੂੰ ਇੱਕ ਸੂਬਾਈ ਸਲਾਹਕਾਰੀ ਸਾਰਣੀ ਸਥਾਪਤ ਕਰਨੀ ਚਾਹੀਦੀ ਹੈ, ਜਿਸ ਵਿੱਚ ਖੋਜਕਰਤਾ, ਯੂਨੀਅਨਾਂ, ਸਿੱਖਿਅਕ, ਰੁਜ਼ਗਾਰਦਾਤਾ ਪ੍ਰਤੀਨਿਧ, ਪੇਸ਼ੇਵਰਾਨਾ ਐਸੋਸੀਏਸ਼ਨਾਂ, ਅਤੇ ਮਰੀਜ਼ ਅਤੇ ਨਾਗਰਿਕ ਵਕਾਲਤ ਗਰੁੱਪਾਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ, ਤਾਂ ਜੋ ਸੂਬਾਈ ਸਿਹਤ ਵਰਕਫੋਰਸ ਰਣਨੀਤੀ ਦੇ ਵਿਕਾਸ ਅਤੇ ਲਾਗੂ ਕਰਨ ਬਾਰੇ ਸੂਚਿਤ ਕੀਤਾ ਜਾ ਸਕੇ। ਨੀਤੀਗਤ ਤਜਰਬਾ ਦਰਸਾਉਂਦਾ ਹੈ ਕਿ ਕਰਮਚਾਰੀਆਂ ਦੇ ਵਿਕਾਸ ਅਤੇ ਸਿਹਤ ਸੇਵਾ ਵਿੱਚ ਸੁਧਾਰ ਦੇ ਸਫਲ ਹੋਣ ਦੀ ਸੰਭਾਵਨਾ ਉਦੋਂ ਹੁੰਦੀ ਹੈ ਜਦੋਂ ਸਾਰੇ ਹਿੱਸੇਦਾਰਾਂ, ਖਾਸ ਕਰਕੇ ਫਰੰਟਲਾਈਨ ਵਰਕਫੋਰਸ ਤੋਂ ਸਹਿਯੋਗ ਅਤੇ ਸਾਂਝੇ ਟੀਚੇ ਹੁੰਦੇ ਹਨ।



ਰਿਪੋਰਟ ਮੰਗ ਕਰਦੀ ਹੈ ਕਿ ਸਾਲਾਂ ਵਿੱਚ ਨਿੱਜੀ ਸਟਾਫ ਏਜੰਸੀਆਂ ਨੂੰ ਪੜਾਅਵਾਰ ਬਾਹਰ ਕੱਢੋ ਅਤੇ ਪਾਬੰਦੀ ਲਗਾਓ ਅਤੇ ਜਨਤਕ ਖੇਤਰ ਦਾ ਵਿਕਲਪ ਬਣਾਓ। 2024 ਵਿੱਚ ਪੇਸ਼ ਕੀਤੇ ਗਏ ਓਂਟਾਰੀਓ ਸਰਕਾਰ ਦੇ ਕਾਨੂੰਨ (ਬਿੱਲ 231, ਵਧੇਰੇ ਸੁਵਿਧਾਜਨਕ ਸੰਭਾਲ ਐਕਟ) ਲਈ ਕੇਵਲ ਅਦਾਰਿਆਂ ਨੂੰ ਮੰਤਰੀ ਨੂੰ ਬਿਲਿੰਗ ਅਤੇ ਦਰਜਾ ਦੇਣ ਵਾਲੀ ਜਾਣਕਾਰੀ ਦੀ ਰਿਪੋਰਟ ਕਰਨ ਦੀ ਲੋੜ ਹੁੰਦੀ ਹੈ ਅਤੇ ਸਰਕਾਰ ਇਹ ਚੋਣ ਕਰ ਸਕਦੀ ਹੈ, ਕੀ ਇਸ ਜਾਣਕਾਰੀ ਨੂੰ ਜਨਤਕ ਕਰਨਾ ਹੈ ਜਾਂ ਨਹੀਂ। ਵਿਅਕਤੀਗਤ ਨਿੱਜੀ ਸਟਾਫ ਏਜੰਸੀਆਂ ਨੂੰ ਜਨਤਕ ਭੁਗਤਾਨਾਂ, ਬਿਲਿੰਗ ਦਰਾਂ ਅਤੇ ਉਜਰਤਾਂ ਦੀਆਂ ਦਰਾਂ ਦਾ ਜਨਤਕ ਖੁਲਾਸਾ ਇਸ ਉਦਯੋਗ ਨੂੰ ਨਿਯਮਤ ਕਰਨ ਲਈ ਘੱਟੋ ਘੱਟ ਮਾਪਦੰਡ ਹੈ। ਕਿਊਬਿਕ ਤੋਂ ਬਾਅਦ ਓਂਟਾਰੀਓ ਨੂੰ ਤਿੰਨ ਸਾਲਾਂ ਤੋਂ ਵੱਧ ਸਮੇਂ ਲਈ ਮੁਨਾਫਾ ਸਟਾਫ ਏਜੰਸੀਆਂ ਨੂੰ ਪੜਾਅਵਾਰ ਬਾਹਰ ਕੱਢਣਾ ਚਾਹੀਦਾ ਹੈ ਅਤੇ ਪਾਬੰਦੀ ਲਗਾਉਣੀ ਚਾਹੀਦੀ ਹੈ ਅਤੇ ਇਹ ਯਕੀਨੀ ਬਣਾਉਣ ਲਈ ਕਿ ਬੰਦ ਹੋਣ ਅਤੇ ਰੁਕਾਵਟਾਂ ਨੂੰ ਰੋਕਣ ਲਈ ਅਸਥਾਈ ਸਟਾਫ ਉਪਲਬਧ ਹੈ, ਬੀ.ਸੀ. ਦੀ ਪਹੁੰਚ ਦੇ ਸਮਾਨ ਇੱਕ ਜਨਤਕ ਖੇਤਰ ਦਾ ਵਿਕਲਪ ਬਣਾਉਣਾ ਚਾਹੀਦਾ ਹੈ। ਕਮਿਊਨਿਟੀ ਹੈਲਥ ਸੈਂਟਰਾਂ ਦੇ ਨਾਲ ਇੱਕ ਮਜ਼ਬੂਤ ਮੁੱਢਲੀ ਸੰਭਾਲ ਫਾਊਂਡੇਸ਼ਨ ਬਣਾਈ ਜਾਵੇ। ਓਂਟਾਰੀਓ ਦੀ ਘੱਟ ਸਮਰੱਥਾ ਵਾਲੇ ਹਸਪਤਾਲ ਪ੍ਰਣਾਲੀ ਨੂੰ ਸਿੱਧੇ ਤੌਰ 'ਤੇ ਹੱਲ ਕਰਨ ਤੋਂ ਇਲਾਵਾ, ਸੂਬਾਈ ਸਰਕਾਰ ਨੂੰ ਮੁਢਲੀ ਸੰਭਾਲ ਨੂੰ ਬਿਹਤਰ ਬਣਾਉਣ 'ਤੇ ਧਿਆਨ ਕੇਂਦਰਤ ਕਰਨਾ ਚਾਹੀਦਾ ਹੈ। ਓਂਟਾਰੀਓ ਕਮਿਊਨਿਟੀ ਹੈਲਥ ਸੈਂਟਰ ਵਿੱਚ ਮਾਡਲ ਸਿਹਤ ਦੇ ਸਮਾਜਿਕ ਮਾਪਦੰਡਾਂ ਨੂੰ ਸੰਬੋਧਿਤ ਕੀਤਾ ਜਾਣਾ ਚਾਹੀਦਾ ਹੈ। ਵਿਆਪਕ ਟੀਮ-ਅਧਾਰਤ ਦੇਖਭਾਲ ਪ੍ਰਦਾਨ ਕਰਕੇ ਅਤੇ ਮਰੀਜ਼ਾਂ ਨੂੰ ਗੰਭੀਰ ਬਿਮਾਰੀਆਂ ਸਬੰਧੀ ਪ੍ਰਬੰਧ ਕਰਕੇ, ਹਸਪਤਾਲ ਦੇ ਕੰਮ ਸੁਧਾਰ ਕੀਤੇ ਜਾ ਸਕਦੇ ਹਨ, ਇਸ ਨਾਲ ਮਰੀਜ਼ਾਂ ਲਈ ਚੁਸਤ-ਦਰੁਸਤ ਸਿਹਤ ਦੇਖਭਾਲ ਹੋ ਸਕਦੀ ਹੈ।

# ਇੰਡੋ ਕੈਨੇਡੀਅਨ ਭਾਈਚਾਰੇ ਵਲੋਂ ਬਰੈਂਪਟਨ ਵਿਚ ਕੌਮਾਂਤਰੀ ਔਰਤ ਦਿਵਸ ਨੂੰ ਸਮਰਪਿਤ ਸਮਾਗਮ

## ਮੁੱਖ ਬੁਲਾਰੇ ਕਾਮਰੇਡ ਨਰਾਇਣ ਦੱਤ ਨੇ ਕਿਹਾ ਕਿ ਅਮਰੀਕਾ ਭਾਰਤ ਵਪਾਰ ਸਮਝੌਤਾ ਲੋਕ ਹਿੱਤਾਂ ਲਈ ਖਤਰਨਾਕ















ਬਰੈਂਪਟਨ, (ਸਰੋਕਾਰਾਂ ਦੀ ਆਵਾਜ਼ ਬਿਊਰੋ) : ਕੌਮਾਂਤਰੀ ਔਰਤ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਕੈਨੇਡਾ ਦੇ ਬਰੈਂਪਟਨ ਸ਼ਹਿਰ ਵਿਚ ਸੰਯੁਕਤ ਇੰਡੋ ਕੈਨੇਡੀਅਨ ਭਾਈਚਾਰੇ ਵਲੋਂ ਕਰਵਾਇਆ ਗਿਆ। ਇਸ ਪ੍ਰੋਗਰਾਮ ਦਾ ਮਕਸਦ ਸਮਾਜਿਕ, ਰਾਜਨੀਤਕ ਅਤੇ ਆਰਥਿਕ ਮਸਲਿਆਂ ’ਤੇ ਵਿਚਾਰ-ਵਟਾਂਦਰਾ ਕਰਨਾ ਅਤੇ ਇੰਡੋ-ਕੈਨੇਡੀਅਨ ਭਾਈਚਾਰੇ ਨੂੰ ਸਮਾਜ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਹੋਰ ਮਜ਼ਬੂਤੀ ਨਾਲ ਅੱਗੇ ਲਿਆਉਣਾ ਸੀ। ਸਮਾਗਮ ਵਿਚ ਅਮਰੀਕੀ ਚੌਧਰ ਦੀ ਬਰਕਰਾਰੀ ਲਈ ਚਲ ਰਹੀਆਂ ਵਿਸ਼ਵ ਪੱਧਰ ਦੀ ਰਾਜਨੀਤਕ ਹਲਚਲ, ਇਜ਼ਰਾਇਲ-ਅਮਰੀਕਾ ਗਠਜੋੜ ਵਲੋਂ ਇਰਾਨ ਖਿਲਾਫ਼ ਵਿੱਢੀ ਨਿਹੱਕੀ ਜੰਗ, ਕੈਨੇਡਾ ਦੀ ਨਿਘਰਦੀ ਸਮਾਜਿਕ-ਆਰਥਿਕ ਹਾਲਤ ਅਤੇ ‘ਪੰਜਾਬ ਦੇ ਕਿਸਾਨ ਅੰਦੋਲਨ ਤੋਂ ਮੌਜੂਦਾ ਹਾਲਾਤ ਲਈ ਮਿਲਦੀਆਂ ਸਿੱਖਿਆਵਾਂ’ ਵਰਗੇ ਵਿਸ਼ਿਆਂ ’ਤੇ ਗੰਭੀਰ ਚਰਚਾ ਹੋਈ। ਇਸ ਵਿਚਾਰ ਚਰਚਾ ਦੇ ਮੁੱਖ ਬੁਲਾਰੇ ਵਜੋਂ ਇਨਕਲਾਬੀ ਕੇਂਦਰ ਪੰਜਾਬ ਅਤੇ ਸ਼ਹੀਦ ਕਿਰਨਜੀਤ ਕੌਰ ਮਹਿਲ ਕਲਾਂ ਸੰਘਰਸ਼ ਕਮੇਟੀ ਦੇ ਪ੍ਰਮੁੱਖ ਆਗੂ ਨਰਾਇਣ ਦੱਤ ਨੇ ਵਿਸ਼ੇਸ਼ ਤੌਰ ’ਤੇ ਸ਼ਾਮਲ ਹੋ ਕੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਜੰਗਾਂ ਦੇ ਸਭ ਤੋਂ ਵੱਧ ਮਾਰੂ ਪ੍ਰਭਾਵ ਆਮ ਲੋਕਾਂ, ਖਾਸ ਕਰਕੇ ਔਰਤਾਂ ਅਤੇ ਬੱਚਿਆਂ ਨੂੰ ਝੱਲਣੇ ਪੈਂਦੇ ਹਨ। ਇਸ ਜੰਗ ਨੇ ਮਿਨਾਬ ਦੇ 165 ਸਕੂਲੀ ਬੱਚੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਹੈ। 10 ਦਿਨਾਂ ਦੀ ਜੰਗ ਵਿਚ ਹੀ ਕੱਚੇ ਤੇਲ ਦੀਆਂ ਕੀਮਤਾਂ ਅਸਮਾਨੀ ਛੂਹ ਰਹੀਆਂ ਹਨ। ਉਨ੍ਹਾਂ ਭਾਰਤ-ਅਮਰੀਕਾ ਵਪਾਰਕ ਸਮਝੌਤੇ ਨੂੰ ਵੀ ਲੋਕ ਹਿੱਤਾਂ ਲਈ ਖਤਰਨਾਕ ਕਰਾਰ ਦਿੱਤਾ। ਪਹਿਲਾਂ ਹੀ ਤਿੱਖੇ ਸੰਕਟ ਦੀ ਮਾਰ ਝੱਲ ਰਿਹਾ ਖੇਤੀ ਖੇਤਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗਾ। ਸਮਾਗਮ ਦੌਰਾਨ ਤਰਕਸ਼ੀਲ ਸੁਸਾਇਟੀ ਕੈਨੇਡਾ ਦੇ ਸਾਥੀ ਸੋਹਣ ਸਿੰਘ ਢੀਂਡਸਾ ਨੇ ਬੜੇ ਸੁਚੱਜੇ ਢੰਗ ਨਾਲ ਸਟੇਜ ਸੰਚਾਲਨ ਕੀਤਾ। ਸਮਾਜਿਕ ਕਰਤਾ ਕੁਲਦੀਪ ਬੋਪਾਰਾਏ ਨੇ ਜਥੇਬੰਦਕ ਏਕਤਾ ਦੀ ਲੋੜ ਉਤੇ ਜ਼ੋਰ ਦਿੱਤਾ, ਜਦਕਿ ‘ਸਰੋਕਾਰਾਂ ਦੀ ਅਵਾਜ਼’ ਮੁੱਖ ਸੰਪਾਦਕ ਹਰਬੰਸ ਸਿੰਘ ਨੇ ਕੈਨੇਡਾ ਦੇ ਮਾੜੇ ਵਿਦਿਅਕ ਪ੍ਰਬੰਧਾਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਨਾਲ ਹੋ ਰਹੇ ਵਿਤਕਰੇ ਦੀ ਨਿੰਦਾ ਕੀਤੀ। ਇਸ ਦੌਰਾਨ ਸੀਨੀਅਰ ਸਿਟੀਜਨ ਸੁਸਾਇਟੀ ਦੇ ਪ੍ਰਧਾਨ ਜਗੀਰ ਸਿੰਘ ਸਹਿਬੀ ਨੇ ਬਜ਼ੁਰਗਾਂ ਦੇ ਹੱਕਾਂ ਦੀ ਗੱਲ ਅਤੇ ਨਗਾਰਾ ਰੇਡੀਓ ਦੇ ਬੁਲਾਰੇ ਚਰਨਜੀਤ ਬਰਾੜ ਨੇ ਅਮਰੀਕਾ ਵਿਚ ਔਰਤਾਂ ਵਲੋਂ ਲੰਮੇ ਸੰਘਰਸ਼ਾਂ ਰਾਹੀਂ ਹਾਸਲ ਕੀਤੇ ਹੱਕਾਂ ਬਾਰੇ ਗੱਲ ਕੀਤੀ। ਪ੍ਰਸਿੱਧ ਲੇਖਕ ਕੁਲਵਿੰਦਰ ਖਹਿਰਾ ਨੇ ਮੌਜੂਦਾ ਸਮਾਜਿਕ-ਰਾਜਨੀਤਕ ਚੁਣੌਤੀਆਂ ਨੂੰ ਉਜਾਗਰ ਕੀਤਾ। ਇਸ ਮੌਕੇ ਮੌਂਟਰੀਅਲ ਯੂਥ ਸਟੈਡੈਂਟਸ ਆਰਗੇਨਾਈਜੇਸ਼ਨ ਵਲੋਂ ਖੁਸ਼ਹਾਲ ਗਰੇਵਾਲ ਨੇ ਔਰਤਾਂ ਦੀ ਮੌਜੂਦਾ ਸਥਿਤੀ ਅਤੇ ਉਨ੍ਹਾਂ ਦੇ ਹੱਕਾਂ ਸਬੰਧੀ ਆਪਣੇ ਵਿਚਾਰ ਰੱਖੇ। ਸਮਾਗਮ ਦੇ ਅੰਤ ਵਿਚ ਡਾ. ਹਰਦੀਪ ਸਿੰਘ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਵੇਂ ਵਿਸ਼ਵ ਦੀਆਂ ਵੱਡੀਆਂ ਤਾਕਤਾਂ ਪਹਿਲਾਂ ਕਿਸੇ ਦੇਸ਼ (ਕਿਵੇਂ ਗਾਜ਼ਾ) ਨੂੰ ਜੰਗ ਰਾਹੀਂ ਤਬਾਹ ਕਰਦੀਆਂ ਹਨ ਅਤੇ ਬਾਅਦ ਵਿਚ ਉਸਾਰੀ ਦੇ ਠੇਕੇ ਲੈ ਕੇ ਮੁਨਾਫ਼ੇ ਬਟੋਰਦੀਆਂ ਹਨ। ਇਸ ਮੌਕੇ ਜੰਗਬੰਦੀ ਅਤੇ ਔਰਤਾਂ ਦੇ ਹੱਕਾਂ ਦੇ ਹੱਕ ਵਿਚ ਮਤੇ ਵੀ ਪਾਸ ਕੀਤੇ ਗਏ। ਸਮਾਗਮ ਦੌਰਾਨ ਮੁੱਖ ਵਕਤਾ ਨਰਾਇਣ ਦੱਤ ਨੂੰ ਵੱਖ-ਵੱਖ ਧਿਰਾਂ ਵਲੋਂ ਕਿਤਾਬਾਂ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰੋ. ਜਗੀਰ ਕਾਹਲੋਂ ਅਤੇ ਨਿਰਮਲ ਸੰਧੂ ਵੀ ਵਿਸ਼ੇਸ਼ ਤੌਰ ’ਤੇ ਹਾਜ਼ਰ ਰਹੇ। ਬਰੈਂਪਟਨ ਵਿਚ ਰਹਿ ਰਹੇ ਪ੍ਰਵਾਸੀ ਭਾਰਤੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਸਾਂਝੀ ਅਸੂਲੀ ਪਹੁੰਚ ਬਣਾਉਣ ਦੀ ਲੋੜ ਨੂੰ ਮਹਿਸੂਸ ਕਰਦਿਆਂ, ਕੁਲਦੀਪ ਬੋਪਾਰਾਏ, ਹਰਬੰਸ ਸਿੰਘ ਸਰੋਕਾਰਾਂ ਦੀ ਆਵਾਜ਼, ਕੁਲਵਿੰਦਰ ਸਿੰਘ ਖਹਿਰਾ ਅਤੇ ਨੌਜਵਾਨ ਆਗੂ ਖੁਸ਼ਪਾਲ ਗਰੇਵਾਲ ਅਧਾਰਤ ਚਾਰ ਕਮੇਟੀ ਹੋਂਦ ਵਿਚ ਆਈ। ਇਹ ਕਮੇਟੀ ਨੇੜ ਭਵਿੱਖ ਵਿਚ ਆਪਣੀ ਮੀਟਿੰਗ ਕਰਕੇ ਖਾਕਾ ਤਿਆਰ ਕਰੇਗੀ।

SIDHU GLOBAL IMMIGRATION INC.
SERVICES
• Family/Spousal Sponsorship • Parents/Grand Parents
• Super Visa • Visitor Visa • Study Visa/Work Permits
• Express entry (Federal & Provincial)
• Provincial Nominee Applications
• Citizenship, PR Card, Passport & OCI Forms



Gursharan Singh Sidhu, RCIC
Membership No. R523973
+1 (403) 860-1957
sidhugursharan152@gmail.com | 71 Saddle Land Way NE Calgary AB T3J 5J3

Mandeep Gill
Realtor®
403-408-9333
Calgary, AB
Gillhomesyyc@yahoo.com
eXp REALTY


SPRINGTOWN PAINTING INC.
• RESIDENTIAL • COMMERCIAL • INDUSTRIAL
• Spray Painting • Office Painting
• Dryfall Painting • Drywall Painting
Free Estimate Available 7 Days
212 Bonnieglen Farm blvd, Caledon, ON L7C3Y3
Soecialized in Custom Homes
Bhagwant Aulakh (BOB)
Dir: 416-671-4000
springtownpaintinginc.1@gmail.com


# ਪਿੰਡ ਭੈਣੀ ਬੜਿੰਗਾ ਵਿਖੇ ਸਮੂਹਿਕ ਵਿਆਹ ਸਮਾਗਮ ਅਤੇ ਫਰੀ ਮੈਡੀਕਲ ਕੈਂਪ

**• ਸਮਾਗਮ ਪਾਲ ਸਿੰਘ ਸੇਖੋਂ ਕੈਨੇਡਾ ਦੇ ਉੱਦਮ ਸਦਕਾ ਪਿਛਲੇ 14 ਸਾਲਾਂ ਤੋਂ ਕਰਵਾਇਆ ਜਾ ਰਿਹਾ ਹੈ**

**• ਨਵ-ਵਿਆਹੁਤਾ ਲੜਕੀਆਂ ਨੂੰ ਦਾਜ-ਦਹੇਜ ਵਜੋਂ ਘਰੇਲੂ ਵਰਤੋਂ ਵਾਲਾ ਸਮਾਨ ਦਿੱਤਾ : ਪਾਲ ਸ਼ੇਖੋਂ ਕੈਲਗਰੀ**







ਰਾਏਕੋਟ, (ਬਲਜਿੰਦਰ ਸਿੰਘ ਪਟਿਆਲਾ): ਨੇੜਲੇ ਪਿੰਡ ਭੈਣੀ ਬੜਿੰਗਾ ਵਿਖੇ ਭਾਈ ਘਨੱ੍ਹਈਆ ਜੀ ਸੇਵਾ ਮਿਸ਼ਨ, ਗੁਰਦੁਆਰਾ ਡੇਰਾ ਸਾਹਿਬ ਪ੍ਰਬੰਧਕ ਕਮੇਟੀ, ਗ੍ਰਾਮ ਪੰਚਾਇਤ ਪਿੰਡ ਭੈਣੀ ਬੜਿੰਗਾ ਅਤੇ ਪ੍ਰਵਾਸੀ ਵੀਰਾਂ ਦੇ ਸਹਿਯੋਗ ਨਾਲ 14ਵਾਂ ਸਲਾਨਾ ਸਮਾਗਮ ਗੁਰਦੁਆਰਾ ਸਿੱਧਸਰ ਡੇਰਾ ਸਾਹਿਬ ਵਿਖੇ ਕਰਵਾਇਆ ਗਿਆ। ਇਸ ਸਮਾਗਮ ਵਿਚ ਲੋੜਵੰਦ ਲੜਕੀਆਂ ਦੇ ਸਮੂਹਿਕ ਵਿਆਹ ਕਰਵਾਏ ਗਏ ਅਤੇ ਫਰੀ ਮੈਡੀਕਲ ਕੈਂਪ (ਦਿਲ ਅਤੇ ਦਿਮਾਗ) ਅਤੇ ਅੱਖਾਂ ਦਾ ਮੁਫਤ ਚੈੱਕਅਪ ਅਤੇ ਆਪ੍ਰੇਸ਼ਨ ਕੈਂਪ ਲਗਾਇਆ ਗਿਆ। ਇਸ ਸਮਾਗਮ ਸਬੰਧੀ ਜਾਣਕਾਰੀ ਦਿੰਦਿਆਂ ਡਾ. ਜਸਵੰਤ ਸਿੰਘ, ਸਾਬਕਾ ਸਰਪੰਚ ਗੁਰਸੇਵਕ ਸਿੰਘ, ਗੁਰਦਿੱਤ ਸਿੰਘ ਨੇ ਦੱਸਿਆ ਕਿ ਇਹ ਸਮਾਗਮ ਪਾਲ ਸਿੰਘ ਸੇਖੋਂ ਕੈਨੇਡਾ ਦੇ ਉੱਦਮ ਸਦਕਾ ਪਿਛਲੇ 14 ਸਾਲਾਂ ਤੋਂ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਵਿਚਾਰ ਆਮ ਤੌਰ 'ਤੇ ਧਾਰਮਿਕ ਜਾਂ ਸਮਾਜ ਸੇਵੀ ਸਮਾਗਮਾਂ ਵਿਚ ਸੇਵਾਦਾਰਾਂ ਵਲੋਂ ਪ੍ਰਗਟਾਏ ਜਾਂਦੇ ਹਨ, ਜਿਥੇ ਪਾਲ ਸਿੰਘ ਸੇਖੋਂ (ਕੈਨੇਡਾ) ਵਰਗੀਆਂ ਸ਼ਖਸੀਅਤਾਂ ਨਿਸ਼ਕਾਮ ਸੇਵਾ ਨੂੰ ਪ੍ਰਮਾਤਮਾ ਦਾ ਹੁਕਮ ਮੰਨ ਕੇ ਨਿਭਾਉਣ ਦੀ ਵਚਨਬੱਧਤਾ ਦੁਹਰਾਉਂਦੀਆਂ ਹਨ। ਇਹ ਗੱਲ ਭਾਈ ਘਨੱ੍ਹਈਆ ਜੀ ਦੀ ਸੇਵਾ ਸਿਧਾਂਤ 'ਤੇ ਚੱਲਦਿਆਂ ਮਾਨਵਤਾ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਲਈ ਪ੍ਰੇਰਨਾ ਸਰੋਤ ਹੈ। ਉਨ੍ਹਾਂ ਦੱਸਿਆ ਕਿ ਇਸ ਸਮਾਗਮ ਵਿਚ ਲੋੜਵੰਦ ਲੜਕੀਆਂ ਦੇ ਵਿਆਹ ਕਰਵਾਏ ਗਏ। ਉਨ੍ਹਾਂ ਲਈ ਉੱਘੇ ਕਾਰੋਬਾਰੀ ਅਤੇ ਪੰਜਾਬੀ ਫਿਲਮੀ ਅਦਾਕਾਰ ਰਾਜ ਕੁੰਦਰਾ, ਉੱਘੇ ਗੀਤਕਾਰ ਸੋਨੀ ਠੁੱਲੇਵਾਲ ਵੱਲੋਂ ਵੱਡਮੁੱਲਾ ਯੋਗਦਾਨ ਪਾਇਆ ਗਿਆ ਹੈ। ਸਾਬਕਾ ਸਰਪੰਚ ਗੁਰਸੇਵਕ ਸਿੰਘ ਨੇ ਦੱਸਿਆ ਕਿ ਇਸ ਕੈਂਪ ਵਿੱਚ ਦਿਲ ਦੇ ਰੋਗਾਂ, ਹੱਡੀਆਂ, ਗੁਰਦੇ ਦੀਆਂ ਬਿਮਾਰੀਆਂ ਦੇ ਟੈਸਟ, ਸ਼ੂਗਰ ਟੈਸਟ, ਈਸੀਜੀ ਆਦਿ ਦੇ ਟੈਸਟ ਗਏ। ਲੋੜਵੰਦ ਲੋਕਾਂ ਦੀਆਂ ਅੱਖਾਂ ਦੇ ਸ਼ੰਕਰਾ ਆਈ ਹਸਪਤਾਲ ਦੀ ਟੀਮ ਵੱਲੋਂ ਆਪ੍ਰੇਸ਼ਨ ਕੀਤੇ ਗਏ। ਉਨ੍ਹਾਂ ਦੱਸਿਆ ਕਿ ਇਸ ਮੌਕੇ ਦਿਲ ਦੀਆਂ ਬਿਮਾਰੀਆਂ ਦੇ ਮਾਹਿਰ ਡਾ. ਬ੍ਰਜੇਸ਼, ਹੱਡੀਆਂ ਦੇ ਮਾਹਿਰ ਡਾਕਟਰ ਡਾ. ਜਗਮੋਹਨ ਸਿੰਘ ਵਿਸੇਸ਼ ਤੌਰ ਤੇ ਕੈਂਪ ਵਿੱਚ ਸ਼ਾਮਲ ਹੋਏ। ਜ਼ਿਕਰਯੋਗ ਹੈ ਕਿ ਸ੍ਰ. ਪਾਲ ਸਿੰਘ ਸ਼ੇਖੋਂ ਕੈਨੇਡਾ ਵਾਲਿਆਂ ਦੇ ਵਿਸ਼ੇਸ਼ ਯਤਨਾਂ ਪਿੰਡ ਭੈਣੀ ਬੜਿੰਗ ਵਿਖੇ 'ਸ਼ਹੀਦੀ ਕਰਤਾਰ ਸਿੰਘ ਸਰਾਭਾ ਲਾਇਬ੍ਰੇਰੀ' ਬਣਾਈ ਗਈ।

ਇਸ ਸਮਾਗਮ ਵਿਚ ਅੰਤਰਰਾਸ਼ਟਰੀ ਪਹਿਲਵਾਨ ਜੱਸਾ, ਸਵਰਨ ਸਿੰਘ ਟਹਿਣਾ, ਹਰਮਨ ਥਿੰਦ (ਚੱਜ ਦਾ ਵਿਚਾਰ), ਹਰਬੰਸ ਸਿੰਘ ਬੁੱਟਰ ਮੁੱਖ ਸੰਪਾਦਕ ਪੰਜਾਬੀ ਅਖ਼ਬਾਰ ਕੈਨੇਡਾ ਪ੍ਰਿੰਸੀਪਲ ਛੈਂਬਰ ਸਿੰਘ ਬੜਿੰਗ ਯੂ.ਐਸ.ਏ., ਜਗਦੀਸ਼ ਸਿੰਘ ਸ਼ੇਖੋਂ ਯੂ.ਐਸ.ਏ., ਮਨਦੀਪ ਸਿੰਘ ਖੁਰਦ ਕੌਮੀ ਪ੍ਰਧਾਨ ਵਿਰਸਾ ਸੰਭਾਲ ਸਰਦਾਰੀ ਲਹਿਰੀ, ਬਲਦੇਵ ਸਿੰਘ ਬੜਿੰਗ ਯੂ.ਐਸ.ਏ. ਆਦਿ ਵਲੋਂ ਨਵ-ਵਿਆਹੁਤਾ ਜੋੜਿਆਂ ਨੂੰ ਅਸ਼ੀਰਵਾਦ ਦਿੱਤਾ। ਇਸ ਮੌਕੇ ਦੇਸ਼-ਵਿਦੇਸ਼ਾਂ ਤੋਂ ਪੁੱਜੀਆਂ ਸ਼ਖਸੀਅਤਾਂ ਨੂੰ ਪ੍ਰਿਤਪਾਲ ਸਿੰਘ ਪਾਲ ਸੇਖੋਂ ਸਮੇਤ ਮੋਹਤਵਰਾਂ ਵਲੋਂ ਸਨਮਾਨਿਤ ਕੀਤਾ ਗਿਆ।

ਉਨ੍ਹਾਂ ਦੱਸਿਆ ਕਿ ਇਸ ਸਮਾਗਮ ਵਿੱਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਿੰਘ ਸਾਹਿਬ ਸੰਤ ਬਾਬਾ ਟੇਕ ਸਿੰਘ ਜੀ ਧਨੌਲਾ, ਫਿਲਮੀ ਅਦਾਕਾਰ ਰਾਜ ਕੁੰਦਰਾ, ਅੰਤਰਰਾਸ਼ਟਰੀ ਪਹਿਲਵਾਨ ਜੱਸਾ ਪੱਟੀ, ਪਿੰਕਾ ਜਰਗ, ਵਿਧਾਨ ਸਭਾ ਹਲਕਾ ਮਹਿਲ ਕਲਾਂ ਦੇ ਇੰਚਾਰਜ ਨਾਥ ਸਿੰਘ ਹਮੀਦੀ ਨੇ ਹਾਜ਼ਰੀ ਭਰੀ।




SWIFTWRENCH AUTO & DIESEL REPAIR

SWIFTWRENCH AUTO & DIESEL REPAIR RELIABLE SERVICE

Your Car, Our Care

Mobile Mechanic Services - We Come to You!

SIMRAN GILL
825-760-6111
swiftwrenchservice@gmail.com
swiftwrenchautorepair
Swiftwrench Auto & Diesel Repair
Calgary, Airdrie, Chestermere & Surrounding

Red Seal Certified Reliable On-Time

- Oil Changes - Gas & Diesel
- Brake Service & Replacement
- Battery Testing & Installation
- Check Engine Light Diagnosis
- Fluid Top-UPS & Inspections
- Fleet & Commercial Maintenance
- Pre-Purchase Inspections
- Suspension Repairs

Advice from someone you trust.

Sun Life

Life's brighter under the sun

Life & Health Insurance · Critical Illness Insurance · Disability Insurance
Employee Benefits · RESP · TFSA· RRSP · Mutual Funds



Harvinder Singh*
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.

Avon Accounting & Tax Services

ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।

ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ

Personal Tax Returns (T1)
Self Employed
Taxi Business

Corporate Tax Returns (T2)
GST/Payrolls/ROE
WCB Returns

Tax Planning & Advisory Services
Weekends/Evenings Services also available.

Tel. : 403-479-4220, 403-561-9011
pandher_2004@yahoo.com or singhh73@gmail.com

BAINS VISION CENTRE



Jaswinder S Bains, Ph.D., OD.

New Patients & Walk-Ins Welcome

McKnight Village 5218 Falsbridge Dr. NE Calgary AB T3J 3G1

Dr. Jaswinder S. Bains

ਅੱਖਾਂ ਦੇ ਰੋਗਾਂ ਅਤੇ ਬਰੈਂਡਰ ਐਨਕਾਂ ਲਈ ਮਿਲੋ

Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English

403-274-4514
deerfootvision@yahoo.ca

ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।

# ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਯਾਦ ’ਚ ਨਾਟਕ





ਮੰਡੀ ਮੁੱਲਾਂਪੁਰ, (ਬਲਜਿੰਦਰ ਸਿੰਘ ਪਟਿਆਲਾ) : ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜਗੁਰੂ ਅਤੇ ਸੁਖਦੇਵ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਗੁਰਸ਼ਰਨ ਕਲਾ ਭਵਨ ਮੁੱਲਾਂਪੁਰ ਵਿਖੇ ਮਾਰਚ ਮਹੀਨੇ ਦੇ ਅਖੀਰਲੇ ਸ਼ਨੀਵਾਰ ਨੂੰ ਨਾਟਕ ਸਮਾਗਮ ਕਰਵਾਇਆ ਗਿਆ। ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਵੱਲੋਂ ਆਯੋਜਿਤ ਪ੍ਰੋਗਰਾਮ ਦਾ ਰਸਮੀ ਉਦਘਾਟਨ ਸ਼ਹੀਦ ਭਗਤ ਸਿੰਘ ਜੀ ਦੇ ਭਾਣਜੇ ਪ੍ਰੋਫੈਸਰ ਜਗਮੋਹਣ ਸਿੰਘ ਜੀ, ਸਾਬਕਾ ਆਈ.ਪੀ.ਐਸ.ਅਧਿਕਾਰੀ ਗੁਰਪ੍ਰੀਤ ਸਿੰਘ ਤੂਰ, ਬਲਦੇਵ ਔਲਖ ਕਨੇਡਾ, ਪ੍ਰਿੰਸੀਪਲ ਅਵਤਾਰ ਸਿੰਘ, ਪ੍ਰੋਫੈਸਰ ਰਣਜੀਤ ਕੌਰ ਗਰੇਵਾਲ, ਪ੍ਰੋਫੈਸਰ ਹਰਦੇਵ ਸਿੰਘ ਗਰੇਵਾਲ, ਪ੍ਰਿੰਸੀਪਲ ਰਾਜਿੰਦਰ ਸਿੰਘ ਮਾਸਟਰ ਉਜਾਗਰ ਸਿੰਘ ਜੀ ਨੇ ਸਾਂਝੇ ਰੂਪ ਵਿੱਚ ਕੀਤਾ। ਪ੍ਰੋਫੈਸਰ ਜਗਮੋਹਣ ਸਿੰਘ ਉਨ੍ਹਾਂ ਨੇ ਆਪਣੇ ਸੰਬੋਧਨ ਵਿੱਚ ਸ਼ਹੀਦ ਭਗਤ ਸਿੰਘ ਜੀ ਦੀ ਸੋਚ ਬਾਰੇ ਗੱਲਾਂ ਸਾਂਝੀਆਂ ਕੀਤੀਆਂ ਕਿ ਭਗਤ ਸਿੰਘ ਬਰਾਬਰੀ ਭਰਿਆ ਸਮਾਜ ਚਾਹੁੰਦੇ ਸਨ। ਇਸ ਮੌਕੇ ’ਤੇ ਗੁਰਪ੍ਰੀਤ ਸਿੰਘ ਤੂਰ ਜੀ ਨੇ ਕਿਹਾ ਕਿ ਨੌਜਵਾਨ ਪੀੜੀ ਨੂੰ ਸਾਹਿਤ ਵੱਲ ਨੂੰ ਮੁੜਨਾ ਚਾਹੀਦਾ ਹੈ। ਸ਼ਹੀਦਾਂ ਤੋਂ ਪ੍ਰੇਰਨਾ ਲੈ ਕੇ ਅੱਗੇ ਵੱਧਣਾ ਚਾਹੀਦਾ ਹੈ। ਇਸ ਮੌਕੇ ’ਤੇ ਲੋਕ ਕਲਾ ਮੰਚ ਰਜਿ ਮੰਡੀ ਮੁੱਲਾਂਪੁਰ ਦੇ ਪ੍ਰਧਾਨ ਸ੍ਰੀ ਹਰਕੇਸ਼ ਚੌਧਰੀ ਜੀ ਨੇ ਕਿਹਾ ਕਿ ਜਿਹੜੇ ਸ਼ਹੀਦਾਂ ਨੇ ਸਾਂਝੀਵਾਲਤਾ ਦਾ ਸੰਦੇਸ਼ ਦਿੰਦਿਆਂ ਕੁਰਬਾਨੀ ਦਿੱਤੀ ਸੀ। ਸ਼ਾਹਜਹਾਂ ਪੁਰ ਉੱਤਰ ਪ੍ਰਦੇਸ਼ ਵਿੱਚ ਅਸ਼ਫਾਕ ਉੱਲਾ ਅਤੇ ਰਾਮ ਪ੍ਰਸਾਦ ਬਿਸਮਿਲ ਦੇ ਹੱਥਾਂ ਦੀ ਜੋਟੀ ਪਾਈ ਬੁੱਤ ਤੋੜੇ ਜਾ ਰਹੇ ਹਨ। ਇਸ ਮੌਕੇ ’ਤੇ ਗੁਰਸ਼ਰਨ ਕਲਾ ਭਵਨ ਭਗਤ ਸਿੰਘ ਰਾਜਗੁਰੂ ਤੇ ਸੁਖਦੇਵ ਦੇ ਰੰਗ ਵਿੱਚ ਰੰਗਿਆ ਹੋਇਆ ਸੀ। ਇਸ ਉਪਰੰਤ ‘ਨਾਦ ਸੰਵਾਦ ਦਾ ਆਰਟ ਫੋਕ’ ਦੀ ਟੀਮ ਵੱਲੋਂ ਡਾਕਟਰ ਨਿਰਮਲ ਜੌੜਾ ਜੀ ਦਾ ਲਿਖਿਆ ਨਿਰਮਲ ਧਾਲੀਵਾਲ ਜੀ ਦੀ ਨਿਰਦੇਸ਼ਨਾ ਹੇਠ ਨਾਟਕ ‘ਵਾਪਸੀ’ ਪੇਸ਼ ਹੋਇਆ। ਨਾਟਕ ਨੇ ਦਰਸ਼ਕਾਂ ਨੂੰ ਪੂਰਨ ਰੂਪ ਵਿੱਚ ਆਪਣੇ ਨਾਲ ਜੋੜੀ ਰੱਖਿਆ। ਨਾਟਕ ਨੇ ਸਪੱਸ਼ਟ ਸੰਦੇਸ਼ ਦਿੱਤਾ ਕਿ ਪੰਜਾਬ ਦੇ ਨੌਜਵਾਨਾਂ ਨੂੰ ਵਿਦੇਸ਼ਾਂ ਦੀ ਧਰਤੀ ਤੇ ਗੈਰ ਕਾਨੂੰਨੀ ਵੱਸਣ ਨਾਲੋਂ ਆਪਣੀ ਧਰਤੀ ਵੱਲ ਵਾਪਸੀ ਕਰ ਲੈਣੀ ਚਾਹੀਦੀ ਹੈ। ਨਾਟਕ ਆਪਣਾ ਸੁਨੇਹਾ ਦੇਣ ਵਿੱਚ ਸਫ਼ਲ ਰਿਹਾ। ਇਸ ਮੌਕੇ ’ਤੇ ਜਗਸੀਰ ਸਿੰਘ ਅਤੇ ਕੁਲਵਿੰਦਰ ਕੌਰ ਦੀ ਬੇਟੀ ਗੁਰਸ਼ਰਨ ਕੌਰ ਜਿਹੜੀ ਕਿ ਸੁਪਰੀਮ ਕੋਰਟ ਬਾਰ ਕੌਂਸਲ ਦੀ ਮੈਂਬਰ ਬਣੀ ਸੀ। ਗੁਰਸ਼ਰਨ ਕੌਰ ਦੀ ਇਸ ਉਪਲਬਧੀ ਲਈ ਲੋਕ ਕਲਾ ਮੰਚ ਵੱਲੋਂ ਸਨਮਾਨ ਕੀਤਾ ਗਿਆ। ਬਲਦੇਵ ਸਿੰਘ ਔਲਖ ਜੀ ਨੂੰ ਵੀ ਸਨਮਾਨਿਤ ਕੀਤਾ ਗਿਆ, ਗੁਰਪ੍ਰੀਤ ਸਿੰਘ ਤੂਰ ਅਤੇ ਪ੍ਰੋਫੈਸਰ ਰੁਪਿੰਦਰ ਕੌਰ ਤੂਰ ਜੀ ਨੂੰ ਵੀ ਇਸ ਮੌਕੇ ਤੇ ਸਨਮਾਨਿਤ ਕੀਤਾ ਗਿਆ। ਲੋਕ ਕਲਾ ਮੰਚ ਰਜਿ. ਮੰਡੀ ਮੁੱਲਾਂਪੁਰ ਵੱਲੋਂ ਨਾਟਕ ਟੀਮ ਨੂੰ ਵੀ ਸਨਮਾਨਿਤ ਕੀਤਾ। ਇਸ ਮੌਕੇ ’ਤੇ ਡਾਕਟਰ ਅਮਰਪ੍ਰੀਤ ਦਿਉਲ, ਐਸ.ਡੀ.ਓ. ਹਰਜੀਤ ਸਿੰਘ, ਗੁਰਮੀਤ ਸਿੰਘ ਧਨੋਆ, ਭਾਗ ਸਿੰਘ ਗਿੱਲ, ਤੇਜਾ ਸਿੰਘ ਗਿੱਲ, ਮੈਂਬਰ ਜਰਨੈਲ ਸਿੰਘ, ਐਕਸੀਅਨ ਪ੍ਰਦੀਪ ਲੋਟੇ, ਲੈਕਚਰਾਰ ਪ੍ਰਗਟ ਸਿੰਘ, ਨੈਨਾ ਸ਼ਰਮਾ, ਕਰਮਪ੍ਰੀਤ ਕੌਰ, ਨੀਰਜਾ ਬਾਂਸਲ, ਕਿਰਨਦੀਪ ਕੌਰ ਜੈਸਮੀਨ ਕੌਰ, ਲਖਵੀਰ ਸਿੰਘ, ਜਸਰੀਨ ਕੌਰ, ਲੈਕਚਰਾਰ ਇਕਬਾਲ ਸਿੰਘ, ਬਲਜੀਤ ਸਿੰਘ ਗਰੇਵਾਲ, ਹੈੱਡ ਮਾਸਟਰ ਲਖਿੰਦਰ ਸਿੰਘ, ਅੰਜੂ ਚੌਧਰੀ ਰਣਵੀਰ ਸਿੰਘ ਆਦਿ ਹਾਜ਼ਰ ਸਨ। ਸਟੇਜ ਸਕੱਤਰ ਦੀ ਭੂਮਿਕਾ ਮਾਸਟਰ ਦੀਪਕ ਰਾਏ ਜੀ ਨੇ ਬਾਖ਼ੂਬੀ ਨਿਭਾਈ। ਸਮਾਗਮ ਹਰ ਪੱਖੋਂ ਸਫ਼ਲ ਰਿਹਾ ਸੀ।








Sandhu G Construction Ltd.

Preparation- Shower Base - Water Proof

We can install Ceramic Tiles & Marble,Back Splash Tiles,
Tiles on Walls, Kitchen,Washroom or anywhere in Home.
You can upgrade your Kitchen or Washroom






ਵਰਕਰ ਦੀ ਤੁਰੰਤ ਲੋੜ

ਕੈਲਗਰੀ ’ਚ ਪੁਰਾਣੇ ਜਾਂ ਨਵੇਂ ਘਰਾਂ ਵਿਚ ਟਾਇਲਾਂ, ਮਾਰਬਲ ਲਗਵਾਉਣ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਸੰਪਰਕ ਕਰੋ

Harmanjot Dhudike
403-975-0006
Sharmanjot22@gmail.com



Universal Health
It's all about "U"
PHARMACY
Compounding & Home Health Care



Vandit Vakil, RPH, APA
Pharmacy Manager
Tel: (403) 365-4262
Fax (403) 365-4313

# 113, 78 Saddlepeace Manor Ne,
Calgary, AB T3J 4C5
Email : vvakil@universalhealthcentre.com
www.universalhealthcentre.com

Harpreet Parmar B.Comm. CPA
Chartered Professional Accountant
• Accounting • Tax • Business Advisory

We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
Extensive experience with Revenue Canada audits, reviews etc.

• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services

ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।

In Business Since 1997

New Location



Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca



ਹਰੀਪਾਲ
403-714-4816




# ਪੰਜਾਬ ਪ੍ਰਵਾਸ ਆਵਾਸ

ਪੰਜਾਬੀਆਂ ਵਿੱਚ ਅਜੇ ਵੀ ਬਾਹਰ ਜਾਣ ਦੀ ਦੌੜ ਘਟੀ ਨਹੀਂ ਹੈ। ਹਾਲਾਂਕਿ ਇਹ ਪ੍ਰਵਾਸ ਕਾਮਾਗਾਟਾ ਮਾਰੂ ਤੋ ਕਿਤੇ ਪਹਿਲਾਂ ਦਾ ਸ਼ੁਰੂ ਹੈ ਪਰ ਪੰਜਾਬੀਆਂ ਦਾ ਪ੍ਰਵਾਸ ਘਟਿਆ ਨਹੀਂ ਸਗੋਂ ਵਧਿਆ ਹੈ। ਪਰਵਾਸ ਦੇ ਕਈ ਕਾਰਨ ਹਨ, ਇੱਕ ਤਾਂ ਅਸੀਂ ਇਹੋ ਜਿਹੀ ਨਸਲ ਤਿਆਰ ਕਰ ਰਹੇ ਹਾਂ ਜੋ ਵੇਹਲ ਨੂੰ ਸਵਰਗ ਸਮਝਦੀ ਹੈ, ਅਸੀਂ ਉਹ ਕੰਮ ਭਾਲ਼ਦੇ ਹਾਂ ਜੋ ਕਰਨ ਨਾਲ਼ ਸਰੀਰ ਨੂੰ ਮਿੱਟੀ ਨਾ ਲੱਗੇ ਸਾਡੇ ਲਈ ਸਾਡੇ ਬੱਚੇ ਰਾਜ ਕੁਮਾਰਾਂ ਦੀ ਤਰ੍ਹਾਂ ਹਨ ਇਸੇ ਕਰਕੇ ਉਹਨਾਂ ਨੂੰ ਕੰਮ ਕਰਨ ਦੀ ਕੋਈ ਆਦਤ ਨਹੀਂ ਪਾਈ ਜਾਂਦੀ। ਅਸੀਂ ਆਪਦੇ ਜੁਵਾਕਾਂ ਦੇ ਨਾਂ ਵੀ ਪ੍ਰਿੰਸ ਜਾਂ ਰਾਜ ਕੁਮਾਰ ਜਾਂ ਰਾਜਕੁਮਾਰੀ ਜਾ ਰਾਣੀ ਰੱਖਦੇ ਹਾਂ। ਕੁੜੀਆਂ ਤੋਂ ਅਸੀਂ ਬਿਲਕੁਲ ਹੀ ਕੰਮ ਕਰਵਾ ਕੇ ਰਾਜ਼ੀ ਨਹੀਂ ਹਾਂ। ਅਜੇ ਵੀ ਜੇਕਰ ਕੁੜੀ ਕੰਮ ਕਰਦੀ ਹੈ ਤਾਂ ਅਸੀਂ ਉਹੀ ਪੁਰਾਣਾ ਮੁਹਾਵਰਾ ਕੱਢ ਲੈਂਦੇ ਹਾਂ ਕਿ ਕੋਈ ਨਾ ਵਿਚਾਰੀ ਨੂੰ ਪਿਓ ਦੇ ਘਰ ਤਾਂ ਆਰਾਮ ਕਰ ਲੈਣ ਦਿਓ, ਸਹੁਰੀਂ ਜਾ ਕੇ ਤਾਂ ਇਸ ਨੇ ਸਾਰੀ ਉਮਰ ਧੰਦ ਪਿੱਟਣਾ ਹੀ ਹੈ। ਅਸੀਂ ਕੁੜੀ ਨੂੰ ਵਿਹਲੀ ਬਣਾ ਦਿੱਤਾ, ਸੋਹਲ ਬਣਾ ਦਿੱਤਾ, ਕੋਮਲ ਬਣਾ ਦਿੱਤਾ, ਪਰ ਕਹਿੰਦੇ ਹਨ ਕਿ ਕੁਦਰਤ ਦੇ ਵਿੱਚ ਉਹੀ ਕਾਮਯਾਬ ਹੈ ਜੋ ਸਰੀਰਕ ਤੌਰ ਤੇ ਫਿੱਟ ਹੈ। ਇਹੀ ਕੁੜੀਆਂ ਫਿਰ ਸਹੁਰੇ ਜਾ ਕੇ ਕੰਮ ਤੋਂ ਟਾਲਾ ਵੱਟਦੀਆਂ ਹਨ ਤੇ ਘਰਾਂ ਵਿੱਚ ਕਲੇਸ਼ ਸ਼ੁਰੂ ਹੋ ਜਾਂਦਾ ਹੈ, ਕਈ ਵਾਰ ਇਹ ਕਲੇਸ਼ ਮੁੰਡੇ ਕੁੜੀ ਦੇ ਵਿਆਹ ਦੇ ਟੁੱਟਣ ਦਾ ਕਾਰਨ ਬਣਦਾ ਹੈ। ਇਹੀ ਹਾਲ ਮੁੰਡਿਆਂ ਦਾ ਹੈ, ਪਹਿਲੀਆਂ ਵਿੱਚ ਕਾਲਜ, ਸਕੂਲ ਜਾਣ ਵਾਲੇ ਮੁੰਡੇ ਡੰਗਰਾਂ ਲਈ ਪੱਠਾ ਤੱਥਾ ਲਿਆਉਂਦੇ ਸਨ, ਕੁਤਰਦੇ ਸਨ, ਡੰਗਰ ਸਾਂਭਦੇ ਸਨ, ਜਾਨੀ ਕਿ ਮਾਂ ਪਿਓ ਦਾ ਅੱਧਾ ਭਾਰ ਵੰਡਾ ਦਿੰਦੇ ਸਨ। ਮੁੰਡੇ ਨੂੰ ਕੰਮ ਕਰਦਾ ਦੇਖ ਕੇ ਬਾਪ ਨੂੰ ਵੀ ਅਧੀਏ ਦਾ ਨਸ਼ਾ ਹੋ ਜਾਂਦਾ ਸੀ। ਪਰ ਹੁਣ ਤਾਂ ਮੁੰਡਿਆਂ ਨੂੰ ਮੋਟਰਸਾਈਕਲ ਚਾਹੀਦਾ ਹੈ, ਵਾਲ਼ਾ ਲਈ ਜ਼ੈਲ ਚਾਹੀਦੀ ਹੈ, ਰੇਬਨ ਦੀਆਂ ਐਨਕਾਂ ਚਾਹੀਦੀਆਂ ਹਨ, ਸਕੈਚਰ ਦੇ ਬੂਟ ਚਾਹੀਦੇ ਹਨ, ਪੂਰਾ ਵਧੀਆ ਮੋਬਾਈਲ ਫ਼ੂਨ ਚਾਹੀਦਾ ਹੈ, ਚਾਹੇ ਉਹਨਾਂ ਦੀਆਂ ਮੰਗਾਂ ਪੂਰੀਆਂ ਕਰਦਾ ਕਰਦਾ ਉਹਨਾਂ ਦਾ ਬਾਪ ਵੀ ਵਿਕ ਜਾਵੇ ਪਰ ਉਹਨਾਂ ਨੂੰ ਕੋਈ ਪਰਵਾਹ ਨਹੀਂ। ਕਈ ਵਾਰ ਮੈਂ ਦੇਖਿਆ ਕਿ ਜੇਕਰ ਘਰਦੇ ਮੋਟਰਸਾਈਕਲ ਨਹੀਂ ਲੈ ਕੇ ਦਿੰਦੇ ਤਾਂ ਮੁੰਡੇ ਆਤਮ ਹਤਿਆ ਕਰਨ ਦਾ ਡਰਾਵਾ ਵੀ ਦੇ ਦਿੰਦੇ ਹਨ। ਸੈਲ ਫ਼ੂਨ ਨੇ ਸਾਡੀ ਜ਼ਿੰਦਗੀ ਐਨੀ ਨੀਰਸ ਕਰ ਦਿੱਤੀ ਹੈ ਕਿ, ਕੋਈ ਡਾਕਟਰ ਦੇ ਬੈਠਾ ਹੈ, ਬੱਸ ਸਟੈਂਡ ਤੇ ਬੈਠਾ ਹੈ ਜਾਂ ਰੈਸਟੋਰੈਂਟ ਬੈਠਾ ਬੱਸ ਸੈਲ ਫ਼ੂਨ ਤੇ ਨਿਗਾਹ ਗੱਡੀ ਬੈਠਾ ਹੋਵੇਗਾ। ਬਹੁਤਾ ਕੰਮ ਕਰਨ ਵਾਲ਼ੇ ਮੁੰਡੇ ਸ਼ਰੀਰਿਕ ਤੌਰ 'ਤੇ ਵੀ ਫਿਟ ਰਹਿੰਦੇ ਸਨ। ਸ਼ਾਮ ਨੂੰ ਮੁੰਡੇ ਕਬੱਡੀ ਜਾਂ ਫੁੱਟਬਾਲ ਖੇਡਦੇ ਸਨ, ਜਿੰਨਾ ਗੇਮਾਂ ਤੇ ਜ਼ੋਰ ਲੱਗਦਾ ਹੈ। ਪਰ ਹੁਣ ਪਿੰਡਾਂ ਵਿੱਚ ਕਬੱਡੀ ਵਾਲੇ ਪਾੜੇ ਨਹੀਂ ਹਨ। ਮੁੰਡੇ ਘੱਟ ਜ਼ੋਰ ਵਾਲੀ ਗੇਮ ਕਰਿਕਟ ਵਗੈਰਾ ਖੇਡਦੇ ਹਨ ਅਤੇ ਪਿੰਡਾਂ ਵਿੱਚ ਕ੍ਰਿਕਟ ਦੇ ਟੂਰਨਾਮੈਂਟ ਵੀ ਹੋਣ ਲੱਗ ਪਏ ਹਨ ਜਾਂ ਅੱਜ ਕੱਲ ਪਿੱਛੇ ਜਿਹੇ ਜਿਹੜਾ ਆਈਲੈਟਸ ਦਾ ਚੱਕਰ ਚੱਲਿਆ ਸੀ ਉਸ ਨੇ ਤਾਂ ਸਭ ਕੀਤੇ ਕਰਾਏ ਦਾ ਫਾਹਾ ਵੱਢ ਦਿੱਤਾ। ਕਿਸੇ ਵੀ ਮੁੰਡੇ ਕੁੜੀ ਦੇ ਦਿਮਾਗ ਦਾ ਸੁਪਨਾ ਡਾਕਟਰ ਜਾਂ ਇੰਜੀਨੀਅਰ ਬਣਨਾ ਨਹੀਂ, ਬਸ ਆਈਲੈਟਸ ਕਰਕੇ ਬਾਹਰ ਜਾਣ ਦਾ ਸੁਪਨਾ ਹਰ ਮੁੰਡਾ ਕੁੜੀ ਪਾਲ਼ੀ ਬੈਠਾ ਹੈ। ਇਸ ਮੰਡੀਹਰ ਨੂੰ ਇਹ ਨਹੀਂ ਪਤਾ ਕਿ ਬਾਹਰ ਜਾ ਕੇ ਪਿੰਡਾਂ ਨਾਲੋਂ ਵੀ ਦੁਗਣਾ ਕੰਮ ਕਰਨਾ ਪੈਣਾ ਹੈ। ਹੈਰਾਨੀ ਵਾਲ਼ੀ ਗੱਲ ਦੇਖੋ ਕਿ 35 ਕਿੱਲੇ ਜ਼ਮੀਨ ਦੇ ਜਿਸ ਮੁੰਡੇ ਨੂੰ ਆਉਂਦੇ ਹਨ, ਜਿਹੜਾ ਐਨੀ ਜ਼ਮੀਨ ਦੇ ਸਿਰ ਤੇ ਬੜੀ ਵਧੀਆ ਜ਼ਿੰਦਗੀ ਕੱਢ ਸਕਦਾ ਸੀ ਉਹ ਵੀ ਬਾਹਰਵਾਲ਼ੀ ਕੁੜੀ ਦੇ ਰਿਸ਼ਤੇ ਦਾ ਇੰਤਜ਼ਾਰ ਕਰ ਰਿਹਾ ਹੈ। ਜਦੋਂ ਘਰੇ ਕੋਈ ਮੱਝਾਂ ਰੱਖਣੀਆਂ ਹੀ ਨਹੀਂ ਚਾਹੁੰਦਾ, ਫਿਰ ਦੁੱਧ ਤਾਂ ਮੁੱਲ ਦਾ ਹੀ ਲੈਣਾ ਪਵੇਗਾ। ਹੁਣ ਮੁੱਲ ਦਾ ਦੁੱਧ ਪੀਣ ਵਾਲ਼ੇ ਮੁੰਡੇ ਕਿਹੋ ਜਿਹੇ ਗੱਭਰੂ ਬਣਨਗੇ ਇਸ ਦੇ ਲਈ ਤਾਂ ਕਿਸੇ ਸ਼ੱਕ ਦੀ ਗੁਜਾਇਸ਼ ਨਹੀਂ ਹੈ।

ਹਰ ਪਿੰਡ ਵਿੱਚ ਤਿੰਨ ਤਿੰਨ ਚਾਰ ਚਾਰ ਡੈਰੀਆਂ ਹਨ, ਜਿੰਨਾ ਤੇ ਦੁੱਧ ਵੇਚਣ ਵਾਲ਼ੇ ਥੋੜੇ ਹੁੰਦੇ ਹਨ, ਪਰ ਦੁੱਧ ਲੈਣ ਵਾਲ਼ੇ ਬਹੁਤੇ ਹੁੰਦੇ ਹਨ। ਇਹੀ ਹਾਲ ਖੇਤਾਂ ਦਾ ਹੈ। ਸਿਰਫ ਹਾੜੀ ਸਾਉਣੀ ਬੀਜਣ ਵੱਢਣ ਵੇਲ਼ੇ ਤੁਹਾਨੂੰ ਖੇਤਾਂ ਵਿੱਚ ਪੰਜਾਬੀ ਦਿਖ ਸਕਦੇ ਹਨ, ਬਾਕੀ ਸਮਾਂ ਨਹੀਂ। ਮੈਂ ਇਕ ਦਰਜੀ ਦੇ ਕਪੜੇ ਸੰਵਾ ਰਿਹਾ ਸੀ ਤਾਂ ਉਸਦੇ ਰੈਕ ਤੇ ਜਿੰਨੇ ਕਮੀਜ਼ ਪਏ ਸਨ, ਸਾਰੇ ਹੀ ਪੂਰੀਆਂ ਬਾਹਾਂ ਵਾਲ਼ੇ ਸਨ, ਜਦ ਕਿ ਸਾਡੇ ਸਮਿਆਂ ਵਿੱਚ ਅੱਧੀਆਂ ਬਾਹਾਂ ਵਾਲ਼ੀ ਕਮੀਜ਼ ਦਾ ਰਿਵਾਜ਼ ਹੁੰਦਾ ਸੀ। ਮੈਂ ਦਰਜੀ ਨੂੰ ਪੁੱਛ ਬੈਠਾ ਕਿ ਕੀ ਅੱਜ ਕੱਲ ਅੱਧੀਆਂ ਬਾਹਾਂ ਵਾਲ਼ੀ ਕਮੀਜ਼ ਦਾ ਰਿਵਾਜ਼ ਨਹੀਂ ਰਿਹਾ ਤਾਂ ਦਰਜ਼ੀ ਦਾ ਜਵਾਬ ਬੜਾ ਵਧੀਆ ਸੀ, ਕਿ ਭਾਅ ਜੀ ਇਹਨਾਂ ਦੀਆਂ ਬਾਹਾਂ ਤਾਂ ਟੂਥ- ਪਿਕਸ ਵਰਗੀਆਂ ਹਨ, ਅੱਧੀਆਂ ਬਾਹਾਂ ਵਾਲ਼ੀ ਕਮੀਜ਼ ਪਾ ਕੇ ਇਨ੍ਹਾਂ ਨੇ ਲੋਕਾਂ ਤੋਂ ਟਿੱਚਰਾਂ ਕਰਾਉਣੀਆਂ ਹਨ। ਇਹ ਹਾਲ ਸਾਡੀ ਪੰਜਾਬ ਦੀ ਜੁਆਨੀ ਦਾ ਹੈ। ਸੌਖੀ ਜ਼ਿੰਦਗੀ ਕੱਢਣ ਲਈ ਇਹ ਨੌਜੁਆਨ ਬਾਹਰ ਨੂੰ ਆਏ ਹਨ ਪਰ ਬਾਹਰ ਆ ਕੇ ਕੰਮ ਇਹਨਾਂ ਤੋਂ ਹੁੰਦਾ ਨਹੀਂ, ਫਿਰ ਪੈਸੇ ਕੱਠੇ ਕਰਨ ਦਾ ਸੌਖਾ ਤਰੀਕਾ ਲੱਭਦੇ ਹਨ, ਤੇ ਇਹ ਸੌਖਾ ਤਰੀਕਾ ਨਸ਼ਿਆਂ ਦੇ ਧੰਦੇ ਦਾ ਹੈ, ਜਿਸਦਾ ਹਸ਼ਰ ਕੀ ਹੁੰਦਾ ਹੈ ਇਹ ਆਪਾਂ ਸਭ ਨੂੰ ਪਤਾ ਹੈ। ਸਾਡੇ ਇਹ ਗੱਭਰੂ ਪੰਜਾਬ ਵਿੱਚ ਅੱਧੇ ਅੱਧੇ ਕਿੱਲੇ ਦਾ ਕਿਆਰਾ ਬਣਾ ਲੈਂਦੇ ਹਨ, ਘਰੇ ਬੈਠੇ ਬੈਠੇ ਘੜੀ ਦੇਖਕੇ ਨੱਕਾ ਵੱਢਣ ਚਲੇ ਜਾਂਦੇ ਹਨ, ਨੱਕਾ ਵੱਢ ਕੇ ਫੇਰ ਘਰੇ ਆ ਕੇ ਟੀ ਵੀ ਦੇਖਣ ਲੱਗ ਜਾਂਦੇ ਹਨ ਜਦ ਤੱਕ ਦੂਜੇ ਨੱਕੇ ਦਾ ਟਾਈਮ ਨਹੀਂ ਹੋ ਜਾਂਦਾ। ਖੇਤੀ ਕਰਨ ਵਾਲ਼ੇ ਸਭ ਲੋਕਾਂ ਨੂੰ ਪਤਾ ਹੈ ਕਿ ਵੱਡੇ ਵੱਡੇ ਕਿਆਰੇ ਪਾ ਕੇ ਕਿੰਨਾ ਪਾਣੀ ਵੇਸਟ ਹੁੰਦਾ ਹੈ। ਪਰ ਕੌਣ ਪਰਵਾਹ ਕਰਦਾ ਹੈ ਕਿਉਂਕਿ ਸਾਡੇ ਮਹਾਨ ਲੀਡਰਾਂ ਨੇ ਵੋਟਾਂ ਲੈਣ ਲਈ ਬਿਜਲੀ ਫ੍ਰੀ ਕੀਤੀ ਹੋਈ ਹੈ। ਕਦੇ ਬਿਜਲੀ ਫਰੀ ਕਰ ਦਿਓ, ਕਦੇ ਜਨਾਨੀਆਂ ਲਈ ਬੱਸਾਂ ਦਾ ਕਰਾਇਆ ਮਾਫ ਕਰ ਦਿਓ, ਫਰੀ ਆਟਾ ਦਾਲ ਦੇ ਦਿਓ, ਜਾਣੀ ਕਿ ਲੋਕਾਂ ਨੂੰ ਕੰਮ ਕਰਨ ਦੀ ਆਦਤ ਨਾਂ ਪੈਣ ਦਿਓ ਕਿਉਂਕਿ ਮੁਫ਼ਤ ਦੀਆਂ ਖਾਣ ਵਾਲ਼ੇ ਹੱਕਾਂ ਲਈ ਸੰਘਰਸ਼ ਨਹੀਂ ਕਰਨਗੇ। ਸਾਡੇ ਲੀਡਰਾਂ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਇਹ ਮੁਫ਼ਤ ਦੀਆਂ ਖਾਣ ਦੀ ਆਦਤ ਸਾਡੇ ਲੋਕਾਂ ਨੂੰ ਬਿਲਕੁਲ ਨਿਕੰਮਾ ਕਰ ਦੇਵੇਗੀ। ਪਿਛੇ ਜਿਹੇ ਇਟਲੀ ਵਿੱਚ ਸਾਡੇ ਦੋ ਬੰਦੇ ਜਿਹੜੇ ਕਬੂਤਰਾਂ ਨੂੰ ਚੋਗਾ ਪਾਉਂਦੇ ਸੀ ਤਾਂ ਸਰਕਾਰ ਨੇ ਉਹਨਾਂ ਨੂੰ ਇਹ ਕੰਮ ਕਰਨੋ ਹਟਾਇਆ, ਇਸ ਪਿੱਛੇ ਸਰਕਾਰ ਦੀ ਦਲੀਲ ਸੀ ਕਿ ਕਬੂਤਰਾਂ ਨੂੰ ਜੇਕਰ ਐਨਾ ਸੌਖਾ ਦਾਣਾ ਪਾਣੀ ਮਿਲਣ ਲੱਗ ਪਿਆ ਤਾਂ ਕਬੂਤਰ ਚੋਗਾ ਚੁਗਣ ਦੀ ਤਾਂਘ ਅਤੇ ਹਿੰਮਤ ਦੋਨੋਂ ਗੁਆ ਲੈਣਗੇ। ਸਾਡੇ ਤਾਂ ਮੁਫ਼ਤ ਦੀ ਆਦਤ ਐਨੀ ਪੈ ਗਈ ਕਿ ਅਸੀਂ ਤਾਂ ਬਾਪੂ ਦੇ ਜਿਉਂਦੇ ਜੀਅ ਇਹ ਹਿਸਾਬ ਲਾਉਣ ਲੱਗ ਜਾਂਦੇ ਹਾਂ ਕਿ ਬਾਪੂ ਮਰੇ ਤੋਂ ਸਾਨੂੰ ਕਿੰਨੀ ਕਿੰਨੀ ਜ਼ਮੀਨ ਜਾਂ ਪੈਸਾ ਆਊਗਾ, ਜਾਣੀ ਕਿ ਬਾਪੂ ਨੂੰ ਜਿਉਂਦੇ ਜੀਅ ਹੀ ਮਾਰ ਦਿੰਦੇ ਹਾਂ। ਹੁਣ ਗੱਲ ਕਰਦੇ ਹਾਂ ਉਹਨਾਂ ਮੁੰਡਿਆਂ ਦੀ ਜਿਹੜੇ ਪਿੰਡ ਕਿਸੇ ਵੀ ਕੰਮ ਨੂੰ ਹੱਥ ਨਹੀਂ ਲਾਉਣਾ ਚਾਉਂਦੇ ਸੀ, ਬਾਹਰ ਆ ਕੇ ਟੱਟੀਆਂ ਸਾਫ ਕਰਦੇ ਹਨ, ਕੁਲਫੀਆਂ ਵੇਚਦੇ ਹਨ, ਲੋਕਾਂ ਦੇ ਘਰਾਂ ਵਿੱਚ ਅਖ਼ਬਾਰ ਸਿੱਟਦੇ ਹਨ। ਜੇਕਰ ਸਾਡੀ ਇਸ ਪੀੜੀ ਨੂੰ ਕੰਮ ਕਰਨ ਦੀ ਆਦਤ ਪਈ ਹੁੰਦੀ, ਜੇਕਰ ਅਸੀਂ ਇਹਨਾਂ ਨੂੰ ਰਾਜਕੁਮਾਰ ਜਾਂ ਰਾਜਕੁਮਾਰੀ ਨਾਂ ਬਣਾਇਆ ਹੁੰਦਾ ਤਾਂ ਇਹਨਾਂ ਨੂੰ ਬਾਹਰ ਆਉਣ ਦੀ ਲੋੜ ਹੀ ਨਹੀਂ ਸੀ ਪੈਣੀ। ਰੋਟੀ ਤਾਂ ਆਖਰ ਕੰਮ ਕਰਕੇ ਹੀ ਮਿਲਣੀ ਹੈ, ਅਸੀਂ ਸਾਡੇ ਬੱਚਿਆਂ ਨੂੰ ਕੰਮ ਕਰਨ ਦੀ ਆਦਤ ਨਹੀਂ ਸਿਖਾਈ, ਅਸੀਂ ਕੰਮ ਦਾ ਕਲੱਚਰ ਨਹੀਂ ਸਿਰਜਿਆ ਤੇ ਇਸੇ ਗਲਤੀ ਦੇ ਨਤੀਜੇ ਅਸੀਂ ਭੁਗਤ ਰਹੇ ਹਾਂ। ਸਾਡੇ ਮੁਲਕਾਂ ਵਿੱਚ ਤਾਂ ਹੱਥੀਂ ਕੰਮ ਕਰਨ ਵਾਲਿਆਂ ਨੂੰ ਬਹੁਤ ਘਟੀਆ ਸਮਝਿਆ ਜਾਂਦਾ ਹੈ, ਸਾਡੇ ਤਾਂ ਬੱਸ ਚਿਟੇ ਕਾਲਰ ਵਾਲ਼ੀ ਨੌਕਰੀ ਨੂੰ ਹੀ ਵਧੀਆ ਸਮਝਿਆ ਜਾਂਦਾ ਹੈ।

ਹੁਣ ਜੇਕਰ ਪੰਜਾਬ ਵਿੱਚ ਹੱਥੀਂ ਕੰਮ ਕਰਨ ਵਾਲ਼ੇ ਲੋਕਾਂ ਦੀ ਗੱਲ ਕਰੀਏ ਤਾਂ ਸਾਡੇ ਪੰਜਾਬ ਵਿੱਚ ਯੂ ਪੀ ਅਤੇ ਬਿਹਾਰੀ ਲੋਕ ਹੱਥੀਂ ਕੰਮ ਕਰਦੇ ਹਨ ਤੇ ਪੂਰੇ ਕਾਮਯਾਬ ਹਨ। ਸਬਜ਼ੀ ਦੀ ਰੇੜੀ, ਗੋਲ਼ ਗੱਪੀਆਂ ਦੀ ਰੇੜੀ, ਇਮਾਰਤ ਉਸਾਰੀ ਦੇ ਕੰਮ ਸਭ ਇਹੀ ਲੋਕ ਕਰਦੇ ਹਨ। ਬਹੁਤੇ ਪ੍ਰਵਾਸੀਆਂ ਕੋਲ਼ ਆਪਦੇ ਟਰੈਕਟਰ ਹਨ, ਮਕਾਨ ਹਨ, ਆਪਦੇ ਵਪਾਰਕ ਅਦਾਰੇ ਹਨ, ਤੇ ਇੱਕ ਅਸੀਂ ਹਾਂ, ਬਾਹਰਲੀ ਚਮਕ ਦਮਕ ਦੇਖ ਕੇ ਬਾਹਰ ਭੱਜੇ ਆਏ ਹਾਂ, ਇੱਥੇ ਆ ਕੇ ਅਸੀਂ ਕੋਹਲੂ ਦੇ ਬੈਲ ਬਣ ਜਾਂਦੇ ਹਾਂ, ਦਿਨ ਰਾਤ ਘਰ ਬਣਾਉਣ, ਬੱਚਿਆਂ ਨੂੰ ਪੜ੍ਹਾਉਣ ਦੇ ਚੱਕਰ ਵਿੱਚ ਆਪਦੀ ਸਾਰੀ ਉਮਰ ਗੁਆ ਬਹਿੰਦੇ ਹਾਂ, ਤੇ ਇਹੀ ਕੋਹਲੂ ਦਾ ਬੈਲ ਜਦ ਥੱਕ ਜਾਂਦਾ ਹੈ, ਤਾਂ ਕੋਈ ਇਸਦੀਆਂ ਲੱਤਾਂ ਘੁੱਟਣ ਵਾਲ਼ਾ ਨਹੀਂ ਹੁੰਦਾ, ਜਿੰਨਾ ਦੀ ਖਾਤਿਰ ਖੋਤਿਆਂ ਵਾਂਗ ਕੰਮ ਕੀਤਾ, ਉਹ ਤਾਂ ਕਦੋਂ ਦੇ ਪਾਸਾ ਵੱਟ ਗਏ ਹਨ, ਸਾਡੇ ਪੱਲੇ ਬੱਸ ਇਕੱਲਤਾ ਅਤੇ ਪਛਤਾਵਾ ਰਹਿ ਜਾਂਦਾ ਹੈ। ਦੂਜੇ ਪਾਸੇ ਸਾਡੇ ਸੂਬੇ ਵਿੱਚ ਬਾਹਰਲੇ ਸੂਬਿਆਂ ਵਾਲ਼ੇ ਆ ਕੇ ਬੜੀ ਵਧੀਆ ਜ਼ਿੰਦਗੀ ਕੱਢ ਰਹੇ ਹਨ। ਮੈਂ ਐਥੇ ਵੀਹ ਉਦਾਹਰਣਾਂ ਦੇ ਸਕਦਾਂ ਯੂ ਪੀ ਅਤੇ ਬਿਹਾਰੀ ਲੋਕਾਂ ਦੀ ਕਾਮਯਾਬੀ ਦੀਆਂ। ਮੇਰੇ ਕਈ ਯੂ ਪੀ ਅਤੇ ਬਿਹਾਰੀ ਮਿੱਤਰ ਹਨ, ਜਿਹੜੇ ਕਿ ਉਸੇ ਪੰਜਾਬ ਵਿੱਚ ਬੜੀ ਵਧੀਆ ਰੋਟੀ ਖਾ ਰਹੇ ਹਨ ਜਿਸਨੂੰ ਅਸੀਂ ਬਿਲਕੁਲ ਹੀ ਨਗਲੈਕਟ ਕਰਕੇ ਛੱਡ ਆਏ ਸਾਂ। ਮੇਰਾ ਇੱਕ ਯੂ ਪੀ ਵਾਲ਼ਾ ਦੋਸਤ ਕਹਿੰਦਾ ਹੈ ਕਿ ਜੇ ਅਸੀਂ ਯੂ ਪੀ ਬਿਹਾਰ ਤੋਂ ਖਾਲੀ ਹੱਥ ਆ ਕੇ ਕਾਮਯਾਬ ਹੋ ਸਕਦੇ ਹਾਂ ਫਿਰ ਪੰਜਾਬੀਆਂ ਨੂੰ ਕੀ ਬਿਮਾਰੀ ਹੈ, ਇਹਨਾਂ ਕੋਲ਼ ਤਾਂ ਸਭ ਕੁੱਝ ਹੈ ਘਰ ਬਾਰ ਹਨ ਜ਼ਮੀਨਾਂ ਹਨ, ਇਹਨਾਂ ਕੋਲ਼ ਸਿਰਫ ਇੱਕ ਚੀਜ਼ ਦੀ ਕਮੀ ਹੈ, ਕਿ ਕੰਮ ਕਰਨ ਦੀ ਇਰਾਦਾ ਸ਼ਕਤੀ ਨਹੀਂ ਹੈ। ਸਾਡੇ ਸਕੂਲ ਅੱਜ ਬਿਹਾਰੀ ਅਤੇ ਯੂ ਪੀ ਵਾਲਿਆਂ ਸਿਰ ਤੇ ਚੱਲ ਰਹੇ ਹਨ, ਸਾਡੀ ਖੇਤੀ ਬਾੜੀ ਤਾਂ ਕਿ ਸਾਰਾ ਕਾਰੋਬਾਰ ਹੀ ਇਹਨਾਂ ਸਿਰ ਤੇ ਚੱਲ ਰਿਹਾ ਹੈ। ਅਸੀਂ ਤਾਂ ਬੱਸ ਨਿਆਣੇ ਬਾਹਰ ਭੇਜ ਕੇ, ਸੁੰਨੇ ਘਰਾਂ ਵਿੱਚ ਬੈਠੇ ਘਰ ਦੇ ਗੇਟ ਵੱਲ ਝਾਕ ਰਹੇ ਹਾਂ। ਇੱਕ ਹੋਰ ਗੱਲ ਬਾਹਰ ਬੈਠੇ ਲੋਕਾਂ ਨੂੰ ਬਹੁਤ ਫਿਕਰ ਹੈ ਕਿ ਪੰਜਾਬ ਖਾਲੀ ਹੋ ਜਾਵੇਗਾ, ਕਈ ਕਵੀ ਕਵਿਤਾਵਾਂ ਵੀ ਇਸ ਤਰਾਂ ਦੀਆਂ ਪੜ੍ਹਦੇ ਹਨ ਕਿ ਜੇ ਸਾਰੇ ਰਾਂਝੇ ਝੰਗ ਸਿਆਲ ਨੂੰ ਚਲੇ ਗਏ, ਫਿਰ ਤਖਤ ਹਜ਼ਾਰਾ ਤਾਂ ਖਾਲੀ ਹੋ ਜਾਵੇਗਾ। ਜੇ ਪੰਜਾਬ ਦਾ ਐਨਾ ਹੀ ਦਰਦ ਹੈ ਤਾਂ ਬਾਹਰ ਨੂੰ ਨਾਂ ਜਾਵੋ, ਪੰਜਾਬ ਦੇ ਦਰਦ ਦੀ ਸ਼ੋ - ਅੱਪ ਵੀ ਕਰਨੀ ਹੈ ਤੇ ਰਹਿਣਾ ਵੀ ਬਾਹਰ ਹੀ ਹੈ। ਪਰ ਇਸ ਤਰ੍ਹਾਂ ਕਦੇ ਵੀ ਨਹੀਂ ਹੋਵੇਗਾ ਜੇਕਰ ਤੁਸੀਂ ਰਿਜ਼ਕ ਦੀ ਖਾਤਿਰ ਬਾਹਰ ਚਲੇ ਗਏ ਤਾਂ ਤੁਹਾਡੀ ਜਗ੍ਹਾ ਭਰਨ ਲਈ, ਜਾਂ ਪੰਜਾਬ ਵਿੱਚੋਂ ਰਿਜ਼ਕ ਕਮਾਉਣ ਲਈ ਹੋਰ ਬਥੇਰੇ ਲੋਕ ਆ ਜਾਣਗੇ, ਉਹ ਇੱਕ ਨਵੇਂ ਪੰਜਾਬੀਆਂ ਦੀ ਚੜ੍ਹਤ ਹੋਵੇਗੀ, ਜਿਹੜੀ ਕਿ ਸ਼ੁਰੂ ਵੀ ਹੋ ਚੁੱਕੀ ਹੈ।

## ਨਾਂ ਦੀ ਬਦਲੀ

ਮੈਂ, ਰਾਜਿੰਦਰ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਦੁੱਗਾਂ, ਤਹਿਸੀਲ ਤੇ ਜ਼ਿਲ੍ਹਾ ਸੰਗਰੂਰ-148001 ਨੇ ਆਪਣਾ ਨਾਮ ਬਦਲ ਕੇ ਰਾਜਿੰਦਰ ਖੀਪਲ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।




Gill
Truck & Trailer Repair
& Mobile Service
Lube and Truck Wash



Gill Brothers
Owner
Tel: 905-458-3455 | Fax : 905-458-3456 | Cell : 416-312-4707
gillinderjit7@gmail.com | www.gilltruckrepair.com
1295 Shawson Drive, Mississauge, ON L4W 1C4

# ਥੀਏਟਰ ਇੱਕ ਪਰਦਾ ਕਾਲ ਨਹੀਂ ਹੈ, ਇਹ ਮਨੁੱਖੀ ਆਤਮਾ ਲਈ ਇੱਕ ਜੰਗੀ ਪੁਕਾਰ ਹੈ : ਸਰਬਜੀਤ ਸਰੋਰਾ










ਬਰੈਂਪਟਨ, (ਦਵਿੰਦਰ ਸਿੰਘ ਤੂਰ) : EKAS SOLO FESTIVAL Cyril Clark Theatre, Brampton, A. Every House Has a Story, Playwright: Sarabjeet Arora, Performer: Rehmat Sandhu, Director Harnoor Kaur, B. Chowkidar, Playwright: Rashpinder Sandhu

40 ਤੋਂ ਵੱਧ ਸਾਲਾਂ ਤੋਂ ਆਪਣੀ ਵਿਰਾਸਤ ਨੂੰ ਸਟੇਜ 'ਤੇ ਉਕਰਦੇ ਹੋਏ, ਸਰਬਜੀਤ ਸਰੋਰਾ ਬਰੈਂਪਟਨ ਦੀ ਪੰਜਾਬੀ ਆਰਟਸ ਐਸੋਸੀਏਸ਼ਨ ਦੇ ਕਲਾਤਮਕ ਨਿਰਮਾਤਾ, ਕਲਾਤਮਕ ਵਿਦਰੋਹ ਦੀ ਇੱਕ ਸ਼ਕਤੀ ਹੈ। ਦਿੱਲੀ ਵਿੱਚ ਜਨਮੇ, ਉਸਨੇ ਮੰਡੀ ਹਾਊਸ ਅਤੇ ਪ੍ਰਸਿੱਧ ਨੈਸ਼ਨਲ ਸਕੂਲ ਆਫ਼ ਡਰਾਮਾ ਦੀਆਂ ਗਲੀਆਂ ਅਤੇ ਪਾਰਕਾਂ ਵਿੱਚ ਆਪਣੀ ਕਲਾ ਨੂੰ ਨਿਖਾਰਨ ਤੋਂ ਪਹਿਲਾਂ ਭਾਰਤ ਦੇ ਮਾਲਕਾਂ ਤੋਂ ਸਿਖਲਾਈ ਲਈ। ਭੂਮਿਕਾਵਾਂ ਦਾ ਇੱਕ ਗਿਰਗਿਟ, ਨਾਟਕਕਾਰ, ਅਦਾਕਾਰ, ਨਿਰਦੇਸ਼ਕ, ਉਹ ਦ੍ਰਿਸ਼ਟੀਗਤ ਤਮਾਸ਼ੇ ਬਣਾਉਣ ਲਈ ਕਹਾਣੀਆਂ ਨੂੰ ਮੋੜਦਾ ਹੈ, ਪੰਜਾਬੀ ਆਤਮਾ ਨੂੰ ਵਿਸ਼ਵਵਿਆਪੀ ਸੱਚਾਈਆਂ ਨਾਲ ਵਿਆਹ ਕਰਦਾ ਹੈ।

ਕੱਚੇ ਬਿਰਤਾਂਤਾਂ ਨੂੰ ਲਿਖਣ ਤੋਂ ਲੈ ਕੇ ਵਿਕੀਆਂ ਹੋਈਆਂ ਪ੍ਰੋਡਕਸ਼ਨਾਂ ਦੀ ਕਮਾਂਡ ਕਰਨ ਤੱਕ, ਸਰਬਜੀਤ ਦਾ ਸਫ਼ਰ ਜਨੂੰਨ ਦਾ ਇੱਕ ਸਿਖਰ ਹੈ। ਹੁਣ, ਉਹ ਟੋਰਾਂਟੋ ਦੇ ਸੱਭਿਆਚਾਰਕ ਦਿਲ ਦੀ ਧੜਕਣ ਨੂੰ ਜਗਾਉਂਦਾ ਹੈ, ਉਨ੍ਹਾਂ ਬਾਗੀਆਂ ਨੂੰ ਸਲਾਹ ਦਿੰਦਾ ਹੈ ਜੋ ਆਮ ਲੋਕਾਂ ਨੂੰ ਚੁਣੌਤੀ ਦੇਣ ਦੀ ਹਿੰਮਤ ਕਰਦੇ ਹਨ। 'ਥੀਏਟਰ ਇੱਕ ਪਰਦਾ ਕਾਲ ਨਹੀਂ ਹੈ' ਉਹ ਕਹਿੰਦਾ ਹੈ, 'ਇਹ ਮਨੁੱਖੀ ਆਤਮਾ ਲਈ ਇੱਕ ਜੰਗੀ ਪੁਕਾਰ ਹੈ।'

"Every House Has a Story" ਇੱਕ ਭਾਵੁਕ ਡਰਾਮਾ ਹੈ ਜੋ 10 ਸਾਲ ਦੀ ਇੱਕ ਜੋਸ਼ੀਲੀ ਕੈਨੇਡੀਅਨ ਪੰਜਾਬੀ ਕੁੜੀ ਸਿਮਰਨ ਦੀਆਂ ਅੱਖਾਂ ਰਾਹੀਂ ਪ੍ਰਵਾਸੀ ਅਨੁਭਵ ਦੀ ਪੜਚੋਲ ਕਰਦਾ ਹੈ। ਸ਼ੁਰੂ ਵਿੱਚ, ਸਿਮਰਨ ਆਪਣੇ ਘਰ ਦੀਆਂ ਕੰਧਾਂ ਨੂੰ ਆਪਣੇ ਪਰਿਵਾਰ ਦੀ ਖੁਸ਼ੀ ਭਰੀ ਹਫੜਾ-ਦਫੜੀ ਦੇ ਬੋਲਬਾਲੇ ਗਵਾਹਾਂ ਵਜੋਂ ਖੇਡਦੇ ਹੋਏ ਬਿਆਨ ਕਰਦੀ ਹੈ; ਗੁਪਤ ਬੇਸਮੈਂਟ ਪਾਰਟੀਆਂ ਤੋਂ ਲੈ ਕੇ ਆਲੂ ਪਰੌਂਠੇ ਦੀ ਖੁਸ਼ਬੂ ਤੱਕ। ਹਾਲਾਂਕਿ, ਬਿਰਤਾਂਤ ਉਦੋਂ ਬਦਲ ਜਾਂਦਾ ਹੈ ਜਦੋਂ ਇੱਕ ਸਕੂਲ ਦੀ ਘਟਨਾ ਜਿਸ ਵਿੱਚ ਇੱਕ ਸਹਿਪਾਠੀ ਦਾ ਉਸਦੇ ਰਵਾਇਤੀ ਦੁਪਹਿਰ ਦੇ ਖਾਣੇ ਪ੍ਰਤੀ ਪੱਖਪਾਤ ਸ਼ਾਮਲ ਹੁੰਦਾ ਹੈ, ਸਿਮਰਨ ਨੂੰ ਸੱਭਿਆਚਾਰਕ 'ਦੂਜੇ' ਦੇ ਡੰਗ ਦਾ ਸਾਹਮਣਾ ਕਰਨ ਲਈ ਮਜਬੂਰ ਕਰਦੀ ਹੈ। ਇਹ ਨਾਟਕ ਵਿਰਾਸਤ ਦੀ ਨਿੱਘ ਅਤੇ ਆਪਣੇਪਣ ਦੇ ਚੁੱਪ ਸੰਘਰਸ਼ਾਂ ਵਿਚਕਾਰ ਨਾਜ਼ੁਕ ਸੰਤੁਲਨ ਨੂੰ ਸੁੰਦਰਤਾ ਨਾਲ ਨੈਵੀਗੇਟ ਕਰਦਾ ਹੈ।


# ਕੈਨੇਡਾ 'ਚ ਵਿਸ਼ਵ ਰੰਗਮੰਚ ਦਿਵਸ ਲੋਕਾਂ ਦੀ ਭਰਵੀਂ ਹਾਜ਼ਰੀ ਵਿੱਚ ਮਨਾਇਆ ਗਿਆ


















ਸਰੀ, (ਸਰੋਕਾਰਾਂ ਦੀ ਆਵਾਜ਼ ਬਿਊਰੋ) : 29 ਮਾਰਚ, 2026 ਨੂੰ ਥੈਸਪਿਸ ਆਰਟਸ ਕਲੱਬ ਵਲੋਂ 'ਵਿਸ਼ਵ ਰੰਗਮੰਚ ਦਿਵਸ' ਪੰਜਾਬ ਬੈਂਕਿਉਟ ਹਾਲ ਵਿੱਚ ਲੋਕਾਂ ਦੀ ਭਰਵੀਂ ਹਾਜ਼ਰੀ ਵਿੱਚ ਮਨਾਇਆ ਗਿਆ। ਇਸ ਪ੍ਰੋਗਰਾਮ ਵਿੱਚ 70ਵਿਆਂ ਤੋਂ ਸ਼ੁਰੂ ਹੋਏ ਰੰਗਮੰਚ ਅਤੇ ਅੱਜ ਤੱਕ ਦੇ ਬੀ. ਸੀ. ਵਿੱਚ ਹੋਏ ਨਾਟਕ 'ਤੇ ਸੰਵਾਦ ਰਚਾਉਣ ਬਾਰੇ ਮਿੱਥਿਆ ਗਿਆ ਸੀ। ਇਸ ਦੀ ਸ਼ੁਰੂਆਤ ਕਰਦੇ ਹੋਏ ਪਰਮਿੰਦਰ ਸਵੈਚ ਨੇ ਵਿਸ਼ਵ ਰੰਗਮੰਚ ਦੀਆਂ ਵਧਾਈਆਂ ਦਿੱਤੀਆਂ ਤੇ ਸਾਰਿਆਂ ਨੂੰ ਜੀ ਆਇਆਂ ਕਿਹਾ। 1977 ਵਿੱਚ ਕਨੇਡਾ ਦੀ ਧਰਤੀ ਤੇ ਪਹਿਲਾ ਨਾਟਕ 'ਦੂਜਾ ਪਾਸਾ' ਲਿਖਣ ਵਾਲੇ ਅਜਮੇਰ ਰੋਡੇ ਨੇ ਦੱਸਿਆ ਕਿ ਜਦੋਂ ਇੱਥੇ ਪੱਗ ਬੰਨ੍ਹਣ ਕਰਕੇ ਨਸਲੀ ਵਿਤਕਰੇ ਹੋ ਰਹੇ ਸਨ ਤਾਂ ਇਹ ਨਾਟਕ ਲਿਖਿਆ ਗਿਆ। ਉਸ ਤੋਂ ਬਾਅਦ ਇੱਕ ਕੁੜੀ, ਇੱਕ ਸੁਪਨਾ, ਵੀਜ਼ਾ ਵਰਗੇ ਛੋਟੇ ਨਾਟਕ ਲਿਖੇ, ਜਿਹੜੇ ਇੱਥੋਂ ਦੀਆਂ ਸਮੱਸਿਆਵਾਂ ਨਾਲ ਸਬੰਧਤ ਸਨ। ਉਸ ਤੋਂ ਬਾਅਦ ਮਨੁੱਖਤਾਵਾਦੀ ਸਾਂਝਾ ਨੂੰ ਦਰਸਾਉਂਦਾ ਕਾਮਾਗਾਟਾ ਮਾਰੂ ਇਤਿਹਾਸਕ ਨਾਟਕ ਲਿਖਿਆ। ਔਰਤਾਂ ਨਾਲ਼ ਸਬੰਧਤ ਨਾਟਕ ਨਿਰਲੱਜ ਤੇ ਮੈਲ਼ੇ ਹੱਥ ਲਿਖੇ ਤੇ ਇਹਨਾਂ ਸਭ ਦਾ ਮੰਚਣ ਵੀ ਕੀਤਾ। ਸੁਖਵੰਤ ਹੁੰਦਲ ਨੇ ਦੱਸਿਆ ਕਿ ਉਹ ਵਤਨੋਂ ਦੂਰ ਪੇਪਰ ਕੱਢਦੇ ਸਨ। ਉਹ ਪੇਪਰ ਜੋ ਲੋਕ ਪੜ੍ਹਦੇ ਸਨ ਉਹਨਾਂ ਨੂੰ ਤਾਂ ਆਲ਼ੇ ਦੁਆਲ਼ੇ ਜੋ ਕੁੱਝ ਹੋ ਰਿਹਾ ਸੀ ਪਤਾ ਲੱਗਦਾ ਸੀ ਪਰ ਆਮ ਲੋਕਾਂ ਨੂੰ ਨਹੀਂ ਸੋ ਇਹਨਾਂ ਨੇ ਪੰਜਾਬੀ ਸੱਥ ਬਣਾ ਕੇ ਫਾਰਮ ਕਾਮਿਆਂ, ਪਰਿਵਾਰਾਂ ਵਿੱਚ ਪੀੜ੍ਹੀ ਪਾੜੇ ਤੇ ਪਰਵਾਸ ਦੇ ਮਸਲਿਆਂ ਬਾਰੇ ਨਾਟਕ ਸਾਧੂ ਬਿਨਿੰਗ ਦੇ ਨਾਲ਼ ਮਿਲ਼ ਕੇ ਲਿਖੇ ਤੇ ਖੇਡੇ। ਉਹਨਾਂ ਦੱਸਿਆ ਕਿ ਸਾਡੀ ਉਸ ਸਮੇਂ ਦੀ ਮੁੱਖ ਵਿਸ਼ੇਸ਼ਤਾ ਸੀ ਕਿ ਅਲੋਚਨਾਤਮਕ ਮੁਲਾਂਕਣ ਕੀਤਾ ਜਾਂਦਾ ਸੀ ਜੋ ਸਾਰੇ ਖਿੜੇ ਮੱਥੇ ਸਵੀਕਾਰਦੇ ਸਨ। ਉਸ ਸਮੇਂ ਦੇ ਰੰਗਮੰਚ ਨੂੰ ਉਹਨਾਂ ਨੇ ਡਾਕੂਮੈਂਟ ਵੀ ਕੀਤਾ ਹੈ। ਸੁਰਜੀਤ ਕਲਸੀ ਨੇ ਦੱਸਿਆ ਕਿ ਉਦੋਂ ਔਰਤਾਂ ਤੇ ਬਹੁਤ ਪਬੰਦੀਆਂ ਸਨ, ਉਹਨਾਂ ਨੂੰ ਬਹੁਤ ਦਬਾ ਕੇ ਰੱਖਿਆ ਜਾਂਦਾ ਸੀ। ਉਹਨਾਂ ਨੇ ਅੱਗੇ ਹੋ ਕੇ ਸਮਾਨਤਾ ਵਰਗੀਆਂ ਸੰਸਥਾਵਾਂ ਬਣਾਈਆਂ ਜਿਸ ਵਿੱਚ ਔਰਤਾਂ ਆਪਣੇ ਮਸਲਿਆਂ ਬਾਰੇ ਗੱਲਾਂ ਕਰਦੀਆਂ ਸਨ ਉਹਨਾਂ ਵਿੱਚੋਂ ਹੀ 'ਮਹਿਲੀਂ ਵਸਦੀਆਂ ਧੀਆਂ' ਵਰਗੇ ਨਾਟਕ ਲਿਖੇ ਗਏ ਤੇ ਮੰਚਨ ਵੀ ਕੀਤੇ ਗਏ, ਉਹਨਾਂ ਨੇ ਆਪਣੇ ਪੁਰਾਣੇ ਸਾਥੀ ਕਲਾਕਾਰਾਂ ਨੂੰ ਵੀ ਯਾਦ ਕੀਤਾ।

ਇਸ ਧਰਤੀ ਦੇ ਨਾਟਕਾਂ ਦਾ ਦੂਜਾ ਦੌਰ ਗੁਰਦੀਪ ਭੁੱਲਰ ਦੀ ਡਾਇਰੈਕਸ਼ਨ ਹੇਠ ਕੋਰਿਓਗਰਾਫ਼ੀ ਤੋਂ ਸ਼ੁਰੂ ਹੋ ਕੇ ਨਾਟਕ ਦੀ ਸ਼ੁਰੂਆਤ ਪਰਮਿੰਦਰ ਸਵੈਚ ਦੇ ਨਾਟਕ 'ਭਲਾ ਮੈਂ ਕੌਣ' ਨਾਲ਼ 2004 ਵਿੱਚ ਕੀਤੀ ਸੀ ਤੇ ਉਸ ਤੋਂ ਬਾਅਦ ਰਿਸ਼ਤੇ, ਵੱਡਾ ਘਰ, ਮੈਲ਼ੇ ਹੱਥ, ਪੀਟਰ ਕੈਨੇਡੀਅਨ, ਬਰੰਗ ਚਿੱਠੀਆਂ ਆਦਿ ਨਾਟਕਾਂ ਦੀ ਸਫਲ ਪੇਸ਼ਕਾਰੀ ਭਰਵੇਂ ਇਕੱਠਾਂ ਵਿੱਚ ਕੀਤੀ ਕੀਤੀ ਗਈ। ਤਰਕਸ਼ੀਲ ਸੁਸਾਇਟੀ ਦੇ ਬੈਨਰ ਹੇਠ ਬਹੁਤ ਸਾਰੇ ਸੁਸਾਇਟੀ ਦੇ ਪ੍ਰਧਾਨ ਬਾਈ ਅਵਤਾਰ ਦੀ ਅਗਵਾਈ ਹੇਠ ਕੀਤੇ ਗਏ ਸਨ। ਅੱਜ ਉਹਨਾਂ ਨੂੰ ਯਾਦ ਕੀਤਾ ਗਿਆ ਤੇ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਡਾ. ਨਵਦੀਪ ਨੇ ਕਿਹਾ ਕਿ ਕੈਨੇਡਾ ਵਿੱਚ ਨਾਟਕ ਦਾ ਭਵਿੱਖ ਵਧੀਆ ਹੈ ਪਰ ਰੀਹਰਸਲ ਕਰਨ ਲਈ ਥਾਂਵਾਂ ਦੀ ਘਾਟ ਹੈ ਜਿਸ ਨੂੰ ਪੂਰਾ ਕਰਨ ਲਈ ਉਹਨਾਂ ਦਰਸ਼ਕਾਂ ਨੂੰ ਗੁਹਾਰ ਲਗਾਈ। ਇੰਦਰਪ੍ਰੀਤ ਕੌਰ ਥੋੜ੍ਹੇ ਸਾਲਾਂ ਤੋਂ ਕੈਨੇਡਾ ਵਿੱਚ ਆਈ ਹੈ ਪਰ ਇੰਡੀਆ ਕਾਫ਼ੀ ਥੀਏਟਰ ਕੀਤਾ ਹੈ, ਉਸ ਨੇ ਆਪਣੇ ਉੱਥੋਂ ਦੇ ਤਜਰਬੇ ਸਾਂਝੇ ਕੀਤੇ। ਮਨਪ੍ਰੀਤ ਰਿਆਤ ਨੇ ਕਲਾਕਾਰ ਦੇ ਤੌਰ 'ਤੇ ਦੱਸਿਆ ਕਿ ਨਾਟਕਾਂ ਤੋਂ ਪਹਿਲਾਂ ਉਸ ਨੂੰ ਸਾਹਿਤ ਬਾਰੇ ਕੋਈ ਸਮਝ ਨਹੀਂ ਸੀ। ਟੀਮ ਵਿੱਚ ਕੰਮ ਕਰਦਿਆਂ ਉਸ ਨੂੰ ਨਿਵੇਕਲੇ ਤਜਰਬੇ ਹੋਏ ਹਨ। ਡਾ. ਵਿਵੇਕਜੋਤ ਬਰਾੜ ਨੇ ਦਰਸ਼ਕਾਂ ਦੇ ਪੱਖ ਤੋਂ ਬੋਲਦਿਆਂ ਕਿਹਾ ਕਿ ਅੱਜ ਕੱਲ ਅਸੀਂ ਅਲੋਚਨਾ ਨਹੀਂ ਕਰਦੇ। ਜੋ ਲੋਕ ਸਾਡੇ ਸਾਹਮਣੇ ਪਰੋਸੀ ਜਾਂਦੇ ਹਨ ਅਸੀਂ ਸਵੀਕਾਰੀ ਜਾਂਦੇ ਹਾਂ ਇਹ ਇੱਕ ਗਲਤ ਰੁਝਾਨ ਹੈ ਜਿਸ ਤੇ ਗੌਰ ਹੋਣੀ ਚਾਹੀਦੀ ਹੈ। ਪ੍ਰਿੰਸ ਗੋਸਵਾਮੀ ਕਲਾਕਾਰ ਨੇ ਦੱਸਿਆ ਕਿ ਬਹੁਤੀਆਂ ਟੀਮਾਂ ਵਿੱਚ ਕਲਾਕਾਰ ਆਪਣਾ ਹੋਮਵਰਕ ਅਰਥਾਤ ਸਕ੍ਰਿਪਟ ਘਰੋਂ ਯਾਦ ਨਹੀਂ ਕਰਦੇ ਸਗੋਂ ਇੱਥੇ ਆ ਕੇ ਬਹੁਤ ਸਾਰਾ ਸਮਾਂ ਬਰਬਾਦ ਕਰਦੇ ਹਨ। ਇਸ ਬਾਰੇ ਸਵੈ-ਪੜਚੋਲ ਦੀ ਜ਼ਰੂਰਤ ਹੈ।

ਵਿੱਨੀਪੈੱਗ ਤੋਂ ਆਈ ਕਲਾਕਾਰ ਜਸਵੀਰ ਮੰਗੂਵਾਲ ਨੇ ਆਪਣੇ ਸਰ੍ਹੀ ਤੇ ਵਿਨੀਪੈੱਗ ਦੇ ਰੰਗਮੰਚ 'ਤੇ ਚਾਨਣਾ ਪਾਇਆ ਕਿ ਹੁਣ ਉੱਥੇ ਵੀ ਬਿਕਰਮ ਮੋਗਾ ਦੀ ਅਗਵਾਈ ਵਿੱਚ ਲਗਾਤਾਰ ਨਾਟਕ ਹੋ ਰਹੇ ਹਨ। ਨੌਜਵਾਨ ਨਾਟਕਕਾਰ, ਡਾਇਰੈਕਟਰ ਤੇ ਐਕਟਰ ਬੀਰ ਬਟਾਲਵੀ ਜੋ ਬਹੁਤ ਹੀ ਸ਼ਿੱਦਤ ਨਾਲ਼ ਲਗਾਤਾਰ ਨਾਟਕ ਕਰ ਰਿਹਾ ਹੈ ਉਸ ਨੇ ਆਪਣੇ ਨਾਲ਼ ਬਹੁਤ ਸਾਰੇ ਨੌਜਵਾਨ ਜੋੜੇ ਹੋਏ ਹਨ। ਰੀਹਰਸਲਾਂ ਕਰਨ ਲਈ ਜਗ੍ਹਾਂ ਦੀ ਸਮੱਸਿਆ ਬਾਰੇ ਉਸ ਨੇ ਵੀ ਚਿੰਤਾ ਜ਼ਾਹਰ ਕੀਤੀ। ਅਜਮੇਰ ਰੋਡੇ ਨੇ ਕਿਹਾ ਕਿ ਇੱਥੇ ਆਰਟ ਕੌਂਸਲ ਕੈਨੇਡਾ ਗ੍ਰਾਂਟ ਦਿੰਦੀ ਹੈ ਸਾਨੂੰ ਉਹ ਦੇ ਲਈ ਅਰਜ਼ੀ ਦੇਣੀ ਚਾਹੀਦੀ ਤੇ ਗ੍ਰਾਂਟ ਹਾਸਲ ਕਰਨੀ ਚਾਹੀਦੀ ਹੈ ਤਾਂ ਕਿ ਖ਼ਰਚੇ ਪੂਰੇ ਕੀਤੇ ਜਾ ਸਕਣ। ਬਖ਼ਸ਼ਿੰਦਰ ਸਿੰਘ ਨੇ ਪੰਜਾਬ ਵਿੱਚ ਆਪਣੇ ਕੀਤੇ ਨਾਟਕਾਂ ਵਿੱਚ ਇੱਕ ਕਲਾਕਾਰ ਆਪਣੀ ਕਲਾਕਾਰੀ ਦਾ ਲੋਹਾ ਕਿਵੇਂ ਮੰਨਵਾ ਸਕਦਾ ਹੈ, ਨੂੰ ਸਾਂਝਾ ਕੀਤਾ। ਪਰਮਿੰਦਰ ਸਵੈਚ ਨੇ ਕਿਹਾ ਕਿ ਉਹ ਆਪਣੇ ਨਾਟਕਾਂ ਵਿੱਚ ਰਾਜਨੀਤਕ, ਆਰਥਿਕ, ਸਮਾਜਿਕ, ਸਭਿਆਚਾਰਕ ਤੇ ਧਾਰਮਿਕ ਤਾਣੇ ਬਾਣੇ ਦੇ ਆਰਪਾਰ ਝਾਕਣ ਦੀ ਕੋਸ਼ਿਸ਼ ਕਰਦੀ ਹੈ। ਉਸ ਦੇ ਨਾਟਕਾਂ ਦੇ ਵਿਸ਼ੇ ਭਰੂਣ ਹੱਤਿਆ, ਗੈਂਗਵਾਰ, ਧਾਰਮਿਕ ਪਖੰਡ ਦੀ ਰਜ਼ਾ ਵਿੱਚ ਜਿਉਂਦੇ, ਅੰਧ-ਵਿਸ਼ਵਾਸ ਦੇ ਜ਼ਾਲੇ ਵਿੱਚ ਫਸੇ, ਸਿਆਸੀ ਭ੍ਰਿਸ਼ਟਰਾਚਾਰ ਦੀ ਛੱਤਰੀ ਹੇਠ ਪਲ਼ਦੇ, ਸੂਝ-ਬੂਝ ਤੋਂ ਕੋਰੇ, ਰੋਟੀ-ਰੋਜ਼ੀ ਲਈ ਸ਼ਿਫਟਾਂ ਲਈ ਜੂਝਦੇ, ਔਰਤਾਂ ਦੀ ਤਰਾਸਦੀ, ਪ੍ਰਵਾਸੀ ਪਰਿਵਾਰਾਂ ਦੀ ਟੁੱਟ ਭੱਜ, ਵਿਦਿਆਰਥੀਆਂ ਲਈ ਪ੍ਰਵਾਸ ਦੇ ਸਿੱਟੇ, ਸਰਕਾਰਾਂ ਦੇ ਲੁਕਵੇਂ ਲੁੱਟਣ ਢੰਗ, ਦੋਹਰੇ ਪੰਜਾਬੀ ਸਮਾਜ ਵਿੱਚ ਪਲ਼ਦੇ ਭਵਿੱਖ ਲਈ ਰੌਸ਼ਨ ਰਾਹਾਂ ਵੱਲ਼ ਸੇਧਤ ਨੁਕਤੇ ਅਤੇ ਪੰਜਾਬ ਦੇ ਅਮੀਰ ਵਿਰਸੇ ਦੇ ਇਤਿਹਾਸ ਨੂੰ ਭਵਿੱਖ ਦੇ ਕਦਮਾਂ ਵਿੱਚ ਅਜੋਕੇ ਹਲਾਤਾਂ ਨਾਲ਼ ਮੇਲ ਕੇ ਗੱਲ ਕਰਨ ਦੀ ਕੋਸ਼ਿਸ਼ ਕੀਤੀ ਹੈ ਆਪਣੇ ਕੁੱਝ ਨਾਟਕਾਂ ਬਾਰੇ ਵੀ ਜ਼ਿਕਰ ਕੀਤਾ। ਉਹ ਲਗਾਤਾਰ ਨਾਟਕ ਲਿਖ ਤੇ ਮੰਚਨ ਵਿੱਚ ਹਿੱਸਾ ਲੈ ਰਹੀ ਹੈ। ਅੰਤ ਵਿੱਚ ਨੌਜਵਾਨ ਕਲਾਕਾਰ ਸਿਮਰਨ ਕ੍ਰਾਂਤੀ ਨੇ ਨਿਰਮਲ ਵਰਮਾ ਦੀ ਹਿੰਦੀ ਕਹਾਣੀ "ਧੂਪ ਦਾ ਇੱਕ ਟੁਕੜਾ' ਨੂੰ ਨਾਟਕੀ ਰੂਪ ਵਿੱਚ ਪੇਸ਼ ਕੀਤਾ ਜਿਸ ਨੂੰ ਸਾਰੇ ਦਰਸ਼ਕਾਂ ਨੇ ਬਹੁਤ ਸਲਾਹਿਆ। ਅੰਤ ਵਿੱਚ ਥੈਸਪਿਸ ਆਰਟ ਕਲੱਬ ਵਲੋਂ ਜਸਕਰਨ ਨੇ ਸਾਰੇ ਦਰਸ਼ਕਾਂ ਅਤੇ ਪੰਜਾਬ ਬੈਂਕੁਇਟ ਹਾਲ ਦੇ ਸ਼ੰਮਾ ਗਿੱਲ ਭਾ ਜੀ ਦਾ ਬਹੁਤ ਬਹੁਤ ਧੰਨਵਾਦ ਕੀਤਾ।

# ਅਮਰੀਕਾ 'ਚ ਟਰੰਪਸ਼ਾਹੀ ਵਿਰੁੱਧ ਵਿਆਪਕ ਪ੍ਰਦਰਸ਼ਨਾਂ ਦੀ ਗੂੰਜ



ਬੂਟਾ ਸਿੰਘ
ਮਹਿਮੂਦਪੁਰ
94634-74342

ਅਨੁਭਵ ਦੇ ਮੱਦੇਨਜ਼ਰ ਉਹ ਟਰੰਪ ਪ੍ਰਸ਼ਾਸਨ ਦੇ ਗੱਲਬਾਤ ਦੇ ਢੌਂਗ ਅਤੇ ਇਸ ਬਹਾਨੇ ਧਾੜਵੀ ਗੱਠਜੋੜ ਦੇ ਇਰਾਨ ਦੀ ਲੀਡਰਸ਼ਿੱਪ ਨੂੰ ਆਪਣੇ ਫੰਦੇ ਵਿਚ ਫਸਾਉਣ ਦੇ ਦੁਸ਼ਟ ਇਰਾਦਿਆਂ ਬਾਰੇ ਵੀ ਬਹੁਤ ਚੁਕੰਨੇ ਹਨ। ਇਸੇ ਲਈ ਉਹ ਜੰਗ ਨੂੰ ਵਕਤੀ ਤੌਰ 'ਤੇ ਰੋਕਣ ਲਈ ਗੱਲਬਾਤ ਵਿਚ ਪੈਣ ਦੀ ਬਜਾਏ ਪੱਕੇ ਰੂਪ 'ਚ ਖ਼ਤਮ ਕਰਨ ਲਈ ਆਪਣੀਆਂ ਸ਼ਰਤਾਂ ਉੱਪਰ ਜ਼ੋਰ ਦੇ ਰਹੇ ਹਨ। ਆਪਣੀ ਅਤਿ-ਆਧੁਨਿਕ ਧੜਵੈਲ ਫ਼ੌਜੀ ਤਾਕਤ ਦੇ ਹੰਕਾਰ ਵਿਚ ਅੰਨ੍ਹੇ ਹੋਏ ਟਰੰਪ ਗੈਂਗ ਦੀਆਂ ਗਿਣਤੀਆਂ-ਮਿਣਤੀਆਂ ਇਕ ਵਾਰ ਤਾਂ ਪੁੱਠੀਆਂ ਪੈ ਗਈਆਂ ਹਨ। ਅਤਿ-ਆਧੁਨਿਕ ਜੰਗੀ ਤਕਨੀਕ ਦੇ ਜ਼ੋਰ ਇਰਾਨ ਦਾ ਆਤਮ-ਸਮਰਪਣ ਕਰਾਉਣ ਦੀ ਮਾਅਰਕੇਬਾਜ਼ੀ ਉੱਪਰ ਟਰੰਪ ਨੂੰ ਬੇਥਾਹ ਮਾਲੀ ਵਸੀਲੇ ਝੋਕਣੇ ਪੈ ਰਹੇ ਹਨ। ਟਰੰਪ ਪ੍ਰਸ਼ਾਸਨ ਦੇ ਅੰਦਰ ਵੀ ਵਿਰੋਧ ਹੋ ਰਿਹਾ ਹੈ। ਟਰੰਪ ਜੁੰਡਲੀ ਨੂੰ ਇਹ ਆਸ ਨਹੀਂ ਸੀ ਕਿ ਇਰਾਨ ਆਪਣੀ ਸਿਰਮੌਰ ਲੀਡਰਸ਼ਿੱਪ ਦਾ ਕਤਲੇਆਮ ਝੱਲਕੇ ਧਾੜਵੀ ਹਮਲੇ ਵਿਰੁੱਧ ਐਨੀ ਦਿ ?ਰੜਤਾ ਨਾਲ ਡਟ ਜਾਵੇਗਾ ਅਤੇ ਡੂੰਘੀ ਯੁੱਧਨੀਤਕ ਸੂਝ ਤਹਿਤ ਵਿਉਂਤਬੰਦੀ ਨਾਲ ਸਖ਼ਤ ਟੱਕਰ ਦੇਵੇਗਾ।

ਅਮਰੀਕੀ-ਇਜ਼ਰਾਇਲੀ ਖ਼ੁਫ਼ੀਆ ਤੰਤਰ ਨੇ ਇਸ ਪੱਖ ਨੂੰ ਬਹੁਤ ਵਧਾ-ਚੜ੍ਹਾ ਕੇ ਦੇਖਿਆ ਕਿ ਇਰਾਨੀ ਲੋਕਾਂ ਦੇ ਜੋ ਹਿੱਸੇ ਆਰਥਕ ਤੇ ਹੋਰ ਘਰੇਲੂ ਮੁੱਦੇ ਉਠਾਕੇ ਖ਼ਾਮੇਨੇਈ ਰਾਜ ਦੇ ਖਿ ?ਲਾਫ਼ ਵਿਰੋਧ-ਪ੍ਰਦਰਸ਼ਨ ਕਰ ਰਹੇ ਹਨ, ਉਹ ਅਮਰੀਕੀ ਫ਼ੌਜ ਵੱਲੋਂ ਹਮਲਾ ਕਰਦੇ ਸਾਰ ਟਰੰਪ-ਨੇਤਨਯਾਹੂ ਦੇ ਹਕੂਮਤ ਬਦਲਣ ਦੇ ਪ੍ਰੋਜੈਕਟ ਦੀ ਹਮਾਇਤ 'ਚ ਬਗ਼ਾਵਤ ਕਰ ਦੇਣਗੇ। ਸਾਮਰਾਜੀ ਠੱਗ ਅਤੇ ਉਨ੍ਹਾਂ ਦਾ ਖ਼ੁਫ਼ੀਆਤੰਤਰ ਇਰਾਨ ਵੱਲੋਂ ਦਹਾਕਿਆਂ ਤੋਂ ਅਜਿਹੇ ਹਮਲੇ ਦੀ ਸੰਭਾਵਨਾ ਮੰਨਕੇ ਬਾਰੀਕੀ ਨਾਲ ਕੀਤੀ ਫ਼ੌਜੀ ਤਿਆਰੀ ਦਾ ਅੰਦਾਜ਼ਾ ਨਹੀਂ ਲਾ ਸਕੇ ਅਤੇ ਹੁਣ ਹੌਰਮੁਜ਼ ਸਮੁੰਦਰੀ ਮਾਰਗ ਬੰਦ ਕੀਤੇ ਜਾਣ ਨਾਲ ਬਣੇ ਤੇਲ-ਗੈਸ ਦੇ ਸੰਕਟ ਵਿੱਚੋਂ ਕਿਸੇ ਤਰ੍ਹਾਂ ਨਿਕਲਣਾ ਚਾਹੁੰਦੇ ਹਨ। ਆਪਣੀ ਆਦਤ ਅਨੁਸਾਰ ਟਰੰਪ ਵਿਆਪਕ ਤਬਾਹੀ ਮਚਾਕੇ ਇਰਾਨ ਨੂੰ ਬਰਬਾਦ ਕਰਨ ਦੀਆਂ ਧਮਕੀਆਂ ਦੇ ਰਿਹਾ ਹੈ। ਉਹ ਇਰਾਨ ਦੇ ਅੰਦਰ ਫ਼ੌਜ ਭੇਜਕੇ ਯੂਰੇਨੀਅਮ ਕਬਜ਼ੇ ਵਿਚ ਲੈਣ ਦੀਆਂ ਬੜਕਾਂ ਮਾਰ ਰਿਹਾ ਹੈ ਪਰ ਸੰਕੇਤਕ ਰੂਪ 'ਚ ਫ਼ੌਜ ਭੇਜਣ ਤੋਂ ਅੱਗੇ ਵਧਕੇ ਫ਼ੈਸਲਾਕੁਨ ਹਮਲਾ ਕਰਨ ਤੋਂ ਵੀ ਬਚਦਾ ਸਾਫ਼ ਦੇਖਿਆ ਜਾ ਸਕਦਾ ਹੈ। ਜੇਕਰ ਟਰੰਪ ਇਰਾਨ ਦੇ ਅੰਦਰ ਜ਼ਮੀਨੀਂ ਹਮਲਾ ਕਰਦਾ ਹੈ ਤਾਂ ਇਹ ਤੈਅ ਹੈ ਕਿ ਇਰਾਨ ਆਪਣੀ ਹਸਤੀ ਦੀ ਰਾਖੀ ਲਈ ਡੱਟਕੇ ਲੜੇਗਾ।

ਆਖ਼ਿਰਕਾਰ ਇਸ ਜੰਗ ਦਾ ਅੰਤ ਚਾਹੇ ਕੁਝ ਵੀ ਹੋਵੇ, ਟਰੰਪ ਦੀ ਅਗਵਾਈ ਹੇਠ ਅਮਰੀਕੀ ਸਟੇਟ ਵੱਲੋਂ ਮਚਾਈ ਹਾਲੀਆ ਹਨੇਰਗਰਦੀ ਕਾਰਨ ਦੁਨੀਆ ਪ੍ਰਮਾਣੂ ਯੁੱਧ ਦੇ ਖ਼ਤਰੇ ਦੇ ਕੰਢੇ 'ਤੇ ਖੜ੍ਹੀ ਮਹਿਸੂਸ ਕਰ ਰਹੀ ਹੈ। ਮਾਨਵਤਾਵਾਦੀ, ਅਮਨ ਪ੍ਰੇਮੀ ਫ਼ਿਕਰ ਵਿਰੋਧ-ਪ੍ਰਦਰਸ਼ਨਾਂ ਵਿਚ ਬਦਲ ਰਹੇ ਹਨ। ਇਕ ਪਾਸੇ, ਅਮਰੀਕੀ-ਇਜ਼ਰਾਇਲੀ ਹਕੂਮਤਾਂ ਵੱਲੋਂ ਥੋਪੀ ਇਸ ਨਹੱਕੀ ਜੰਗ ਦੇ ਪੂਰੀ ਤਰ੍ਹਾਂ ਨਜਾਇਜ਼ ਹੋਣ ਵਿਰੁੱਧ ਅਤੇ ਦੂਜੇ ਪਾਸੇ ਇਸ ਜੰਗ ਕਾਰਨ ਪੈਦਾ ਹੋਏ ਸੰਕਟ ਦੇ ਅਸਰਾਂ ਤੋਂ ਤੰਗ ਲੋਕਾਈ ਵਿਚ ਉੱਠ ਰਹੇ ਗੁੱਸੇ ਦਾ ਇਜ਼ਹਾਰ ਜੰਗ ਵਿਰੋਧੀ ਮੁਜ਼ਾਹਰਿਆਂ ਦੇ ਰੂਪ 'ਚ ਹੋਣਾ ਸ਼ੁਰੂ ਹੋ ਗਿਆ ਹੈ। ਹਾਲ ਹੀ ਵਿਚ ਅਮਰੀਕਾ ਅਤੇ ਯੂਰਪ ਵਿਚ ਵੱਡੇ ਮੁਜ਼ਾਹਰੇ ਹੋਏ ਹਨ। 29 ਮਾਰਚ ਨੂੰ 'ਨੋ ਕਿੰਗਜ਼' ਮੁਹਿੰਮ ਤਹਿਤ ਲੱਖਾਂ ਲੋਕ ਟਰੰਪ ਦੀਆਂ ਨੀਤੀਆਂ ਵਿਰੁੱਧ ਅਤੇ ਇਰਾਨ ਜੰਗ ਵਿਰੁੱਧ ਸੜਕਾਂ 'ਤੇ ਆਏ। ਲਗਾਤਾਰਤਾ ਪੱਖੋਂ ਦੇਖੀਏ ਤਾਂ ਇਹ ਵਿਰੋਧ-







ਪ੍ਰਦਰਸ਼ਨ ਅਤੇ ਇਕੱਠ ਟਰੰਪ ਦੇ ਦੂਜੀ ਵਾਰ ਰਾਸ਼ਟਰਪਤੀ ਬਣਨ ਤੋਂ ਬਾਅਦ ਮੁਲਕ ਪੱਧਰ 'ਤੇ ਸ਼ੁਰੂ ਹੋਏ "ਨੋ ਕਿੰਗਜ਼" ਵਿਰੋਧ ਦਾ ਤੀਜਾ ਗੇੜ ਹੈ। ਪਿਛਲੇ ਸਾਲ ਜੂਨ ਅਤੇ ਅਕਤੂਬਰ ਵਿਚ ਹੋਏ "ਨੋ ਕਿੰਗਜ਼" ਵਿਰੋਧ-ਪ੍ਰਦਰਸ਼ਨਾਂ ਵਿਚ ਵੀ ਦਹਿ-ਲੱਖਾਂ ਲੋਕ ਸ਼ਾਮਲ ਹੋਏ ਸਨ। ਮੁਹਿੰਮ ਦੀ ਜਨਤਕ ਹਮਾਇਤ ਅਤੇ ਮੁੱਦਿਆਂ ਦਾ ਘੇਰਾ ਵਧਦਾ ਜਾਂਦਾ ਹੈ। ਟਰੰਪ ਦਾ ਸਾਮਰਾਜੀ ਹਲਕਾ ਵਧਣ ਨਾਲ ਇਸ ਵਿਰੋਧ ਦੇ ਹੋਰ ਵਧਣ ਦੀਆਂ ਸੰਭਾਵਨਾਵਾਂ ਹਨ।

ਅਮਰੀਕਾ ਦਾ ਮਿਨੇਸੋਟਾ ਸੂਬਾ ਪਿਛਲੇ ਮਹੀਨਿਆਂ ਤੋਂ ਟਰੰਪ ਦੀਆਂ ਪਰਵਾਸ ਨੀਤੀਆਂ ਵਿਰੁੱਧ ਸੰਘਰਸ਼ ਦਾ ਮੁੱਖ ਕੇਂਦਰ ਬਣਿਆ ਹੈ। ਟਰੰਪ ਸਰਕਾਰ ਵੱਲੋਂ ਗ਼ੈਰਕਾਨੂੰਨੀ ਪ੍ਰਵਾਸੀਆਂ ਦੇ ਨਾਂ ਹੇਠ ਪਰਵਾਸੀ ਲੋਕਾਂ ਦਾ ਸ਼ਿਕਾਰ ਖੇਡਣ ਲਈ ਖੁੱਲ੍ਹੀ ਛੱਡੀ 'ਆਈਸ' ਦੇ ਦਹਿਸ਼ਤਵਾਦੀ ਹਮਲਿਆਂ ਨੂੰ ਅਮਰੀਕੀ ਲੋਕਾਂ ਵੱਲੋਂ ਸੜਕਾਂ ਉੱਪਰ ਆ ਕੇ ਜ਼ੋਰਦਾਰ ਚੁਣੌਤੀ ਦਿੱਤੀ ਗਈ




ਅਤੇ 'ਨੋ ਕਿੰਗਜ਼' ਦਾ ਨਾਅਰਾ ਬੁਲੰਦ ਕਰਕੇ ਟਰੰਪ ਗੈਂਗ ਦੇ ਫਾਸ਼ੀ ਰਾਜ ਨੂੰ ਰੱਦ ਕੀਤਾ ਗਿਆ। 'ਨੋ ਕਿੰਗਜ਼' ਮੁਜ਼ਾਹਰੇ ਅਜੋਕੇ ਅਮਰੀਕੀ ਇਤਿਹਾਸ ਵਿਚ ਸਭ ਤੋਂ ਵੱਡੇ ਵਿਰੋਧ ਪ੍ਰਦਰਸ਼ਨਾਂ ਦੇ ਰੂਪ ਵਿਚ ਦਰਜ ਹੋਏ ਹਨ। 29 ਮਾਰਚ ਦੇ ਮੁਜ਼ਾਹਰਿਆਂ ਵਿਚ 80 ਲੱਖ ਲੋਕਾਂ ਨੇ ਹਿੱਸਾ ਲਿਆ। 'ਨੋ ਕਿੰਗਜ਼' ਵੈੱਬਸਾਈਟ ਅਨੁਸਾਰ ਅਮਰੀਕਾ ਵਿਚ 3300 ਤੋਂ ਵੱਧ ਥਾਵਾਂ 'ਤੇ ਵੱਡੇ-ਵੱਡੇ ਇਕੱਠ ਹੋਏ। ਅਮਰੀਕਾ ਅਤੇ ਯੂਰਪ ਦੇ ਵੱਡੇ ਅਖ਼ਬਾਰਾਂ ਦੀਆਂ ਰਿਪੋਰਟਾਂ ਵੀ ਇਨ੍ਹਾਂ ਇਕੱਠਾਂ ਦੀ ਵਿਸ਼ਾਲਤਾ ਅਤੇ ਵੰਨ-ਸੁਵੰਨਤਾ ਦੀ ਪੁਸ਼ਟੀ ਕਰਦੀਆਂ ਹਨ। ਇਨ੍ਹਾਂ ਇਕੱਠਾਂ ਵਿਚ ਟਰੰਪ ਦੀ ਤਾਨਾਸ਼ਾਹੀ, ਕਰੂਰ ਪਰਵਾਸ ਨੀਤੀਆਂ ਅਤੇ ਇਰਾਨ ਜੰਗ ਵਿਰੁੱਧ ਜ਼ੋਰਦਾਰ ਆਵਾਜ਼ ਗੂੰਜੀ। ਇਹ ਵਿਆਪਕ ਹੁੰਗਾਰਾ ਅਤੇ ਹਕੂਮਤ ਦੇ ਫਾਸ਼ੀ ਹੱਲਿਆਂ ਤੋਂ ਨਿਧੜਕ ਲੋਕਾਂ ਦੀ ਸ਼ਮੂਲੀਅਤ ਦੱਸਦੀ ਹੈ ਕਿ ਟਰੰਪ ਦੀ ਕਥਿਤ ਮਕਬੂਲੀਅਤ ਤੇਜ਼ੀ ਨਾਲ ਘਟ ਰਹੀ ਹੈ।

ਪਿਛਲੇ ਸਾਲ ਜਦੋਂ ਟਰੰਪ ਨੇ ਲਾਸ ਏਂਜਲਸ ਅਤੇ ਸ਼ਿਕਾਗੋ ਵਿਚ ਜਬਰ ਕਰਨ ਲਈ ਫੈਡਰਲ ਏਜੰਟ ਭੇਜੇ ਤਾਂ ਲੋਕਾਂ ਨੇ "ਆਈਸ ਦਫ਼ਾ ਹੋਵੋ" ਦੀ ਮੰਗ ਕਰਦਿਆਂ ਸੜਕਾਂ ਉੱਪਰ ਆ ਕੇ ਜ਼ੋਰਦਾਰ ਵਿਰੋਧ ਕੀਤਾ। ਜਦੋਂ ਲੋਕਾਂ ਨੇ ਮਹਿਸੂਸ ਕੀਤਾ ਕਿ ਟਰੰਪ ਦੇ ਅਜਾਰੇਦਾਰ ਕਾਰਪੋਰੇਟ ਜੁੰਡੀ-ਯਾਰਾਂ (ਕਾਰਪੋਰੇਸ਼ਨਾਂ) ਤੱਕ ਵਿਰੋਧ ਦਾ ਸੇਕ ਪਹੁੰਚਾਉਣਾ ਜ਼ਰੂਰੀ ਹੈ ਤਾਂ ਉਨ੍ਹਾਂ ਨੇ ਟਾਰਗੈੱਟ, ਟੇਸਲਾ ਅਤੇ ਐਮਾਜ਼ਨ ਕਾਰਪੋਰੇਸ਼ਨਾਂ ਦੇ ਬਾਈਕਾਟ ਦੇ ਸੱਦੇ ਦਿੱਤੇ। ਵਿਦਿਅਕ ਸੰਸਥਾਵਾਂ ਅਤੇ ਆਪਣੇ ਭਾਈਚਾਰਿਆਂ ਵਿਚ ਆਈਸ ਦੇ ਏਜੰਟਾਂ ਦੀ ਮੌਜੂਦਗੀ ਵਿਰੁੱਧ ਵਿਦਿਆਰਥੀਆਂ ਦਾ ਗੁੱਸਾ ਕਲਾਸਾਂ ਤੋਂ ਬਾਹਰ ਨਿਕਲਕੇ ਸਮੂਹਿਕ ਵਿਰੋਧ ਕਰਨ ਦੇ ਰੂਪ 'ਚ ਸਾਹਮਣੇ ਆਇਆ।

ਇਨ੍ਹਾਂ ਵਿਰੋਧ-ਪ੍ਰਦਰਸ਼ਨਾਂ, ਖ਼ਾਸ ਕਰਕੇ 29 ਮਾਰਚ ਦੀ ਮੁਹਿੰਮ ਦੀ ਖ਼ਾਸ ਖ਼ੂਬੀ ਇਨ੍ਹਾਂ ਦੀ ਵਿਸ਼ਾਲਤਾ ਯਾਨੀ ਲੋਕਾਈ ਨੂੰ ਇਨ੍ਹਾਂ ਮੁੱਦਿਆਂ ਉੱਪਰ ਜਾਗਰੂਕ ਕਰਕੇ ਸੜਕਾਂ 'ਤੇ ਲੈ ਆਉਣ ਦੀ ਕਾਮਯਾਬੀ ਹੈ। ਇਸ ਮੁਹਿੰਮ ਦੇ ਜਥੇਬੰਦਕਾਂ ਦਾ ਅੰਦਾਜ਼ਾ ਹੈ ਕਿ 29 ਮਾਰਚ ਨੂੰ 80 ਲੱਖ ਤੋਂ ਵੱਧ ਲੋਕਾਂ ਨੇ ਹਿੱਸਾ ਲਿਆ ਅਤੇ ਇਹ ਇੱਕੋ ਦਿਨ ਵਿਚ ਅਮਰੀਕਾ ਦੇ ਸਭ ਤੋਂ ਵੱਡੇ ਵਿਰੋਧ-ਪ੍ਰਦਰਸ਼ਨ ਹੋ ਨਿੱਬੜੇ। ਸਾਢੇ ਚੌਂਤੀ ਕਰੋੜ ਵਸੋਂ ਵਾਲੇ ਮੁਲਕ ਵਿਚ ਵਿਰੋਧ-ਪ੍ਰਦਰਸ਼ਨਾਂ ਵਿਚ 80 ਲੱਖ ਦੇ ਲਗਭਗ ਸ਼ਮੂਲੀਅਤ ਬਹੁਤ ਮਾਇਨੇ ਰੱਖਦੀ ਹੈ। ਕਿਹਾ ਜਾਂਦਾ ਹੈ ਕਿ ਇਸ ਤੋਂ ਪਹਿਲਾਂ ਇੱਕੋ ਦਿਨ ਵਿਚ ਇਸ ਮੁਲਕ ਵਿਚ ਸਭ ਤੋਂ ਵੱਡਾ ਵਿਰੋਧ-ਪ੍ਰਦਰਸ਼ਨ "ਦੀ ਫਸਟ ਡੈੱਥ ਡੇ" 1970 ਵਿਚ ਹੋਇਆ ਸੀ ਜਦੋਂ ਅੰਦਾਜ਼ਨ ਵੀਹ ਲੱਖ ਲੋਕਾਂ ਨੇ ਵਾਤਵਰਣ ਰੈਲੀਆਂ ਅਤੇ ਟੀਚ-ਇਨ ਵਿਚ ਹਿੱਸਾ ਲਿਆ ਸੀ।

ਇਹ ਵਿਰੋਧ-ਪ੍ਰਦਰਸ਼ਨ ਸਿਰਫ਼ ਨਿਊ ਯਾਰਕ ਸਿਟੀ, ਵਾਸ਼ਿੰਗਟਨ ਡੀਸੀ, ਲਾਸ ਏਂਜਲਸ, ਸਾਨ ਫਰਾਂਸਿਸਕੋ, ਸ਼ਿਕਾਗੋ, ਮਿਨੇਸੋਟਾ ਜੌੜੇ ਸ਼ਹਿਰਾਂ ਵਰਗੇ ਵੱਡੇ ਸ਼ਹਿਰੀ ਕੇਂਦਰਾਂ ਤੱਕ ਮਹਿਦੂਦ ਨਹੀਂ ਰਹੇ ਸਗੋਂ ਛੋਟੇ ਸ਼ਹਿਰਾਂ, ਉੱਪ ਨਗਰਾਂ ਅਤੇ ਪੇਂਡੂ ਖੇਤਰਾਂ ਤੱਕ ਵੀ ਫੈਲ ਗਏ। ਇਨ੍ਹਾਂ ਵਿਚ ਹਿੱਸਾ ਲੈਣ ਵਾਲਿਆਂ ਦਾ ਲਗਭਗ ਦੋ-ਤਿਹਾਈ ਮਹਾਨਗਰਾਂ ਤੋਂ ਬਾਹਰਲੇ ਖੇਤਰਾਂ ਤੋਂ ਸੀ, ਜਿਸ ਤੋਂ ਪਤਾ ਲੱਗਦਾ ਹੈ ਕਿ ਟਰੰਪ ਹਕੂਮਤ ਵਿਰੁੱਧ ਅਸੰਤੋਸ਼ ਪੂਰੇ ਮੁਲਕ ਵਿਚ ਫੈਲਦਾ ਜਾਂਦਾ ਹੈ।

ਸੇਂਟ ਪਾਲ, ਮਿਨੇਸੋਟਾ ਦੇ ਵਿਰੋਧ-ਪ੍ਰਦਰਸ਼ਨ ਵਿਚ ਦਹਿ-ਹਜ਼ਾਰਾਂ ਲੋਕਾਂ ਸੜਕਾਂ 'ਤੇ ਨਿਕਲ ਆਏ। ਬਰੂਸ ਸਪਰਿੰਗਟੀਨ ਦਾ ਟਰੰਪ ਦੀ ਸ਼ਿਸ਼ਕੇਰੀ ਆਈਸ ਵੱਲੋਂ ਮਚਾਏ ਮੌਤ ਅਤੇ ਤਬਾਹੀ ਦੇ ਤਾਂਡਵ ਬਾਰੇ ਆਪਣਾ ਗੀਤ "ਸਟਰੀਟਸ ਆਫ ਮਿਨੇਪੋਲਿਸ" ਗਾਉਣਾ ਦੱਸਦਾ ਹੈ ਕਿ ਕਲਾ ਤੇ ਗਾਇਕੀ ਦੇ ਖੇਤਰ ਵੀ ਸੱਤਾ ਵਿਰੁੱਧ ਅਸੰਤੋਸ਼ ਤੋਂ ਅਛੋਹ ਨਹੀਂ ਹਨ।

ਇਸ ਸੱਦੇ ਨੂੰ ਹੁੰਗਾਰੇ ਦਾ ਅੰਤਰਰਾਸ਼ਟਰੀ ਪੱਖ ਵੀ ਗਿਣਨਯੋਗ ਹੈ। ਇਸ ਸੱਦੇ ਨਾਲ ਇਕਮੁੱਠਤਾ ਪ੍ਰਗਟਾਉਂਦਿਆਂ ਪੈਰਿਸ, ਬਰਲਿਨ, ਰੋਮ ਅਤੇ ਲਿਸਬਨ ਵਰਗੇ ਵੱਡੇ ਯੂਰਪੀ ਕੇਂਦਰਾਂ ਵਿਚ ਵੀ ਇਕਮੁੱਠਤਾ ਮੁਜ਼ਾਹਰੇ ਹੋਏ ਜਿਨ੍ਹਾਂ ਵਿਚ ਅਮਰੀਕੀ ਪਰਵਾਸੀਆਂ ਦੇ ਨਾਲ ਸਥਾਨਕ ਨਾਗਰਿਕ ਵੀ ਸ਼ਾਮਲ ਹੋਏ। ਇਹ ਆਲਮੀ ਪਾਸਾਰ ਅਮਰੀਕੀ ਹਕੂਮਤੀ ਨੀਤੀਆਂ ਅਤੇ ਲੀਡਰਸ਼ਿੱਪ ਦੇ ਸੁਪਰ ਪਾਵਰ ਵਾਲੇ ਧੌਂਸਬਾਜ਼ ਰਵੱਈਏ ਦੀ ਕੌਮਾਂਤਰੀ ਪੱਧਰ 'ਤੇ ਮਹਿਸੂਸ ਕੀਤੀ ਜਾ ਰਹੀ ਚੋਭ ਨੂੰ ਦਰਸਾਉਂਦਾ ਹੈ। ਘੋਰ ਸੱਜੇਪੱਖ ਵਿਰੁੱਧ ਇਕ ਵਿਆਪਕ ਪ੍ਰਦਰਸ਼ਨ ਯੂ.ਕੇ. ਵਿਚ ਵੀ ਹੋਇਆ ਹੈ, ਹਾਲਾਂਕਿ ਉਹ ਇਸ ਸੱਦੇ ਨਾਲ ਸੰਬੰਧਤ ਨਹੀਂ ਸੀ ਪਰ ਘੋਰ ਪਿਛਾਖੜੀ ਤਾਕਤਾਂ ਦੇ ਉਭਰਨ ਦੇ ਖ਼ਤਰੇ ਵਿਰੁੱਧ ਉਸਦਾ ਆਪਣਾ ਮਹੱਤਵ ਹੈ।

ਜਬਰ ਅਤੇ ਧਮਕੀਆਂ ਵੀ ਸ਼ਾਂਤੀਪੂਰਨ ਵਿਰੋਧ-ਪ੍ਰਦਰਸ਼ਨਾਂ ਨੂੰ ਨਾਕਾਮ ਬਣਾਉਣ ਵਿਚ ਟਰੰਪ ਸਰਕਾਰ ਦੇ ਕੰਮ ਨਹੀਂ ਆ ਰਹੀਆਂ। ਟਰੰਪ ਦੀਆਂ ਨੀਤੀਆਂ ਵਿਰੁੱਧ ਵਧ ਰਹੇ ਅਸੰਤੋਸ਼ ਨਾਲ ਹਕੂਮਤੀ ਧਿਰ ਨੂੰ ਪਹੁੰਚ ਰਿਹਾ ਸੇਕ ਰੰਗ ਦਿਖਾ ਰਿਹਾ ਹੈ। ਵ੍ਹਾਈਟ ਹਾਊਸ ਅਤੇ ਰਿਪਬਲਿਕਨ ਲੀਡਰਸ਼ਿੱਪ ਨੇ ਇਨ੍ਹਾਂ ਵਿਰੋਧ-ਪ੍ਰਦਰਸ਼ਨਾਂ ਨੂੰ "ਟਰੰਪ ਡਿਰੇਂਜਮੈਂਟ ਥੈਰਪੀ ਸੈਸ਼ਨਜ਼" (ਭਾਵ ਟਰੰਪ ਦਾ ਵਿਰੋਧ ਕਰਨ ਵਾਲਿਆਂ ਨੂੰ ਰਾਸ਼ਟਰਪਤੀ ਪ੍ਰਤੀ ਨਫ਼ਰਤ ਦੇ ਮਾਨਸਿਕ ਰੋਗ ਲਈ ਆਪਣਾ ਮਾਨਸਿਕ ਇਲਾਜ਼ ਕਰਾਉਣ ਦੀ ਜ਼ਰੂਰਤ ਹੈ) ਅਤੇ "ਹੇਟ ਅਮੇਰਿਕਾ ਰੈਲੀਆਂ" ਕਰਾਰ ਦੇ ਕੇ ਰੱਦ ਕਰਨ ਦੀ ਬੌਖਲਾਹਟ ਦਿਖਾਈ। ਇਹ ਵੀ ਝੂਠ ਵੀ ਫੈਲਾਇਆ ਗਿਆ ਕਿ ਪੈਸੇ ਲੈਕੇ ਰਿਪੋਰਟਾਂ ਦੇਣ ਵਾਲੇ ਹੀ ਇਨ੍ਹਾਂ ਪ੍ਰਦਰਸ਼ਨਾਂ ਦੀ ਰਿਪੋਰਟ ਕਰ ਰਹੇ ਹਨ। ਸਦਨ ਦਾ ਸਪੀਕਰ ਮਾਈਕ ਜਾਨਸਨ ਤਾਂ ਇਨ੍ਹਾਂ ਪ੍ਰਦਰਸ਼ਨਾਂ ਨੂੰ ਭੰਡਣ ਲਈ ਇਹ ਜ਼ਹਿਰ ਉਗਲਣ ਤੱਕ ਚਲਾ ਗਿਆ ਕਿ ਇਨ੍ਹਾਂ ਨੇ "ਮਾਰਕਸਵਾਦੀਆਂ, ਸੋਸ਼ਲਿਸਟਾਂ, ਅੰਟੀਫਾ ਹਮਾਇਤੀਆਂ, ਅਰਾਜਕਤਾਵਾਦੀਆਂ ਅਤੇ ਡੈਮੋਕਰੈਟਿਕ ਪਾਰਟੀ ਦੇ ਘੋਰ-ਖੱਬੇਪੱਖੀ ਹਮਾਸ ਹਮਾਇਤੀ ਗੁੱਟ ਨੂੰ ਇਕ ਥਾਂ ਜੋੜ ਦਿੱਤਾ ਹੈ।" ਵੈਸਟ ਪਾਮ ਬੀਚ, ਫਲੋਰਿਡਾ ਅਤੇ ਡੈਲਸ ਸਮੇਤ ਕੁਝ ਸ਼ਹਿਰਾਂ ਵਿਚ ਟਰੰਪ ਦੇ ਹੱਕ ਵਿਚ ਮੁਜ਼ਾਹਰੇ ਵੀ ਕੀਤੇ ਗਏ ਜਿਨ੍ਹਾਂ ਵਿਚ 'ਓਥ ਐਂਡ ਦੀ ਪਰਾਊਡ ਬੁਆਇਜ਼' ਦੇ ਆਗੂ ਵੀ ਸ਼ਾਮਲ ਹੋਏ ਜੋ ਖੁੱਲ੍ਹੇਆਮ ਨਫ਼ਰਤ ਅਤੇ ਹਿੰਸਾ ਭੜਕਾਊ ਘੋਰ ਪਿਛਾਖੜੀ, ਨਵ-ਫਾਸ਼ੀ ਅਮਰੀਕੀ ਗੈਂਗ ਹੈ।

ਟਰੰਪ ਸਰਕਾਰ ਦੀ ਫਾਸ਼ੀ ਦਹਿਸ਼ਤ ਵਿਰੁੱਧ ਘਰੇਲੂ ਚੁਣੌਤੀ ਬਣੀ ਇਹ ਮੁਹਿੰਮ ਬਹੁਤ ਉਤਸ਼ਾਹਜਨਕ ਹੋਣ ਦੇ ਬਾਵਜੂਦ ਇਸ ਦੀਆਂ ਸੀਮਤਾਈਆਂ ਵੀ ਹਨ। ਇਨ੍ਹਾਂ ਇਕੱਠਾਂ ਵਿਚ ਨਵੰਬਰ ਵਿਚ ਮੱਧਕਾਲੀ ਚੋਣ ਸਮੇਂ ਡੈਮੋਕਰੇਟਾਂ ਨੂੰ ਵੋਟ ਪਾਉਣ ਦੀ ਤਿਆਰੀ ਕਰਨ ਦੀ ਸੁਰ ਵੀ ਸੁਣਾਈ ਦੇ ਰਹੀ ਸੀ। ਬੇਸ਼ੱਕ ਟਰੰਪ ਦੇ ਵਿਰੋਧ ਦਾ ਮਤਲਬ ਆਪਣੇ ਆਪ ਵਿਚ ਡੈਮੋਕਰੇਟ ਧੜੇ ਦੇ ਹੱਕ ਵਿਚ ਹੋਣਾ ਨਹੀਂ ਹੈ। ਪਰ ਅਵਾਮ ਨੂੰ ਇਹ ਸਪਸ਼ਟ ਰਾਜਨੀਤਕ ਸਮਝ ਬਣਾਉਣੀ ਪੈਣੀ ਹੈ ਕਿ ਡੈਮੋਕਰੇਟਾਂ ਨੂੰ ਵੋਟ ਦੇਣ ਨਾਲ ਅਮਰੀਕੀ ਸਟੇਟ ਦੇ ਫਾਸ਼ੀਵਾਦ ਤੋਂ ਮੁਕਤੀ ਹਾਸਲ ਨਹੀਂ ਕੀਤੀ ਜਾ ਸਕਦੀ। ਟਰੰਪ ਦੇ ਪਹਿਲੀ ਵਾਰ ਸਹੁੰ ਚੁੱਕਣ 'ਤੇ 2017 'ਚ ਹੋਏ ਵਿਮੈਨ ਮਾਰਚ ਨੇ ਅਗਲੇ ਸਾਲ ਡੈਮੋਕਰੇਟਾਂ ਲਈ ਹਮਾਇਤ ਵਧਾਉਣ ("ਬਲਿਯੂ ਵੇਵ) ਵਿਚ ਹਿੱਸਾ ਪਾਇਆ ਸੀ ਜਦੋਂ ਡੈਮੋਕਰੇਟਾਂ ਨੇ 41 ਸੀਟਾਂ ਪਲਟ ਦਿੱਤੀਆਂ ਸਨ ਅਤੇ ਸਦਨ ਉੱਪਰ ਮੁੜ ਕਾਬਜ਼ ਹੋ ਗਏ ਸਨ। ਪਰ ਟਰੰਪ ਦੀ ਅਗਵਾਈ ਹੇਠਲੇ ਘੋਰ ਫਾਸ਼ੀ ਗੈਂਗ ਨੂੰ ਸੱਤਾ ਵਿਚ ਆਉਣ ਤੋਂ ਰੋਕਿਆ ਨਹੀਂ ਜਾ ਸਕਿਆ। ਫਾਸ਼ੀ ਟਰੰਪ ਜੁੰਡਲੀ ਆਪਣੇ ਵਿਰੁੱਧ ਚੋਣ ਫ਼ਤਵੇ ਨੂੰ ਸਵੀਕਾਰ ਕਰਨ ਵਾਲੀ ਨਹੀਂ ਹੈ। ਉਹ ਹੁਣ ਤੋਂ ਹੀ ਚੋਣਾਂ ਨੂੰ ਅਗਵਾ ਕਰਨ ਦੀਆਂ ਤਿਆਰੀਆਂ ਵਿਚ ਲੱਗੇ ਹੋਏ ਹਨ। ਜੇਕਰ ਉਹ ਦੂਜੇ ਮੁਲਕ ਦੇ ਰਾਸ਼ਟਰਪਤੀ ਨੂੰ ਉਸਦੇ ਘਰ ਵਿੱਚੋਂ ਅਗਵਾ ਕਰ ਸਕਦੇ ਹਨ ਅਤੇ ਇਰਾਨ ਦੇ ਸਿਰਮੌਰ ਆਗੂ ਸਮੇਤ ਫ਼ੌਜੀ ਲੀਡਰਸ਼ਿਪ ਦਾ ਸਫ਼ਾਇਆ ਕਰ ਸਕਦੇ ਹਨ ਤਾਂ ਉਹ ਸੱਤਾ ਵਿਚ ਬਣੇ ਰਹਿਣ ਲਈ ਆਪਣੇ ਮੁਲਕ ਦੇ ਅੰਦਰ ਵੀ ਕਿਸੇ ਵੀ ਹੱਦ ਤੱਕ ਵੀ ਜਾ ਸਕਦੇ ਹਨ।

ਸਾਮਰਾਜੀ ਸਰਮਾਏਦਾਰੀ ਦੇ ਗ਼ਲਬੇ ਨੂੰ ਖ਼ਤਮ ਕਰਨ ਲਈ ਮੂਲ ਰਾਜਸੀ ਬਦਲਾਅ ਦੀ ਚੇਤਨਾ ਜ਼ਰੂਰੀ ਹੈ। ਫਿਰ ਹੀ ਫ਼ੈਸਲਾਕੁਨ ਰਾਜਨੀਤਕ ਲੜਾਈ ਲੜੀ ਜਾ ਸਕਦੀ ਹੈ।

# ਸਿੰਗਾਪੁਰ ਦੀ ਗ਼ਦਰੀ ਬਗ਼ਾਵਤ ਦੀ ਸ਼ਾਨਾਮਤੀ ਦਾਸਤਾਨ

**ਸ਼ਮਸ਼ੇਰ ਸਿੰਘ ਬਟਾਲਾ**



ਗ਼ਦਰ ਪਾਰਟੀ, 20ਵੀਂ ਸਦੀ ਦੇ ਆਰੰਭ 'ਚ ਹੋਂਦ 'ਚ ਆਈ ਇੱਕ ਕੌਮਾਂਤਰੀ ਸਿਆਸੀ ਲਹਿਰ ਸੀ। ਇਸਦੀ ਸਥਾਪਨਾ ਵਿਦੇਸ਼ਾਂ 'ਚ ਵਸਦੇ ਹਿੰਦੀਆਂ ਨੇ ਭਾਰਤ 'ਚੋਂ ਬਸਤੀਵਾਦੀ ਬ੍ਰਿਟਿਸ਼ ਸ਼ਾਸਨ ਦੀਆਂ ਜੜ੍ਹਾਂ ਉਖਾੜ ਸੁੱਟਣ ਲਈ ਕੀਤੀ ਸੀ। ਬੇਮਿਸਾਲ ਕੁਰਬਾਨੀਆਂ ਦੀ ਮਹਾਨ ਗਾਥਾ ਲਿਖਣ ਵਾਲੀ ਇਹ ਲਹਿਰ ਭਵਿੱਖ ਦੇ ਆਜ਼ਾਦੀ ਸੰਗਰਾਮੀਆਂ ਲਈ ਮਹਾਨ ਪ੍ਰੇਰਣਾ ਸਰੋਤ ਹੋ ਨਿਬੱੜੀ ਸੀ। ਸੁਤੰਤਰਤਾ ਤੇ ਮਾਨਵਤਾ ਨੂੰ ਪਿਆਰ ਕਰਨ ਵਾਲੇ ਦੁਨੀਆਂ ਭਰ ਦੇ ਲੋਕਾਂ ਦੇ ਸਾਂਝੇ ਵਿਸ਼ਵ ਇਤਿਹਾਸ ਦੇ ਸੁਨਹਿਰੀ ਵਰਕ ਦਾ ਦਰਜਾ ਹਾਸਲ ਕਰ ਚੁੱਕੀ ਇਹ ਲਹਿਰ ਅੱਜ ਵੀ ਮਾਨਵ ਕਲਿਆਣ ਲਈ ਜੂਝ ਰਹੇ ਇਨਕਲਾਬੀਆਂ ਲਈ ਪ੍ਰੇਰਣਾ ਦਾ ਵਿਸ਼ਾਲ ਸੋਮਾ ਬਣੀ ਹੋਈ ਹੈ। ਯਾਦ ਰਹੇ, ਗ਼ਦਰ ਲਹਿਰ ਹੀ ਸੁਤੰਤਰਤਾ ਸੰਗਰਾਮ ਦੀ ਉਹ ਪਹਿਲੀ ਤਹਿਰੀਕ ਸੀ, ਜਿਸ ਨੇ ਅੰਗ੍ਰੇਜ਼ੀ ਸਾਮਰਾਜ ਦੀ ਗੁਲਾਮੀ ਤੋਂ ਮੁਕਤੀ ਦੇ ਨਾਲ ਹੀ ਦੇਸ਼ ਵਾਸੀਆਂ ਸਾਹਵੇਂ ਇਨਕਲਾਬੀ ਸਿਆਸੀ ਬਦਲ ਦਾ ਖਾਕਾ ਵੀ ਰੱਖਿਆ ਸੀ। ਭਾਵ ਇਸ ਲਹਿਰ ਨੇ ਅੰਗ੍ਰੇਜ਼ ਸਾਮਰਾਜ ਨੂੰ ਦੇਸ਼ 'ਚੋਂ ਚਲਦਾ ਕਰਨ ਤੇ ਭਾਰਤ ਅੰਦਰ ਭਵਿੱਖ ਦਾ ਲੋਕ-ਪੱਖੀ ਨਿਜ਼ਾਮ ਸਿਰਜਣ ਦਾ ਸੁਪਨਾ ਸਾਹਮਣੇ ਲਿਆਂਦਾ ਸੀ। ਇਹ ਸੁਪਨਾ ਸੰਪੂਰਨ ਕਰਨ ਲਈ ਗ਼ਦਰੀਆਂ ਨੇ ਸਿਆਸੀ ਪਾਰਟੀ ਦੀ ਉਸਾਰੀ ਤੇ ਸਿਆਸਤ ਦੇ ਮਹੱਤਵ ਨੂੰ ਬਾਖੂਬੀ ਸਮਝਿਆ ਤੇ ਉਭਾਰਿਆ। ਗ਼ਦਰੀਆਂ ਦੀ ਇਸ ਸਮਝ ਨੇ ਹਿੰਦ ਵਾਸੀਆਂ, ਖਾਸ ਕਰਕੇ ਨੌਜਵਾਨਾਂ ਨੂੰ ਬਸਤੀਵਾਦੀਆਂ ਦੀ ਗੁਲਾਮੀ ਦਾ ਤੀਬਰ ਅਹਿਸਾਸ ਕਰਵਾਇਆ ਤੇ ਆਜ਼ਾਦੀ ਪ੍ਰਾਪਤੀ ਲਈ ਜੂਝ ਮਰਨ ਦੇ ਰਾਹ ਤੋਰਿਆ। ਗ਼ਦਰ ਲਹਿਰ ਦੀ ਇਸੇ ਸ਼ਾਨਾਮੱਤੀ ਵਿਰਾਸਤ ਨੂੰ ਅਪਨਾਉਣ ਵਾਲਿਆਂ ਨੇ ਅਖੀਰ ਉਹ ਸਲਤਨਤ, ਜਿਸ ਬਾਰੇ ਇਹ ਮਸ਼ਹੂਰ ਸੀ ਕਿ ਇਸ ਦਾ ਸੂਰਜ ਕਿਸੇ ਵੇਲੇ ਵੀ ਗ਼ਰੂਬ ਨਹੀਂ ਹੁੰਦਾ, ਦੀ ਇਕ ਸ਼ਕਤੀਸ਼ਾਲੀ ਸਾਮਰਾਜ ਵਜੋਂ ਹੋਂਦ ਮਿਟਾ ਦਿੱਤੀ ਸੀ। ਇਹ ਲਹਿਰ, ਮਾਮੂਲੀ ਸਾਧਨਾਂ ਦੇ ਬਾਵਜੂਦ ਅਮਰੀਕਾ ਦੀ ਧਰਤੀ ਤੋਂ ਜਨਮ ਲੈ ਕੇ ਕੈਨੇਡਾ, ਅਰਜਨਟੀਨਾ, ਚੀਨ, ਸਿੰਘਾਪੁਰ, ਮਲੇਸ਼ੀਆ, ਮਲਾਇਆ, ਜਪਾਨ, ਬਰਮਾ ਆਦਿ ਦੇਸ਼ਾਂ ਸਮੇਤ ਸੰਸਾਰ ਦੇ ਕੋਨੇ-ਕੋਨੇ 'ਚ ਜਾ ਪਹੁੰਚੀ ਸੀ। ਸੁਤੰਤਰਤਾ ਸੰਗਰਾਮ ਦੀ ਰਹਿਨੁੰਮਾਈ ਕਰਨ ਵਾਲੀ ਇਹ ਲਹਿਰ ਆਮ ਲੋਕਾਂ ਦੀ ਹਰਮਨ ਪਿਆਰੀ ਲਹਿਰ ਬਣ ਗਈ ਤੇ ਲੋਕਾਂ ਨੇ ਲਹਿਰ ਲਈ ਆਪਣਾ ਤਨ, ਮਨ, ਧਨ ਕੁਰਬਾਨ ਕਰਨ ਦਾ ਤਹੱਈਆ ਕਰ ਲਿਆ ਸੀ। ਇਹੋ ਨਹੀਂ ਇਸ ਲਹਿਰ ਨੇ 1857 ਦੇ ਗ਼ਦਰ ਦੀ ਭੁੱਲੀ-ਵਿਸਰੀ ਕਹਾਣੀ ਨੂੰ ਵੀ ਲੋਕਾਂ ਦੇ ਚੇਤਿਆਂ ਚ ਮੁੜ ਉਜ਼ਾਗਰ ਕਰ ਕਰ ਦਿੱਤਾ ਸੀ। ਗ਼ਦਰੀਆਂ ਦੇ ਇਸ ਮਾਣਮੱਤੇ ਸੰਗਰਾਮ ਦੌਰਾਨ ਬੜੀਆਂ ਅਹਿਮ ਘਟਨਾਵਾਂ ਵਾਪਰੀਆਂ ਸਨ। ਇਨ੍ਹਾਂ 'ਚ ਗ਼ਦਰੀਆਂ ਦੀ ਜਲਾਵਤਨੀ ਤੇ ਕਾਲੇ ਪਾਣੀ ਜੇਲ੍ਹ ਦੀਆਂ ਲੰਮੀ ਮਿਆਦ ਦੀਆਂ ਸਖਤ ਕੈਦਾਂ, ਕਾਮਾਗਾਟਾਮਾਰੂ ਜਹਾਜ਼ ਦੀ ਵਤਨ ਵਾਪਸੀ, ਬਜਬਜ ਘਾਟ ਦਾ ਸ਼ਹੀਦੀ ਸਾਕਾ, ਭਾਈ ਭਾਗ ਸਿੰਘ ਹੋਰਾਂ ਦਾ ਕਤਲ, ਗ਼ਦਰੀ ਮੇਵਾ ਸਿੰਘ ਨੂੰ ਕੈਨੇਡਾ ਵਿਖੇ ਫਾਂਸੀ ਚਾੜ੍ਹ ਕੇ ਸ਼ਹੀਦ ਕਰਨਾ, ਕਰਤਾਰ ਸਿੰਘ ਸਰਾਭਾ ਤੇ ਸਾਥੀਆਂ ਦੀ ਸ਼ਹਾਦਤ, ਗ਼ਦਰੀਆਂ ਦਾ ਦੇਸ਼ ਪਰਤਣਾ, ਫੌਜੀਆਂ ਵਿਚ ਬਗ਼ਾਵਤ ਦਾ ਪ੍ਰਚਾਰ ਕਰਨਾ ਤੇ ਉਹਨਾਂ ਦਾ ਬਾਗ਼ੀ ਹੋ ਜਾਣਾ ਆਦਿ ਪ੍ਰਮੁੱਖ ਹਨ। 15 ਫਰਵਰੀ 1915 ਦੀ ਸਿੰਘਾਪੁਰ ਬਗ਼ਾਵਤ ਅੰਗ੍ਰੇਜ਼ਾਂ ਦੀਆਂ ਦੋ ਦੇਸੀ ਫੌਜੀ ਪਲਟਨਾਂ 'ਪੰਜਵੀਂ ਲਾਈਟ ਇਨਫੈਂਟਰੀ' ਤੇ 'ਮਲਾਇਆ ਰਿਆਸਤੀ ਗਾਈਡ', ਜਿਨ੍ਹਾਂ 'ਚ ਸਾਰੇ ਦੇ ਸਾਰੇ ਸਿਪਾਹੀ ਮੁਸਲਮ ਧਰਮ ਨੂੰ ਮੰਨਣ ਵਾਲੇ ਰੰਗੜ ਤੇ ਪਠਾਣ ਰਾਜਪੂਤ ਸਨ, ਸਿੰਘਾਪੁਰ ਵਿਖੇ ਤਾਇਨਾਤ ਸਨ। ਪਲਟਨਾਂ ਦੀ ਕਮਾਂਡ ਅੰਗ੍ਰੇਜ਼ ਤੇ ਭਾਰਤੀ ਅਫਸਰ ਕਰਦੇ ਸਨ, ਜੋ ਫੌਜੀਆਂ ਨਾਲ ਚੰਗਾ ਰਵੱਈਆ ਨਹੀਂ ਸਨ ਰੱਖਦੇ। 1913 'ਚ ਗ਼ਦਰ ਅਖ਼ਬਾਰ ਤੇ ਹੋਰ ਗ਼ਦਰੀ ਸਾਹਿਤ ਛਪਣ ਲੱਗ ਪਿਆ ਸੀ। ਇਸ ਸਾਹਿਤ ਦੀ ਪਹੁੰਚ ਜਦੋਂ ਦੇਸ਼ਾਂ-ਵਿਦੇਸਾਂ 'ਚ ਹੋਣ ਲੱਗੀ ਤਾਂ ਉਕਤ ਦੋਨਾਂ ਪਲਟਨਾਂ ਦੇ ਸਿਪਾਹੀ ਵੀ ਇਸ ਨੂੰ ਪੜ੍ਹਨ ਲੱਗ ਪਏ। ਸਤੰਬਰ-ਅਕਤੂਬਰ 'ਚ ਕੈਨੇਡਾ, ਅਮਰੀਕਾ, ਹਾਂਗਕਾਂਗ, ਮਨੀਲਾ, ਪੀਨਾਂਗ ਆਦਿ ਦੇਸ਼ਾਂ ਤੋਂ ਆਉਣ ਵਾਲੇ ਗ਼ਦਰੀ ਸਿੰਘਾਪੁਰ ਵਿਖੇ ਠਹਿਰਦੇ ਸਨ। ਉਹ ਗੁਰਦੁਆਰਿਆਂ ਜਾਂ ਛਾਉਣੀਆਂ 'ਚ ਜਾ ਕੇ ਫੌਜੀਆਂ ਨੂੰ ਮਿਲਦੇ ਤੇ ਗ਼ਦਰ ਦਾ ਪ੍ਰਚਾਰ ਕਰਦੇ ਸਨ। ਉਹ ਲੋਕਾਂ ਨੂੰ ਗੁਲਾਮੀ ਦੇ ਸੰਤਾਪ ਦਾ ਅਹਿਸਾਸ ਕਰਾਉਂਦੇ ਤੇ ਉਨ੍ਹਾਂ ਦੇ ਮਨਾਂ 'ਚ ਆਜ਼ਾਦੀ ਲਈ ਜੂਝਣ ਦੀ ਤਾਂਘ ਪੈਦਾ ਕਰਦੇ ਸਨ। ਅੰਗ੍ਰੇਜ਼ ਸਾਮਰਾਜ ਲਈ ਹਥਿਆਰਾਂ ਨਾਲ ਜੂਝਣ ਵਾਲੇ ਫੌਜੀ ਆਜ਼ਾਦੀ ਦੀ ਪ੍ਰਾਪਤੀ ਲਈ ਤੜਫ ਉੱਠਦੇ। ਇਸ ਦੌਰਾਨ ਅੰਗ੍ਰੇਜ਼ ਸਾਮਰਾਜੀਏ ਤੁਰਕੀ ਵਿਰੁੱਧ ਖੜ੍ਹ ਗਏ ਸਨ। ਤੁਰਕੀ ਨਾਲ ਆਪਣੇ ਇਸਲਾਮੀ ਰਿਸ਼ਤੇ ਕਰਕੇ ਵੀ ਫੌਜੀਆਂ ਦੇ ਮਨਾਂ 'ਚ ਅੰਗ੍ਰੇਜ਼ਾਂ ਵਿਰੁੱਧ ਨਫ਼ਰਤ ਹੋਰ ਪ੍ਰਚੰਡ ਹੋ ਗਈ ਸੀ। ਜਦੋਂ ਬਗ਼ਾਵਤ ਭੜਕੀ ਉਦੋਂ ਈ.ਵੀ. ਮਾਰਟਨ ਪੰਜਵੀਂ ਲਾਈਟ ਇਨਫੈਂਟਰੀ ਦਾ ਲੈਫਟੀਨੈਂਟ ਕਰਨਲ ਸੀ। ਇਸ ਰੈਜਮੈਂਟ 'ਚ 800 ਸਿਪਾਹੀ ਸਨ। ਸਿੰਘਾਪੁਰ ਵਿਖੇ ਗ਼ਦਰੀ ਜਦੋਂ ਫੌਜੀਆਂ 'ਚ ਪ੍ਰਚਾਰ ਕਰ ਰਹੇ ਸਨ ਤਾਂ ਕੋਈ ਗੁਪਤ ਸੂਚਨਾ ਮਿਲ ਜਾਣ ਕਰਕੇ ਸਰਕਾਰ ਨੂੰ ਫੌਜ 'ਚ ਹੋਣ ਜਾ ਰਹੀ ਬਗ਼ਾਵਤ ਦੀ ਅਗਾਊਂ ਭਿਣਕ ਪੈ ਗਈ ਸੀ। ਲਿਹਾਜਾ ਮਲਾਇਆ ਰਿਆਸਤੀ ਗਾਈਡ ਪਲਟਨ ਨੂੰ ਪੀਨਾਂਗ ਵਿਖੇ ਤਬਦੀਲ ਕਰ ਦਿੱਤਾ ਗਿਆ। ਨਾਲ ਹੀ ਛੱਤੀਵੀਂ ਸਿੱਖ ਰਜਮੈਂਟ ਤੋਂ ਵੀ ਹਥਿਆਰ ਰਖਵਾ ਲਏ ਗਏ। ਇਸ ਨੂੰ ਦੇਖਦਿਆਂ ਪੰਜਵੀਂ ਪਲਟਨ ਦੇ ਫੌਜੀਆਂ ਨੇ ਸੋਚਿਆ ਕਿ ਜੇ ਸਾਥੋਂ ਹਥਿਆਰ ਹੀ ਰਖਵਾ ਲਏ ਤਾਂ ਫਿਰ ਅਸੀਂ ਕੀ ਕਰ ਸਕਾਂਗੇ। ਉਨ੍ਹਾਂ ਦੇ ਗ਼ਦਰ ਲਈ ਮਿੱਥੇ ਦਿਨ ਤੋਂ ਪਹਿਲਾਂ ਹੀ ਬਗ਼ਾਵਤ ਕਰ ਦਿੱਤੀ। ਉਨ੍ਹਾਂ ਨੂੰ ਜਦੋਂ ਹਥਿਆਰ ਜਮ ?ਹਾਂ ਕਰਨ ਦਾ ਹੁਕਮ ਦਿੱਤਾ ਗਿਆ ਤਾਂ ਉਨ੍ਹਾਂ ਨੇ ਹਥਿਆਰ ਇਕੱਠੇ ਕਰਨ ਵਾਲੇ ਗੋਰੇ ਅਫਸਰ ਸਮੇਤ ਰਸਤੇ 'ਚ ਆਉਣ ਵਾਲੇ ਸਾਰੇ ਗੋਰੇ ਮਾਰ ਮੁਕਾਏ। ਸ਼ੁਰੂਆਤ ਇਸਮਾਈਲ ਖਾਨ ਨਾਂ ਦੇ ਬਾਗ਼ੀ ਫੌਜੀ ਨੇ ਕੀਤੀ ਸੀ। ਉਨ੍ਹਾਂ ਨੇ ਬੈਰਕਾਂ ਤੇ ਕਬਜ਼ਾ ਕਰਨ ਲਈ ਤਿੰਨ ਟੁਕੜੀਆਂ ਬਣਾ ਲਈਆਂ। ਇੱਕ ਟੁਕੜੀ ਜਰਮਨ ਕੈਦੀਆਂ ਨੂੰ ਛੁਡਾਉਣ ਲਈ ਉਨ੍ਹਾਂ ਦੇ ਕੈਂਪ ਵੱਲ ਚਲੀ ਗਈ, ਦੂਜੀ ਹੈੱਡ ਕੁਆਟਰ ਵੱਲ ਤਾਂ ਜੋ ਹੈਡ ਕੁਆਟਰ 'ਤੇ ਕਬਜ਼ਾ ਕੀਤਾ ਜਾ ਸਕੇ ਅਤੇ ਤੀਜੀ ਸ਼ਹਿਰ ਵੱਲ ਚੱਲ ਪਈ। ਜਰਮਨ ਕੈਂਪ 'ਤੇ ਬਾਗ਼ੀਆਂ ਦਾ ਕਬਜ਼ਾ ਤਾਂ ਹੋ ਗਿਆ, ਪਰ ਜਰਮਨ ਕੈਦੀਆਂ ਨੇ ਇਨ੍ਹਾਂ ਦਾ ਸਾਥ ਨਾ ਦਿੱਤਾ। ਉਹ ਹੈਡ ਕੁਆਟਰ 'ਤੇ ਵੀ ਕਬਜ਼ਾ ਨਾ ਕਰ ਸਕੇ। ਤੀਜੀ ਟੋਲੀ ਨੇ ਰਾਹ 'ਚ ਮਿਲੇ ਗੋਰੇ ਅਫਸਰ ਜਾਂ ਆਮ ਗੋਰੇ ਗੋਲੀਆਂ ਨਾਲ ਉਡਾ ਦਿੱਤੇ। ਇੱਕਦਮ, ਬਿਨਾਂ ਕਿਸੇ ਯੋਜਨਾਬੰਦੀ ਦੇ ਹਮਲਾ ਕਰਨ ਕਰਕੇ ਗ਼ਦਰੀਆਂ ਦੀ ਕੋਈ ਵੀ ਟੋਲੀ ਸਮੁੰਦਰੀ ਕਿਲੇ 'ਤੇ ਜਾ ਕੇ ਕਬਜ਼ਾ ਨਾ ਕਰ ਸਕੀ। ਉਲਟਾ ਸਗੋਂ ਉਹ ਜਿੱਤ ਦੇ ਜਸ਼ਨਾਂ 'ਚ ਅਵੇਸਲੇ ਹੋ ਗਏ। ਇਸੇ ਦੌਰਾਨ ਬ੍ਰਿਟਿਸ਼ ਗਵਰਨਰ ਨੇ ਵਾਇਰਲੈਸ ਸੰਦੇਸ਼ ਰਾਹੀਂ ਜਪਾਨੀ, ਚੀਨੀ, ਫਰਾਂਸੀਸੀ ਤੇ ਰੂਸੀ ਜੰਗੀ ਜਹਾਜ਼ ਬੁਲਾ ਲਏ ਤੇ ਬਹੁਤ ਸਾਰੇ ਗੋਰੇ ਪੁਲਸ 'ਚ ਭਰਤੀ ਕਰ ਲਏ ਅਤੇ ਕੁੱਝ ਦਿਨਾਂ ਪਿੱਛੋਂ ਸਥਿਤੀ 'ਤੇ ਕਾਬੂ ਪਾ ਲਿਆ। ਸ਼ਹਿਰ 'ਚ ਮਾਰਸ਼ਲ ਲਾਅ ਲਗਾ ਦਿੱਤਾ ਗਿਆ। ਫੌਜੀ ਟੁਕੜੀਆਂ ਐਧਰ-ਓਧਰ ਖਿੰਡ ਗਈਆਂ ਸਨ। ਅੰਗ੍ਰੇਜ਼ਾਂ ਨੇ ਖਿੰਡੇ ਹੋਏ ਬਾਗ਼ੀ ਫੜ੍ਹਨੇ ਸ਼ੁਰੂ ਕਰ ਦਿੱਤੇ। ਵਕਤੀ ਕਚਹਿਰੀਆਂ ਖੜ੍ਹੀਆਂ ਕਰ ਦਿੱਤੀਆਂ ਗਈਆਂ। ਦੋ ਲੀਡਰ ਫੜ੍ਹ ਕੇ ਫਾਂਸੀ ਚਾੜ੍ਹ ਦਿੱਤੇ ਗਏ। ਇਸ ਤੋਂ ਇਲਾਵਾ ਲਗਭਗ 41 ਫੌਜੀਆਂ ਨੂੰ 15 ਹਜ਼ਾਰ ਲੋਕਾਂ ਸਾਹਵੇਂ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ। ਤਿੰਨ ਹੋਰ ਬਾਗ਼ੀ ਫੌਜੀ ਫਾਂਸੀ ਚਾੜ੍ਹੇ ਗਏ ਤੇ ਬਹੁਤਿਆਂ ਨੂੰ ਜੇਲ੍ਹਾਂ 'ਚ ਸੁੱਟ ਦਿੱਤਾ ਗਿਆ। ਇਹ ਬਾਗ਼ੀਆਂ ਦਾ ਜਜ਼ਬਾਤ ਦੀ ਰੌਅ 'ਚ ਵਹਿ ਕੇ ਕੀਤਾ ਗਿਆ ਯੋਜਨਾ ਰਹਿਤ ਹਮਲਾ ਸੀ, ਜਿਸ ਕਰਕੇ ਉਹ ਅਸਫਲ ਹੋ ਗਏ ਸਨ, ਨਹੀਂ ਤਾਂ ਉਹ ਸਿੰਘਾਪੁਰ ਤੇ ਬੜੀ ਆਸਾਨੀ ਨਾਲ ਕਬਜ਼ਾ ਕਰ ਸਕਦੇ ਸਨ। ਇਸੇ ਤਰ੍ਹਾਂ ਸਿੰਘਾਪੁਰ ਦੀ ਬਗ਼ਾਵਤ ਵਾਂਗ ਹੀ 130 ਵੀਂ ਬਲੋਚ ਰਜਮੈਂਟ ਨੇ ਵੀ ਰੰਗੂਨ 'ਚ ਬਗ਼ਾਵਤ ਕਰ ਦਿੱਤੀ ਸੀ। ਸਬਬ ਨਾਲ ਇਸ ਪਲਟਨ ਵਿਚਲੇ ਸਾਰੇ ਫੌਜੀ ਵੀ ਮੁਸਲਮਾਨ ਸਨ। ਉਨ੍ਹਾਂ ਨੇ ਜੰਗ 'ਚ ਜਾਣ ਤੋਂ ਸਾਫ ਨਾਂਹ ਕਰ ਦਿੱਤੀ ਸੀ। ਇਸ ਬਗ਼ਾਵਤ 'ਚ ਇੱਕ ਗੋਰਾ ਅਫਸਰ ਵੀ ਮਾਰਿਆ ਗਿਆ ਸੀ। 16 ਜਨਵਰੀ 1915 ਨੂੰ ਕੋਰਟ ਮਾਰਸ਼ਲ ਕੀਤਾ ਗਿਆ ਸੀ। ਇਸ 'ਚ ਚਾਰ ਫੌਜੀਆਂ ਨੂੰ ਫਾਂਸੀ, 53 ਨੂੰ ਉਮਰ ਕੈਦ ਤੇ 200 ਤੋਂ ਵੱਧ ਨੂੰ ਸਖ਼ਤ ਸਜਾਵਾਂ ਦਿੱਤੀਆਂ ਗਈਆਂ ਸਨ। ਇਹਨਾਂ ਸਾਰਿਆਂ ਦੀ ਦੇਸ਼ ਪ੍ਰੇਮ ਦੀ ਬੇਮਿਸਾਲ ਕੁਰਬਾਨੀ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਆਰਐਸਐਸ, ਜੋ ਸੁਤੰਤਰਤਾ ਸੰਗਰਾਮ ਦੌਰਾਨ ਬਸਤੀਵਾਦੀ ਅੰਗ੍ਰੇਜ ਹਾਕਮਾਂ ਦਾ ਚਾਕਰ ਰਿਹਾ ਸੀ, ਤੋਂ ਅਗਵਾਈ ਤੇ ਵਿਚਾਰਧਾਰਕ ਸੇਧ ਲੈਂਦੇ ਭਾਰਤ ਦੇ ਅਜੋਕੇ ਹੁਕਮਰਾਨ, ਸ਼ਾਨਾਮੱਤੇ ਵਿਰਸੇ ਦੇ ਮਾਲਕ ਭਾਰਤੀ ਮੁਸਲਮਾਨਾਂ ਨੂੰ ਘੁਸਪੈਠੀਏ, ਵਿਦੇਸ਼ੀ, ਦੇਸ਼ ਧ੍ਰੋਹੀ, ਪਾਕਿਸਤਾਨ ਦੇ ਏਜੰਟ ਆਦਿ ਕਹਿ ਕੇ ਭੰਡਦੇ ਹਨ। ਇਨ੍ਹਾਂ ਦੇ ਹਜੂਮੀ ਕਤਲ ਕਰਨ ਵਾਲਿਆਂ ਨੂੰ ਹੱਲਾਸ਼ੇਰੀ ਤੇ ਪਨਾਹ ਦਿੰਦੇ ਹਨ। ਮੁਸਲਮਾਨਾਂ ਨੂੰ ਭਾਰਤ 'ਚੋਂ ਖਦੇੜ ਦੇਣ ਜਾਂ ਦੂਜੇ ਦਰਜੇ ਦੇ ਸ਼ਹਿਰੀ ਬਣਾ ਕੇ ਰੱਖਣ ਦੀਆਂ ਟਾਹਰਾਂ ਮਾਰਦੇ ਹਨ। ਇਨ੍ਹਾਂ ਫਿਰਕੂ-ਫਾਸ਼ੀ ਹੁਕਮਰਾਨਾਂ ਨੂੰ ਇਨ੍ਹਾਂ ਦੀ ਅਸਲੀ ਔਕਾਤ ਦਿਖਾਉਣ ਤੇ ਲੋਕਾਂ ਨੂੰ ਸੱਚ ਤੋਂ ਵਾਕਫ ਕਰਾਉਣ ਦੀ ਅੱਜ ਡਾਢੀ ਲੋੜ ਹੈ। ਇਸ ਮਕਸਦ ਲਈ ਗ਼ਦਰ ਲਹਿਰ ਤੋਂ ਪ੍ਰੇਰਣਾ ਲੈ ਕੇ ਅੰਗ੍ਰੇਜ਼ ਸਾਮਰਾਜ ਖਿਲਾਫ ਬਗ਼ਾਵਤ ਦਾ ਬਿਗਲ ਫੂਕਣ ਵਾਲੇ ਸਿੰਗਾਪੁਰ ਦੇ ਭਾਰਤੀ ਫੌਜੀਆਂ ਦੀ ਲਾਮਿਸਾਲ ਕੁਰਬਾਨੀ ਤੋਂ ਹਿੰਦ ਵਾਸੀਆਂ ਨੂੰ ਜਾਣੂੰ ਕਰਵਾਉਣਾ ਹੋਵੇਗਾ। ਅੱਜ ਜਦੋਂ ਅਸੀਂ ਸਿੰਘਾਪੁਰ ਦੇ ਬਾਗ਼ੀ ਫੌਜੀਆਂ ਨੂੰ ਯਾਦ ਕਰ ਰਹੇ ਹਾਂ ਤਾਂ ਸਾਨੂੰ ਇਹ ਚੇਤੇ ਰੱਖਣਾ ਹੋਵੇਗਾ ਕਿ ਭਾਰਤ ਦੀ ਗ਼ਦਰ ਲਹਿਰ ਚ ਸ਼ਾਮਲ ਹੋ ਕੇ ਆਜ਼ਾਦੀ ਦੀ ਪ੍ਰਾਪਤੀ ਲਈ ਸ਼ਹੀਦ ਹੋਏ ਇਹੋ ਜਿਹੇ ਅਨੇਕਾਂ ਗੁੰਮਨਾਮ ਸਿਰਲੱਥਾਂ ਦੇ ਇਤਿਹਾਸ ਦੇ ਵਰਕੇ ਮੂਲੋਂ ਹੀ ਪਾੜ ਦਿੱਤੇ ਗਏ ਹਨ। ਅੱਜ ਇਹਨਾਂ ਮਾਣਮੱਤੇ ਬਾਗ਼ੀਆਂ ਨੂੰ ਯਾਦ ਕਰਦਿਆਂ, ਬਹੁਤ ਸਾਰੀ ਖੋਜ ਦੇ ਬਾਵਜੂਦ ਸਾਡੇ ਕੋਲ 800 ਚੋਂ ਕੇਵਲ ਉਂਗਲਾਂ ਤੇ ਗਿਣੇ ਜਾਣ ਜੋਗੇ ਨਾਂ ਹੀ ਹਨ। ਬਾਕੀਆਂ ਬਾਰੇ ਹਾਲੇ ਤਾਈਂ ਕੁਛ ਵੀ ਪਤਾ ਨਹੀਂ ਲੱਗ ਸਕਿਆ। ਯਾਦ ਰਹੇ ਇਸ ਤਹਿਰੀਕ ਨੂੰ ਛੁਟਿਆਉਣ ਜਾਂ ਲੋਕ ਚੇਤਿਆਂ ਚੋਂ ਭੁਲਾ ਦੇਣ ਲਈ ਸਾਮਰਾਜੀ ਹਾਕਮਾਂ ਨੇ ਵੀ ਬੜੇ ਪਾਪੜ ਵੇਲੇ ਸਨ। ਇਹ ਬੜੀ ਵੇਰ ਕਿਹਾ ਜਾ ਚੁੱਕਾ ਹੈ ਕਿ ਸਿੰਘਾਪੁਰ ਦੇ ਫੌਜੀਆਂ ਦੀ ਬਗ਼ਾਵਤ ਦਾ ਗ਼ਦਰ ਲਹਿਰ ਨਾਲ ਕੋਈ ਲੈਣ-ਦੇਣ ਨਹੀਂ ਸੀ। ਇਉਂ ਹੀ ਕੁੱਝ ਲੋਕ ਅੱਜ ਗ਼ਦਰ ਲਹਿਰ ਨੂੰ ਕੇਵਲ ਸਿੱਖਾਂ ਦੀ ਲਹਿਰ ਬਣਾ ਕੇ ਪੇਸ਼ ਕਰ ਰਹੇ ਹਨ। ਇਹ ਅੰਗਰੇਜ਼ਾਂ ਦੀ ਚਾਲ ਸੀ ਤਾਂ ਜੋ ਲੋਕ ਧਰਮਾਂ ਦੇ ਨਾਂ 'ਤੇ ਵੰਡੇ ਰਹਿਣ। ਅਗਰ ਲੋਕ ਉਦੋਂ ਹੀ ਇਹ ਚਾਲ ਸਮਝ ਗਏ ਹੁੰਦੇ ਤਾਂ ਅੰਗ੍ਰੇਜ਼ਾਂ ਨੂੰ ਭਾਰਤ 'ਚੋਂ ਉਦੋਂ ਹੀ ਭੱਜਣਾ ਪੈਣਾ ਸੀ। ਅੱਜ ਸਿੰਘਾਪੁਰ ਦੇ ਸ਼ਹੀਦਾਂ ਦੀ ਕੁਰਬਾਨੀ ਨੂੰ ਯਾਦ ਕਰਨ ਲੱਗਿਆਂ ਧਰਮ ਦੀ ਸਿਆਸਤ ਕਰਨ ਵਾਲਿਆਂ ਵਲੋਂ ਦਿਖਾਏ ਜਾ ਰਹੇ ਗੁਮਰਾਹਕੁੰਨ ਆਇਨੇ ਤੋਂ ਉਤੇ ਉਠ ਕੇ ਇਤਿਹਾਸ ਦੇ ਇਨ੍ਹਾਂ ਸੁਨਹਿਰੀ ਦਸਤਾਵੇਜ਼ਾਂ 'ਤੇ ਘੋਖਵੀਂ ਨਜ਼ਰ ਮਾਰਨ ਦੀ ਲੋੜ ਹੈ। ਤਾਂ ਹੀ ਅਸੀਂ ਗ਼ਦਰੀ ਬਾਬਿਆਂ ਦਾ ਧਰਮ ਨਿਰਪੱਖ ਤੇ ਬਰਾਬਰੀ ਵਾਲਾ ਸਮਾਜ ਸਿਰਜਣ ਦਾ ਸੁਪਨਾ ਸਾਕਾਰ ਕਰ ਸਕਾਂਗੇ।

ਭਾਰਤ ਚੋਂ ਲੁੱਟ-ਖਸੁੱਟ, ਜਾਤ-ਪਾਤ ਤੇ ਛੂਤ-ਛਾਤ, ਇਸਤਰੀਆਂ ਨਾਲ ਵਿਤਕਰਾ ਤੇ ਮਜਹੱਬਾਂ ਦੀਆਂ ਵੰਡੀਆਂ ਖਤਮ ਕਰਕੇ ਮਨੁੱਖਤਾ ਦਾ ਭਲੇ ਵਾਲਾ ਸਮਾਜ ਸਿਰਜਣ ਲਈ ਜਨਤਕ ਲਾਮਬੰਦੀ ਤੇ ਸੰਘਰਸ਼ ਹੋਰ ਤੇਜ਼ ਕਰਨੇ ਹੋਣਗੇ। ਤਾਂ ਹੀ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਤੱਕ ਗ਼ਦਰੀ ਬਾਬਿਆਂ ਦਾ ਸੁਨੇਹਾ ਪਹੁੰਚਾ ਸਕਦੇ ਹਾਂ, ਇਹੀ ਉਹਨਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। 'ਭਾਰਤ ਮਾਤਾ ਦੇ ਪੁੱਤ-ਸਪੂਤ ਬਣ ਗਏ, ਸਿੰਗਾਪੁਰ ਵਿੱਚ ਗ਼ਦਰ ਮਚਾ ਗਏ ਨੇ। ਅਸਮਾਈਲ ਮਨਸੂਰ ਸੀ ਸ਼ੇਰ ਬਾਂਕੇ, ਜਾਨ ਹਿੰਦ ਤੇ ਘੋਲ ਘੁੰਮਾ ਗਏ ਨੇ। ਮਨ ਵਾਰ ਦਿੱਤਾ ਹਿੰਦੋਸਤਾਨ ਖਾਤਰ, ਰੈਹੰਦਾ ਸੀਸ ਬਾਕੀ ਉਹ ਵੀ ਲਾ ਗਏ ਨੇ। ਮਾਇਆ ਵਾਲਿਓ ਕੌਮ ਨੂੰ ਦਾਨ ਕਰ ਦੇਓ, ਕਾਸਮ ਅਲੀ ਖਾਨ ਜੀ ਸਮਝਾ ਗਏ ਨੇ। ਅਬਦੂਲ ਗਨੀ, ਚਸਪਾਈ ਖਾਨ, ਖਾਨ ਦੋਦੇ, ਤਿੰਨੇ ਨਾਮ ਸਰਦਾਰ ਕਹਾ ਗਏ ਨੇ। ਭਾਵੇਂ ਨਾਮ ਸਰਦਾਰ ਗੁਲਾਮ ਤਾਂਈ, ਬਾਤ ਸਮਝ ਕੇ ਯੁੱਧ ਮਚਾ ਗਏ ਨੇ। ਕਦੇ ਬੰਨ੍ਹ ਕੇ ਕਿਰਚ ਨੂੰ ਹੁਕਮ ਕਰਦੇ, ਅੱਜ ਫਾਂਸੀਆਂ ਤੇ ਲਟਕਾ ਗਏ ਨੇ। ਰੈਹਮਤ ਅਲੀ ਅਤੇ ਹਾਕਿਮ ਅਲੀ ਦੋਨੋਂ, ਬਾਜ਼ੀ ਸਿਰਾਂ ਦੇ ਨਾਲ ਨਿਭਾ ਗਏ ਨੇ। ਚੇਤੇ ਨਾਮ ਨਾ ਹੋਰ ਜਵਾਨ ਬਹੁਤੇ, ਖਾਤਰ ਹਿੰਦ ਦੇ ਜਿੰਦੜੀ ਲਾ ਗਏ ਨੇ। ਜਿੱਥੇ ਦੇਖਿਆ ਗੋਰਿਆਂ ਪਾਜੀਆਂ ਨੂੰ, ਵਾਂਗ ਬਕਰੇ ਦੇ ਝਟਕਾ ਗਏ ਨੇ।'

# ਪੰਜਾਬੀ ਲਿਖਾਰੀ ਸਭਾ ਕੈਲਗਰੀ ਵੱਲੋਂ 'ਬੱਚਿਆਂ ਦੇ ਪੰਜਾਬੀ ਬੋਲਣ ਦੀ ਮੁਹਾਰਤ' ਦਾ ਸਮਾਗਮ ਜੋ 20 ਜੂਨ ਨੂੰ




ਕੈਲਗਰੀ, (ਸਰੋਕਾਰਾਂ ਦੀ ਆਵਾਜ਼ ਬਿਊਰੋ) : ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਮਾਰਚ ਮਹੀਨੇ ਦੀ ਮੀਟਿੰਗ ਕੋਸੋ ਹਾਲ ਵਿੱਚ ਹੋਈ। ਜਨਰਲ ਸਕੱਤਰ ਦਵਿੰਦਰ ਮਲਹਾਂਸ ਨੇ ਪ੍ਰਧਾਨਗੀ ਮੰਡਲ ਵਿੱਚ ਬੈਠਣ ਲਈ ਮੀਤ ਪ੍ਰਧਾਨ ਜੋਰਾਵਰ ਅਤੇ ਉੱਘੇ ਕਵੀ ਬਲਜਿੰਦਰ ਸੰਘਾ ਨੂੰ ਸੱਦਾ ਦਿੱਤਾ।

ਸਭ ਤੋਂ ਪਹਿਲਾਂ ਸ਼ੋਕ ਮਤੇ ਸਾਂਝੇ ਕੀਤੇ ਗਏ। ਪਿਛਲੇ ਦਿਨੀਂ ਤਰਕਸ਼ੀਲ ਸੁਸਾਇਟੀ ਕੈਨੇਡਾ ਦੇ ਸਰਪ੍ਰਸਤ ਬਾਈ ਅਵਤਾਰ ਗਿੱਲ ਜੀ ਸਦੀਵੀ ਵਿਛੋੜਾ ਦੇ ਗਏ ਸਨ। ਜਿੱਥੇ ਉੱਹਨਾ ਨੇ ਜਿਉਂਦੇ ਜੀਅ ਸਮਾਜ ਸੇਵਾ ਕੀਤੀ, ਉੱਥੇ ਆਪਸੀ ਇੱਛਾ ਮੁਤਾਬਿਕ ਉਨ੍ਹਾਂ ਦੀ ਮ੍ਰਿਤਕ ਦੇਹ ਮੈਡੀਕਲ ਖੋਜ ਕਾਰਜਾਂ ਲਈ ਲੁਧਿਆਣੇ ਦੇ ਹਸਪਤਾਲ ਨੂੰ ਭੇਂਟ ਕੀਤੀ। ਇਸ ਮਹਾਨ ਕਾਰਜ ਲਈ ਉਨ੍ਹਾਂ ਦੀ ਅਗਾਂਹਵਧੂ ਸੋਚ ਨੂੰ ਸਲਾਮ ਕਰਦਿਆਂ, ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਪਿਛਲੇ ਮਹੀਨੇ ਉੱਘੇ ਕਹਾਣੀਕਾਰ ਲਾਲ ਸਿੰਘ ਦਸੂਹਾ ਜੀ ਅਕਾਲ ਚਲਾਣਾ ਕਰ ਗਏ ਸੀ। ਪੰਜਾਬੀ ਲਿਖਾਰੀ ਸਭਾ ਵੱਲੋਂ ਉਨ੍ਹਾਂ ਦੇ ਦੁੱਖ ਦਾ ਇਜ਼ਹਾਰ ਕਰਦਿਆਂ, ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਪੰਜਾਬੀ ਦੇ ਪ੍ਰਮੁੱਖ ਨਾਟਕਕਾਰ ਕਪੂਰ ਸਿੰਘ ਘੁੰਮਣ ਦੀ ਧੀ ਨਵਨਿੰਦਰਾ ਜੋ ਕਿ ਖੁਦ ਪ੍ਰਤਿਭਾਸ਼ਾਲੀ ਅਦਾਕਾਰ, ਨਿਰਦੇਸ਼ਕ ਅਤੇ ਨਾਟ- ਚਿੰਤਕ ਸਨ ਦੇ ਸਦੀਵੀ ਵਿਛੋੜੇ ਨਾਲ ਪੰਜਾਬੀ ਰੰਗਮੰਚ ਲਈ ਵੱਡਾ ਘਾਟਾ ਪਿਆ ਹੈ। ਪੰਜਾਬੀ ਲਿਖਾਰੀ ਸਭਾ ਵਲੋਂ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਮੀਟਿੰਗ ਦਾ ਅਗਾਜ ਗਿੱਲ ਸੁਖਮਿੰਦਰ ਸਿੰਘ ਨੇ ਆਪਣੇ ਗੀਤ ਰਾਹੀਂ ਕੀਤਾ। ਸੁਖਵਿੰਦਰ ਸਿੰਘ ਤੂਰ ਨੇ ਸੁਰੀਲੀ ਆਵਾਜ਼ ਨਾਲ ਗੀਤ ਗਾ ਕੇ ਆਪਣੀ ਹਾਜ਼ਰੀ ਲਗਵਾਈ। ਸੋਹਣ ਸਿੰਘ ਭੁੱਚੋ ਨੇ ਆਪਣੀ ਭਾਵਪੂਰਤ ਕਵਿਤਾ ਪੇਸ਼ ਕੀਤੀ ।

ਮੀਤ ਪ੍ਰਧਾਨ ਜੋਰਾਵਰ ਸਿੰਘ ਨੇ ਬੱਚਿਆਂ ਦੇ 13ਵੇਂ ਪੰਜਾਬੀ ਬੋਲਣ ਦੀ ਮੁਹਾਰਤ ਦੇ ਸਮਾਗਮ ਜੋ ਕਿ 20 ਜੂਨ 2026 ਦਿਨ ਸ਼ਨਿਚਰਵਾਰ ਨੂੰ ਵਾਈਟਹੋਰਨ ਕਮਿਊਨਿਟੀ ਹਾਲ ਵਿਖੇ ਕਰਵਾਏ ਜਾਣਗੇ ਬਾਰੇ ਜਾਣਕਾਰੀ ਸਾਂਝੀ ਕੀਤੀ।

ਕਾਰਜਕਾਰੀ ਕਮੇਟੀ ਅਤੇ ਬੱਚਿਆਂ ਦੀ ਸ਼ਮੂਲੀਅਤ ਵਿੱਚ ਪੋਸਟਰ ਰੀਲੀਜ ਕੀਤਾ ਗਿਆ। ਸੁਖਵੀਰ ਗਰੇਵਾਲ ਬੱਚਿਆਂ ਦੇ ਸਮਾਗਮ ਬਾਰੇ ਆਪਣੇ ਤਜਰਬੇ ਸਾਂਝੇ ਕੀਤੇ। ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਇੱਕੋ-ਇੱਕ ਸਾਹਿਤਕ ਸੰਸਥਾ ਹੈ ਜੋ ਲੰਮੇ ਸਮੇਂ ਤੋਂ ਨਵੀਂ ਪੀੜ੍ਹੀ ਨੂੰ ਪੰਜਾਬੀ ਨਾਲ ਜੋੜਨ ਯਤਨ ਕਰ ਰਹੀ ਹੈ ।

ਪੇਸ਼ਕਸ਼ ਅਤੇ ਅਨੁਵਾਦ
ਬੂਟਾ ਸਿੰਘ ਮਹਿਮੂਦਪੁਰ

# .ਗ਼ੁਲਾਮੀ, ਨਸਲਕੁਸ਼ੀ ਅਤੇ ਯੁੱਧ ਦਾ ਸਾਮਰਾਜ

## ਦੂਜੀ ਵਿਸ਼ਵ ਜੰਗ ਮੁੱਕਣ ਤੋਂ ਲੈ ਕੇ ਅਮਰੀਕੀ .ਫ਼ੌਜ, ਖ਼ੁਫ਼ੀਆ ਏਜੰਸੀਆਂ ਅਤੇ ਅਮਰੀਕੀ ਸਟੇਟ ਦੀਆਂ ਹੋਰ ਸ਼ਾਖਾਵਾਂ ਦੁਆਰਾ ਮਾਰੇ ਗਏ ਲੋਕਾਂ ਦੀ ਗਿਣਤੀ

ਅਮਰੀਕੀ ਸਾਮਰਾਜ ਦੀ ਧੜਵੈਲ ਪ੍ਰਚਾਰ ਮਸ਼ੀਨ ਰਾਹੀਂ ਦੁਨੀਆ ਲੋਕਾਂ ਦੇ ਦਿਮਾਗ਼ਾਂ ਵਿਚ ਇਹ ਕੁੱਟ-ਕੁੱਟਕੇ ਭਰਿਆ ਜਾਂਦਾ ਹੈ ਕਿ ਸੰਯੁਕਤ ਰਾਜ ਅਮਰੀਕਾ ਦੁਨੀਆ ਦਾ ਸਭ ਤੋਂ ਮਹਾਨ, ਸ਼ਾਂਤੀ ਦਾ ਰੱਖਿਅਕ ਮੁਲਕ ਹੈ। ਸੱਚਾਈ ਇਹ ਹੈ ਕਿ ਇਹ ਅਜਿਹਾ ਮੁਲਕ ਹੈ ਜਿਸਦੀ ਨੀਂਹ ਗ਼ੁਲਾਮੀ, ਕਤਲੇਆਮ ਅਤੇ ਨਸਲਕੁਸ਼ੀ ਉੱਪਰ ਰੱਖੀ ਗਈ ਸੀ, ਜੋ ਜੇਤੂ ਜੰਗਾਂ ਰਾਹੀਂ ਸਾਮਰਾਜ ਬਣਿਆ, ਅਤੇ ਉਸ ਨੀਂਹ 'ਤੇ ਇਸਦਾ 'ਨਿਰਮਾਣ' ਜਾਰੀ ਹੈ। ਅੱਜ ਜਦੋਂ ਅਮਰੀਕੀ ਹਕੂਮਤ ਨੇ ਮੱਧ ਪੂਰਬ ਵਿਚ ਆਪਣੀ ਫ਼ੌਜੀ ਚੌਕੀ ਇਜ਼ਰਾਇਲ ਨਾਲ ਮਿਲਕੇ ਗਾਜ਼ਾ ਵਿਚ ਲਗਾਤਾਰ ਨਸਲਕੁਸ਼ੀ ਤੋਂ ਬਾਅਦ ਇਰਾਨ ਉੱਪਰ ਵੀ ਦਹਿਸ਼ਤਗਰਦ ਹਮਲਾ ਕਰ ਦਿੱਤਾ ਹੈ ਤਾਂ ਸ਼ਾਂਤੀ, ਦਹਿਸ਼ਤਵਾਦ ਵਿਰੁੱਧ ਜੰਗ ਵਰਗੇ ਕੂੜ ਓਹਲੇ ਲੁਕੀ ਅਮਰੀਕੀ ਸਟੇਟ ਦੀ ਖ਼ੂੰਖ਼ਾਰ ਦਹਿਸ਼ਤਗਰਦ ਖ਼ਸਲਤ ਨੂੰ ਬੇਨਕਾਬ ਕਰਨਾ ਬਹੁਤ ਜ਼ਰੂਰੀ ਹੈ।

ਦੂਜਾ ਵਿਸ਼ਵ ਯੁੱਧ ਖ਼ਤਮ ਹੋਣ ਤੋਂ ਬਾਅਦ ਅਮਰੀਕੀ ਸਾਮਰਾਜ ਵੱਲੋਂ ਦੂਜੇ ਮੁਲਕਾਂ 'ਤੇ ਕੀਤੇ ਗਏ ਭਿਆਨਕ ਜ਼ੁਲਮਾਂ ਅਤੇ ਬੇਇਨਸਾਫ਼ੀਆਂ ਨੂੰ ਉਜਾਗਰ ਕਰਦੇ ਵੇਰਵੇ ਪੇਸ਼ ਕਰਨ ਦਾ ਮਹੱਤਵਪੂਰਨ ਕਾਰਜ ਰੈਵੋਲੂਸ਼ਨਰੀ ਕਮਿਊਨਿਸਟ ਪਾਰਟੀ ਯੂਐੱਸਏ ਨੇ ਸ਼ੁਰੂ ਕੀਤਾ ਹੈ। ਇਹ ਮੁੱਢਲੇ ਵੇਰਵੇ ਹਨ ਅਤੇ ਹੋਰ ਅਧਿਐਨ ਰਾਹੀਂ ਇਸ ਵਿੱਚ ਹੋਰ ਵੇਰਵੇ ਜੁੜਦੇ ਜਾਣਗੇ। ਇਹ ਵੇਰਵੇ ਦੱਸਦੇ ਹਨ ਕਿ 1945 ਤੋਂ ਲੈ ਕੇ ਅਮਰੀਕੀ ਸਾਮਰਾਜ ਆਪਣੀਆਂ ਜੰਗਾਂ, ਤਖ਼ਤ ਪਲਟਿਆਂ, ਪਿਛਾਖੜੀ ਤਾਕਤਾਂ ਦੀ ਹਮਾਇਤ ਅਤੇ ਮਾਨਵਤਾ ਵਿਰੋਧੀ ਹੋਰ ਜੁਰਮਾਂ ਰਾਹੀਂ ਘੱਟੋ-ਘੱਟ 1.4 ਕਰੋੜ ਲੋਕਾਂ ਦੀਆਂ ਮੌਤਾਂ ਲਈ ਜ਼ਿੰਮੇਵਾਰ ਹੈ।

**• ਹੀਰੋਸ਼ੀਮਾ ਅਤੇ ਨਾਗਾਸਾਕੀ 'ਤੇ ਪਰਮਾਣੂ ਬੰਬਾਰੀ (ਅਗਸਤ 1945), 2 ਲੱਖ 14 ਹਜ਼ਾਰ ਮੌਤਾਂ**

ਜਿਉਂ ਹੀ ਦੂਜਾ ਵਿਸ਼ਵ ਯੁੱਧ ਖ਼ਤਮ ਹੋ ਰਿਹਾ ਸੀ, ਅਮਰੀਕਾ ਨੇ ਜਪਾਨੀ ਸ਼ਹਿਰਾਂ 'ਤੇ 2 ਪਰਮਾਣੂ ਬੰਬ ਸੁੱਟੇ। ਅੰਦਾਜ਼ਾ ਹੈ ਕਿ ਇਨ੍ਹਾਂ ਪਰਮਾਣੂ ਬੰਬਾਂ ਨਾਲ ਹੀਰੋਸ਼ੀਮਾ ਵਿੱਚ 1,40,000 ਤੋਂ ਵੱਧ ਲੋਕ ਮਾਰੇ ਗਏ, ਅਤੇ ਨਾਗਾਸਾਕੀ ਵਿੱਚ 74,000 ਲੋਕ ਮਾਰੇ ਗਏ।

**• ਕੋਰੀਆਈ ਜੰਗ (1950-53), 25 ਲੱਖ ਮੌਤਾਂ**

ਅਮਰੀਕਾ ਨੇ 3 ਲੱਖ 40 ਹਜ਼ਾਰ ਫ਼ੌਜੀਆਂ ਨਾਲ ਸੰਯੁਕਤ ਰਾਸ਼ਟਰ ਦੇ ਹਮਲੇ ਦੀ ਯੋਜਨਾ ਬਣਾਈ, ਜਿਨ੍ਹਾਂ ਵਿੱਚੋਂ 90 ਪ੍ਰਤੀਸ਼ਤ ਅਮਰੀਕੀ ਸਨ। ਅਮਰੀਕੀ ਜਹਾਜ਼ਾਂ ਨੇ ਉੱਤਰੀ ਕੋਰੀਆ 'ਤੇ ਕਾਰਪੈਟ ਬੰਬਾਰੀ ਕੀਤੀ ਅਤੇ ਪੂਰੇ ਮੁਲਕ ਵਿਚ ਲਾਸ਼ਾਂ ਵਿਛਾ ਦਿੱਤੀਆਂ। ਹਜ਼ਾਰਾਂ ਟਨ ਨਾਪਾਮ—ਜੈਲੀ ਵਰਗੀ ਗੈਸੋਲੀਨ ਜੋ ਲੋਕਾਂ ਨੂੰ ਜਿੰਦਾ ਸਾੜ ਦਿੰਦੀ ਹੈ—ਵੀ ਸੁੱਟੀ ਗਈ। ਰਾਸ਼ਟਰਪਤੀ ਟਰੂਮੈਨ ਨੇ ਉਸ ਵੇਲੇ ਦੇ ਸਮਾਜਵਾਦੀ ਚੀਨ ਦੇ ਖ਼ਿਲਾਫ਼ ਪਰਮਾਣੂ ਹਥਿਆਰਾਂ ਦੀ ਵਰਤੋਂ ਕਰਨ ਦੀ ਧਮਕੀ ਦਿੱਤੀ, ਜੋ ਕੋਰੀਆਈ ਜੰਗ ਦੌਰਾਨ ਕੁਝ ਸਮੇਂ ਲਈ ਅਮਰੀਕੀ ਫ਼ੌਜਾਂ ਨੂੰ ਹਰਾ ਰਿਹਾ ਸੀ। ਅਗਲੇ ਤਿੰਨ ਸਾਲਾਂ ਦੀ ਲੜਾਈ ਅਤੇ ਭਾਰੀ ਬੰਬਾਰੀ ਵਿੱਚ, ਅਮਰੀਕੀ ਅਤੇ ਅਮਰੀਕੀ ਅਗਵਾਈ ਵਾਲੀਆਂ ਫ਼ੌਜਾਂ ਨੇ ਘੱਟੋ-ਘੱਟ 25 ਲੱਖ ਉੱਤਰੀ ਕੋਰੀਆਈ, ਦੱਖਣੀ ਕੋਰੀਆਈ ਅਤੇ ਚੀਨੀ ਲੋਕਾਂ ਨੂੰ ਮਾਰ ਦਿੱਤਾ।

**• ਵੀਅਤਨਾਮ (1961-1975), 30 ਲੱਖ ਮੌਤਾਂ**

ਅਮਰੀਕਾ ਨੇ ਦੱਖਣ-ਪੂਰਬੀ ਏਸ਼ੀਆ ਦੇ ਇਸ ਮੁਲਕ ਵਿੱਚ 5 ਲੱਖ ਤੋਂ ਵੱਧ ਫ਼ੌਜੀ ਭੇਜੇ ਅਤੇ ਲੱਖਾਂ ਟਨ ਬੰਬ ਸੁੱਟੇ ਤਾਂ ਜੋ ਵੀਅਤਨਾਮੀ ਲੋਕਾਂ ਦੇ ਕੌਮੀ ਮੁਕਤੀ ਸੰਘਰਸ਼ ਨੂੰ ਹਰਾਇਆ ਜਾ ਸਕੇ। ਅਪ੍ਰੈਲ 1975 ਵਿੱਚ ਅਮਰੀਕਾ ਦੀ ਹਾਰ ਨਾਲ ਜੰਗ ਖ਼ਤਮ ਹੋਣ ਤੱਕ, ਅਮਰੀਕੀ ਫ਼ੌਜ ਨੇ ਤਕਰੀਬਨ 20 ਲੱਖ ਵੀਅਤਨਾਮੀ ਨਾਗਰਿਕਾਂ ਅਤੇ 10 ਲੱਖ ਵੀਅਤਨਾਮੀ ਫ਼ੌਜੀਆਂ ਦਾ ਕਤਲੇਆਮ ਕਰ ਦਿੱਤਾ ਸੀ।

**• ਡੋਮੀਨੀਕਨ ਗਣਰਾਜ 'ਤੇ ਹਮਲਾ (1965), 2500 ਮੌਤਾਂ**

28 ਅਪ੍ਰੈਲ, 1965 ਨੂੰ, 22 ਹਜ਼ਾਰ ਅਮਰੀਕੀ ਮੈਰੀਨ ਫ਼ੌਜੀਆਂ ਅਤੇ ਹੋਰ ਫ਼ੌਜਾਂ ਨੇ ਮੁਲਕ ਦੇ ਹਮਾਇਤੀ-ਅਮਰੀਕੀ ਜ਼ੁਲਮਾਂ ਦੇ ਖ਼ਿਲਾਫ਼ ਨਿਆਂਪੂਰਨ, ਲੋਕ ਬਗ਼ਾਵਤ ਨੂੰ ਕੁਚਲਣ ਲਈ ਡੋਮੀਨੀਕਨ ਗਣਰਾਜ 'ਤੇ ਹਮਲਾ ਕੀਤਾ। ਫ਼ੌਜਾਂ ਨੇ ਪਿੰਡਾਂ 'ਤੇ ਬੰਬਾਰੀ ਮੁਹਿੰਮਾਂ ਦੀ ਅਗਵਾਈ ਕੀਤੀ, ਜਨਤਕ ਰਾਜਨੀਤਕ ਮੀਟਿੰਗਾਂ 'ਤੇ ਪਾਬੰਦੀ ਲਗਾ ਦਿੱਤੀ, ਅਤੇ ਕਬਜ਼ੇ ਦੌਰਾਨ 2500 ਡੋਮੀਨੀਕਨ ਲੋਕਾਂ ਦੀਆਂ ਮੌਤਾਂ ਦੀ ਨਿਗਰਾਨੀ ਕੀਤੀ।

**• ਲਾਓਸ 'ਤੇ ਬੰਬਾਰੀ (1964-1973), 50 ਹਜ਼ਾਰ ਮੌਤਾਂ (ਬਾਅਦ ਵਿੱਚ, ਨਾ ਵਰਤੇ ਗਏ ਵਿਸਫੋਟਕਾਂ ਤੋਂ 20 ਹਜ਼ਾਰ ਹੋਰ ਮਾਰੇ ਗਏ ਜਾਂ ਅਪਾਹਜ ਹੋਏ)**

ਵੀਅਤਨਾਮ ਵਿੱਚ ਜੰਗ ਦੌਰਾਨ, ਅਮਰੀਕੀ ਜੰਗੀ ਜਹਾਜ਼ਾਂ ਨੇ ਗੁਆਂਢੀ ਮੁਲਕ ਲਾਓਸ 'ਤੇ 20 ਲੱਖ ਟਨ ਬੰਬ ਸੁੱਟੇ, ਜੋ ਦੂਜੇ ਵਿਸ਼ਵ ਯੁੱਧ ਦੌਰਾਨ ਸੁੱਟੇ ਗਏ ਸਾਰੇ ਬੰਬਾਂ ਤੋਂ ਵੱਧ ਸੀ। ਅੰਦਾਜ਼ਾ ਹੈ ਕਿ 8 ਕਰੋੜ ਕਲੱਸਟਰ ਬੰਬ ਨਹੀਂ ਫਟੇ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਅੱਜ ਵੀ ਖੇਤਾਂ ਵਿੱਚ ਦੱਬੇ ਹੋਏ ਹਨ। ਬੰਬਾਰੀ ਦੌਰਾਨ 50 ਹਜ਼ਾਰ ਤੋਂ ਵੱਧ ਲੋਕ ਮਾਰੇ ਗਏ, ਪਰ ਜੰਗ ਖ਼ਤਮ ਹੋਣ ਤੋਂ ਬਾਅਦ ਦੇ ਦਹਾਕਿਆਂ ਵਿੱਚ ਨਾ ਵਰਤੇ ਗਏ ਵਿਸਫੋਟਕਾਂ—ਜਿਨ੍ਹਾਂ ਵਿੱਚ ਕਲੱਸਟਰ ਬੰਬ ਸ਼ਾਮਲ ਹਨ—ਨਾਲ 20 ਹਜ਼ਾਰ ਤੋਂ ਵੱਧ ਲੋਕ ਮਾਰੇ ਗਏ ਜਾਂ ਅਪਾਹਜ ਹੋਏ।

**• ਕੰਬੋਡੀਆ 'ਤੇ ਬੰਬਾਰੀ (1969-1973), ਡੇਢ ਲੱਖ ਮੌਤਾਂ**

ਅਮਰੀਕਾ ਨੇ ਵੀਅਤਨਾਮ ਵਿੱਚ ਜੰਗ ਦੌਰਾਨ ਕੰਬੋਡੀਆ 'ਤੇ ਵੀ ਕਾਰਪੈਟ ਬੰਬਾਰੀ ਕੀਤੀ, ਜਿਸ ਨਾਲ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਅੰਦਾਜ਼ਨ 50 ਹਜ਼ਾਰ ਤੋਂ ਡੇਢ ਲੱਖ ਲੋਕ ਮਾਰੇ ਗਏ। ਪਰ ਸਾਲ 2000 ਵਿੱਚ, ਇਹ ਖ਼ੁਲਾਸਾ ਹੋਇਆ ਸੀ ਕਿ ਉਨ੍ਹਾਂ ਸਾਲਾਂ ਦੌਰਾਨ ਕੰਬੋਡੀਆ 'ਤੇ ਸੁੱਟੇ ਗਏ ਬੰਬਾਂ ਦੀ ਟਨਾਂ ਵਿਚ ਮਾਤਰਾ ਪਹਿਲਾਂ ਸਵੀਕਾਰ ਕੀਤੇ ਗਈ ਮਾਤਰਾ ਤੋਂ 5 ਗੁਣਾ ਵੱਧ ਸੀ। 'ਡੇਟਾਬੇਸ ਦੁਆਰਾ ਦੱਸੀ ਗਈ ਟਨਾਂ ਵਿੱਚ ਮਾਤਰਾ ਦੇ ਪੰਜ ਗੁਣਾ ਵਾਧੇ ਨੂੰ ਦੇਖਦੇ ਹੋਏ, ਮੌਤਾਂ ਦੀ ਗਿਣਤੀ ਨਿਸ਼ਚਤ ਤੌਰ 'ਤੇ ਵੱਧ ਹੈ।'



1.ਵੀਅਤਨਾਮ ਵਿੱਚ ਅਮਰੀਕੀ ਫ਼ੌਜ ਵੱਲੋਂ ਮਾਈ ਲਾਈ ਪਿੰਡ ਵਿੱਚ ਪਿੰਡ ਵਾਸੀਆਂ ਦਾ ਕਤਲੇਆਮ, 16 ਮਾਰਚ 1968।

**• ਉੱਤਰੀ ਵੀਅਤਨਾਮ 'ਤੇ ਕ੍ਰਿਸਮਸ ਬੰਬਾਰੀ (18-29 ਦਸੰਬਰ 1972), 2300 ਮੌਤਾਂ**

ਅਮਰੀਕਾ ਨੇ ਜੰਗ ਖ਼ਤਮ ਕਰਨ ਲਈ ਗੱਲਬਾਤ ਵਿੱਚ ਉੱਤਰੀ ਵੀਅਤਨਾਮ ਵੱਲੋਂ ਰਿਆਇਤਾਂ ਦੇਣ ਲਈ ਸੰਘਣੀ ਆਬਾਦੀ ਵਾਲੇ ਸ਼ਹਿਰਾਂ ਹਨੋਈ ਅਤੇ ਹਾਈਫੋਂਗ 'ਤੇ ਭਾਰੀ ਬੰਬਾਰੀ ਕੀਤੀ। ਇਸਨੇ ਦਾਅਵਾ ਕੀਤਾ ਕਿ 1600 ਵੀਅਤਨਾਮੀ ਨਾਗਰਿਕ ਮਾਰੇ ਗਏ, ਪਰ ਵੀਅਤਨਾਮੀ ਸਰੋਤਾਂ ਦਾ ਅੰਦਾਜ਼ਾ ਹੈ ਕਿ 2300 ਨਾਗਰਿਕ ਮੌਤਾਂ ਹੋਈਆਂ—ਇਕੱਲੇ ਹਨੋਈ ਵਿੱਚ ਲਗਭਗ 1500 ਲੋਕ ਮਾਰੇ ਗਏ।

**• ਗ੍ਰੇਨਾਡਾ 'ਤੇ ਹਮਲਾ (1983), 70 ਮੌਤਾਂ, 400 ਜ਼ਖ਼ਮੀ**

ਅਮਰੀਕਾ ਨੇ ਇਸ ਛੋਟੇ ਜਿਹੇ ਟਾਪੂ ਰਾਸ਼ਟਰ 'ਤੇ ਉਸਦੀ ਖੱਬੇ-ਪੱਖੀ ਸਰਕਾਰ ਨੂੰ ਉਲਟਾਉਣ ਲਈ ਹਮਲਾ ਕੀਤਾ, ਅਜਿਹੀ ਕਾਰਵਾਈ ਜਿਸਨੂੰ ਸੰਯੁਕਤ ਰਾਸ਼ਟਰ ਨੇ ਅੰਤਰਰਾਸ਼ਟਰੀ ਕਾਨੂੰਨ ਦੀ 'ਘੋਰ' ਉਲੰਘਣਾ ਕਰਾਰ ਦਿੱਤਾ। ਅਮਰੀਕੀ ਫ਼ੌਜਾਂ ਨੇ 45 ਗ੍ਰੇਨਾਡਾ ਲੋਕਾਂ ਅਤੇ ਗ੍ਰੇਨਾਡਾ ਦੀ ਸਰਕਾਰ ਦੀ ਹਮਾਇਤ ਵਿੱਚ ਉੱਥੇ ਕੰਮ ਕਰ ਰਹੇ 25 ਕਿਊਬਾਈ ਲੋਕਾਂ ਨੂੰ ਮਾਰ ਦਿੱਤਾ, ਅਤੇ 396 ਗ੍ਰੇਨਾਡਾ ਅਤੇ ਕਿਊਬਾਈ ਲੋਕਾਂ ਨੂੰ ਜ਼ਖ਼ਮੀ ਕਰ ਦਿੱਤਾ।

**• ਪਨਾਮਾ 'ਤੇ ਹਮਲਾ (1989-1990), ਘੱਟੋ-ਘੱਟ 2 ਤੋਂ 3 ਹਜ਼ਾਰ ਮੌਤਾਂ**

20 ਦਸੰਬਰ, 1989 ਨੂੰ, ਅਮਰੀਕੀ ਫ਼ੌਜ ਨੇ 27,684 ਫ਼ੌਜੀਆਂ ਅਤੇ 300 ਜਹਾਜ਼ਾਂ ਨਾਲ ਪਨਾਮਾ 'ਤੇ ਹਮਲਾ ਕੀਤਾ, ਮੈਨੂਅਲ ਨੋਰੀਏਗਾ ਅਤੇ ਉਸਦੀ ਰੱਖਿਆ ਫ਼ੌਜ ਨੂੰ ਸੱਤਾ ਤੋਂ ਹਟਾ ਦਿੱਤਾ। ਪੂਰੇ ਮੁਹੱਲੇ ਤਬਾਹ ਕਰ ਦਿੱਤੇ ਗਏ। ਕੈਥੋਲਿਕ ਅਤੇ ਐਪਿਸਕੋਪਲ ਚਰਚਾਂ ਨੇ ਅੰਦਾਜ਼ਾ ਲਗਾਇਆ ਹੈ ਕਿ 2 ਹਜ਼ਾਰ ਤੋਂ 3 ਹਜ਼ਾਰ ਲੋਕ ਮਾਰੇ ਗਏ, ਇਹ ਅੰਕੜਾ ਵੀ ਘੱਟ ਮੰਨਿਆ ਜਾਂਦਾ ਹੈ।

**• ਖਾੜੀ ਜੰਗ—ਇਰਾਕ 'ਤੇ ਅਮਰੀਕੀ ਹਮਲਾ (1990-1991), 2 ਲੱਖ ਤੋਂ ਵੱਧ ਲੋਕ ਮਾਰੇ ਗਏ**

16 ਜਨਵਰੀ ਤੋਂ 27 ਫਰਵਰੀ 1991 ਤੱਕ, ਅਮਰੀਕਾ ਨੇ ਫਾਰਸ ਦੀ ਖਾੜੀ 'ਤੇ ਆਪਣੀ ਪਕੜ ਮਜ਼ਬੂਤ ਕਰਨ ਅਤੇ ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਦੇ 'ਨਵੇਂ ਵਿਸ਼ਵ ਪ੍ਰਬੰਧ' ਦਾ ਮਾਹੌਲ ਬਣਾਉਣ ਲਈ ਇਰਾਕ ਦੇ ਖ਼ਿਲਾਫ਼ ਜੰਗ ਛੇੜ ਦਿੱਤੀ, ਜਿਸਨੂੰ ਉਹ ਸਥਾਪਤ ਕਰਨਾ ਚਾਹੁੰਦਾ ਸੀ। ਜੰਗ ਅਤੇ ਉਸ ਤੋਂ ਬਾਅਦ 2 ਲੱਖ ਤੋਂ ਵੱਧ ਇਰਾਕੀ ਫ਼ੌਜੀ ਅਤੇ ਨਾਗਰਿਕ ਮਾਰੇ ਗਏ।

**• ਅਫ਼ਗਾਨਿਸਤਾਨ 'ਤੇ ਹਮਲਾ ਅਤੇ ਕਬਜ਼ਾ (2001-2021), 1 ਲੱਖ ਦੇ ਕਰੀਬ ਮੌਤਾਂ (ਅਪ੍ਰਤੱਖ ਮੌਤਾਂ ਇਸ ਵਿਚ ਸ਼ਾਮਲ ਨਹੀਂ)**

ਅਕਤੂਬਰ 2001 'ਚ ਅਮਰੀਕੀ ਫ਼ੌਜਾਂ ਨੇ ਅਫ਼ਗਾਨਿਸਤਾਨ 'ਤੇ ਹਮਲਾ ਕੀਤਾ, ਇਸਲਾਮੀ ਕੱਟੜਪੰਥੀ ਤਾਲਿਬਾਨ ਸ਼ਾਸਨ ਨੂੰ ਸੱਤਾ ਤੋਂ ਬੇਦਖ਼ਲ ਕਰ ਦਿੱਤਾ ਅਤੇ ਇੱਕ ਵਿਆਪਕ ਤੌਰ 'ਤੇ ਨਫ਼ਰਤ ਕੀਤਾ ਜਾਣ ਵਾਲਾ, ਅਮਰੀਕੀ ਹਮਾਇਤ ਵਾਲਾ 'ਇਸਲਾਮੀ ਗਣਰਾਜ' ਸਥਾਪਤ ਕੀਤਾ। ਪਰ ਅਮਰੀਕਾ ਤਾਲਿਬਾਨ ਨੂੰ ਹਰਾਉਣ ਜਾਂ ਮੁਲਕ ਨੂੰ ਸਥਿਰ ਕਰਨ ਵਿੱਚ ਕਦੇ ਸਫ਼ਲ ਨਹੀਂ ਹੋਇਆ। ਲਗਭਗ 1 ਲੱਖ ਅਫ਼ਗਾਨ ਲੜਾਕੂ ਅਤੇ ਨਾਗਰਿਕ ਮਾਰੇ ਗਏ; ਜਦਕਿ ਅਪ੍ਰਤੱਖ ਮੌਤਾਂ ਇਸ ਗਿਣਤੀ ਵਿਚ ਸ਼ਾਮਲ ਨਹੀਂ ਹਨ।

**• ਇਰਾਕ 'ਤੇ ਹਮਲਾ (2003), ਫਿਰ ਕਬਜ਼ਾ, ਕਬਜ਼ੇ ਦੇ ਪਹਿਲੇ 4 ਸਾਲਾਂ ਵਿੱਚ 6 ਲੱਖ 55 ਹਜ਼ਾਰ ਤੋਂ ਲੈ ਕੇ 10 ਲੱਖ ਤੋਂ ਵੱਧ ਮੌਤਾਂ**

2003 ਵਿੱਚ, ਅਮਰੀਕਾ ਨੇ ਇਸ ਝੂਠ ਦੇ ਆਧਾਰ 'ਤੇ ਇਰਾਕ 'ਤੇ ਹਮਲਾ ਕੀਤਾ ਅਤੇ ਸੱਦਾਮ ਹੁਸੈਨ ਦੇ ਸ਼ਾਸਨ ਨੂੰ ਉਲਟਾ ਦਿੱਤਾ ਕਿ ਇਰਾਕ ਕੋਲ ਸਮੂਹਿਕ ਤਬਾਹੀ ਦੇ ਹਥਿਆਰ ਹਨ। ਅਮਰੀਕੀ ਜੰਗ ਅਤੇ ਕਬਜ਼ੇ ਨੇ ਹਥਿਆਰਬੰਦ ਵਿਰੋਧ ਨੂੰ ਜਨਮ ਦਿੱਤਾ ਅਤੇ ਪਿਛਾਖੜੀ ਇਸਲਾਮੀ ਜਿਹਾਦਵਾਦ ਅਤੇ ਨਸਲੀ-ਫਿਰਕਾਪ੍ਰਸਤੀ ਟਕਰਾਅ ਦੇ ਉਭਾਰ ਨੂੰ ਹਵਾ ਦਿੱਤੀ ਗਈ ਜੋ ਅੱਜ ਵੀ ਜਾਰੀ ਹੈ। ਬਰਤਾਨਵੀ ਮੈਡੀਕਲ ਜਰਨਲ ਲੈਂਸੇਟ ਵਿੱਚ 2006 ਦੇ ਇੱਕ ਅਧਿਐਨ ਨੇ ਅੰਦਾਜ਼ਾ ਲਗਾਇਆ ਕਿ ਅਮਰੀਕੀ ਹਮਲੇ ਅਤੇ ਤਿੰਨ ਸਾਲਾਂ ਦੇ ਕਬਜ਼ੇ ਕਾਰਨ ਇਰਾਕ ਵਿੱਚ ਲਗਭਗ 6 ਲੱਖ 55 ਹਜ਼ਾਰ ਮੌਤਾਂ ਹੋਈਆਂ, ਜੋ ਸਿੱਧੇ ਰੂਪ 'ਚ ਜੰਗ ਨਾਲ ਅਤੇ ਨਾਲ ਹੀ ਲੋਕਾਂ ਦੀ ਸਿਹਤ ਤੇ ਹੋਰ ਕਾਰਨਾਂ 'ਤੇ ਪ੍ਰਭਾਵਾਂ ਕਾਰਨ ਹੋਈਆਂ। 2008 ਦੇ ਇੱਕ ਹੋਰ ਅਧਿਐਨ ਨੇ ਅਮਰੀਕੀ ਕਬਜ਼ੇ ਦੇ ਚਾਰ ਸਾਲਾਂ ਵਿੱਚ ਇਰਾਕੀ ਮੌਤਾਂ ਦੀ ਗਿਣਤੀ ਲਗਭਗ 10 ਲੱਖ 30 ਹਜ਼ਾਰ ਦੱਸੀ।



ਗੁਆਟੇਮਾਲਾ ਦੀ ਫ਼ੌਜ ਦੁਆਰਾ ਮਾਇਆਂ ਵੱਸੋਂ ਵਾਲੇ ਕਸਬੇ ਸੈਂਟੋ ਟੋਮਾਸ ਚਿਚੇ ਵਿੱਚ 1982 ਦੇ ਕਤਲੇਆਮ ਵਿਚ ਮਾਰੇ ਜਾਣ ਵਾਲਿਆਂ ਦੇ ਤਾਬੂਤ ਚੁੱਕੀ ਜਾ ਰਹੇ ਰਿਸ਼ਤੇਦਾਰ, 13 ਜੂਨ 2001

**• ਯਮਨ, ਅਫ਼ਗਾਨਿਸਤਾਨ, ਪਾਕਿਸਤਾਨ ਅਤੇ ਸੋਮਾਲੀਆ ਵਿੱਚ ਅਮਰੀਕੀ ਡਰੋਨ ਹਮਲੇ ਅਤੇ ਹੋਰ ਗੁਪਤ ਕਾਰਵਾਈਆਂ (2004 ਤੋਂ ਹੁਣ ਤੱਕ), 9 ਤੋਂ 17 ਹਜ਼ਾਰ ਦਰਮਿਆਨ ਮੌਤਾਂ**

11 ਸਤੰਬਰ 2001 ਦੇ ਹਮਲਿਆਂ ਤੋਂ ਬਾਅਦ, ਜਾਰਜ ਡਬਲਯੂ. ਬੁਸ਼ ਨੇ ਕਥਿਤ 'ਦਹਿਸ਼ਤਵਾਦ ਖ਼ਿਲਾਫ਼ ਜੰਗ' ਸ਼ੁਰੂ ਕੀਤੀ—ਜੋ ਕਥਿਤ ਹਮਲਿਆਂ ਦਾ ਜਵਾਬ ਦੇਣ ਅਤੇ ਅਮਰੀਕੀ ਸਾਮਰਾਜ ਦਾ ਵਿਸਥਾਰ ਅਤੇ ਮਜ਼ਬੂਤੀ ਕਰਨ ਲਈ ਵਿਸ਼ਵਵਿਆਪੀ ਜੰਗ ਸੀ। ਅਮਰੀਕਾ ਦੀ ਡਰੋਨ ਜੰਗ ਮੁੱਖ ਹਿੱਸਾ ਬਣ ਗਈ। ਯਮਨ, ਅਫ਼ਗਾਨਿਸਤਾਨ, ਪਾਕਿਸਤਾਨ ਅਤੇ ਸੋਮਾਲੀਆ ਦੇ ਖ਼ਿਲਾਫ਼ ਡਰੋਨ ਤਾਇਨਾਤ ਕੀਤੇ ਗਏ। ਓਬਾਮਾ ਪ੍ਰਸ਼ਾਸਨ ਨੇ ਮਨੁੱਖ ਰਹਿਤ ਡਰੋਨ ਹਮਲਿਆਂ ਦੀ ਗਿਣਤੀ ਵਿੱਚ ਕਾਫ਼ੀ ਵਾਧਾ ਕੀਤਾ। 2020 ਤੱਕ ਅੰਦਾਜ਼ਨ 8 ਹਜ਼ਾਰ 858 ਤੋਂ ਲੈ ਕੇ 16 ਹਜ਼ਾਰ 901 ਮੌਤਾਂ ਹੋਈਆਂ। ਮਾਰੇ ਗਏ ਨਾਗਰਿਕ: 910-2 ਹਜ਼ਾਰ 200; ਮਾਰੇ ਗਏ ਬੱਚੇ: 283-454।

**• ਅਮਰੀਕਾ, ਬਰਤਾਨੀਆ, ਫਰਾਂਸ ਦੀ ਲੀਬੀਆ ਉੱਪਰ ਜੰਗ (2011), ਢਾਈ ਲੱਖ ਮੌਤਾਂ**

ਮਾਰਚ 2011 'ਚ ਅਮਰੀਕਾ, ਬਰਤਾਨੀਆ ਅਤੇ ਫਰਾਂਸ ਨੇ ਮੁਅੱਮਰ ਗੱਦਾਫ਼ੀ ਦੇ ਜਾਬਰ, 42-ਸਾਲਾ ਸ਼ਾਸਨ ਦੇ ਖ਼ਿਲਾਫ਼ ਲੋਕ ਵਿਦਰੋਹ ਨੂੰ ਕੈਸ਼ ਕਰਨ ਲਈ ਜੰਗ ਛੇੜ ਦਿੱਤੀ। ਉਨ੍ਹਾਂ ਦਾ ਟੀਚਾ ਗੱਦਾਫ਼ੀ ਦਾ ਤਖ਼ਤ ਉਲਟਾਉਣਾ ਅਤੇ ਲੀਬੀਆ 'ਤੇ ਆਪਣੀ ਪਕੜ ਮਜ਼ਬੂਤ ਕਰਨਾ ਸੀ। ਅਗਲੇ ਸੱਤ ਮਹੀਨਿਆਂ ਤੱਕ, ਅਮਰੀਕੀ ਅਗਵਾਈ ਵਾਲੇ ਗੱਠਜੋੜ ਨੇ ਵਿਆਪਕ ਬੰਬਾਰੀ, ਹੋਰ ਹਮਲੇ ਅਤੇ ਫ਼ੌਜੀ ਕਾਰਵਾਈਆਂ ਕੀਤੀਆਂ। ਪਰ ਲੀਬੀਆ ਵਿੱਚ ਜੋ ਜੰਗ, ਹਿੰਸਾ ਅਤੇ ਅਰਾਜਕਤਾ ਫੈਲੀ, ਉਹ ਸਾਲਾਂ ਤੱਕ ਜਾਰੀ ਰਹੀ, ਜਿਸ ਵਿੱਚ ਲਗਭਗ ਢਾਈ ਲੱਖ ਲੀਬੀਆਈ ਮਾਰੇ ਗਏ।

**• ਅਮਰੀਕਾ ਈਰਾਨ-ਇਜ਼ਰਾਈਲ ਜੰਗ (13 ਤੋਂ 24 ਜੂਨ 2025) ਵਿੱਚ ਸ਼ਾਮਲ ਹੋਇਆ—ਬਾਰਾਂ-ਰੋਜ਼ਾ ਜੰਗ, 1200 ਮੌਤਾਂ**

ਇਜ਼ਰਾਈਲ ਨੇ 13 ਜੂਨ ਨੂੰ ਈਰਾਨ ਵਿੱਚ ਫ਼ੌਜੀ ਅਤੇ ਪਰਮਾਣੂ ਸਹੂਲਤਾਂ 'ਤੇ ਬੰਬਾਰੀ ਕੀਤੀ, ਪ੍ਰਮੁੱਖ ਫ਼ੌਜੀ ਆਗੂਆਂ, ਪਰਮਾਣੂ ਵਿਗਿਆਨੀਆਂ, ਸਿਆਸਤਦਾਨਾਂ ਅਤੇ ਨਾਗਰਿਕਾਂ ਦੀ ਹੱਤਿਆ ਕਰ ਦਿੱਤੀ। ਹਵਾਈ ਰੱਖਿਆ ਨੂੰ ਨੁਕਸਾਨ ਪਹੁੰਚਾਇਆ ਅਤੇ ਤਬਾਹ ਕਰ ਦਿੱਤਾ, ਜਿਸ ਨਾਲ ਅੰਦਾਜ਼ਨ 1,200 ਲੋਕ ਮਾਰੇ ਗਏ। ਅਮਰੀਕਾ ਨੇ 22 ਜੂਨ ਨੂੰ 3 ਪਰਮਾਣੂ ਸਥਾਨਾਂ 'ਤੇ ਬੰਬਾਰੀ ਕੀਤੀ। 24 ਜੂਨ ਨੂੰ, ਇਜ਼ਰਾਈਲ ਅਤੇ ਈਰਾਨ ਨੇ ਜੰਗਬੰਦੀ 'ਤੇ ਸਹਿਮਤੀ ਪ੍ਰਗਟਾਈ।

**ਰਾਜ ਪਲਟਿਆਂ ਵਿੱਚ ਸੀਆਈਏ ਜਾਂ ਫ਼ੌਜਾਂ ਦਾ ਤਾਲਮੇਲ**

**• ਚੀਨੀ ਇਨਕਲਾਬ ਵਿੱਚ ਫ਼ੌਜੀ ਦਖ਼ਲ (1945-1949) 25 ਲੱਖ ਮੌਤਾਂ**

ਜਦੋਂ ਚੀਨ ਵਿੱਚ ਮਾਓ ਜ਼ੇ-ਤੁੰਗ ਦੀ ਅਗਵਾਈ ਵਾਲੀਆਂ ਇਨਕਲਾਬੀ ਤਾਕਤਾਂ ਅਤੇ ਚਿਆਂਗ ਕਾਈ-ਸ਼ੇਕ ਦੀ ਅਗਵਾਈ ਹੇਠਲੀ ਪਿਛਾਖੜੀ ਰਾਸ਼ਟਰਵਾਦੀ ਪਾਰਟੀ (ਕੁਮਿਨਤਾਂਗ/ਕੇਐਮਟੀ) ਦਰਮਿਆਨ ਘਰੇਲੂ ਜੰਗ ਛਿੜ ਗਈ ਤਾਂ ਅਮਰੀਕਾ ਨੇ ਕੇਐਮਟੀ ਦੀ ਹਮਾਇਤ ਕਰਨ ਲਈ ਅਰਬਾਂ ਡਾਲਰ ਦੀ ਸਹਾਇਤਾ ਅਤੇ ਫ਼ੌਜੀ ਸਾਜ਼ੋ-ਸਮਾਨ ਭੇਜਿਆ। ਅੰਦਾਜ਼ਨ 25 ਲੱਖ ਲੋਕ ਮਾਰੇ ਗਏ।

**• ਯੂਨਾਨੀ ਘਰੇਲੂ ਜੰਗ ਵਿੱਚ ਫ਼ੌਜੀ ਦਖ਼ਲ (1947-1949), 50 ਹਜ਼ਾਰ ਮੌਤਾਂ**

1947 ਵਿੱਚ ਬਰਤਾਨੀਆ ਤੋਂ ਸੱਤਾ ਸੰਭਾਲਦੇ ਹੋਏ, ਅਮਰੀਕਾ ਨੇ ਫਾਸ਼ੀਵਾਦ-ਵਿਰੋਧੀ ਯੂਨਾਨੀ ਗੁਰੀਲਾ ਲੜਾਕਿਆਂ ਦੇ ਖ਼ਿਲਾਫ਼ ਖ਼ੂਨੀ ਵਿਦਰੋਹ ਵਿੱਚ ਪਿਛਾਖੜੀ ਯੂਨਾਨੀ ਫ਼ੌਜ ਨੂੰ ਹਥਿਆਰਬੰਦ ਸਿਖਲਾਈ ਅਤੇ ਅਗਵਾਈ ਦਿੱਤੀ, ਜੋ ਅਕਤੂਬਰ 1949 ਵਿੱਚ ਹਥਿਆਰ ਸੁੱਟਣ ਤੋਂ ਪਹਿਲਾਂ ਲਗਭਗ ਤਿੰਨ ਸਾਲਾਂ ਤੱਕ ਡਟੇ ਰਹੇ, ਦਹਿ ਹਜ਼ਾਰਾਂ ਦੀ ਗਿਣਤੀ ਵਿੱਚ ਨੁਕਸਾਨ ਝੱਲਿਆ। ਯੂਨਾਨੀ ਘਰੇਲੂ ਜੰਗ ਦੇ ਇਸ 'ਤੀਜੇ ਪੜਾਅ' ਵਿੱਚ, ਅੰਦਾਜ਼ਨ 50,000 ਮੌਤਾਂ ਹੋਈਆਂ ਸਨ, ਅਤੇ 10 ਲੱਖ ਲੋਕ ਆਪਣੇ ਘਰਾਂ ਤੋਂ ਉਜਾੜ ਦਿੱਤੇ ਗਏ ਸਨ।

**• ਈਰਾਨ ਵਿੱਚ ਸੀਆਈਏ ਦਾ ਤਖ਼ਤ ਪਲਟ (1953), ਮੌਤਾਂ ਦੀ ਗਿਣਤੀ ਦੀ ਜਾਣਕਾਰੀ ਨਹੀਂ**

19 ਅਗਸਤ 1953 ਨੂੰ ਅਮਰੀਕੀ ਕੇਂਦਰੀ ਖ਼ੁਫ਼ੀਆ ਏਜੰਸੀ (ਸੀਆਈਏ) ਨੇ ਬਰਤਾਨਵੀ ਖ਼ੁਫ਼ੀਆ ਤਾਕਤ ਨਾਲ ਮਿਲ ਕੇ ਈਰਾਨ ਦੇ ਪ੍ਰਸਿੱਧ, ਚੁਣੇ ਹੋਏ ਪ੍ਰਧਾਨ ਮੰਤਰੀ ਮੁਹੰਮਦ ਮੋਸਦਗ ਨੂੰ ਉਲਟਾਉਂਦੇ ਹੋਏ ਫ਼ੌਜੀ ਰਾਜ ਪਲਟਾ ਕਰਵਾਇਆ। 1951 ਵਿੱਚ, ਮੋਸਦਗ ਨੇ ਬਰਤਾਨੀਆ ਦੀ ਐਂਗਲੋ-ਈਰਾਨੀਅਨ ਆਇਲ ਕੰਪਨੀ ਦਾ ਕੌਮੀਕਰਨ ਕਰ ਦਿੱਤਾ ਸੀ। ਸ਼ਾਮ ਤੱਕ, ਲੜਾਈ ਵਿੱਚ ਲਗਭਗ 300 ਲੋਕ ਮਾਰੇ ਗਏ ਸਨ, ਅਤੇ ਈਰਾਨ ਦੇ ਮੁਹੰਮਦ ਰਜ਼ਾ ਸ਼ਾਹ [ਰਾਜਾ] ਪਹਿਲਵੀ ਦਾ ਸਿੰਘਾਸਨ ਸੁਰੱਖਿਅਤ ਕੀਤਾ ਗਿਆ।

**• ਕਾਂਗੋ ਵਿੱਚ ਪੈਤਰਿਸ ਲੁਮੂੰਬਾ ਦਾ ਕਤਲ** (1961), **ਅਤੇ ਮੋਬੁਤੂ ਦਾ ਕਰੂਰ ਰਾਜ, ਮੌਤਾਂ ਦੀ ਗਿਣਤੀ ਸਪਸ਼ਟ ਨਹੀਂ**

ਕਾਂਗੋ ਦੇ ਬਸਤੀਵਾਦ ਵਿਰੋਧੀ ਆਗੂ ਪੈਤਰਿਸ ਲੁਮੂੰਬਾ ਨੂੰ ਨਵੇਂ ਸਥਾਪਤ ਕਾਂਗੋ ਗਣਰਾਜ ਦੇ ਪ੍ਰਧਾਨ ਮੰਤਰੀ ਚੁਣੇ ਜਾਣ ਦੇ ਕੁਝ ਮਹੀਨਿਆਂ ਬਾਅਦ ਹੀ ਇੱਕ ਫਾਇਰਿੰਗ ਸੁਕੈਡ ਵੱਲੋਂ ਮਾਰ ਦਿੱਤਾ ਗਿਆ। ਇਹ ਕਰੂਰ ਕਤਲ ਲੁਮੂੰਬਾ ਦੇ ਕਾਂਗੋਲੀ ਦੁਸ਼ਮਣਾਂ ਦੁਆਰਾ ਕੀਤਾ ਗਿਆ ਸੀ, ਪਰ ਅਮਰੀਕੀ ਰਾਸ਼ਟਰਪਤੀ ਆਈਜ਼ਨਹਾਵਰ ਦੀ ਹਕੂਮਤ ਦੇ ਤਹਿਤ ਸੀਆਈਏ ਨਿਰਦੇਸ਼ਕ ਐਲਨ ਡੱਲਸ ਨੇ ਐਲਾਨ ਕੀਤਾ ਸੀ ਕਿ '(ਲੁਮੂੰਬਾ) ਨੂੰ ਹਟਾਉਣਾ ਜ਼ਰੂਰੀ ਅਤੇ ਪ੍ਰਮੁੱਖ ਉਦੇਸ਼ ਹੋਣਾ ਚਾਹੀਦਾ ਹੈ।' ਕਾਂਗੋ ਦੇ ਇਕ ਫ਼ੌਜ ਅਧਿਕਾਰੀ ਮੋਬੁਤੂ ਸੇਸੇ ਸੇਕੋ ਨੇ ਲੁਮੂੰਬਾ ਨੂੰ ਮਾਰਨ ਦੀ 'ਵਿਵਸਥਾ' ਕੀਤੀ, 1965 ਵਿੱਚ ਸੱਤਾ ਸੰਭਾਲੀ ਅਤੇ ਅਮਰੀਕੀ ਸਾਮਰਾਜਵਾਦੀਆਂ ਦੀ ਹਮਾਇਤ ਨਾਲ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੱਕ ਕਰੂਰ, ਖ਼ੂਨੀ ਰਾਜ ਚਲਾਇਆ, ਜੋ ਉਸਨੂੰ ਅਫ਼ਰੀਕਾ ਵਿੱਚ ਇੱਕ 'ਸਥਿਰਤਾ' ਤਾਕਤ ਮੰਨਦੇ ਸਨ।

**• ਬੇਅ ਆਫ਼ ਪਿਗਸ ਹਮਲਾ** (1961), **ਢਾਈ ਹਜ਼ਾਰ ਮੌਤਾਂ**

ਅਮਰੀਕਾ ਨੇ ਫਿਦੇਲ ਕਾਸਤਰੋ ਦੀ ਅਗਵਾਈ ਵਾਲੀ ਕਿਊਬਾ ਦੀ ਸਰਕਾਰ ਨੂੰ ਉਲਟਾਉਣ ਦੀ ਕੋਸ਼ਿਸ਼ ਕੀਤੀ, ਇਸ ਹਮਲੇ ਦਾ ਆਯੋਜਨ ਪਿਛਾਖੜੀ ਕਿਊਬਾਈ ਜਲਾਵਤਨਾਂ ਦੁਆਰਾ ਕੀਤਾ। ਇਹ ਕੋਸ਼ਿਸ਼ ਨਾਕਾਮ ਰਹੀ, ਪਰ ਲੜਾਈ ਦੌਰਾਨ ਢਾਈ ਹਜ਼ਾਰ ਕਿਊਬਾਈ ਫ਼ੌਜੀ, ਮਿਲੀਸ਼ੀਆ ਕਰਮਚਾਰੀ ਅਤੇ ਹੋਰ ਮਾਰੇ ਗਏ, ਕਈ ਜ਼ਖਮੀ ਜਾਂ ਲਾਪਤਾ ਹੋ ਗਏ।

**• ਬ੍ਰਾਜ਼ੀਲ ਤਖ਼ਤ ਪਲਟ ਲਈ ਹਮਾਇਤ** (1964), **ਇਕ ਹਜ਼ਾਰ ਮੌਤਾਂ**, 30 **ਹਜ਼ਾਰ ਲੋਕਾਂ ਨੂੰ ਤਸੀਹੇ ਦਿੱਤੇ ਗਏ**

ਬ੍ਰਾਜ਼ੀਲ ਦੀ ਫ਼ੌਜ ਦੇ ਇੱਕ ਹਿੱਸੇ ਨੇ ਤਖ਼ਤ ਪਲਟ ਕੀਤਾ ਜਿਸਨੇ ਰਾਸ਼ਟਰਪਤੀ ਜੋਆਓ ਗੋਲਰਟ ਨੂੰ ਉਲਟਾ ਦਿੱਤਾ। ਅਮਰੀਕਾ ਨੇ ਦੋ ਸਾਲ ਜਾਂ ਇਸ ਤੋਂ ਵੱਧ ਸਮੇਂ ਤੱਕ ਤਖ਼ਤ ਪਲਟ ਦੀ ਤਿਆਰੀ ਕੀਤੀ ਸੀ ਅਤੇ ਇਸ ਲਈ ਸਪਲਾਈ ਤੇ ਫੰਡ ਮੁਹੱਈਆ ਕਰਵਾਏ ਸਨ। ਇਸਨੇ ਕਤਲਾਂ, ਲਾਪਤਾ ਹੋਣ ਅਤੇ ਤਸ਼ੱਦਦ ਸਮੇਤ ਦੋ ਦਹਾਕਿਆਂ ਦੇ ਕਾਤਲ ਫ਼ੌਜੀ ਸ਼ਾਸਨ ਨੂੰ ਜਨਮ ਦਿੱਤਾ। 1964-1985 ਦੇ ਦਰਮਿਆਨ ਘੱਟੋ-ਘੱਟ 8 ਹਜ਼ਾਰ 350 ਲੋਕ ਮਾਰੇ ਗਏ।


**• ਸੀਆਈਏ ਵੱਲੋਂ ਇੰਡੋਨੇਸ਼ੀਆ ਵਿੱਚ ਕਰਵਾਇਆ ਕਤਲੇਆਮ** (1965-1966), **ਪੰਜ ਲੱਖ ਮੌਤਾਂ**

1965 ਦੇ ਅੰਤ ਵਿੱਚ ਅਮਰੀਕੀ ਹਮਾਇਤ ਪ੍ਰਾਪਤ ਫ਼ੌਜੀ ਜਨਰਲ ਸੁਹਾਰਤੋ ਦੀ ਅਗਵਾਈ ਵਿੱਚ ਪਿਛਾਖੜੀ ਇੰਡੋਨੇਸ਼ੀਆਈ ਫ਼ੌਜ ਨੇ ਵੱਡੇ ਪੱਧਰ 'ਤੇ ਕਤਲੇਆਮ ਵਿੱਢ ਦਿੱਤਾ ਜਿਸਨੂੰ ਅਮਰੀਕਾ ਦੁਆਰਾ ਸ਼ੁਰੂ ਕੀਤਾ ਗਿਆ, ਹਮਾਇਤ ਦਿੱਤੀ ਗਈ ਅਤੇ ਇਸਦਾ ਆਯੋਜਨ ਕੀਤਾ ਗਿਆ। ਜਿਸਨੇ ਫ਼ੌਜ ਨੂੰ ਫ਼ੌਜੀ ਸਾਜ਼ੋਸਮਾਨ, ਹਥਿਆਰ ਅਤੇ ਅੰਤ ਵਿੱਚ ਦਹਿ ਅਰਬਾਂ ਡਾਲਰ ਮੁਹੱਈਆ ਕੀਤੇ। ਸੀਆਈਏ ਸਲਾਹਕਾਰਾਂ ਨੇ ਫ਼ੌਜ ਨੂੰ 5,000 ਦੀ 'ਹਿੱਟ ਲਿਸਟ' ਦਿੱਤੀ ਸੀ, ਫਿਰ ਉਨ੍ਹਾਂ ਦੇ ਮਾਰੇ ਜਾਣ 'ਤੇ ਉਨ੍ਹਾਂ ਦੇ ਨਾਵਾਂ ਦੀ ਜਾਂਚ ਕੀਤੀ। ਘੱਟੋ-ਘੱਟ 5 ਲੱਖ, ਸ਼ਾਇਦ 10 ਲੱਖ ਤੋਂ ਵੀ ਵੱਧ, ਇੰਡੋਨੇਸ਼ੀਆਈ ਮਾਰੇ ਗਏ, ਜਿਨ੍ਹਾਂ ਵਿੱਚ ਇੰਡੋਨੇਸ਼ੀਆ ਦੀ ਕਮਿਊਨਿਸਟ ਪਾਰਟੀ ਦੇ ਮੈਂਬਰ, ਟਰੇਡ ਯੂਨੀਅਨਿਸਟ, ਬੁੱਧੀਜੀਵੀ, ਅਧਿਆਪਕ, ਜ਼ਮੀਨੀਂ ਸੁਧਾਰਾਂ ਦੇ ਹਮਾਇਤੀ, ਸਾਧਾਰਨ ਕਿਸਾਨ, ਚੀਨੀ ਨਸਲ ਦੇ ਲੋਕ, ਔਰਤਾਂ ਅਤੇ ਬੱਚੇ ਸ਼ਾਮਲ ਸਨ। ਸੈਂਕੜੇ ਹਜ਼ਾਰਾਂ ਹੋਰ ਗ੍ਰਿਫ਼ਤਾਰ ਕੀਤੇ ਗਏ ਅਤੇ ਤਸੀਹਿਆਂ ਦਾ ਸ਼ਿਕਾਰ ਹੋਏ।

**• ਚਿੱਲੀ ਵਿੱਚ ਸੀਆਈਏ-ਸੰਗਠਿਤ ਫ਼ੌਜੀ ਰਾਜ ਪਲਟਾ** (1973), 3 **ਹਜ਼ਾਰ ਲੋਕ ਮਾਰੇ ਗਏ, ਹਜ਼ਾਰਾਂ ਹੋਰ ਲਾਪਤਾ**

11 ਸਤੰਬਰ 1973 ਦੀ ਸਵੇਰ ਦੇ ਸ਼ੁਰੂਆਤੀ ਘੰਟਿਆਂ ਤੋਂ ਚਿੱਲੀ ਦੀ ਫ਼ੌਜ ਨੇ ਅਮਰੀਕਾ ਦੇ ਰਾਜਨੀਤਕ ਮਾਰਗਦਰਸ਼ਨ ਅਤੇ ਗੁਪਤ ਹਮਾਇਤ ਨਾਲ, ਚਿੱਲੀ ਦੇ ਰਾਸ਼ਟਰਪਤੀ ਸਲਵਾਦੋਰ ਅਲੈਂਦੇ ਦੀ ਖੱਬੇ-ਪੱਖੀ ਸਰਕਾਰ ਦੇ ਖ਼ਿਲਾਫ਼ ਤਖ਼ਤ ਪਲਟ ਕੀਤਾ। ਚਿੱਲੀ ਦੇ 3 ਹਜ਼ਾਰ ਤੋਂ ਵੱਧ ਲੋਕਾਂ ਨੂੰ ਮਾਰ ਦਿੱਤਾ ਗਿਆ, ਹਜ਼ਾਰਾਂ ਹੋਰ 'ਗਾਇਬ' ਕਰ ਦਿੱਤੇ ਗਏ, ਅਤੇ ਦਹਿ ਹਜ਼ਾਰਾਂ ਤਸ਼ੱਦਦ ਦਾ ਸ਼ਿਕਾਰ ਹੋਏ; ਤਖ਼ਤ ਪਲਟ ਦੌਰਾਨ 1 ਲੱਖ 40 ਹਜ਼ਾਰ ਤੋਂ ਵੱਧ ਲੋਕਾਂ ਨੂੰ ਹਿਰਾਸਤ ਵਿਚ ਲਿਆ ਗਿਆ।





**• ਅਮਰੀਕਾ ਵੱਲੋਂ ਅੰਗੋਲਾ ਵਿੱਚ ਭੜਕਾਈ ਘਰੇਲੂ ਜੰਗ** (1975-1994), 8 **ਲੱਖ ਮੌਤਾਂ**

ਅਮਰੀਕਾ ਨੇ ਅੰਗੋਲਾ ਵਿੱਚ ਦੱਖਣੀ ਅਫ਼ਰੀਕਾ ਦੇ ਫ਼ੌਜੀ ਦਖਲ ਦੀ ਵੀ ਹਮਾਇਤ ਕੀਤੀ ਤਾਂ ਜੋ ਐਮਪੀਐਲਏ ਸਰਕਾਰ ਨੂੰ ਕਮਜ਼ੋਰ ਕੀਤਾ ਜਾ ਸਕੇ ਜਾਂ ਉਲਟਾਇਆ ਜਾ ਸਕੇ, ਸੋਵੀਅਤ ਸੰਘ ਜਾਂ ਉਸਦੇ ਸਹਿਯੋਗੀ ਕਿਊਬਾ ਨੂੰ ਦੱਖਣੀ ਅਫ਼ਰੀਕਾ ਵਿੱਚ ਪੈਰ ਜਮਾਉਣ ਤੋਂ ਰੋਕਿਆ ਜਾ ਸਕੇ, ਅਤੇ ਦੱਖਣੀ ਅਫ਼ਰੀਕਾ ਦੀ ਨਸਲਵਾਦੀ ਰੰਗਭੇਦੀ ਸਰਕਾਰ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕੀਤੀ ਜਾ ਸਕੇ। ਭਿਆਨਕ ਘਰੇਲੂ ਜੰਗ ਛਿੜ ਗਈ ਜੋ 2002 ਤੱਕ ਚੱਲੀ। 8 ਲੱਖ ਲੋਕ ਮਾਰੇ ਗਏ, 40 ਲੱਖ ਤੋਂ ਵੱਧ ਆਪਣੇ ਘਰਾਂ ਤੋਂ ਉਜਾੜ ਦਿੱਤੇ ਗਏ ਅਤੇ ਸਮਾਜ ਨੂੰ ਤਬਾਹ ਕਰ ਦਿੱਤਾ ਗਿਆ। ਅੰਗੋਲਾ ਦੀ ਘਰੇਲੂ ਜੰਗ ਵਿੱਚ 1975 ਅੰਗੋਲਾ ਦੇ ਅਤੇ ਕਿਊਬਾ ਦੇ ਫ਼ੌਜੀ ਵੀ ਮਾਰੇ ਗਏ ਸਨ।

**• ਮੌਜ਼ਮਬੀਕ ਵਿੱਚ ਗੁਪਤ ਰੂਪ 'ਚ ਭੜਕਾਈ ਦਹਿਸ਼ਤ** (1977-1992), **ਇਸ ਦੌਰਾਨ** 10 **ਲੱਖ ਮੌਤਾਂ**

ਅਮਰੀਕਾ ਨੇ ਗੁਪਤ ਰੂਪ ਵਿੱਚ ਦੱਖਣੀ ਅਫ਼ਰੀਕੀ ਮੁਲਕ ਮੌਜ਼ਮਬੀਕ ਵਿੱਚ ਪਿਛਾਖੜੀ ਜੰਗ ਅਤੇ ਵੱਡੇ ਪੱਧਰ ਦੀ ਦਹਿਸ਼ਤਵਾਦੀ ਵਹਿਸ਼ੀ ਮੁਹਿੰਮ ਨੂੰ ਹਵਾ ਦਿੱਤੀ। ਰੇਨਾਮੋ ਨੇ ਮੌਜ਼ਮਬੀਕ ਦੀ ਸਰਕਾਰ ਨੂੰ ਅਪਾਹਜ ਬਣਾਉਣ ਅਤੇ ਅਸਥਿਰ ਕਰਨ ਦੀ ਯੁੱਧਨੀਤੀ ਦੇ ਹਿੱਸੇ ਵਜੋਂ ਯੋਜਨਾਬੱਧ ਰੂਪ ਵਿੱਚ ਮਨੁੱਖਤਾ ਦੇ ਖ਼ਿਲਾਫ਼ ਜੁਰਮ ਕੀਤੇ। ਇਸਨੇ ਕਰੂਰ ਕਤਲੇਆਮ ਕੀਤੇ ਅਤੇ ਸਿੱਧੇ ਤੌਰ 'ਤੇ ਕੁੱਲ ਮਿਲਾ ਕੇ ਲਗਭਗ ਇਕ ਲੱਖ ਲੋਕਾਂ ਨੂੰ ਕਤਲ ਕਰ ਦਿੱਤਾ ਗਿਆ। ਇਸਨੇ ਖੇਤੀਬਾੜੀ (ਮੁਲਕ ਦੇ ਬੁਨਿਆਦੀ ਢਾਂਚੇ ਦੇ ਨਾਲ) ਵੀ ਤਬਾਹ ਕਰ ਦਿੱਤੀ, ਜਿਸ ਨਾਲ ਵੱਡੇ ਪੱਧਰ 'ਤੇ ਭੁੱਖਮਰੀ ਅਤੇ ਕਾਲ ਪੈਦਾ ਹੋਏ, ਜਿਸਦੇ ਨਤੀਜੇ ਵਜੋਂ 10 ਲੱਖ ਲੋਕ ਮਾਰੇ ਗਏ।

**• ਪੂਰਬੀ ਤਿਮੋਰ ਵਿੱਚ ਅਮਰੀਕੀ ਹਮਾਇਤ ਪ੍ਰਾਪਤ ਇੰਡੋਨੇਸ਼ੀਆਈ ਨਸਲਕੁਸ਼ੀ** (1975-1999), 2 **ਤੋਂ** 3 **ਲੱਖ ਮੌਤਾਂ**

ਪੂਰਬੀ ਤਿਮੋਰ 'ਤੇ ਅਮਰੀਕੀ ਥਾਪੜੇ ਵਾਲੇ ਇੰਡੋਨੇਸ਼ੀਆਈ ਹਮਲੇ ਅਤੇ ਕਬਜ਼ੇ ਦੇ ਨਤੀਜੇ ਵਜੋਂ ਭਾਰੀ ਮਨੁੱਖੀ ਤਬਾਹੀ ਦੇ ਸਮੇਂ ਤੋਂ ਲੈ ਕੇ ਆਬਾਦੀ ਦੇ ਮੁਕਾਬਲੇ ਸਭ ਤੋਂ ਭੈੜਾ ਕਤਲੇਆਮ ਹੋਇਆ। 1975 ਤੋਂ 1999 ਤੱਕ, ਇੰਡੋਨੇਸ਼ੀਆਈ ਫ਼ੌਜ ਨੇ ਪੂਰਬੀ ਤਿਮੋਰ ਦੀ ਆਬਾਦੀ 'ਤੇ ਬੰਬਾਰੀ ਕੀਤੀ, ਕਤਲੇਆਮ ਕੀਤਾ, ਤਸੀਹੇ ਦਿੱਤੇ, ਬਲਾਤਕਾਰ ਕੀਤੇ ਅਤੇ ਉਨ੍ਹਾਂ ਨਾਲ ਬੇਹੱਦ ਦੁਰਵਿਹਾਰ ਕੀਤਾ ਜਦੋਂ ਤੱਕ ਲਗਭਗ 2 ਤੋਂ 3 ਲੱਖ ਲੋਕ ਮਾਰੇ ਨਹੀਂ ਗਏ - ਮੂਲ ਆਬਾਦੀ ਦਾ ਘੱਟੋ-ਘੱਟ ਤੀਜਾ ਹਿੱਸਾ। ਇਸ ਸਮੇਂ ਦੌਰਾਨ, ਅਮਰੀਕਾ ਨੇ ਲਗਾਤਾਰ ਫ਼ੌਜ ਨੂੰ ਆਰਥਕ ਅਤੇ ਕੂਟਨੀਤਕ ਹਮਾਇਤ ਦਿੱਤੀ ਜਿਸਨੇ ਇਸ ਭਿਆਨਕ ਨਸਲਕੁਸ਼ੀ ਨੂੰ ਸੰਭਵ ਬਣਾਇਆ।

**• ਅਫ਼ਗਾਨਿਸਤਾਨ ਵਿੱਚ ਸੋਵੀਅਤ ਸੰਘ ਦੇ ਖ਼ਿਲਾਫ਼ ਅਮਰੀਕੀ ਪ੍ਰੌਕਸੀ ਜੰਗ** (1979-1989), 15 **ਲੱਖ ਅਫ਼ਗਾਨੀ ਮਾਰੇ ਗਏ**

1979 ਵਿੱਚ ਅਮਰੀਕਾ ਦੇ ਮੁੱਖ ਸਾਮਰਾਜਵਾਦੀ ਵਿਰੋਧੀ ਸੋਵੀਅਤ ਸੰਘ ਦੁਆਰਾ ਅਫ਼ਗਾਨਿਸਤਾਨ 'ਤੇ ਹਮਲਾ ਕਰਨ ਤੋਂ ਬਾਅਦ, ਅਮਰੀਕਾ ਨੇ ਪਾਕਿਸਤਾਨ ਅਤੇ ਸਾਊਦੀ ਅਰਬ ਦੇ ਨਾਲ ਮਿਲ ਕੇ, ਪਿਛਾਖੜੀ ਇਸਲਾਮੀ ਕੱਟੜਪੰਥੀ ਮੁਜਾਹਿਦੀਨ (ਜੋ ਬਾਅਦ ਵਿੱਚ ਅਫ਼ਗਾਨਿਸਤਾਨ ਦੇ ਤਾਲਿਬਾਨ ਅਤੇ ਓਸਾਮਾ ਬਿਨ ਲਾਦੇਨ ਦੇ ਅਲ ਕਾਇਦਾ ਬਣੇ) ਨੂੰ ਸੋਵੀਅਤ ਫ਼ੌਜਾਂ ਅਤੇ ਉਸਦੀ ਹਮਾਇਤੀ ਅਫ਼ਗਾਨ ਹਕੂਮਤ ਦੇ ਖ਼ਿਲਾਫ਼ ਜੰਗ ਛੇੜਨ ਲਈ ਹਥਿਆਰਬੰਦ ਤੇ ਜਥੇਬੰਦ ਕੀਤਾ ਅਤੇ ਉਨ੍ਹਾਂ ਨੂੰ ਫੰਡਿੰਗ ਕੀਤੀ। ਆਖ਼ਿਰਕਾਰ, 1989 ਵਿੱਚ ਸੋਵੀਅਤ ਹਮਲਾਵਰ ਅਫ਼ਗਾਨਿਸਤਾਨ ਤੋਂ ਚਲੇ ਗਏ। ਅੰਦਾਜ਼ਾ ਇਹ ਹੈ ਕਿ ਇਸ ਪਿਛਾਖੜੀ ਕਤਲੇਆਮ ਅਤੇ ਉਸ ਤੋਂ ਬਾਅਦ ਹੋਈ ਘਰੇਲੂ ਜੰਗ ਵਿੱਚ ਲਗਭਗ 15 ਲੱਖ ਅਫ਼ਗਾਨੀ ਮਾਰੇ ਗਏ, ਨਾਲ ਹੀ 15 ਹਜ਼ਾਰ ਸੋਵੀਅਤ ਫ਼ੌਜੀ ਵੀ ਮਾਰੇ ਗਏ। ਉਸ ਸਮੇਂ ਅਫ਼ਗਾਨਿਸਤਾਨ ਦੀ ਇੱਕ ਤਿਹਾਈ ਆਬਾਦੀ, 50 ਲੱਖ ਅਫ਼ਗਾਨ, ਸ਼ਰਨਾਰਥੀਆਂ



**ਨਾਪਾਮ ਹਮਲੇ ਨਾਲ ਝੁਲਸੇ ਲੋਕ, 8 ਜੂਨ 1972।**

ਵਜੋਂ ਮੁਲਕ ਤੋਂ ਬਾਹਰ ਖਦੇੜ ਦਿੱਤੀ ਗਈ ਸੀ।

**• ਅਮਰੀਕਾ ਵੱਲੋਂ ਅਲ ਸਲਵਾਡੋਰ ਡੈਥ ਸੁਕਐਡ ਨੂੰ ਥਾਪੜਾ** (1980-92), 75 **ਹਜ਼ਾਰ ਮੌਤਾਂ ਅਤੇ** 8 **ਹਜ਼ਾਰ ਲਾਪਤਾ**

ਆਪਣੇ ਕਰੂਰ ਪਿੱਠੂ ਰਾਜ ਦੇ ਖ਼ ?ਲਾਫ਼ ਗੁਰੀਲਾ ਸੰਘਰਸ਼ ਨੂੰ ਕੁਚਲਣ ਲਈ, ਅਮਰੀਕਾ ਨੇ ਡੈਥ ਸਕੁਐਡ ਦੀ ਹਮਾਇਤ ਕੀਤੀ, ਉਨ੍ਹਾਂ ਨੂੰ ਫੰਡਿੰਗ ਕੀਤੀ ਅਤੇ ਹਥਿਆਰਬੰਦ ਕੀਤਾ, ਜਿਨ੍ਹਾਂ ਨੇ ਫਾਂਸੀ ਦੀਆਂ ਗ਼ੈਰਅਦਾਲਤੀ ਸਜ਼ਾਵਾਂ ਅਤੇ ਕਤਲੇਆਮ ਨੂੰ ਅੰਜ਼ਾਮ ਦਿੱਤਾ, ਜਿਸ ਵਿੱਚ 75 ਹਜ਼ਾਰ ਲੋਕ ਮਾਰੇ ਗਏ।

**• ਈਰਾਨ-ਇਰਾਕ ਜੰਗ** (1980-1988), 10 **ਲੱਖ ਈਰਾਨੀ ਮੌਤਾਂ, ਢਾਈ ਤੋਂ ਪੰਜ ਲੱਖ ਇਰਾਕੀ ਮੌਤਾਂ**

ਸਤੰਬਰ 1980 ਵਿੱਚ, ਇਰਾਕ ਦੇ ਸੱਦਾਮ ਹੁਸੈਨ ਨੇ ਅਮਰੀਕਾ ਤੋਂ ਹਰੀ ਝੰਡੀ ਮਿਲਣ ਤੋਂ ਬਾਅਦ ਈਰਾਨ 'ਤੇ ਹਮਲਾ ਕੀਤਾ। ਉਨ੍ਹਾਂ ਦਾ ਸਾਂਝਾ ਟੀਚਾ ਉੱਥੋਂ ਦੇ ਨਵੇਂ ਇਸਲਾਮੀ ਗਣਰਾਜ ਨੂੰ ਕਮਜ਼ੋਰ ਕਰਨਾ ਜਾਂ ਉਲਟਾਉਣਾ ਸੀ। ਅਮਰੀਕਾ ਨੇ ਇਰਾਕ ਨੂੰ ਹਥਿਆਰ ਵੇਚੇ (ਜਾਂ ਸਹਿਯੋਗੀਆਂ ਰਾਹੀਂ ਵੇਚੇ), ਜਿਸ ਵਿੱਚ ਜੈਵਿਕ ਅਤੇ ਰਸਾਇਣਕ ਹਥਿਆਰ (ਜਿਨ੍ਹਾਂ ਦੀ ਵਰਤੋਂ ਈਰਾਨ ਦੇ ਖ਼ਿਲਾਫ਼ ਕੀਤੀ ਗਈ) ਬਣਾਉਣ ਦੀ ਸਮਰੱਥਾ ਸ਼ਾਮਲ ਸੀ ਅਤੇ ਫ਼ੌਜੀ ਖ਼ੁਫ਼ੀਆ ਜਾਣਕਾਰੀ ਮੁਹੱਈਆ ਕੀਤੀ ਗਈ। ਕੁਝ ਸਮੇਂ ਲਈ, ਅਮਰੀਕਾ ਨੇ ਈਰਾਨ ਨੂੰ ਹਥਿਆਰ ਵੀ ਦਿੱਤੇ। ਅਮਰੀਕੀ ਸਾਜ਼ਿਸ਼ਾਂ ਨੇ ਜੰਗ ਨੂੰ ਲੰਮੀ ਖਿੱਚਿਆ ਅਤੇ ਕਤਲੇਆਮ ਨੂੰ ਹੋਰ ਕਰੂਰ ਬਣਾਇਆ: ਘਟਾ ਕੇ ਲਾਏ ਅੰਦਾਜ਼ਿਆਂ ਅਨੁਸਾਰ 2 ਲੱਖ 62 ਹਜ਼ਾਰ ਤੋਂ ਲੈ ਕੇ 3 ਲੱਖ 67 ਹਜ਼ਾਰ ਈਰਾਨੀ ਅਤੇ 1 ਲੱਖ 5 ਹਜ਼ਾਰ ਇਰਾਕੀ ਮਾਰੇ ਗਏ, ਨਾਲ ਹੀ ਦੋਵਾਂ ਪਾਸਿਆਂ ਦੇ ਅੰਦਾਜ਼ਨ 7 ਲੱਖ ਲੋਕ ਜ਼ਖਮੀ ਹੋਏ।

**• ਨਿਕਾਰਾਗੁਆ ਵਿੱਚ ਅਮਰੀਕੀ ਸਰਪ੍ਰਸਤੀ ਵਾਲੀ ਕੌਂਟਰਾ ਜੰਗ** (1981-1988), 65 **ਹਜ਼ਾਰ ਮੌਤਾਂ**

1978 ਵਿੱਚ ਸੈਂਡੀਨਿਸਟਾਂ ਦੁਆਰਾ ਅਮਰੀਕੀ ਹਮਾਇਤ ਪ੍ਰਾਪਤ ਸੋਮੋਜ਼ਾ ਤਾਨਾਸ਼ਾਹੀ ਨੂੰ ਉਲਟਾਉਣ ਅਤੇ ਸੋਵੀਅਤ ਸੰਘ ਨਾਲ ਦੋਸਤਾਨਾ ਸਬੰਧ ਸਥਾਪਤ ਕਰਨ ਤੋਂ ਬਾਅਦ ਅਮਰੀਕਾ ਉਨ੍ਹਾਂ ਨੂੰ ਉਲਟਾਉਣ ਲਈ ਦ੍ਰਿੜ ਸੀ। ਅਮਰੀਕੀ ਪ੍ਰੌਕਸੀ ਫ਼ੌਜ ਕੌਂਟਰਾਜ਼ ਨੇ ਮੁਕੰਮਲ ਜੰਗ ਛੇੜ ਦਿੱਤੀ... ਸਕੂਲ ਅਤੇ ਮੈਡੀਕਲ ਕਲੀਨਿਕ ਸਾੜ ਦਿੱਤੇ, ਬਲਾਤਕਾਰ ਕੀਤੇ, ਤਸ਼ੱਦਦ ਕੀਤਾ, ਬੰਦਰਗਾਹਾਂ ਵਿੱਚ ਸੁਰੰਗਾਂ ਵਿਛਾਈਆਂ, ਬੰਬਾਰੀ ਅਤੇ ਗੋਲੀਬਾਰੀ ਕੀਤੀ। 65 ਹਜ਼ਾਰ ਲੋਕ ਮਾਰੇ ਗਏ। ਅਮਰੀਕਾ ਨੇ 'ਆਜ਼ਾਦ ਚੋਣ' ਲਈ ਮਜਬੂਰ ਕਰਨ ਤੋਂ ਬਾਅਦ ਸੱਤਾ ਹਾਸਲ ਕਰ ਲਈ। ਅੱਜ ਨਿਕਾਰਾਗੁਆ ਗੋਲਾਰਧ ਦੇ ਸਭ ਤੋਂ ਗ਼ਰੀਬ ਅਤੇ ਸਭ ਤੋਂ ਵੱਧ ਹਿੰਸਾ ਪ੍ਰਭਾਵਿਤ ਮੁਲਕਾਂ ਵਿੱਚੋਂ ਇੱਕ ਹੈ।

**• ਗੁਆਟੇਮਾਲਾ ਵਿੱਚ ਅਮਰੀਕੀ ਥਾਪੜੇ ਨਾਲ ਨਸਲਕੁਸ਼ੀ** (1982-1983), 75 **ਹਜ਼ਾਰ ਮੌਤਾਂ**

1982 ਵਿੱਚ, ਅਮਰੀਕਾ ਨੇ ਈਸਾਈ ਕੱਟੜਪੰਥੀ ਜਨਰਲ ਹੋਜ਼ੇ ਏਫ ?ਰੇਨ ਰੀਓਸ ਮੌਂਟ ਦੁਆਰਾ ਅੰਜਾਮ ਦਿੱਤੇ ਫ਼ੌਜੀ ਤਖ਼ਤ ਪਲਟ ਦੀ ਹਮਾਇਤ ਕੀਤੀ, ਜਿਸਨੇ ਫਿਰ ਗੁਆਟੇਮਾਲਾ ਦੀ ਮੂਲਵਾਸੀ ਮਾਇਆਂ ਵਸੋਂ ਉੱਪਰ ਨਸਲਕੁਸ਼ੀ ਵਾਲਾ ਹਮਲਾ ਸ਼ੁਰੂ ਕੀਤਾ। ਅਮਰੀਕੀ ਸਹਾਇਤਾ ਅਤੇ ਹਮਾਇਤ ਨਾਲ, ਗੁਆਟੇਮਾਲਾ ਦੀ ਫ਼ੌਜ ਨੇ ਯੋਜਨਾਬੱਧ ਰੂਪ ਵਿੱਚ 600 ਤੋਂ ਵੱਧ ਮੂਲਵਾਸੀ ਮਾਇਆਂ ਪਿੰਡਾਂ ਨੂੰ ਤਬਾਹ ਕਰ ਦਿੱਤਾ ਅਤੇ ਲਗਭਗ 75 ਹਜ਼ਾਰ ਲੋਕਾਂ ਦਾ ਕਤਲੇਆਮ ਕਰ ਦਿੱਤਾ। ਗੁਆਟੇਮਾਲਾ ਦੇ ਫ਼ੌਜੀ ਸ਼ਾਸਨ ਦੀ ਖੱਬੇ-ਪੱਖੀ ਵਿਰੋਧੀਆਂ ਅਤੇ ਕਿਸਾਨਾਂ ਦੇ ਖ਼ ?ਲਾਫ਼ ਭਿਆਨਕ, ਅਮਰੀਕੀ-ਥਾਪੜੇ ਵਾਲੀ ਜੰਗ (ਜੋ 1960 ਦੇ ਦਹਾਕੇ ਵਿੱਚ ਸ਼ੁਰੂ ਹੋਈ ਸੀ) 1996 ਤੱਕ ਜਾਰੀ ਰਹੀ। ਉਨ੍ਹਾਂ ਦਹਾਕਿਆਂ ਦੌਰਾਨ ਅੰਦਾਜ਼ਾ ਹੈ ਕਿ ਲਗਭਗ 2 ਲੱਖ ਲੋਕ ਲਾਪਤਾ ਹੋ ਗਏ ਜਾਂ ਮਾਰੇ ਗਏ।

**• ਇਰਾਕੀ ਕੁਰਦਾਂ ਦੇ ਕਤਲੇਆਮ ਵਿੱਚ ਅਮਰੀਕਾ ਦੀ ਸ਼ਮੂਲੀਅਤ** (1987-1988), 50 **ਹਜ਼ਾਰ ਤੋਂ** 1 **ਲੱਖ ਮੌਤਾਂ**

ਇਰਾਕ ਨੂੰ ਰਸਾਇਣਕ ਹਥਿਆਰ ਵਿਕਸਿਤ ਕਰਨ ਵਿੱਚ ਸਹਾਇਤਾ ਕਰਨ ਤੋਂ ਬਾਅਦ, ਅਮਰੀਕਾ ਨੇ ਅੱਖਾਂ ਮੀਟ ਲਈਆਂ ਅਤੇ ਉਸਦੀ ਹਮਾਇਤ ਕਰਨੀ ਜਾਰੀ ਰੱਖੀ ਜਦੋਂ ਉਸਨੇ ਉਨ੍ਹਾਂ ਦੀ ਵਰਤੋਂ ਇਰਾਕ ਦੇ ਦੱਬੇ-ਕੁਚਲੇ ਘੱਟ-ਗਿਣਤੀ ਸਮੂਹ ਕੁਰਦਾਂ ਦੇ ਖ਼ ?ਲਾਫ਼ ਕੀਤੀ। 50 ਹਜ਼ਾਰ ਅਤੇ 1 ਲੱਖ ਦਰਮਿਆਨ ਕੁਰਦਾਂ ਦਾ ਕਤਲੇਆਮ ਕੀਤਾ ਗਿਆ। ਇੱਕ ਇਰਾਕ ਵਿਦਵਾਨ ਦੇ ਅਨੁਸਾਰ ਇੱਕ ਗੈਸ ਹਮਲੇ ਵਿੱਚ ਅੰਦਾਜ਼ਨ 5 ਹਜ਼ਾਰ ਮੌਤਾਂ ਸ਼ਾਮਲ ਹਨ। ਇੱਕ ਰੱਖਿਆ ਖ਼ੁਫ਼ੀਆ ਏਜੰਸੀ ਅਧਿਕਾਰੀ ਨੇ ਨਿਊਯਾਰਕ ਟਾਈਮਜ਼ ਨੂੰ ਦੱਸਿਆ ਕਿ ਪੈਂਟਾਗਨ 'ਇਰਾਕ ਦੁਆਰਾ ਗੈਸ ਦੀ ਵਰਤੋਂ ਤੋਂ ਐਨੀ ਭੈਭੀਤ ਨਹੀਂ ਸੀ। ਇਹ ਤਾਂ ਸਿਰਫ਼ ਲੋਕਾਂ ਨੂੰ ਮਾਰਨ ਦਾ ਇੱਕ ਹੋਰ ਤਰੀਕਾ ਸੀ—ਭਾਵੇਂ ਗੋਲੀ ਨਾਲ ਮਾਰਿਆ ਜਾਵੇ ਜਾਂ ਫੌਸਜੀਨ ਨਾਲ, ਇਸ ਨਾਲ ਕੋਈ ਫਰਕ ਨਹੀਂ ਪੈਂਦਾ ਸੀ।'

**• ਸਾਬਕਾ ਯੂਗੋਸਲਾਵੀਆ ਵਿੱਚ ਫ਼ੌਜੀ ਦਖ਼ਲ: ਬੋਸਨੀਆ** (1994-95); **ਸਰਬੀਆ** (1999), **ਕੋਸੋਵੋ ਅਤੇ ਸਰਬੀਆ ਵਿੱਚ ਨਾਟੋ ਬੰਬਾਰੀ ਨਾਲ** 495 **ਮਾਰੇ ਗਏ; ਜੰਗ ਕਾਰਨ** 1 **ਲੱਖ ਮੌਤਾਂ ਹੋਈਆਂ**

1990 ਦੇ ਦਹਾਕੇ ਵਿੱਚ, ਬਹੁ-ਕੌਮੀ ਗਣਰਾਜ ਯੂਗੋਸਲਾਵੀਆ ਨੂੰ ਪਿਛਾਖੜੀ ਰਾਸ਼ਟਰਵਾਦ ਦੀਆਂ ਤਾਕਤਾਂ ਦੁਆਰਾ ਤੋੜ ਦਿੱਤਾ ਗਿਆ ਸੀ, ਜਿਨ੍ਹਾਂ ਨੂੰ ਜਰਮਨੀ, ਰੂਸ, ਅਮਰੀਕਾ ਅਤੇ ਹੋਰ ਸਾਮਰਾਜਵਾਦੀ ਸ਼ਕਤੀਆਂ ਦੁਆਰਾ ਉਕਸਾਇਆ ਗਿਆ, ਹਮਾਇਤ ਦਿੱਤੀ ਗਈ ਅਤੇ ਹੇਰਾਫੇਰੀ ਕੀਤੀ ਗਈ। ਕਰੂਰ ਜੰਗਾਂ ਦਾ ਗੁੰਝਲਦਾਰ ਸਿਲਸਿਲਾ ਸ਼ੁਰੂ ਹੋ ਗਿਆ ਜਿਸ ਵਿੱਚ 1 ਲੱਖ ਤੋਂ ਵੱਧ ਲੋਕ ਮਾਰੇ ਗਏ। ਵੱਖ-ਵੱਖ ਨੁਕਤਿਆਂ 'ਤੇ ਅਮਰੀਕੀ ਕਮਾਨ ਹੇਠ ਨਾਟੋ ਨੇ ਨਤੀਜੇ ਨੂੰ ਅਮਰੀਕੀ ਹਿੱਤਾਂ ਵਿੱਚ ਢਾਲਣ ਲਈ ਦਖ਼ਲ ਦਿੱਤਾ, ਖ਼ੁਦ ਜੰਗੀ ਜੁਰਮਾਂ ਨੂੰ ਅੰਜਾਮ ਦਿੱਤਾ। ਇਕੱਲੇ ਅਪ੍ਰੈਲ 1999 ਵਿੱਚ, ਨਾਟੋ ਜਹਾਜ਼ਾਂ ਨੇ ਸੈਂਕੜੇ ਉਡਾਣਾਂ ਭਰੀਆਂ ਜਿਸ ਨਾਲ ਘਰ, ਅਪਾਰਟਮੈਂਟ ਕੰਪਲੈਕਸ ਅਤੇ ਪੁਲ ਤਬਾਹ ਕਰ ਦਿੱਤੇ ਗਏ, ਕੋਸੋਵੋ ਅਤੇ ਸਰਬੀਆ ਵਿੱਚ 495 ਤੋਂ ਵੱਧ ਨਾਗਰਿਕ ਮਾਰੇ ਗਏ ਅਤੇ 450 ਜ਼ਖਮੀ ਹੋ ਗਏ।

**• ਹੌਂਡੂਰਾਸ ਵਿੱਚ ਫ਼ੌਜੀ ਤਖ਼ਤ ਪਲਟ** (2009), **ਮੌਤਾਂ ਦੀ ਗਿਣਤੀ ਸਪਸ਼ਟ ਨਹੀਂ**

ਹੌਂਡੂਰਾਸ ਦੀ ਫ਼ੌਜ ਨੇ ਚੁਣੇ ਹੋਏ ਰਾਸ਼ਟਰਪਤੀ ਮੈਨੂਅਲ ਜ਼ੇਲਾਯਾ ਦੇ ਖ਼ ?ਲਾਫ਼ ਤਖ਼ਤ ਪਲਟ ਕੀਤਾ ਜੋ ਉਦਾਰਵਾਦੀ-ਝੁਕਾਅ ਵਾਲਾ ਮਕਬੂਲ ਹੁਕਮਰਾਨ ਸੀ। ਤਖ਼ਤ ਪਲਟ ਨੂੰ ਬਰਾਕ ਓਬਾਮਾ ਦੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਅਤੇ ਅਮਰੀਕੀ ਵਿਦੇਸ਼ ਵਿਭਾਗ ਦਾ ਥਾਪੜਾ ਸੀ। ਤਖ਼ਤ ਪਲਟ ਦੇ ਪਿੱਛੇ ਜਨਰਲਾਂ ਅਤੇ ਸਿਆਸਤਦਾਨਾਂ ਨੇ ਖੁੱਲ੍ਹੇ ਤੌਰ 'ਤੇ ਫਾਸ਼ੀਵਾਦੀ ਅਤੇ ਅਮਰੀਕੀ ਹਮਾਇਤ ਵਾਲੀ ਹਕੂਮਤ ਸੱਤਾ ਵਿੱਚ ਲਿਆਂਦੀ, ਜਿਸਨੇ ਹੌਂਡੂਰਾਸ ਦੇ ਲੋਕਾਂ ਨੂੰ ਅਮਰੀਕੀ ਦਬਦਬੇ, ਰਾਜ ਦੁਆਰਾ

ਅੰਜਾਮ ਦਿੱਤੇ ਰਾਜਨੀਤਕ ਕਤਲਾਂ ਅਤੇ ਦਹਿਸ਼ਤਗਰਦੀ, ਅਤੇ ਤੀਬਰ ਹਿੰਸਾ, ਗਰੀਬੀ ਅਤੇ ਜ਼ੁਲਮ ਦੇ ਨਰਕ ਵਿੱਚ ਹੋਰ ਡੂੰਘਾ ਧੱਕ ਦਿੱਤਾ।

**• ਯਮਨ ਵਿੱਚ ਅਮਰੀਕਾ-ਸਾਊਦੀ ਜੰਗ (2015 ਤੋਂ ਹੁਣ ਤੱਕ), 3 ਲੱਖ 77 ਹਜ਼ਾਰ ਮੌਤਾਂ**

ਮਾਰਚ 2015 ਵਿੱਚ, ਸਾਊਦੀ ਅਰਬ ਨੇ ਅਮਰੀਕੀ ਹਥਿਆਰਾਂ, ਤਕਨੀਕੀ ਸਹਾਇਤਾ ਅਤੇ ਰਾਜਨੀਤਕ ਹਮਾਇਤ ਨਾਲ, ਯਮਨ ਦੇ ਹੂਤੀ ਅੰਦੋਲਨ ਦੇ ਖ਼ਿਲਾਫ਼ ਜੰਗ ਸ਼ੁਰੂ ਕੀਤੀ, ਜਿਸਨੇ ਸੱਤਾ ਸੰਭਾਲੀ ਸੀ। ਸਾਊਦੀਆਂ ਨੇ ਯਮਨ ਦੇ ਭੋਜਨ, ਪਾਣੀ ਅਤੇ ਡਾਕਟਰੀ ਪ੍ਰਣਾਲੀਆਂ ’ਤੇ ਬੰਬਾਰੀ ਕੀਤੀ, ਜਿਸ ਨਾਲ ਵੱਡੇ ਪੱਧਰ ’ਤੇ ਭੁੱਖਮਰੀ ਅਤੇ ਬਿਮਾਰੀ ਫੈਲੀ। ਅੰਦਾਜ਼ਾ ਹੈ ਕਿ ਹਿੰਸਾ ਨਾਲ 1 ਲੱਖ 50 ਹਜ਼ਾਰ 800 ਮੌਤਾਂ ਅਤੇ ਭੁੱਖ, ਸਿਹਤ ਸੇਵਾਵਾਂ ਦੀ ਘਾਟ ਤੇ ਅਸੁਰੱਖਿਅਤ ਪਾਣੀ ਕਾਰਨ 2 ਲੱਖ 26 ਹਜ਼ਾਰ 200 ਮੌਤਾਂ ਹੋਈਆਂ। ਯਮਨ ਹੁਣ ਧਰਤੀ ’ਤੇ ਸਭ ਤੋਂ ਵੱਡੇ ਮਾਨਵਤਾਵਾਦੀ ਸੰਕਟ ਦਾ ਸਾਹਮਣਾ ਕਰ ਰਿਹਾ ਹੈ।

**• ਰੂਸ ਨਾਲ ਖ਼ਤਰਨਾਕ ਪ੍ਰੌਕਸੀ ਜੰਗ ਵਿੱਚ ਯੂਕਰੇਨ ਦੀ ਹਮਾਇਤ ਅਤੇ ਹਥਿਆਰਬੰਦੀ**

ਫਰਵਰੀ 2022 ਵਰਤਮਾਨ ਰੂਸ ਦੁਆਰਾ ਯੂਕਰੇਨ ’ਤੇ ਹਮਲੇ ਤੋਂ ਬਾਅਦ, ਅਮਰੀਕਾ ਨੇ ਯੂਕਰੇਨੀ ਫ਼ੌਜ ਨੂੰ ਭਾਰੀ ਮਾਤਰਾ ਵਿੱਚ ਹਥਿਆਰ ਸਪਲਾਈ ਕੀਤੇ ਹਨ (31 ਦਸੰਬਰ, 2025 ਤੱਕ 188 ਅਰਬ ਡਾਲਰ ਦੇ ਹਥਿਆਰ ਅਤੇ 64.6 ਅਰਬ ਡਾਲਰ ਫ਼ੌਜੀ ਸਹਾਇਤਾ) ਅਤੇ ਨਾਲ ਹੀ ਖ਼ੁਫ਼ੀਆ ਜਾਣਕਾਰੀ ਮੁਹੱਈਆ ਕੀਤੀ ਹੈ। ਇਸਦਾ ਉਦੇਸ਼ ਰੂਸ ਅਤੇ ਅਮਰੀਕਾ ਨੂੰ ਚੁਣੌਤੀ ਦੇਣ ਦੀ ਉਸਦੀ ਸਮਰੱਥਾ ਨੂੰ ਕਮਜ਼ੋਰ ਕਰਨਾ ਹੈ। ਇਸ ਜੰਗ ਵਿੱਚ ਹਜ਼ਾਰਾਂ ਲੋਕ ਮਾਰੇ ਗਏ ਹਨ। ਸਾਮਰਾਜਵਾਦੀ ਵਿਰੋਧੀਆਂ ਦਰਮਿਆਨ ਇਸ ਪ੍ਰੌਕਸੀ ਜੰਗ ਦੇ ਅਮਰੀਕੀ ਅਤੇ ਰੂਸੀ ਸਾਮਰਾਜਵਾਦੀਆਂ ਦਰਮਿਆਨ ਪ੍ਰਤੱਖ ਜੰਗ, ਜਿਸ ਵਿੱਚ ਪਰਮਾਣੂ ਹਥਿਆਰਾਂ ਦੀ ਵਰਤੋਂ ਵੀ ਸ਼ਾਮਲ ਹੈ, ਵਿੱਚ ਬਦਲਣ ਦਾ ਬਹੁਤ ਹਕੀਕੀ ਖ਼ਤਰਾ ਹੈ।

**• ਇਜ਼ਰਾਈਲ ਦੀਆਂ ਜੰਗਾਂ ਲਈ ਅਮਰੀਕੀ ਹਮਾਇਤ, 1948 ਤੋਂ ਵਰਤਮਾਨ ਨਕਬਾ (1947-1949), 15 ਹਜ਼ਾਰ ਮੌਤਾਂ**

ਅਮਰੀਕਾ ਨੇ ਇਜ਼ਰਾਈਲ ਦੀ ਸਥਾਪਨਾ ਦੀ ਹਮਾਇਤ ਕੀਤੀ, ਜੋ ਮਿਸਰ, ਜਾਰਡਨ, ਸੀਰੀਆ ਅਤੇ ਇਰਾਕ ਦੀਆਂ ਫ਼ੌਜਾਂ ਨੂੰ ਜੰਗ ਵਿੱਚ ਹਰਾ ਕੇ ਬਣਾਇਆ ਗਿਆ ਸੀ। 1947 ਅਤੇ 1949 ਦਰਮਿਆਨ, 19 ਲੱਖ ਦੀ ਆਬਾਦੀ ਵਿੱਚੋਂ ਘੱਟੋ-ਘੱਟ 7 ਲੱਖ 50 ਹਜ਼ਾਰ ਫ਼ਲਸਤੀਨੀਆਂ ਨੂੰ ਉਜਾੜਿਆ ਗਿਆ ਅਤੇ ਸ਼ਰਨਾਰਥੀ ਬਣਾ ਦਿੱਤਾ ਗਿਆ, ਉਨ੍ਹਾਂ ਨੂੰ ਜਬਰਨ ਉਨ੍ਹਾਂ ਦੀਆਂ ਜ਼ਮੀਨਾਂ ਅਤੇ ਘਰਾਂ ਤੋਂ ਖਦੇੜ ਦਿੱਤਾ ਗਿਆ। ਜ਼ਿਓਨਵਾਦੀ ਤਾਕਤਾਂ ਨੇ ਇਤਿਹਾਸਕ ਫ਼ਲਸਤੀਨ ਦਾ 78 ਪ੍ਰਤੀਸ਼ਤ ਤੋਂ ਵੱਧ ਹਿੱਸਾ ਹੜੱਪ ਲਿਆ, ਲਗਭਗ 530 ਪਿੰਡਾਂ ਅਤੇ ਸ਼ਹਿਰਾਂ ਨੂੰ ਨਸਲੀ ਤੌਰ ’ਤੇ ਖ਼ਤਮ ਕਰ ਦਿੱਤਾ ਅਤੇ ਤਬਾਹ ਕਰ ਦਿੱਤਾ, ਅਤੇ ਵੱਡੇ ਪੱਧਰ ’ਤੇ ਜ਼ੁਲਮਾਂ ਦੇ ਸਿਲਸਿਲੇ ਵਿੱਚ ਲਗਭਗ 15 ਹਜ਼ਾਰ ਫ਼ਲਸਤੀਨੀਆਂ ਨੂੰ ਮਾਰ ਦਿੱਤਾ। ਇਸਨੂੰ ਨਕਬਾ (ਅਰਬੀ ਵਿੱਚ ਤਬਾਹੀ) ਵਜੋਂ ਜਾਣਿਆ ਜਾਂਦਾ ਹੈ। ਉਦੋਂ ਤੋਂ ਇਜ਼ਰਾਈਲ ਨੇ ਇਸ ਖੇਤਰ ਵਿੱਚ ਹਮਲਾਵਰ ਜੰਗਾਂ ਦੀ ਦਾ ਸਿਲਸਿਲਾ ਸ਼ੁਰੂ ਕੀਤਾ ਹੋਇਆ ਹੈ। ਸਾਲਾਨਾ ਅਰਬਾਂ ਡਾਲਰਾਂ ਦੀ ਅਮਰੀਕੀ ਸਹਾਇਤਾ ਅਤੇ ਹਮਾਇਤ ਨਾਲ ਇਜ਼ਰਾਈਲ, ਤੇਜ਼ੀ ਨਾਲ ਪ੍ਰਮੁੱਖ ਅਮਰੀਕੀ ਪ੍ਰੌਕਸੀ ਅਤੇ ਹਮਲਾਵਰ ਕੁੱਤੇ ਵਜੋਂ ਕੰਮ ਕਰ ਰਿਹਾ ਹੈ।



**• 1967 ਦੀ ਜੰਗ ‘ਛੇ-ਰੋਜ਼ਾ ਜੰਗ’ (5 ਜੂਨ ਤੋਂ 10 ਜੂਨ 1967), 18 ਹਜ਼ਾਰ ਮੌਤਾਂ**

1967 ਵਿੱਚ, ਇਜ਼ਰਾਈਲ ਨੇ ਮਿਸਰ, ਸੀਰੀਆ ਅਤੇ ਜਾਰਡਨ ਦੇ ਖ਼ਿਲਾਫ਼ ਪੂਰਵ-ਅਨੁਮਾਨਿਤ ਜੰਗ ਸ਼ੁਰੂ ਕੀਤੀ, ਉਨ੍ਹਾਂ ਦੀਆਂ ਹਵਾਈ ਫ਼ੌਜਾਂ ਨੂੰ ਅਪਾਹਜ ਬਣਾ ਦਿੱਤਾ। ਇਸ ਤੋਂ ਬਾਅਦ ਇਜ਼ਰਾਈਲ ਨੇ ਸਫ਼ਲ ਜ਼ਮੀਨੀ ਹਮਲਾ ਕੀਤਾ, ਮਿਸਰ ਤੋਂ ਸਿਨਾਈ ਪ੍ਰਾਇਦੀਪ ਅਤੇ ਗਾਜ਼ਾ ਪੱਟੀ ’ਤੇ ਕਬਜ਼ਾ ਕਰ ਲਿਆ; ਜਾਰਡਨ ਤੋਂ ਪੱਛਮੀ ਕੰਢੇ ਅਤੇ ਪੂਰਬੀ ਯਰੂਸ਼ਲਮ; ਅਤੇ ਸੀਰੀਆ ਤੋਂ ਗੋਲਾਨ ਹਾਈਟਸ ਤੱਕ। ਮਿਸਰ ਦੇ ਮਾਰੇ ਗਿਆਂ ਦੀ ਗਿਣਤੀ 11 ਹਜ਼ਾਰ ਤੋਂ ਵੱਧ ਸੀ, ਜਾਰਡਨ ਦੀ 6 ਹਜ਼ਾਰ ਅਤੇ ਸੀਰੀਆ ਦੀ 1 ਹਜ਼ਾਰ, ਜਦੋਂ ਕਿ ਇਜ਼ਰਾਈਲ ਦਾ ਸਿਰਫ਼ 700 ਜਾਨੀ ਨੁਕਸਾਨ ਹੋਇਆ ਸੀ।

**• 1973 ਅਰਬ-ਇਜ਼ਰਾਈਲ ਜੰਗ (6 ਤੋਂ 26 ਅਕਤੂਬਰ 1973), 8 ਹਜ਼ਾਰ ਤੋਂ ਸਾਢੇ ਅਠਾਰਾਂ ਹਜ਼ਾਰ ਮੌਤਾਂ**

ਮਿਸਰ ਅਤੇ ਸੀਰੀਆ ਦੀ ਅਗਵਾਈ ਵਾਲੇ ਅਰਬ ਰਾਜਾਂ ਦੇ ਗੱਠਜੋੜ ਦੁਆਰਾ 1967 ਦੀ ਜੰਗ ਵਿੱਚ ਇਜ਼ਰਾਈਲ ਦੁਆਰਾ ਕਬਜ਼ਾ ਕੀਤੀ ਗਈ ਜ਼ਮੀਨ ਨੂੰ ਵਾਪਸ ਪ੍ਰਾਪਤ ਕਰਨ ਲਈ ਜੰਗ ਲੜਨ ਤੋਂ ਬਾਅਦ ਸ਼ੁਰੂ ਹੋਈ। ਮੌਤਾਂ ਦੇ ਘਟਾ ਕੇ ਲਗਾਏ ਅੰਦਾਜ਼ੇ ਅਨੁਸਾਰ ਵੀ ਮਿਸਰ ਅਤੇ ਸੀਰੀਆ ਦੇ ਕ੍ਰਮਵਾਰ 5000 ਅਤੇ 3 ਹਜ਼ਾਰ ਵਿਅਕਤੀ (ਕੁਲ 8 ਹਜ਼ਾਰ) ਮਾਰੇ ਗਏ ਅਤੇ 18 ਹਜ਼ਾਰ ਜ਼ਖਮੀ ਹੋਏ ਸਨ। ਸਭ ਤੋਂ ਉੱਚਾ ਅੰਦਾਜ਼ਾ ਸਾਢੇ ਅਠਾਰਾਂ ਹਜ਼ਾਰ ਹੈ (15 ਹਜ਼ਾਰ ਮਿਸਰੀ ਅਤੇ ਸਾਢੇ ਤਿੰਨ ਹਜ਼ਾਰ ਸੀਰੀਆਈ)।

**• 1982 ਦੀ ਲਿਬਨਾਨ ਜੰਗ (ਜੂਨ ਤੋਂ ਸਤੰਬਰ 1982), ਅੰਦਾਜ਼ਨ 22 ਹਜ਼ਾਰ ਮੌਤਾਂ, 20 ਹਜ਼ਾਰ ਜ਼ਖਮੀ**

ਇਜ਼ਰਾਈਲ ਡਿਫੈਂਸ ਫ਼ੌਜਾਂ ਨੇ ਫ਼ਲਸਤੀਨ ਮੁਕਤੀ ਸੰਗਠਨ ਨੂੰ ਖਦੇੜਨ, ਲਿਬਨਾਨ ’ਤੇ ਸੀਰੀਆਈ ਪ੍ਰਭਾਵ ਨੂੰ ਹਟਾਉਣ ਅਤੇ ਇਜ਼ਰਾਈਲ ਦੇ ਥਾਪੜੇ ਵਾਲੀ ਈਸਾਈ ਸਰਕਾਰ ਸਥਾਪਤ ਕਰਨ ਦੇ ਟੀਚਿਆਂ ਨਾਲ ਦੱਖਣੀ ਲਿਬਨਾਨ ’ਤੇ ਹਮਲਾ ਕੀਤਾ। ਦੂਜੇ ਹਫ਼ਤੇ ਦੇ ਅੰਤ ਤੱਕ, ਇੰਟਰਨੈਸ਼ਨਲ ਰੈੱਡ ਕਰਾਸ ਅਤੇ ਲਿਬਨਾਨੀ ਪੁਲਿਸ ਦੇ ਅੰਕੜਿਆਂ ਨੇ ਦਾਅਵਾ ਕੀਤਾ ਕਿ 19 ਹਜ਼ਾਰ ਲੋਕ ਮਾਰੇ ਗਏ ਅਤੇ 20 ਹਜ਼ਾਰ ਜ਼ਖ਼ਮੀ ਹੋਏ, ਜਿਨ੍ਹਾਂ ਵਿੱਚ ਜ਼ਿਆਦਾਤਰ ਨਾਗਰਿਕ ਸਨ। ਅਗਸਤ 1982 ਦੇ ਅੰਤ ਤੱਕ, ਬੈਰੂਤ ਦੀ ਘੇਰਾਬੰਦੀ ਨੇ 6 ਹਜ਼ਾਰ 776 ਲੋਕਾਂ ਦੀ ਜਾਨ ਲੈ ਲਈ। ਇਸ ਤੋਂ ਇਲਾਵਾ, ਸਬਰਾ ਅਤੇ ਸ਼ਤੀਲਾ ਸ਼ਰਨਾਰਥੀ ਕੈਂਪਾਂ ਵਿੱਚ 3 ਹਜ਼ਾਰ ਤੋਂ ਵੱਧ ਫ਼ਲਸਤੀਨੀ ਸ਼ਰਨਾਰਥੀਆਂ ਦੀ ਹੱਤਿਆ ਲਿਬਨਾਨੀ ਮਿਲੀਸ਼ੀਆ ਦੁਆਰਾ ਕੀਤੀ ਗਈ, ਜਿਨ੍ਹਾਂ ਨੂੰ ਇਜ਼ਰਾਈਲ ਡਿਫੈਂਸ ਫ਼ੌਜਾਂ ਦੁਆਰਾ ਕੈਂਪਾਂ ਵਿੱਚ ਦਾਖ਼ਲ ਹੋਣ ਦੀ ਇਜਾਜ਼ਤ ਦਿੱਤੀ ਗਈ ਸੀ। ਅਮਰੀਕਾ ਨੇ ਫ਼ਲਸਤੀਨੀ ਟਾਕਰੇ ਅਤੇ ਖੇਤਰ ਵਿੱਚ ਹੋਰ ਅਮਰੀਕੀ-ਵਿਰੋਧੀ ਤਾਕਤਾਂ ਨੂੰ ਕੁਚਲਣ ਦੀ ਲੋੜ ਸਮੇਤ ਇਜ਼ਰਾਈਲ ਦੀ ਕੱਟੜ ਹਮਾਇਤ ਕਰਨੀ ਜਾਰੀ ਰੱਖੀ।

**• ਗਾਜ਼ਾ ਵਿੱਚ ਕਤਲੇਆਮ (2008-09), 1400 ਮੌਤਾਂ**

ਇਜ਼ਰਾਈਲ ਨੇ ਇਸਲਾਮਵਾਦੀ ਪਾਰਟੀ ਹਮਾਸ ਦੇ ਚੋਣਾਂ ਜਿੱਤਕੇ ਸੱਤਾ ਵਿੱਚ ਆਉਣ ਤੋਂ ਬਾਅਦ ਗਾਜ਼ਾ ਦੇ ਲੋਕਾਂ ਨੂੰ ਸਮੂਹਿਕ ਸਜ਼ਾ ਦੇਣ ਦੇ ਰੂਪ ’ਚ ਮੌਤ ਅਤੇ ਤਬਾਹੀ ਦੀ ਜੰਗ ਵਿੱਢ ਦਿੱਤੀ (27 ਦਸੰਬਰ 2008 ਤੋਂ 19 ਜਨਵਰੀ 2009 ਤੱਕ)। ਮਾਰੇ ਗਏ ਲੋਕਾਂ ਦੀ ਗਿਣਤੀ 1166 ਅਤੇ 1417 ਦੱਸੀ ਗਈ ਹੈ, ਜਿਨ੍ਹਾਂ ਵਿੱਚ 844 ਨਿਹੱਥੇ ਨਾਗਰਿਕ ਸ਼ਾਮਲ ਸਨ, ਉਨ੍ਹਾਂ ਵਿੱਚੋਂ 281 ਬੱਚੇ ਸਨ। 9 ਜਨਵਰੀ ਨੂੰ, ਅਮਰੀਕੀ ਕਾਂਗਰਸ ਦੇ ਦੋਵਾਂ ਸਦਨਾਂ ਵਿੱਚ ਡੈਮੋਕਰੇਟ ਅਤੇ ਰਿਪਬਲਿਕਨਾਂ ਨੇ ਭਾਰੀ ਵੋਟਾਂ ਨਾਲ ਇਜ਼ਰਾਈਲ ਦੀਆਂ ਕਾਰਵਾਈਆਂ ਦੀ ਹਮਾਇਤ ਕਰਦੇ ਹੋਏ ਇਹ ਐਲਾਨ ਕੀਤਾ—ਐਮਨੈਸਟੀ ਇੰਟਰਨੈਸ਼ਨਲ, ਹਿਊਮਨ ਰਾਈਟਸ ਵਾਚ, ਇੰਟਰਨੈਸ਼ਨਲ ਰੈੱਡ ਕਰਾਸ ਅਤੇ ਹੋਰ ਮਾਨਵਤਾਵਾਦੀ ਸੰਗਠਨਾਂ ਦੇ ਨਤੀਜਿਆਂ ਦੇ ਸਿੱਧੇ ਵਿਰੋਧ ਵਿੱਚ—ਕਿ ਇਜ਼ਰਾਈਲ ਦੀਆਂ ਹਥਿਆਰਬੰਦ ਫ਼ੌਜਾਂ ਦੀ ਗਾਜ਼ਾ ’ਤੇ ਉਨ੍ਹਾਂ ਦੇ ਹਮਲੇ ਤੋਂ ਵੱਡੀ ਗਿਣਤੀ ਵਿੱਚ ਨਾਗਰਿਕ ਹੱਤਿਆਵਾਂ ਹੋਣ ਦੀ ਕੋਈ ਜ਼ਿੰਮੇਵਾਰੀ ਨਹੀਂ ਬਣਦੀ।

**• 2014 ਗਾਜ਼ਾ ਜੰਗ (8 ਜੁਲਾਈ ਤੋਂ 26 ਅਗਸਤ 2014), 2 ਹਜ਼ਾਰ 251 ਫ਼ਲਸਤੀਨੀ ਮੌਤਾਂ**

ਇਸ ਜੰਗ ਵਿਚ 2 ਹਜ਼ਾਰ 251 ਫ਼ਲਸਤੀਨੀ ਮਾਰੇ ਗਏ, ਜਿਨ੍ਹਾਂ ਵਿੱਚ 1 ਹਜ਼ਾਰ 462 ਫ਼ਲਸਤੀਨੀ ਨਾਗਰਿਕ ਸ਼ਾਮਲ ਸਨ, ਜਿਨ੍ਹਾਂ ਵਿੱਚੋਂ 299 ਔਰਤਾਂ ਅਤੇ 551 ਬੱਚੇ ਸਨ; ਅਤੇ 11 ਹਜ਼ਾਰ 231 ਫ਼ਲਸਤੀਨੀ ਜ਼ਖਮੀ ਹੋਏ। ਇਕ ਵਾਰ ਫਿਰ, ਅਮਰੀਕੀ ਪ੍ਰਤੀਨਿਧੀ ਸਭਾ ਅਤੇ ਸੈਨੇਟ ਵਿੱਚ ਡੈਮੋਕਰੇਟ ਅਤੇ ਰਿਪਬਲਿਕਨ ਦੋਵਾਂ ਧੜਿਆਂ ਨੇ ਇਜ਼ਰਾਈਲ ਦੇ ਕਤਲੇਆਮ ਦੀ ਹਮਾਇਤ ਕਰਦੇ ਹੋਏ ਸਰਬਸੰਮਤੀ ਨਾਲ ਮਤੇ ਪਾਸ ਕੀਤੇ।

**• ਗ੍ਰੇਟ ਮਾਰਚ ਆਫ ਰਿਟਰਨ (2018), 150 ਮੌਤਾਂ, 9 ਹਜ਼ਾਰ ਤੋਂ ਵੱਧ ਜ਼ਖ਼ਮੀ**

30 ਮਾਰਚ 2018 ਨੂੰ ਗਾਜ਼ਾ ਦੀ ਇਜ਼ਰਾਈਲ ਨਾਲ ਸਰਹੱਦ ’ਤੇ ਹਫਤਾਵਾਰੀ ਵਿਰੋਧ ਪ੍ਰਦਰਸ਼ਨ ਸ਼ੁਰੂ ਹੋਏ। ਉਨ੍ਹਾਂ ਨੇ ਮੰਗ ਕੀਤੀ ਕਿ ਇਜ਼ਰਾਈਲ ਦੀ ਫ਼ਲਸਤੀਨ ਨੂੰ ਅਪਾਹਜ ਕਰਨ ਵਾਲੀ ਨਾਕਾਬੰਦੀ ਹਟਾਈ ਜਾਵੇ ਅਤੇ ਫ਼ਲਸਤੀਨੀ ਸ਼ਰਨਾਰਥੀਆਂ ਨੂੰ ਨਕਬਾ (ਅਰਬੀ ਵਿੱਚ ਤਬਾਹੀ) ਦੌਰਾਨ ਇਜ਼ਰਾਈਲ ਦੀ ਸਥਾਪਨਾ ਸਮੇਂ ਉਨ੍ਹਾਂ ਤੋਂ ਖੋਹੀ ਗਈ ਜ਼ਮੀਨ ’ਤੇ ਵਾਪਸ ਜਾਣ ਦਾ ਅਧਿਕਾਰ ਦਿੱਤਾ ਜਾਵੇ, ਜਦੋਂ ਇਜ਼ਰਾਈਲ ਨੇ ਸਦੀਆਂ ਤੋਂ ਇਸ ਧਰਤੀ ’ਤੇ ਰਹਿ ਰਹੇ ਫ਼ਲਸਤੀਨੀਆਂ ਦੇ ਖ਼ਿਲਾਫ਼ ਹਿੰਸਾ ਅਤੇ ਦਹਿਸ਼ਤ ਦੀ ਵੱਡੀ ਲਹਿਰ ਸ਼ੁਰੂ ਕੀਤੀ ਸੀ। ਪ੍ਰਦਰਸ਼ਨਾਂ ਵਿੱਚ 189 ਫ਼ਲਸਤੀਨੀ ਮਾਰੇ ਗਏ ਸਨ, ਅਤੇ 9 ਹਜ਼ਾਰ ਤੋਂ ਵੱਧ ਹੋਰ ਜ਼ਖਮੀ ਹੋਏ ਸਨ, ਜਿਨ੍ਹਾਂ ਵਿੱਚ ਬੱਚੇ, ਪੈਰਾਮੈਡਿਕਸ ਕਾਮੇ ਅਤੇ ਪੱਤਰਕਾਰ ਸ਼ਾਮਲ ਸਨ। ਜ਼ਖਮੀਆਂ ਵਿੱਚੋਂ 5 ਹਜ਼ਾਰ 814 ਅਣਚੱਲੇ ਗੋਲਾ-ਬਾਰੂਦ ਨਾਲ ਮਾਰੇ ਗਏ ਸਨ। ਟਰੰਪ/ਪੈਂਸ ਸ਼ਾਸਨ ਨੇ ਹਿੰਸਾ ਲਈ ਉਲਟਾ ਨਿਹੱਥੇ ਫ਼ਲਸਤੀਨੀਆਂ ਨੂੰ ਦੋਸ਼ੀ ਠਹਿਰਾਇਆ।


**• ਗਾਜ਼ਾ ਵਿੱਚ ਅਮਰੀਕੀ-ਇਜ਼ਰਾਈਲੀ ਨਸਲਕੁਸ਼ੀ (2023 ਤੋਂ ਹੁਣ ਤੱਕ), 90 ਹਜ਼ਾਰ ਤੋਂ ਵੱਧ ਮੌਤਾਂ**

ਗਾਜ਼ਾ ਪੱਟੀ ’ਤੇ ਇਜ਼ਰਾਈਲ ਦੀ ਨਸਲਕੁਸ਼ੀ ਦੀ ਜੰਗ ਦੀ ਅਸਲ ਮਨੁੱਖੀ ਕੀਮਤ ‘ਅਧਿਕਾਰਤ’ ਅੰਦਾਜ਼ਿਆਂ ਨਾਲੋਂ ਕਿਤੇ ਵੱਧ ਹੈ। ਦੁਨੀਆ ਦੇ ਪ੍ਰਮੁੱਖ ਮੈਡੀਕਲ ਰਸਾਲਿਆਂ ਵਿੱਚ ਪ੍ਰਕਾਸ਼ਿਤ ਸੁਤੰਤਰ ਖੋਜ 2025 ਦੇ ਸ਼ੁਰੂ ਤੱਕ 75 ਹਜ਼ਾਰ ਤੋਂ ਵੱਧ ÷ਹਿੰਸਾ ਨਾਲ ਮੌਤਾਂ÷ ਦੀ ਪੁਸ਼ਟੀ ਕਰਦੀ ਹੈ। ਇਹ ਅੰਕੜਾ ਉਸੇ ਮਿਆਦ ਲਈ ਗਾਜ਼ਾ ਸਿਹਤ ਮੰਤਰਾਲੇ (ਐੱਮਓਐੱਚ) ਦੁਆਰਾ ਰਿਪੋਰਟ ਕੀਤੇ ਗਏ 49 ਹਜ਼ਾਰ 90 ਤੋਂ 34.7 ਪ੍ਰਤੀਸ਼ਤ ਵੱਧ ਹੈ। ਹੁਣ ਐੱਮਓਐੱਚ ਦਾ ਅੰਦਾਜ਼ਾ ਹੈ ਕਿ ਜੰਗ ਸ਼ੁਰੂ ਹੋਣ ਤੋਂ ਬਾਅਦ ਤੋਂ ਲੈ ਕੇ 16 ਫਰਵਰੀ 2026 ਤੱਕ ਘੱਟੋ-ਘੱਟ 72 ਹਜ਼ਾਰ 63 ਲੋਕ ਮਾਰੇ ਗਏ ਹਨ (10 ਅਕਤੂਬਰ 2025 ਨੂੰ ਗਾਜ਼ਾ ਪੱਟੀ ਵਿੱਚ ‘ਜੰਗਬੰਦੀ’ ਹੋਣ ਤੋਂ ਬਾਅਦ 603)।

ਫੋਟੋ: ਵਿਕੀਪੀਡੀਆ

# ਨਕਸਲਬਾੜੀ ਲਹਿਰ ਦੇ ਸਹੀਦ ਬਖਸ਼ੀਸ ਮੋਰਕਰੀਮਾਂ ਦੀ ਯਾਦ ਮਨਾਈ

ਨਕਸਲਬਾੜੀ ਲਹਿਰ ਦੇ ਸਹੀਦ ਬਖਸ਼ੀਸ ਮੋਰਕਰੀਮਾਂ ਦੀ ਯਾਦ ਮਨਾਈ 1971 ’ਚ ਅੱਜ ਦੇ ਦਿਨ 19 ਮਾਰਚ ਨੂੰ ਮਹਾਨ ਨਕਸਲਬਾੜੀ ਲਹਿਰ ਦੇ ਸ਼ਹੀਦ ਇਕੋ ਇੱਕ ਸਹੀ ਪੁਲਿਸ ਮੁਕਾਬਲੇ ਚ ਵਿਛੜ ਗਏ ਬਖ਼ਸ਼ੀਸ਼ ਮੋਰਕਰੀਮਾਂ ਦੀ ਉਨ੍ਹਾਂ ਦੇ ਪਿੰਡ ਮੋਰਕਰੀਮਾਂ ਵਿਖੇ ਸ਼ਰਧਾਂਜਲੀ ਸਮਾਗਮ ਕਰਕੇ ਯਾਦ ਮਨਾਈ ਗਈ। ਉਨ੍ਹਾਂ ਦੀ ਯਾਦਗਾਰ ਤੇ ਇੱਕਤਰ ਹੋਏ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਅਤੇ ਵਰਕਰਾਂ ਨੇ ਇਨਕਲਾਬੀ ਨਾਅਰਿਆਂ ਦੀ ਗੂੰਜ ਚ ਸ਼ਹੀਦ ਨੂੰ ਸ਼ਰਧਾਂਜਲੀ ਭੇਂਟ ਕੀਤੀ। ਇਸ ਸਮੇਂ ਬੋਲਦਿਆਂ ਇਨਕਲਾਬੀ ਕੇਂਦਰ ਪੰਜਾਬ ਦੇ ਜਰਨਲ ਸਕੱਤਰ ਕੰਵਲਜੀਤ ਖੰਨਾ, ਸੂਬਾ ਕਮੇਟੀ ਮੈਂਬਰ ਜਸਵੰਤ ਜੀਰਖ, ਕਿਸਾਨ ਆਗੂ ਜਸਦੇਵ ਸਿੰਘ ਲਲਤੋਂ, ਮਹਿੰਦਰ ਸਿੰਘ ਕਮਾਲਪੁਰਾ, ਸ਼ਹੀਦ ਦੇ ਵੱਡੇ ਭਰਾ ਮਾਸਟਰ ਸੁਰਜੀਤ ਸਿੰਘ ਨੇ ਕਿਹਾ ਕਿ ਨਕਸਲਬਾੜੀ ਲਹਿਰ ਦੇਸ ਅੰਦਰ ਜਗੀਰਦਾਰੀ ਨੂੰ ਖਤਮ ਕਰਕੇ ਜ਼ਮੀਨਾਂ ਤੇ ਹਲਵਾਹਕ ਦਾ ਕਬਜ਼ਾ ਕਰਾਉਣ, ਮਜ਼ਦੂਰ ਜਮਾਤ ਨੂੰ ਪੈਦਾਵਾਰ ਦੇ ਸੰਦ ਸਾਧਨਾਂ ਦਾ ਮਾਲਕ ਬਨਾਉਣ, ਦੇਸ ’ਚ ਬਰਾਬਰਤਾ ਅਧਾਰਿਤ ਸਮਾਜ ਸਿਰਜਣ ਦੀ ਲੋਕ ਮੁਕਤੀ ਲਹਿਰ ਸੀ। ਦੇਸ਼ ਚ ਪਾਰਲੀਮਾਨੀ ਪ੍ਰਬੰਧ ਦੇ ਉਲਟ ਹਥਿਆਰਬੰਦ ਸੰਘਰਸ਼ ਰਾਹੀਂ ਸੱਤਾ ਨੂੰ ਉਲਟਾਉਣ ਦੀ ਲਹਿਰ ਸੀ। ਜਿਸ ਨੂੰ ਉਸ ਸਮੇਂ ਦੀ ਬਾਦਲ ਸਰਕਾਰ ਨੇ ਲਹੂ ਚ ਡੋਬ ਕੇ ਕਿਰਤੀ ਲੋਕਾਂ ਨਾਲ ਦਗਾ ਕਮਾਇਆ ਸੀ। ਅੱਜ ਦੇਸ ਦੇ ਦੱਖਣੀ ਸੂਬਿਆਂ ਚ ਜਲ ਜੰਗਲ ਜ਼ਮੀਨ ਦੀ ਹੱਕੀ ਲੜਾਈ ਲੜ ਰਹੀ ਲੋਕ ਮੁਕਤੀ ਲਹਿਰ ਨੂੰ ਅਮਿਤ ਸ਼ਾਹ ਨਾਂ ਦੇ ਫਾਸ਼ੀ ਹੁਕਮਰਾਨ ਵਲੋਂ ਇਕੱਤੀ ਮਾਰਚ ਤੱਕ ਖ਼ਤਮ ਕਰਨ ਦੇ ਦਮਗਜੇ ਮਾਰੇ ਜਾ ਰਹੇ ਹਨ ਜਿਸ ਲਈ ਝੂਠੇ ਪੁਲਿਸ ਮੁਕਾਬਲਿਆਂ ਦਾ ਝੱਖੜ




ਝੁਲਾਇਆ ਜਾ ਰਿਹਾ ਹੈ। ਬੁਲਾਰਿਆਂ ਨੇ ਕਿਹਾ ਕਿ ਮੋਦੀ ਹਕੂਮਤ ਜਲ ਜੰਗਲ ਜ਼ਮੀਨ ਤੇ ਇਕ ਪਾਸੇ ਕਾਰਪੋਰੇਟ ਦਾ ਕਬਜ਼ਾ ਕਰਵਾ ਰਹੀ ਹੈ ਤੇ ਦੂਜੇ ਪਾਸੇ ਅਮਰੀਕਾ ਨਾਂ ਦੇ ਸਾਮਰਾਜੀ ਦੈਂਤ ਨਾਲ ਇਕਪਾਸੜ ਵਪਾਰ ਸਮਝੌਤਾ ਕਰਕੇ ਦੇਸ ਨੂੰ ਸਾਮਰਾਜ ਦਾ ਗੁਲਾਮ ਬਣਾਇਆ ਜਾ ਰਿਹਾ ਹੈ। ਬਿਜਲੀ ਐਕਟ ਅਤੇ ਬੀਜ ਐਕਟ ਨੂੰ ਕਨੂੰਨ ਦਾ ਰੂਪ ਦੇ ਕੇ ਕਾਰਪੋਰੇਟ ਦਾ ਕਬਜ਼ਾ ਕਰਵਾਇਆ ਜਾ ਰਿਹਾ ਹੈ। ਮਜ਼ਦੂਰ ਜਮਾਤ ਦਾ ਗਲਾ ਕੱਟਣ ਲਈ ਮਨਰੇਗਾ ਦਾ ਭੋਗ ਪਾ ਦਿੱਤਾ ਗਿਆ ਹੈ। ਕਿਰਤ ਕੋਡ ਲਿਆ ਕੇ ਮਜ਼ਦੂਰਾ ਮੁਲਾਜ਼ਮ ਦੇ ਹੱਕ ਖੋਹੇ ਜਾ ਰਹੇ ਹਨ। ਬੁਲਾਰਿਆਂ ਨੇ ਇਰਾਨ ਉਪਰ ਅਮਰੀਕਾ ਇਜ਼ਰਾਈਲ ਵਲੋਂ ਠੋਸੀ ਨਿਹੱਕੀ ਜੰਗ ਖਿਲਾਫ ਲੋਕਾਂ ਨੂੰ ਆਵਾਜ਼ ਉਠਾਉਣ ਦਾ ਸੱਦਾ ਦਿੱਤਾ। ਸ਼ਰਧਾਂਜਲੀ ਸਮਾਗਮ ਦੇ ਸ਼ੁਰੂ ਚ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਹਾਕਮ ਸਿੰਘ ਭੱਟੀਆਂ, ਬੇਅੰਤ ਸਿੰਘ ਬਾਣੀਏਵਾਲ, ਇੰਦਰਜੀਤ ਸਿੰਘ ਧਾਲੀਵਾਲ, ਜਸਵੰਤ ਜੀਰਖ, ਮਨਜਿੰਦਰ ਸਿੰਘ ਮੋਰ ਕਰੀਮਾਂ, ਕਸਤੂਰੀ ਲਾਲ, ਹਰਦੇਵ ਮੁਲਾਂਪੁਰ, ਜਸਬੀਰ ਸਿੰਘ ਅਕਾਲਗੜ੍ਹ, ਧਰਮ ਸਿੰਘ ਸੂਜਾਪੁਰ, ਮਦਨ ਸਿੰਘ, ਜਗਤਾਰ ਸਿੰਘ ਸੇਖੁਪੁਰਾ, ਪਾਲ ਸਿੰਘ ਗਹੋਰ ਆਦਿ ਨੇ ਸ਼ਹੀਦ ਦੀ ਤਸਵੀਰ ਤੇ ਫੁੱਲ ਪੱਤੀਆਂ ਭੇਟ ਕੀਤੀਆਂ। ਰਾਮ ਸਿੰਘ ਹਠੂਰ, ਕਸਤੂਰੀ ਲਾਲ ਅਤੇ ਇਨਕਲਾਬੀ ਮਜ਼ਦੂਰ ਕੇਂਦਰ ਦੀ ਬੀਬੀ ਰਬਿਤਾ ਨੇ ਇਨਕਲਾਬੀ ਗੀਤ ਗਾਏ। ਉਪਰੰਤ ਸਹੀਦੀ ਯਾਦਗਾਰ ਤੇ ‘ਸ਼ਹੀਦ ਬਖਸ਼ੀਸ ਤੇਰਾ ਕਾਜ ਅਧੂਰਾ - ਲਾ ਕੇ ਜ਼ਿੰਦਗੀਆਂ ਕਰਾਂਗੇ ਪੂਰਾ’ ਦੇ ਨਾਰੇ ਗੁੰਜਾਉਦਿਆਂ ਲਾਲ ਝੰਡਾ ਲਹਿਰਾਉਣ ਦੀ ਇਨਕਲਾਬੀ ਰਸਮ ਸ਼ਹੀਦ ਦੇ ਵੱਡੇ ਭਰਾ ਮਾਸਟਰ ਸੁਰਜੀਤ ਸਿੰਘ ਨੇ ਨਿਭਾਈ। ਸਮਾਗਮ ’ਚ ਵੱਡੀ ਗਿਣਤੀ ਔਰਤਾਂ ਵੀ ਹਾਜ਼ਰ ਸਨ।

-ਕੰਵਲਜੀਤ ਖੰਨਾ

# ਕਬਰਾਂ ਵਿੱਚੋਂ ਬੋਲਦੀਆਂ ਸਕੂਲੀ ਬਾਲੜੀਆਂ



ਸਕੂਲੀ ਬੱਚੀਆਂ ਦੀਆਂ ਮ੍ਰਿਤਕ ਦੇਹਾਂ ਦਫ਼ਨਾਉਣ ਲਈ ਖੋਦੀਆਂ ਕਬਰਾਂ ਦੀ ਹਿਰਦੇਵੇਦਕ ਤਸਵੀਰ



-ਅਮੋਲਕ ਸਿੰਘ
98778-68710

ਇਸ ਵਾਰ ਕੌਮਾਂਤਰੀ ਔਰਤ ਦਿਹਾੜਾ ਉਸ ਸੋਗ ਰੁੱਤੇ ਮਰਨਾ ਰਹੇ ਹਾਂ ਜਦੋਂ ਸੱਤ ਤੋਂ 12 ਸਾਲ ਦੀਆਂ 180 ਦੇ ਕਰੀਬ ਅੱਧ ਖਿੜੀਆਂ ਕਲੀਆਂ, ਸਕੂਲੀ ਬਾਲੜੀਆਂ ਇਰਾਨ ਦੇ ਇੱਕ ਸਕੂਲ ਵਿੱਚ ਜੰਗ ਬਾਜ ਅਮਰੀਕੀ ਇਜ਼ਰਾਈਲੀ ਹਾਕਮਾਂ ਦੇ ਪਾਗਲਪਣ ਨੇ ਸਦਾ ਦੀ ਨੀਂਦ ਸੁਲਾ ਦਿੱਤੀਆਂ।

ਮਾਸੂਮ ਬੱਚੀਆਂ ਦੀਆਂ ਕਬਰਾਂ ਖੋਦਣ ਲਈ ਜੇ.ਸੀ.ਬੀ. ਮਸ਼ੀਨਾਂ ਨਾਲ 180 ਕਬਰਾਂ ਲਈ ਖੱਡੇ ਪੁੱਟੇ ਗਏ। ਇਹ ਨਿੱਕੀਆਂ ਨਿੱਕੀਆਂ ਅੱਧ ਖਿੜੀਆਂ ਕਲੀਆਂ ਵਰਗੀਆਂ ਕੁੜੀਆਂ ਨੂੰ ਬੇਸ਼ਰਮ ਸਾਮਰਾਜੀ ਹਾਕਮਾਂ ਦੀ ਮੜ੍ਹੀ ਧਾੜਵੀ ਜੰਗ ਨਿਗ਼ਲ ਗਈ।

ਅਮਰੀਕੀ ਇਜ਼ਰਾਇਲੀ ਹਾਕਮਾਂ ਨੂੰ ਤੇਲ ਦੇ ਖੂਹ ਚਾਹੀਦੇ। ਇਸ ਧਰਤੀ ਦੀਆਂ ਧੀਆਂ ਨਹੀਂ। ਕੁਦਰਤੀ ਅਨਮੋਲ ਖਜ਼ਾਨੇ ਚਾਹੀਦੇ। ਲੋਕਾਂ ਨੂੰ ਲੁੱਟਣ ਲਈ ਮਹਾਂ ਬਾਜ਼ਾਰ ਚਾਹੀਦੇ। ਦੁਨੀਆਂ ਭਰ ਅੰਦਰ ਆਪਣੀ ਸਰਦਾਰੀ ਸਥਾਪਤ ਕਰਨ ਦਾ ਮੈਚ ਜਿੱਤਣ ਦੀ ਦੌੜ ਵਿਚ ਮਾਸੂਮ ਬੱਚੀਆਂ ਸਦਾ ਦੀ ਨੀਂਦ ਸੁਲਾ ਦਿੱਤੀਆਂ? ਕੋਈ ਪੁੱਛੇ ਕਿ ਜਿੱਥੇ ਚਿੱਤ ਕੀਤਾ, ਜਦੋਂ ਚਿੱਤ ਕੀਤਾ ਵੱਖ ਵੱਖ ਦੇਸ਼ਾਂ ਉੱਤੇ ਹਮਲੇ ਕਰਨ ਦਾ ਲਾਈਸੈਂਸ ਤੁਹਾਨੂੰ ਕਿਸਨੇ ਦਿੱਤਾ ਹੈ? ਇਸ ਅੰਨ੍ਹੀ ਜੰਗ ਦੀ ਦੌੜ ਵਿੱਚ ਨੰਨ੍ਹੀਆਂ ਮੁੰਨੀਆਂ ਬੱਚੀਆਂ ਕਿਉਂ ਦਰੜ ਦਿੱਤੀਆਂ?

ਇਹਨਾਂ ਬੱਚੀਆਂ ਦੀਆਂ ਕਿਲਕਾਰੀਆਂ ਸਵਾਲ ਦਰ ਸਵਾਲ ਕਰਦੀਆਂ ਨੇ ਕਿ ਸਾਨੂੰ ਤੇ ਇਹ ਵੀ ਨਹੀਂ ਪਤਾ ਕਿ ਇਹ ਜੰਗ ਕਿਉਂ ਲਾਈ ? ਕੀ ਚਾਹੁੰਦੇ ਹੋ ਤੁਸੀਂ? ਕੀ ਤੁਹਾਡੀ ਜੰਗ ਦਾ ਨਿਸ਼ਾਨਾ ਇਹ ਹੈ ਕਿ ਨਿਸ਼ਾਨਾ ਵਿੰਨ੍ਹ ਕੇ ਸਕੂਲੀ ਵਿਦਿਆਰਥਣਾਂ ਦੇ ਬਸਤੇ ਰਾਖ਼ ਦੇ ਢੇਰ ਬਣਾ ਦਿੱਤੇ ਜਾਣ। ਖਿੜ ਖਿੜ ਪੈਂਦੀਆਂ ਨੰਨ੍ਹੀਆਂ ਮਾਸੂਮ ਜਿੰਦੜੀਆਂ ਖਿਲਾਂ ਵਾਂਗ ਭੁੰਨ ਦਿੱਤੀਆਂ ਜਾਣ। ਜਦੋਂ ਮਾਵਾਂ ਨੂੰ ਇਹ ਪਤਾ ਲੱਗੇ ਕਿ ਸਾਡੀਆਂ ਬੱਚੀਆਂ ਦੇ ਸਕੂਲ ਉੱਤੇ ਬਾਰੂਦੀ ਵਰਖਾ ਕਰ ਦਿੱਤੀ ਗਈ ਹੈ ਤਾਂ ਉਹ ਮਲਬੇ ਵਿਚੋਂ ਬੱਚੀਆਂ ਦੀ ਪਹਿਚਾਣ ਤੱਕ ਵੀ ਨਾ ਕਰ ਸਕਣ।

ਇਹ ਕੇਹਾ ਮੰਜ਼ਰ ਹੈ। ਉਹ ਤਰਸ ਗਈਆਂ ਆਪਣੀਆਂ ਬੱਚੀਆਂ ਨੂੰ ਆਪਣੇ ਸੀਨੇ ਨਾਲ ਲਾ ਕੇ ਭੁੱਬਾਂ ਮਾਰਨ ਲਈ। ਉਨ੍ਹਾਂ ਦੀਆਂ ਬੱਚੀਆਂ ਤਾਂ ਇਸ ਯੋਗ ਵੀ ਨਹੀਂ ਸੀ ਕਿ ਕੋਈ ਮਾਂ ਆਪਣੇ ਜਿਗਰ ਦੇ ਟੋਟੇ ਦਾ ਮੱਥਾ ਚੁੰਮ ਕੇ ਆਪਣੀ ਛਾਤੀ ਨਾਲ ਲਗਾ ਸਕੇ। ਲੋਥੜੇ ਬਣੀਆਂ ਧੀਆਂ ਟੋਇਆਂ 'ਚ ਦਫ਼ਨਾ ਦਿੱਤੀਆਂ। ਲੋਰੀਆਂ ਮਿੱਟੀ ਹੋ ਗਈਆਂ। ਚਾਅ ਲਾਡ ਕੋਲੇ ਹੋ ਗਏ। ਰੋਂਦੀਆਂ ਕੁਰਲਾਉਂਦੀਆਂ ਮਾਵਾਂ ਦੇ ਪੱਲੇ ਰਹਿ ਗਿਆ ਉਮਰਾਂ ਦਾ ਵਿਯੋਗ। ਰੁਲਦੇ ਚਾਅ ਤੇ ਮਲਾਰ।

ਦੁਨੀਆ ਭਰ ਦੇ ਲੋਕ ਜਦੋਂ ਟੈਲੀਵਿਜ਼ਨ ਦੀ ਸਕਰੀਨ ਦੇ ਅੱਗੇ ਬੈਠਦੇ ਨੇ ਜਾਂ ਆਪਣੇ ਹੱਥ ਫੜੇ ਮੋਬਾਈਲ ਦੇ ਉੱਤੇ ਤੇਜੀ ਨਾਲ ਉਂਗਲਾਂ ਮਾਰ ਕੇ ਸਲਾਈਡ ਕਰਕੇ ਇੱਕ ਤੋਂ ਬਾਅਦ ਦੂਜੀਆਂ ਤਸਵੀਰਾਂ ਵੇਖਦੇ ਤੇ ਖਬਰਾਂ ਸੁਣਦੇ ਨੇ ਤਾਂ ਚਰਚਾਵਾਂ ਹੁੰਦੀਆਂ ਨੇ ਕੌਣ ਜਿੱਤੇਗਾ ਕੌਣ ਹਾਰੇਗਾ ਇਹ ਚਰਚਾ ਬਹੁਤ ਘੱਟ ਹੁੰਦੀ ਹੈ ਕਿ ਲੋਕਾਂ ਤੇ ਮੜ੍ਹੀ ਖ਼ੂਨੀ ਜੰਗ ਨੇ ਇਹ ਸਕੂਲੀ ਬਾਲੜੀਆਂ ਕਿਉਂ ਸਦਾ ਦੀ ਨੀਂਦ ਸੁਲਾ ਦਿੱਤੀਆਂ। ਉਹਨਾਂ ਬੱਚੀਆਂ ਦਾ ਦੋਸ਼ ਕੀ ਸੀ?

ਉਨ੍ਹਾਂ ਨੂੰ ਤਾਂ ਇਹ ਵੀ ਨਹੀਂ ਪਤਾ ਕਿ ਅਮਰੀਕਾ ਕੀ ਅਤੇ ਇਸਰਾਇਲ ਕੀ ਹੈ। ਉਨ੍ਹਾਂ ਨੇ ਤਾਂ ਕਿਸੇ ਦਾ ਕੁਝ ਵੀ ਨਹੀਂ ਸੀ ਵਿਗਾੜਿਆ। ਰੋਂਦੀਆਂ ਕੁਰਲਾਉਂਦੀਆਂ ਕਬਰਾਂ ਬੋਲ ਰਹੀਆਂ ਨੇ ਕਿ ਜੇਕਰ ਵਿਸ਼ਵ ਵਪਾਰ ਕੇਂਦਰ ਤੇ ਹਮਲਾ ਕਰਨ ਵਾਲੇ ਅੱਤਵਾਦੀ ਸਨ ਤਾਂ ਨੰਨ੍ਹੀਆਂ ਸਕੂਲੀ ਬੱਚੀਆਂ 'ਤੇ ਹਮਲਾ ਕਰਕੇ ਮਾਰ ਮੁਕਾਉਣ ਵਾਲਿਆਂ ਨੂੰ ਕੀ ਕਿਹਾ ਜਾਵੇ? ਜੰਗ ਬਾਜਾਂ ਦੇ ਇਸ਼ਾਰਿਆਂ ਤੇ ਨੱਚਣ ਵਾਲੇ ਭਾਰਤੀ ਹਾਕਮਾਂ ਨੂੰ ਕੀ ਕਿਹਾ ਜਾਵੇ ਜਿਹੜੇ ਹੁੱਬ ਕੇ ਐਲਾਨ ਕਰਦੇ ਨੇ ਕਿ 31 ਮਾਰਚ ਤੋਂ ਬਾਅਦ ਇਸ ਮੁਲਕ ਅੰਦਰ ਕੋਈ ਜੰਗਲ, ਜਲ, ਜਮੀਨ, ਹੱਕ, ਸੱਚ ਇਨਸਾਫ਼ ਲਈ ਕੋਈ ਵਿਚਾਰਾਂ ਦੀ ਆਜ਼ਾਦੀ ਦੀ ਗੱਲ ਨਹੀਂ ਕਰ ਸਕੇਗਾ ਇਨ੍ਹਾਂ ਵੱਡੇ ਬਹਾਦਰਾਂ ਨੂੰ ਉਹ ਬੱਚੀਆਂ ਦੀਆਂ ਕਿਲਕਾਰੀਆਂ ਪੁੱਛਦੀਆਂ ਨੇ ਕਿ ਤੁਸੀਂ ਹਿੱਕਾਂ ਥਾਪੜ ਕੇ ਲੋਕਾਂ ਦੇ ਜਾਇਆਂ ਨੂੰ ਕਤਲ ਕਰਕੇ ਝੂਠੇ ਪੁਲਿਸ ਮੁਕਾਬਲਿਆਂ ਦੇ ਨਾਟਕ ਰਚ ਕੇ ਮਿੱਟੀ ਚ ਮਿਲਾ ਰਹੇ ਹੋ ਦੂਜੇ ਬੰਨੇ ਸਕੂਲੀ ਬੱਚੀਆਂ ਦੇ ਕਾਤਲਾਂ ਨਾਲ ਪੀਂਘਾਂ ਝੂਟ ਰਹੇ ਹੋ। ਤੁਹਾਡੀ ਕਰਤੂਤ ਨੂੰ ਜਵਾਬ ਦੇਣਾ ਪਵੇਗਾ ਕਿ ਸਕੂਲੀ ਬੱਚੀਆਂ ਦੇ ਕਾਤਲਾਂ ਦੇ ਇਸ਼ਾਰੇ ਤੇ ਤੁਸੀਂ ਕਦੇ ਰੂਸ ਤੋਂ ਤੇਲ ਬੰਦ ਕਰਦੇ ਹੋ ਕਦੇ ਆਪਣੀ ਜੁਬਾਨ ਬੰਦ ਕਰ ਲੈਂਦੇ ਹੋ ਜਰਾ ਜਵਾਬ ਦਿਓ ਕਿ ਸਕੂਲੀ ਬੱਚੀਆਂ ਨੂੰ ਕਿਸ ਦੋਸ਼ ਦੀ ਸਜ਼ਾ ਸੁਣਾਈ ਗਈ ਹੈ?

ਸੋ ਅੱਜ ਸਾਡੇ ਮੁਲਕ ਦੇ ਲੋਕਾਂ ਲਈ ਵੀ ਇਹ ਸੋਚਣ ਦਾ ਵੇਲਾ ਹੈ ਕਿ ਕ੍ਰਿਕਟ ਦਾ ਮੈਚ ਵੇਖਣ ਵਾਂਗ ਕੋਈ ਸਕੋਰਾਂ ਦੀ ਗਿਣਤੀ ਕਰਨ ਵਾਂਗ ਹਮਲਿਆਂ ਦੀ ਗਿਣਤੀ, ਕਿੱਥੇ ਹਮਲਾ ਹੋਇਆ ਕਿਹੜੇ ਸਮੁੰਦਰ ਚ ਫੌਜੀ ਮਹਿਮਾਨ ਮਾਰ ਦਿੱਤੇ ਗਏ ਅਜੇਹੀ ਚਰਚਾ ਕਰਕੇ, ਖਬਰਾਂ ਸੁਣ ਸੁਣਾ ਕੇ ਸੌਂ ਜਾਇਆ ਕਰੀਏ ਫਿਰ ਅਸੀਂ ਕੀ ਹਾਂ? ਇਨਸਾਨ ਹਾਂ? ਕੀ ਅਸੀਂ ਜਾਗਦੀਆਂ ਜ਼ਮੀਰਾਂ ਵਾਲੇ ਲੋਕ ਹਾਂ?

ਅੱਜ ਜਦੋਂ ਪੂਰੀ ਦੁਨੀਆਂ ਕੌਮਾਂਤਰੀ ਔਰਤ ਦਿਹਾੜਾ ਮਨਾ ਰਹੀ ਹੈ ਤਾਂ ਇਸ ਮੌਕੇ ਇਨ੍ਹਾਂ ਔਰਤਾਂ ਦੀਆਂ ਕੁੱਖਾਂ ਜਾਏ ਇਹਨਾਂ ਫੁੱਲਾਂ ਨੂੰ ਜਿਵੇਂ ਮਸਲ ਦਿੱਤਾ ਗਿਆ ਹੈ ਕੀ ਆਪਣੇ ਆਪ ਦੇ ਸਮੇਤ ਇਹ ਸਵਾਲ ਨਹੀਂ ਕਰਨਾ ਬਣਦਾ ਕਿ ਔਰਤ ਦਿਹਾੜਾ ਮਨਾ ਕੇ ਅਸੀਂ ਕੀ ਕਰਨਾ ਚਾਹੁੰਦੇ ਹਾਂ?

ਪੂਰੀ ਦੁਨੀਆ ਨੂੰ ਮੈਦਾਨ 'ਚ ਆ ਕੇ ਇਹ ਕਹਿਣਾ ਚਾਹੀਦਾ ਹੈ ਕਿ ਐ ਜੰਗ ਬਾਜੋ! ਇਹ ਜੰਗਾਂ ਬੰਦ ਕਰੋ। ਲੋਕਾਂ ਤੇ ਨਿਹੱਕੀਆਂ ਜੰਗਾਂ ਮੜ੍ਹਨੀਆਂ, ਕਬਜ਼ੇ ਕਰਨੇ ਦੁਨੀਆਂ ਦੀ ਧਨ ਦੌਲਤ, ਕੁਦਰਤੀ ਖਜ਼ਾਨਿਆਂ, ਮਨੁੱਖੀ ਕਿਰਤ ਤੇ ਕਬਜ਼ਾ ਕਰਨਾ ਬੰਦ ਕਰੋ। ਲੋਕਾਂ ਦੇ ਅਰਮਾਨਾਂ ਨਾਲ ਖੇਡਣਾ ਬੰਦ ਕਰੋ।

ਕੌਮਾਂਤਰੀ ਔਰਤ ਦਿਹਾੜੇ ਮੌਕੇ ਅਸੀਂ ਇਹ ਔਰਤ ਦਿਹਾੜਾ ਕਿੱਥੋਂ ਸ਼ੁਰੂ ਹੋਇਆ ਕਿਨ੍ਹਾਂ ਨੇ ਸ਼ੁਰੂ ਕੀਤਾ ਕਿਵੇਂ ਅੱਗੇ ਤੁਰਦਾ ਤੁਰਦਾ 2026 ਤੱਕ ਆਇਆ ਇਹਦੀਆਂ ਇਤਿਹਾਸਿਕ ਪੈੜਾਂ ਨੂੰ ਫਰੋਲਦੇ ਫਰੋਲਦੇ ਇਹ ਕਦੇ ਨਾ ਭੁੱਲੀਏ ਕਿ ਇਹ ਮਾਸੂਮ ਬੱਚੀਆਂ ਜੋ ਸਕੂਲ 'ਚ ਮਾਰ ਦਿੱਤੀਆਂ ਗਈਆਂ ਇਨ੍ਹਾਂ ਦੇ ਮੁਜ਼ਰਿਮਾਂ ਨੂੰ ਕਟਹਿਰੇ ਵਿੱਚ ਖੜ੍ਹਾ ਕੌਣ ਕਰੇਗਾ।ਇਸ ਤਰ੍ਹਾਂ ਦੇ ਹਾਦਸੇ ਕੁੱਲ ਦੁਨੀਆਂ ਦੇ ਕਿਸੇ ਵੀ ਦੇਸ਼ ਅੰਦਰ ਕਦੇ ਵੀ ਅਗਲੇ ਦਿਨਾਂ ਵਿੱਚ ਵਾਪਰਨਗੇ। ਕੀ ਜਿਵੇਂ ਪਹਿਲਾਂ ਫ਼ਲਸਤੀਨ ਵਿੱਚ ਬੱਚਿਆਂ ਨੂੰ ਭੁੰਨਿਆ ਜਾਂਦਾ ਅਤੇ ਨਸਲ ਘਾਤ ਹੁੰਦਾ ਦੇਖਿਆ ਉਸਦੇ ਵਿਰੋਧ ਵਿੱਚ ਪੂਰੀ ਦੁਨੀਆਂ ਦੀਆਂ ਔਰਤਾਂ ਸੜਕਾਂ ਉੱਤੇ ਆਈਆਂ।

ਅੱਜ ਅਸੀਂ ਇਰਾਨ ਦੀਆਂ ਧੀਆਂ ਦਾ ਇਹ ਮੰਜ਼ਰ ਦੇਖਿਆ ਭਲਕੇ ਕਿਸੇ ਹੋਰ ਥਾਂ ਦੇਖਾਂਗੇ ਕੀ ਅਸੀਂ ਇਸ ਧਰਤੀ ਤੇ ਸਿਰਫ਼ ਇਸ ਕਰਕੇ ਹੀ ਆਏ ਹਾਂ ਕਿ ਸਾਡੇ ਅਰਮਾਨਾਂ ਨਾਲ ਖੇਡਦੇ ਰਹਿਣਗੇ, ਸਾਡੀਆਂ ਬੱਚੀਆਂ ਨੂੰ ਇਉਂ ਖਿੱਲਾਂ ਵਾਂਗ ਭੁੰਨਦੇ ਰਹਿਣਗੇ, ਤੇ ਅਸੀਂ ਅੰਬਰ ਛੋਂਹਦੇ ਵੈਣ ਪਾਉਂਦੇ ਰਹਾਂਗੇ ਤੇ ਕਿਸੇ ਅਗਲੇ ਦਿਨ ਉਹਨਾਂ ਦੀ ਯਾਦ 'ਚ ਫੁੱਲਾਂ ਦਾ ਗੁਲਦਸਤਾ ਉਹਨਾਂ ਕਬਰਾਂ ਤੇ ਰੱਖ ਕੇ ਰੋ ਪਿੱਟ ਕੇ ਇਕ ਮੁੱਠ ਉਥੋਂ ਦੀ ਮਿੱਟੀ ਦੀ ਨਾਲ ਲੈ ਕੇ ਘਰਾਂ ਨੂੰ ਪਰਤ ਆਇਆ ਕਰਾਂਗੇ।

ਇਹ ਸੂਰਜ ਚੜ੍ਹਦੇ ਤੇ ਛਿਪਦੇ ਰਹਿਣਗੇ। ਇਹ ਬੱਚੀਆਂ ਜਵਾਬ ਮੰਗਦੀਆਂ ਰਹਿਣਗੀਆਂ ਕਿ ਸਾਡੇ ਹਿੱਸੇ ਦਾ ਸੂਰਜ ਕਿੱਥੇ ਗਿਆ? ਉਨ੍ਹਾਂ ਦੇ ਮਿੱਠੜੇ,ਤੋਤਲੇ ਅਤੇ ਪ੍ਰਸ਼ਨਚਿੰਨ੍ਹ ਬਣੇ ਕਹਿਣਗੇ ਮੇਰੀ ਅੰਮਾਂ, ਮੇਰੇ ਅੱਬਾ ਚੁੱਪ ਕਿਉਂ ਹੋ ਇਹਨਾਂ ਨੂੰ ਪੁੱਛੋ ਤਾਂ ਸਹੀ ਕਿ ਮੇਰੀ ਕੀ ਗਲ ?ਤੀ ਸੀ? ਤੁਸੀਂ ਮੈਨੂੰ ਕਿਹਾ ਕਰਦੇ ਸੀ ਕਿ ਸੁਆਲ ਦਾ ਜਵਾਬ ਠੀਕ ਤਰ੍ਹਾਂ ਦੇ ਨਾਲ ਕਾਪੀ ਤੇ ਲਿਖਿਆ ਕਰ ਕੰਪਿਊਟਰ ਤੇ ਦਰਜ ਕਰਿਆ ਕਰ ਮੇਰਾ ਵੀ ਇਕ ਸਵਾਲ ਹੈ ਪਿਆਰੀ ਅੰਮਾਂ ਪਿਆਰੇ ਅੱਬਾ ਅਸੀਂ ਕਬਰਾਂ ਵਿੱਚੋਂ ਇਹੋ ਜਾਨਣਾ ਚਾਹੁੰਦੀਆਂ ਹਾਂ ਕਿ ਕੋਈ ਇਹ ਤਾਂ ਦੱਸੇ ਸਾਡਾ ਦੋਸ਼ ਕੀ ਸੀ?

# ਗੁਰਦੇ ਦੀ ਪੱਥਰੀ ਤੋਂ ਇਲਾਵਾ ਕਿੰਨੇ ਕਿਸਮ ਦੀਆਂ ਪੱਥਰੀਆਂ ਬਣਦੀਆਂ ਹਨ, ਇਨ੍ਹਾਂ ਤੋਂ ਕਿਵੇਂ ਬਚਿਆ ਜਾ ਸਕਦਾ ਹੈ



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301

ਦੁਨੀਆ ਵਿੱਚ ਲਗਭਗ 10 ਵਿੱਚੋਂ ਇੱਕ ਵਿਅਕਤੀ ਨੂੰ ਗੁਰਦੇ ਦੀ ਪੱਥਰੀ ਦੀ ਸਮੱਸਿਆ ਹੁੰਦੀ ਹੈ।

ਮਨੁੱਖੀ ਸਰੀਰ ਦੀਆਂ ਸਾਰੀਆਂ ਅਦਭੁਤ ਯੋਗਤਾਵਾਂ ਵਿੱਚੋਂ, ਸ਼ਾਇਦ ਸਭ ਤੋਂ ਅਜੀਬ ਹੈ ਪੱਥਰੀ ਪੈਦਾ ਕਰਨ ਦੀ ਸਮਰੱਥਾ। ਕਈ ਲੋਕਾਂ ਨੇ ਗੁਰਦੇ ਦੀ ਪੱਥਰੀ ਜਾਂ ਪਿੱਤੇ ਦੀ ਪੱਥਰੀ ਅਤੇ ਉਨ੍ਹਾਂ ਤੋਂ ਹੋਣ ਵਾਲੀਆਂ ਸਮੱਸਿਆਵਾਂ ਬਾਰੇ ਸੁਣਿਆ ਹੋਵੇਗਾ। ਪਰ ਇਨ੍ਹਾਂ ਤੋਂ ਇਲਾਵਾ ਸਰੀਰ ਵਿਚ ਹੋਰ ਵੀ ਪੱਥਰੀਆਂ ਹੋ ਸਕਦੀਆਂ ਹਨ ਅਤੇ ਉਹ ਸਰੀਰ ਦੇ ਅਜਿਹੇ ਹਿੱਸਿਆਂ ਵਿੱਚ ਵੀ ਹੋ ਸਕਦੀ ਹੈ, ਜਿਸ ਬਾਰੇ ਕਿਸੇ ਨੇ ਸੋਚਿਆ ਵੀ ਨਹੀਂ ਹੋਵੇਗਾ।

ਸਰੀਰ ਦੇ ਇਹ ਪੱਥਰ ਕਿਸ ਨਾਲ ਬਣੇ ਹੁੰਦੇ ਹਨ? ਅਤੇ ਅਜਿਹਾ ਹੋਣ ਤੋਂ ਰੋਕਣ ਲਈ ਅਸੀਂ ਕੀ ਕਰ ਸਕਦੇ ਹਾਂ?

ਇਹ ਅਸਲ ਵਿੱਚ ਖ਼ੂਨ ਵਿੱਚੋਂ ਲੀਕ ਹੋ ਕੇ ਪਿਸ਼ਾਬ ਵਿੱਚ ਪਾਏ ਜਾਣ ਵਾਲੇ ਕੈਲਸ਼ੀਅਮ ਅਤੇ ਆਕਸਲੇਟ ਕਾਰਨ ਬਣਦੀ ਹੈ। ਆਕਸਲੇਟ ਕੁਦਰਤੀ ਮਿਸ਼ਰਣ ਹਨ ਜੋ ਪੌਦਿਆਂ ਅਤੇ ਮਨੁੱਖਾਂ ਦੋਵਾਂ ਵਿੱਚ ਪਾਏ ਜਾਂਦੇ ਹਨ।

ਵੱਡੀ ਮਾਤਰਾ ਵਿੱਚ ਕੈਲਸ਼ੀਅਮ ਅਤੇ ਆਕਸਲੇਟ ਦੇ ਲੀਕ ਹੋਣ ਕਾਰਨ, ਇਹ ਜਮ ਸਕਦੇ ਹਨ ਅਤੇ ਇੱਕ ਸਟੋਨ ਯਾਨਿ ਪੱਥਰ ਦਾ ਰੂਪ ਲੈ ਸਕਦੇ ਹਨ। ਗੁਰਦੇ ਦੀ ਪੱਥਰੀ ਦਾ ਆਕਾਰ ਵੀ ਵੱਖਰਾ ਹੋ ਸਕਦਾ ਹੈ। ਇਹ ਚੌੜਾਈ ਵਿੱਚ ਇੱਕ ਮਿਲੀਮੀਟਰ ਤੋਂ ਘੱਟ ਚੌੜਾਈ ਤੋਂ ਲੈ ਕੇ ਇੱਕ ਸੈਂਟੀਮੀਟਰ ਜਾਂ ਉਸ ਤੋਂ ਵੱਧ ਤੱਕ ਹੋ ਸਕਦੇ ਹਨ।

ਪੱਥਰੀ ਅਸਾਧਾਰਨ ਸ਼ਕਲ ਦੀ ਵੀ ਹੋ ਸਕਦੀ ਹੈ। ਪਰ ਜੇ ਕਿਡਨੀ ਕੈਨਾਲ (ਕੈਲਿਸ) ਦੀਆਂ ਸ਼ਾਖਾਵਾਂ ਦੇ ਅੰਦਰ ਪੱਥਰੀ ਬਣਨਾ ਸ਼ੁਰੂ ਹੋ ਜਾਂਦੀ ਹੈ, ਤਾਂ ਇਹ ਹਿਰਨ ਦੇ ਸਿੰਗ ਦਾ ਆਕਾਰ ਵੀ ਲੈ ਸਕਦੀ ਹੈ। ਇਸ ਨੂੰ ਸਟੈਗਹੋਰਨ ਕੈਲਕੂਲਸ ਕਿਹਾ ਜਾਂਦਾ ਹੈ।

**ਪੱਥਰੀ ਕਦੋਂ ਸਮੱਸਿਆ ਬਣ ਜਾਂਦੀ ਹੈ?**

ਗੁਰਦੇ ਦੀ ਪੱਥਰੀ ਉਦੋਂ ਮੁਸੀਬਤ ਦਾ ਕਾਰਨ ਬਣ ਸਕਦੀ ਹੈ ਜਦੋਂ ਉਹ ਯੂਰੇਟਰਸ ਦੇ ਰਸਤੇ ਯਾਨਿ ਕਿਡਨੀ ਤੋਂ ਬਲੈਡਰ ਤੱਕ ਪਿਸ਼ਾਬ ਲੈ ਕੇ ਜਾਣ ਵਾਲੀਆਂ ਦੋਵੇਂ ਨਲੀਆਂ ਵਿੱਚੋਂ ਕਿਸੇ ਇੱਕ ਦਾ ਰਸਤਾ ਰੋਕ ਦੇਵੇ।

ਜੇਕਰ ਅਜਿਹਾ ਹੁੰਦਾ ਹੈ, ਤਾਂ ਨਾ ਸਿਰਫ਼ ਵਿਅਕਤੀ ਨੂੰ ਪਿਸ਼ਾਬ ਕਰਨ ਵਿੱਚ ਮੁਸ਼ਕਲ ਆਉਂਦੀ ਹੈ, ਸਗੋਂ ਉਸਦੀ ਪਿੱਠ ਦੇ ਹੇਠਲੇ ਹਿੱਸੇ ਵਿੱਚ ਵੀ ਗੰਭੀਰ ਦਰਦ ਹੋ ਸਕਦਾ ਹੈ।

ਇਸ ਕਾਰਨ ਕਿਡਨੀ ਦੇ ਆਲੇ-ਦੁਆਲੇ ਪਿਸ਼ਾਬ ਜਮ੍ਹਾ ਹੋਣ ਲੱਗਦਾ ਹੈ ਜਾਂ ਫਿਰ ਇਨਫੈਕਸ਼ਨ ਹੋਣ ਦਾ ਖ਼ਤਰਾ ਰਹਿੰਦਾ ਹੈ।

ਗਾਲ ਬਲੈਡਰ ਜਾਂ ਪਿੱਤੇ ਵਿੱਚ ਪੱਥਰੀ ਦਾ ਬਣਨਾ ਵੀ ਇੱਕ ਆਮ ਸਥਿਤੀ ਹੈ, ਇਹਨਾਂ ਨੂੰ ਗਾਲਸਟੋਨਸ ਕਿਹਾ ਜਾਂਦਾ ਹੈ।

ਇਹ ਚਰਬੀ ਹਜ਼ਮ ਕਰਨ ਵਿੱਚ ਮਦਦ ਕਰਨ ਵਾਲੇ ਪਿੱਤੇ ਨੂੰ ਪਿੱਤੇ ਤੋਂ ਅੰਤੜੀਆਂ ਤੱਕ ਲੈ ਕੇ ਜਾਣ ਵਾਲੀਆਂ ਨਾਲੀਆਂ ਵਿੱਚ ਪਿੱਤੇ ਦੇ ਅੰਦਰ ਬਣਦੀ ਹੈ। ਕੋਲੈਸਟ ?ਰੌਲ ਜਾਂ ਪਿੱਤੇ ਵਿੱਚ ਮੌਜੂਦ ਪਿਗਮੈਂਟਸ ਕਾਰਨ ਪਿੱਤੇ ਦੀ ਪੱਥਰੀ ਬਣ ਸਕਦੀ ਹੈ, ਉਹ ਇੱਕ ਜਾਂ ਇੱਕ ਤੋਂ ਵੱਧ ਹੋ ਸਕਦੀਆਂ ਹਨ।

ਗੁਰਦੇ ਦੀ ਪੱਥਰੀ ਵਾਂਗ, ਜੇ ਗਾਲਸਟੋਨ ਪਿੱਤੇ ਦੀ ਥੈਲੀ (ਜਿਵੇਂ ਕਿ ਆਮ ਪਿਤ ਨਲੀ) ਵਿੱਚ ਇੱਕ ਤੰਗ ਥਾਂ ਵਿੱਚ ਚਲੀ ਜਾਂਦੀ ਹੈ, ਤਾਂ ਉਹ ਪੇਟ ਵਿੱਚ ਦਰਦ,ਲਾਗ ਅਤੇ ਪੀਲੀਆ ਵਰਗੀਆਂ ਸਮੱਸਿਆਵਾਂ ਪੈਦਾ ਕਰ ਸਕਦੀ ਹੈ।

**ਪੱਥਰੀ ਬਣਨ ਦੇ ਹੋਰ ਕਾਰਨ**

ਇਨ੍ਹਾਂ ਤੋਂ ਇਲਾਵਾ ਸਰੀਰ ਦੇ ਵੱਖ-ਵੱਖ ਤਰਲ ਪਦਾਰਥਾਂ ਕਾਰਨ ਵੀ ਪੱਥਰੀ ਬਣ ਸਕਦੀ ਹੈ। ਉਦਾਹਰਨ ਲਈ, ਲਾਰ ਦੇ ਪੱਥਰ ਅਰਥਾਤ ਥੁੱਕ ਵਿੱਚ ਪੱਥਰ।

ਕੰਨਾਂ, ਜਬਾੜੇ ਅਤੇ ਜੀਭ ਦੇ ਹੇਠਾਂ ਮੌਜੂਦ ਗ੍ਰੰਥੀਆਂ ਨਾਲ ਲਾਰ ਬਣਦੀ ਹੈ। ਮੂੰਹ ਵਿੱਚ ਡਿੱਗਣ ਤੋਂ ਬਾਅਦ, ਇਹ ਭੋਜਨ ਨੂੰ ਗਿੱਲਾ ਕਰਨ ਅਤੇ ਪਚਣ ਦੀ ਪ੍ਰਕਿਰਿਆ ਵਿੱਚ ਵੱਡੀ ਭੂਮਿਕਾ ਨਿਭਾਉਂਦੀ ਹੈ।

ਲਾਰ ਦੀ ਪੱਥਰੀ ਕੈਲਸ਼ੀਅਮ, ਮੈਗਨੀਸ਼ੀਅਮ ਅਤੇ ਫਾਸਫੇਟ ਜਿਵੇਂ ਵੱਖ-ਵੱਖ ਤੱਤਾਂ ਨਾਲ ਬਣ ਸਕਦੀ ਹੈ।

ਜਿਸ ਨਲੀ ਤੋਂ ਲਾਰ ਮੂੰਹ ਤੱਕ ਪਹੁੰਚਦੀ ਹੈ ਜੇਕਰ ਉਸ ਵਿੱਚ ਸੈਲਿਵਰੀ ਸਟੋਨ ਬਣ ਜਾਏ ਜਾਂ ਅਟਕ ਜਾਵੇ ਤਾਂ ਉਹ ਮੂੰਹ ਵਿੱਚ ਲਾਰ ਡਿੱਗਣ ਦੀ ਪ੍ਰਕਿਰਿਆ ਰੋਕ ਸਕਦੀ ਹੈ।

ਜੇਕਰ ਅਜਿਹਾ ਹੁੰਦਾ ਹੈ, ਤਾਂ ਵਿਅਕਤੀ ਨੂੰ ਦਰਦ ਅਤੇ ਮੂੰਹ ਵਿੱਚ ਸੋਜ ਆ ਸਕਦੀ



ਹੈ। ਲਾਰ ਦੇ ਡਿੱਗਣ ਤੋਂ ਰੁਕਣ 'ਤੇ ਜੇਕਰ ਸੈਲਿਵਰੀ ਗ੍ਰੰਥੀ ਵਿੱਚ ਲਾਗ ਹੋਇਆ ਤਾਂ ਇਸ ਕਾਰਨ ਮੂੰਹ ਤੋਂ ਬਦਬੂ ਵੀ ਆ ਸਕਦੀ ਹੈ।

ਟੌਨਸਿਲ ਵਿੱਚ ਪੱਥਰੀ

ਇਸ ਤੋਂ ਇਲਾਵਾ ਟੌਨਸਿਲ ਵਿੱਚ ਵੀ ਪੱਥਰੀ ਪਾਈ ਜਾ ਸਕਦੀ ਹੈ।

ਗਲੇ ਦੇ ਹੇਠਾਂ ਅਤੇ ਪਿਛਲੇ ਪਾਸੇ ਟੌਨਸਿਲ ਗ੍ਰੰਥੀਆਂ ਹੁੰਦੀਆਂ ਹਨ। ਇਹ ਲਿਮਫਾਈਡ ਟਿਸ਼ੂਆਂ ਦੇ ਸਮੂਹ ਹੁੰਦੇ ਹਨ ਜੋ ਸਰੀਰ ਦੀ ਇਮਿਊਨ ਸਿਸਟਮ ਦਾ ਹਿੱਸਾ ਹੁੰਦੇ ਹਨ। ਪਰ ਵਿਡੰਬਨਾ ਇਹ ਹੈ ਕਿ ਉਹ ਵਾਰ-ਵਾਰ ਸੋਜ ਅਤੇ ਸੰਕਰਮਿਤ ਹੋ ਸਕਦੇ ਹਨ।

ਟੌਨਸਿਲਸ ਵਿੱਚ ਕੈਵਿਟੀ ਯਾਨਿ ਗੱਡੇ ਹੁੰਦੇ ਹਨ, ਜਿਨ੍ਹਾਂ ਨੂੰ ਕ੍ਰਿਪਟਸ ਕਿਹਾ ਜਾਂਦਾ ਹੈ। ਕਈ ਵਾਰ ਇਹ ਕ੍ਰਿਪਟ ਭੋਜਨ ਅਤੇ ਲਾਰ ਦੇ ਟੁਕੜਿਆਂ ਨੂੰ ਰੱਖ ਸਕਦੇ ਹਨ, ਇਹ ਟੌਨਸਿਲ ਸਟੋਨ ਜਾਂ ਟੌਨਸਿਲੋਲਿਥ ਹੁੰਦਾ ਹੈ।

ਇਹ ਸੋਟਨ ਮੁਕਾਬਲਤਨ ਨਰਮ ਅਤੇ ਘੱਟ ਪਥਰੀਲੇ ਹੁੰਦੇ ਹਨ, ਪਰ ਸਮੇਂ ਦੇ ਨਾਲ ਇਹ ਸਖ਼ਤ ਵੀ ਹੋ ਸਕਦੇ ਹਨ ਅਤੇ ਮੁਸ਼ਕਲ ਬਣ ਸਕਦੇ ਹਨ। ਇਸ ਕਾਰਨ ਵਿਅਕਤੀ ਨੂੰ ਸਾਹ ਦੀ ਬਦਬੂ ਅਤੇ ਵਾਰ-ਵਾਰ ਇਨਫੈਕਸ਼ਨ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਇਨ੍ਹਾਂ ਤੋਂ ਇਲਾਵਾ ਵੀ ਸਰੀਰ ਦੇ ਦੂਜੇ ਪਦਾਰਥ ਸਖ਼ਤ ਹੋ ਕੇ ਪੱਥਰੀ ਵਿੱਚ ਬਦਲ ਸਕਦੇ ਹਨ। ਉਦਾਹਰਨ ਲਈ, ਕੁਝ ਮਾਮਲਿਆਂ ਵਿੱਚ, ਮਨੁੱਖੀ ਮਨ ਇੰਨਾ ਸਖ਼ਤ ਹੋ ਸਕਦਾ ਹੈ ਕਿ ਇਹ ਪੱਥਰ ਵਾਂਗ ਸਖ਼ਤ ਹੋ ਜਾਵੇ। ਇਸ ਨੂੰ ਕ੍ਰੋਪੋਲਾਈਟ ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਨਾਭੀ ਵਿਚ ਜਮਾਂ ਹੋਣ ਵਾਲੇ ਚਮੜੀ ਦੇ ਟੁਕੜੇ ਵੀ ਸਖ਼ਤ ਹੋ ਕੇ ਪੱਥਰ ਵਰਗੇ ਬਣ ਸਕਦੇ ਹਨ। ਇਨ੍ਹਾਂ ਪੱਥਰਾਂ ਨੂੰ ਓਮਫਾਲੋਲਿਥ ਕਿਹਾ ਜਾਂਦਾ ਹੈ।

ਪਥਰੀ ਨਾ ਹੋਵੇ, ਇਸ ਲਈ ਕੀ ਕਰੀਏ?

ਇਹ ਚੰਗੀ ਗੱਲ ਹੈ ਕਿ ਕੁਝ ਆਸਾਨ ਤਰੀਕੇ ਅਪਣਾ ਕੇ ਅਸੀਂ ਮੁਸ਼ਕਲ ਪੈਦਾ ਕਰਨ ਵਾਲੀ ਪੱਥਰੀ ਤੋਂ ਬਚ ਸਕਦੇ ਹਾਂ।

ਇਨ੍ਹਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਗੱਲ ਸਰੀਰ ਵਿੱਚ ਪਾਣੀ ਦੀ ਸਹੀ ਮਾਤਰਾ ਦਾ ਹੋਣਾ ਹੈ। ਪਾਣੀ ਦੀ ਸਹੀ ਮਾਤਰਾ ਪੀਣ ਨਾਲ ਪਿਸ਼ਾਬ ਪਤਲਾ ਹੋ ਜਾਂਦਾ ਹੈ, ਜੋ ਕਬਜ਼ ਨੂੰ ਰੋਕਦਾ ਹੈ ਅਤੇ ਮੂੰਹ ਵਿੱਚ ਬੈਕਟੀਰੀਆ ਬਣਨ ਤੋਂ ਰੋਕਦਾ ਹੈ। ਇਹ ਤਰੀਕਾ ਸਰੀਰ ਵਿੱਚ ਕਈ ਤਰ੍ਹਾਂ ਦੀਆਂ ਪੱਥਰੀਆਂ ਨੂੰ ਬਣਨ ਤੋਂ ਰੋਕ ਸਕਦਾ ਹੈ। ਟੌਨਸਿਲ ਸਟੋਨ ਤੋਂ ਬਚਣ ਲਈ ਮੂੰਹ ਨੂੰ ਸਾਫ਼ ਰੱਖਣਾ ਬਹੁਤ ਜ਼ਰੂਰੀ ਹੈ। ਨਿਯਮਤ ਬੁਰਸ਼ ਕਰਨ ਨਾਲ ਵੀ ਇਸ ਦੇ ਖ਼ਤਰੇ ਨੂੰ ਘੱਟ ਕੀਤਾ ਜਾ ਸਕਦਾ ਹੈ।

ਇਨ੍ਹਾਂ ਤੋਂ ਇਲਾਵਾ ਖੁਰਾਕ ਵੀ ਜ਼ਰੂਰੀ ਹੈ, ਖ਼ਾਸ ਕਰਕੇ ਪਿੱਤੇ ਦੀ ਪੱਥਰੀ ਲਈ। ਚਰਬੀ ਵਾਲਾ ਭੋਜਨ ਅਤੇ ਮੋਟਾਪਾ ਅਜਿਹੀ ਪੱਥਰੀ ਦਾ ਕਾਰਨ ਬਣ ਸਕਦਾ ਹੈ। ਕਈ ਅਜਿਹੇ ਕਾਰਨ ਵੀ ਹਨ ਜਿਨ੍ਹਾਂ ਤੋਂ ਤੁਸੀਂ ਚਾਹੋ ਤਾਂ ਵੀ ਬਚ ਨਹੀਂ ਸਕਦੇ, ਜਿਵੇਂਕਿ ਔਰਤ ਦਾ 40 ਸਾਲ ਤੋਂ ਵੱਧ ਉਮਰ ਦਾ ਹੋਣਾ, ਜਿਸ ਨਾਲ ਪਿੱਤੇ ਦੀ ਪੱਥਰੀ ਬਣਨ ਦੀ ਸੰਭਾਵਨਾ ਵੱਧ ਜਾਂਦੀ ਹੈ। ਕੈਲਸ਼ੀਅਮ ਅਤੇ ਆਕਸਲੇਟ ਨਾਲ ਭਰਪੂਰ ਭੋਜਨਾਂ ਤੋਂ ਪਰਹੇਜ਼ ਕਰਨਾ, ਜਿਵੇਂ ਕਿ ਡੇਅਰੀ ਉਤਪਾਦ, ਪਾਲਕ ਅਤੇ ਰੂਬਾਰਬ, ਗੁਰਦੇ ਦੀ ਪੱਥਰੀ ਨੂੰ ਰੋਕਣ ਵਿੱਚ ਵੀ ਮਦਦ ਕਰ ਸਕਦੇ ਹਨ।

ਜੇ ਪਹਿਲਾਂ ਹੀ ਪੱਥਰੀ ਦੀ ਸਮੱਸਿਆ ਹੈ?

ਇੱਕ ਸਵਾਲ ਇਹ ਵੀ ਹੈ ਕਿ ਜੇਕਰ ਕਿਸੇ ਨੂੰ ਪਹਿਲਾਂ ਹੀ ਪੱਥਰੀ ਹੈ ਤਾਂ ਕੀ ਹੋਵੇਗਾ? ਜੇਕਰ ਵਿਅਕਤੀ ਇਸ ਕਾਰਨ ਬਿਮਾਰ ਮਹਿਸੂਸ ਕਰ ਰਿਹਾ ਹੋਵੇ ਤਾਂ ਐਂਡੋਸਕੋਪੀ ਜਾਂ ਆਪਰੇਸ਼ਨ ਰਾਹੀਂ ਪੱਥਰੀ ਨੂੰ ਕੱਢਣਾ ਪੈ ਸਕਦਾ ਹੈ।

ਗੁਰਦੇ ਦੀ ਪੱਥਰੀ ਦੇ ਮਾਮਲੇ ਵਿੱਚ, ਤੁਸੀਂ ਉਦੋਂ ਤੱਕ ਇੰਤਜ਼ਾਰ ਕਰ ਸਕਦੇ ਹੋ ਜਦੋਂ ਤੱਕ ਪੱਥਰੀ ਪਿਸ਼ਾਬ ਦੀ ਪਾਈਪ ਰਾਹੀਂ ਬਲੈਡਰ ਤੱਕ ਨਹੀਂ ਪਹੁੰਚਦੀ ਅਤੇ ਸਰੀਰ ਤੋਂ ਬਾਹਰ ਨਾ ਨਿਕਲ ਜਾਵੇ।

ਕਈ ਵਾਰ, ਜਦੋਂ ਮਸਾਨੇ ਤੋਂ ਪੱਥਰੀ ਨਿਕਲਦੀ ਹੈ, ਤਾਂ ਪੱਥਰੀ ਦੇ ਸਿੰਕ ਨਾਲ ਟਕਰਾਉਣ ਕਾਰਨ ਇਹ ਹੌਲੀ ਜਿਹੀ ਆਵਾਜ਼ ਵੀ ਆ ਸਕਦੀ ਹੈ।

ਇਹ ਵੀ ਸੰਭਵ ਹੈ ਕਿ ਤੁਹਾਡਾ ਡਾਕਟਰ ਤੁਹਾਨੂੰ ਪੱਥਰੀ ਨੂੰ ਫੜਨ ਲਈ ਪਿਸ਼ਾਬ ਕਰਦੇ ਸਮੇਂ ਚਾਹ ਵਾਲੀ ਪੋਣੀ ਦੀ ਵਰਤੋਂ ਕਰਨ ਲਈ ਕਹਿ ਸਕਦਾ ਹੈ। ਕਈ ਵਾਰ ਨਿੰਬੂ ਚੂਸਣ ਨਾਲ ਸੈਲਿਵਰੀ ਸਟੋਨ ਤੋਂ ਰਾਹਤ ਮਿਲ ਸਕਦੀ ਹੈ। ਨਿੰਬੂ ਲਾਰ ਬਣਾਉਣ ਦੀ ਪ੍ਰਕਿਰਿਆ ਨੂੰ ਵਧਾ ਸਕਦਾ ਹੈ ਤਾਂ ਜਿਸ ਨਾਲ ਲਾਰ ਦੀ ਨਲੀ ਵਿੱਚ ਇੱਕੋ ਵਾਰ ਵਧੇਰੇ ਲਾਰ ਆਵੇ ਅਤੇ ਇਸ ਤਰ੍ਹਾਂ ਸਟੋਨ ਬਾਹਰ ਨਿਕਲ ਜਾਵੇ।

ਸੈਲਿਵਰੀ ਸਟੋਨ ਅਤੇ ਟੌਨਸਿਲੋਲਿਥ ਨੂੰ ਇੱਕ ਫਲੈਟ ਸਾਧਨ ਦੀ ਵਰਤੋਂ ਕਰਕੇ ਵੀ ਹਟਾਇਆ ਜਾ ਸਕਦਾ ਹੈ।

ਦੇਖਿਆ ਜਾਵੇ ਤਾਂ ਵੱਖ-ਵੱਖ ਕਿਸਮਾਂ ਦੀਆਂ ਪੱਥਰੀਆਂ ਲਈ ਵੱਖ-ਵੱਖ ਕਿਸਮਾਂ ਦੇ ਇਲਾਜ ਉਪਲਬਧ ਹਨ, ਪਰ ਸਧਾਰਨ ਰੋਜ਼ਾਨਾ ਉਪਾਅ ਉਹਨਾਂ ਦੇ ਬਣਨ ਦੇ ਜੋਖ਼ਮ ਨੂੰ ਘਟਾਉਣ ਵਿੱਚ ਵੀ ਮਦਦ ਕਰ ਸਕਦੇ ਹਨ।

**• ਇਹ ਜਾਣਕਾਰੀ ਸਕੂਲ ਆਫ਼ ਫਿਜ਼ੀਓਲੋਜੀ, ਫਾਰਮਾਕੋਲੋਜੀ ਅਤੇ ਨਿਊਰੋਸਾਇੰਸ, ਬ੍ਰਿਸਟਲ ਯੂਨੀਵਰਸਿਟੀ, ਯੂਕੇ ਦੇ ਸੀਨੀਅਰ ਲੈਕਚਰਾਰ ਡੈਨੀਅਲ ਬਾਮਗਾਰਡ ਦੇ ਇੱਕ ਲੇਖ ਤੋਂ ਲਈ ਗਈ ਹੈ। ਇਹ ਲੇਖ ਦਿ ਕਨਵਰਸੇਸ਼ਨ ਵਿੱਚ ਪ੍ਰਕਾਸ਼ਿਤ ਕੀਤਾ ਗਿਆ ਸੀ।**

# ਤੁਰ ਗਿਆ ਨੇਰ੍ਹਿਆਂ ਨੂੰ ਵੰਗਾਰਦਾ ਮਸ਼ਾਲਚੀ

ਕੰਵਲਜੀਤ ਖੰਨਾ
94170-67344

ਅਗਾਂਹਵਧੂ ਇੰਡੋ-ਕੈਨੇਡੀਅਨ ਭਾਈਚਾਰੇ ਦੀ ਮਹਿਬੂਬ ਸਖਸ਼ੀਅਤ, ਕੈਨੇਡਾ ਦੀ ਤਰਕਸ਼ੀਲ-ਜਮਹੂਰੀ ਲਹਿਰ ਦੀ ਜਿੰਦ-ਜਾਨ ਤੇ ਬੇਹੱਦ ਨਿਮਰ ਇਨਸਾਨ ਬਾਈ ਅਵਤਾਰ ਗਿੱਲ ਲੋਕ ਲਹਿਰ ਦੇ ਕਾਫ਼ਲੇ ਚੋਂ ਵਿਗੋਚਾ ਦੇ ਗਏ ਹਨ। 'ਬਾਈ' ਦਾ ਮਾਣਮੱਤਾ ਰੁਤਬਾ ਮਾਲਵੇ ਦੀ ਮਿੱਟੀ ਤੇ ਬਹਿਣੀ ਵੱਲੋਂ ਉਸ ਵਿਅਕਤੀ ਨੂੰ ਮਿਲਦਾ ਹੈ ਜਿਸ ਨੇ ਆਪਣੇ ਕਰਮ ਨਾਲ, ਅਪਣੇ ਵਿਹਾਰ ਨਾਲ, ਅਪਣੀ ਸੁੱਗੜ ਸੋਝੀ ਨਾਲ ਲੋਕਾਂ ਦੇ ਦਿਲਾਂ 'ਚ ਵਿਲੱਖਣ ਥਾਂ ਬਣਾ ਲਈ ਹੋਵੇ। ਲਗਾਤਾਰ ਪੈਂਤੀ ਸਾਲ ਤੋਂ ਪਰਵਾਸ ਹੰਢਾਅ ਰਹੇ ਬਾਈ ਅਵਤਾਰ ਨੇ ਕਦੇ ਅਪਣੇ ਕੈਨੇਡੀਅਨ ਹੋਣ ਦੀ ਭੱਲ ਦਾ ਭਰਮ ਨਹੀਂ ਸੀ ਪਾਲਿਆ। ਉਹ ਆਪਣੀ ਜਨਮ ਭੂਮੀ ਨੂੰ ਵੀ ਉਨ੍ਹਾਂ ਹੀ ਮੋਹ ਕਰਦਾ ਸੀ ਜਿਨ੍ਹਾਂ ਆਪਣੀ ਕਰਮ ਸਥਲੀ ਨੂੰ। ਬੇਹੱਦ ਮੋਹਵੰਤੀ ਸਖਸੀਅਤ ਦਾ ਮਾਲਕ ਬਾਈ ਅਵਤਾਰ ਕਿਸੇ ਦੇ ਵੀ ਧੁਰ ਅੰਦਰ ਸਮਾਅ ਜਾਣ ਦੀ ਢੇਰ ਸਾਰੀ ਸਮਰੱਥਾ ਰੱਖਦਾ ਸੀ।

1994 'ਚ ਬਿਜਲੀ ਬੋਰਡ ਦੀ ਪੱਕੀ ਨੌਕਰੀ ਛੱਡ ਚੁਹੜਚੱਕ ਅਤੇ ਕੋਠੇ ਜੀਵੇ ਕੇ ਦਾ ਇਹ ਸਾਂਝਾ ਬਾਸ਼ਿੰਦਾ ਦੋਹਾਂ ਧਰਤੀਆਂ ਤੇ ਇਕੋ ਜਿਹਾ ਹਰਮਨ ਪਿਆਰਾ ਸੀ। ਉਮਰ ਦੇ ਸੱਤਵੇਂ ਦਹਾਕੇ ਦੇ ਆਖਰੀ ਵਰੇ ਨੂੰ ਢੁਕ ਰਹੇ ਬਾਈ ਨੇ ਸਰੀ ਵੈਨਕੂਵਰ 'ਚ ਟੈਕਸੀ ਚਲਾਉਂਦਿਆਂ, ਤਿੰਨ ਪੁੱਤਰਾਂ ਤੇ ਦੋ ਧੀਆਂ ਨੂੰ ਪੜ੍ਹਾਉਂਦਿਆਂ, ਪਾਲਦਿਆਂ, ਜ਼ਿੰਦਗੀ ਜਿਊਣ ਜੋਗਾ ਕਰਦਿਆਂ ਸਾਢੇ ਤਿੰਨ ਦਹਾਕਿਆਂ ਦਾ ਪਰਵਾਸ ਭੋਗ ਲਿਆ ਸੀ। ਕੈਨੇਡਾ ਜਿਹੀ ਪੂੰਜੀਵਾਦੀ ਵਿਵਸਥਾ ਅਤੇ ਨਿੱਜਪ੍ਰਸਤੀ ਵਾਲੇ ਮੁਲਕ 'ਚ ਤਰਕਸ਼ੀਲ ਲਹਿਰ ਦਾ ਝੰਡਾ ਗੱਡਣ ਵਾਲੇ ਬਾਈ ਅਵਤਾਰ ਦੇ ਤਰਕ ਅਤੇ ਠਰ੍ਹੰਮੇਂ ਦੇ ਉਸ ਦੇ ਦੁਸ਼ਮਣ ਵੀ ਮੁਰੀਦ ਸਨ। ਗੱਲ ਦੀ ਪੇਸ਼ਕਾਰੀ ਦੀ ਕਲਾ ਹਰ ਕਿਸੇ ਕੋਲ ਨਹੀਂ ਹੁੰਦੀ ਪਰ ਗੋਰਾਸ਼ਾਹੀ ਮੁਲਕ 'ਚ ਰੇਡਿਉ ਰੈੱਡ. ਐਫ. ਐਮ. 'ਤੇ ਪਾਖੰਡੀਆਂ, ਭੇਖੀ-ਬਾਬਿਆਂ, ਜੋਤਸ਼ੀਆਂ, ਵਹਿਮਾਂ-ਭਰਮਾਂ, ਵਾਸਤੂ ਸ਼ਾਸਤਰ ਖਿਲਾਫ ਉਸ ਵਲੋਂ ਗੁੰਜਾਈ ਚੁਣੋਤੀ ਨੂੰ ਅਜੇ ਤੱਕ ਕਿਸੇ ਪਾਖੰਡੀ ਨੇ ਸਵੀਕਾਰ ਕਰਨ ਦੀ ਜੁਰਅਤ ਨਹੀਂ ਕੀਤੀ। ਉਸ ਦਾ ਐਲਾਨ ਸੀ ਕਿ ਜੇ ਕੋਈ ਸਾਡੀਆਂ ਬਾਰ੍ਹਾਂ ਸ਼ਰਤਾਂ ਪੂਰੀਆਂ ਕਰ ਦੇਵੇ ਤਾਂ ਉਸਨੂੰ ਇਕ ਲੱਖ ਡਾਲਰ ਦਾ ਇਨਾਮ। ਤਰਕਸ਼ੀਲ ਲਹਿਰ ਦੀ ਉਸਾਰੀ 'ਚ ਪਾਏ ਉਸ ਦੇ ਯੋਗਦਾਨ ਅਤੇ ਅਗਵਾਈ ਨੇ ਕੈਨੇਡਾ ਦੇ ਕਈ ਸ਼ਹਿਰਾਂ 'ਚ ਤਰਕਸ਼ੀਲ ਸੁਸਾਇਟੀ ਖੜੀ ਕੀਤੀ।

ਬਾਈ ਅਵਤਾਰ ਇਕ ਚਰਚਿਤ ਰੰਗ-ਕਰਮੀ ਅਤੇ ਫ਼ ?ਲਮੀ ਅਦਾਕਾਰ ਵੀ ਸੀ। ਸ਼ਹੀਦ ਭਗਤ ਸਿੰਘ ਦੇ ਜੀਵਨ ਅਧਾਰਿਤ ਨਾਟਕ 'ਛਿੱਪਣ ਤੋਂ ਪਹਿਲਾਂ' ਤੋਂ ਬਿਨਾਂ ਦਰਜਨਾਂ ਨਾਟਕਾਂ 'ਚ ਉਸ ਨੇ ਕੰਮ ਕੀਤਾ। ਕੈਨੇਡਾ ਦੇ ਅਨੇਕਾਂ ਸ਼ਹਿਰਾਂ 'ਚ ਉਸ ਨੇ ਤਰਕਸ਼ੀਲ ਅਤੇ ਇਨਕਲਾਬੀ ਨਾਟਕ ਕਰਵਾਏ। ਦੂਰ-ਦੂਰ ਤੱਕ ਕਾਰ ਅਤੇ ਹਵਾਈ ਸਫ਼ਰ ਕਰ ਪੰਜਾਬੀ ਲੋਕਾਂ ਨੂੰ ਇਥੋਂ ਨਾਲ ਲੈ ਗਏ ਮਾਨਸਿਕ ਕੂੜ-ਕਬਾੜ ਤੇ ਜਗੀਰੂ ਸੋਚ ਦੀ ਰਹਿੰਦ-ਖੂੰਹਦ ਖਿਲਾਫ ਸੁਚੇਤ ਕੀਤਾ। ਦਲਜੀਤ ਦੁਸਾਂਝ ਦੀ ਫਿਲਮ "ਬਾਬੇ ਭੰਗੜਾ ਪਾਉਂਦੇ ਆ" ਤੋਂ ਬਿਨਾਂ ਤਿੰਨ-ਚਾਰ ਪੰਜਾਬੀ ਫ਼ਿਲਮਾਂ 'ਚ ਉਸਨੇ ਯਾਦਗਾਰੀ ਰੋਲ ਨਿਭਾਏ। ਕੈਨੇਡਾ 'ਚ ਤਰਕਸ਼ੀਲ ਲਹਿਰ ਤੋਂ ਵੀ ਅੱਗੇ ਇਨਕਲਾਬੀ-ਜਮਹੂਰੀ ਲਹਿਰ ਨਾਲ ਜੁੜ ਕੇ ਕਦੇ ਦਿੱਲੀ ਦੇ ਕਿਸਾਨ ਅੰਦੋਲਨ ਦੇ ਹੱਕ 'ਚ ਕਦੇ ਫਲੀਸਤੀਨੀ ਲੋਕਾਂ ਦੀ ਨਸਲਕੁਸ਼ੀ ਖਿਲਾਫ, ਕਦੇ ਮੋਦੀ ਹਕੂਮਤ ਦੇ ਫਾਸ਼ੀਵਾਦੀ ਹੱਲੇ ਵਿਰੁੱਧ, ਕਦੇ ਹਕੂਮਤੀ ਜਬਰ ਖ਼ਿਲਾਫ਼, ਕਦੇ ਸਿਆਸੀ ਕੈਦੀਆਂ ਦੀ ਰਿਹਾਈ ਦੀ ਮੰਗ ਨੂੰ ਲੈਕੇ ਅਤੇ ਕਦੇ ਕੈਨੇਡਾ ਸਰਕਾਰ ਦੇ ਪ੍ਰਵਾਸੀ ਵਿਦਿਆਰਥੀਆਂ ਲਈ ਘੜੇ ਸਖ਼ਤ ਨਿਯਮਾਂ ਖਿਲਾਫ ਹਰ ਸਰਗਰਮੀ ਦਾ ਸਾਡਾ



ਬਾਈ ਅਵਤਾਰ ਕੇਂਦਰ ਬਣਦਾ ਰਿਹਾ ਹੈ। ਕੈਨੇਡਾ 'ਚ ਉਥੋਂ ਦੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆ ਦਾ ਮੁੱਦਾ ਸਰੀ ਦੇ ਚੁਰਾਹਿਆਂ ਤੇ ਉਠਾਉਣਾ, ਪੰਜਾਬੋਂ ਗਈ ਨਾਟਕ ਟੀਮ ਦੇ ਮੰਚਣ ਦਾ ਜ਼ਿੰਮਾਂ, ਤਰਕਸ਼ੀਲ ਅਤੇ ਇਨਕਲਾਬੀ ਆਗੂਆਂ ਦੀਆਂ ਵਿਚਾਰ-ਚਰਚਾਵਾਂ ਦਾ ਆਯੋਜਨ ਬਾਈ ਅਵਤਾਰ ਤੋਂ ਬਿਨਾਂ ਕਿਆਸਿਆ ਹੀ ਨਹੀਂ ਸੀ ਜਾ ਸਕਦਾ।

ਕਈ ਸਰੀਰਕ ਰੋਗਾਂ ਦੇ ਬਾਵਜੂਦ, ਲਗਾਤਾਰ ਡਾਇਲਸਿਸ ਕਰਾਉਂਦੇ ਰਹਿਣ ਦੇ ਚੱਲਦਿਆਂ ਵੀ ਉਹ ਕਦੇ ਹੰਭਿਆ ਨਹੀਂ ਸੀ, ਥੱਕਿਆ ਨਹੀਂ ਸੀ। ਅਮੁੱਕ ਸਫ਼ਰਾਂ ਦੇ ਇਸ ਪਾਂਧੀ ਨੇ ਪੰਜਾਬ 'ਚ ਚੱਲਦੇ ਹਰ ਲੋਕ-ਪੱਖੀ ਅੰਦੋਲਨ ਦੀ, ਗੁਰਸ਼ਰਨ ਕਲਾ ਭਵਨ ਮੁਲਾਂਪੁਰ ਅਤੇ ਤਰਕਸ਼ੀਲ ਭਵਨ ਬਰਨਾਲਾ ਦੀ ਉਸਾਰੀ ਲਈ, ਦਿੱਲੀ ਦੇ ਕਿਸਾਨ ਅੰਦੋਲਨ ਦੀ ਸਹਾਇਤਾ ਲਈ, ਪੰਜਾਬ 'ਚ ਰੰਗਮੰਚ ਅਤੇ ਸਾਹਿਤਕ ਸਰਗਰਮੀਆਂ ਲਈ ਵਿੱਤੀ ਸਹਾਇਤਾ ਇਕੱਤਰ ਕਰਕੇ, ਪੰਜਾਬ ਘੱਲ ਕੇ ਬਾਈ ਅਵਤਾਰ ਇਕ ਨਿਵੇਕਲਾ ਸਕੂਨ ਹਾਸਲ ਕਰਦਾ ਸੀ। ਪੰਜਾਬ ਰਹਿੰਦਿਆਂ ਬਤੌਰ ਟੈਕਨੀਕਲ ਸਰਵਿਸਿਜ਼ ਯੂਨੀਅਨ ਦੇ ਪ੍ਰਧਾਨ ਬਾਈ ਅਵਤਾਰ ਨੇ ਜਿੱਥੇ ਬਿਜਲੀ ਕਾਮਿਆਂ ਦੇ ਹੱਕਾਂ ਦੀ ਰਾਖੀ ਕੀਤੀ, ਅਫ਼ਸਰਸ਼ਾਹੀ ਲਈ ਚੁਣੌਤੀ ਬਣਦਾ ਰਿਹਾ, ਉਥੇ ਜਗਰਾਓਂ ਇਲਾਕੇ 'ਚ ਪੰਜਾਬ ਸਟੂਡੈਂਟਸ ਯੂਨੀਅਨ ਅਤੇ ਨੌਜਵਾਨ ਭਾਰਤ ਸਭਾ ਦੀਆਂ ਸਰਗਰਮੀਆਂ 'ਚ ਵੀ ਉਹ ਮੂਹਰਲੀਆਂ ਕਤਾਰਾਂ 'ਚ ਵਿਚਰਦਾ ਰਿਹਾ ਸੀ। ਪੰਜਾਬ 'ਚ ਵਗੀ ਫਿਰਕੂ ਤੇ ਸਰਕਾਰੀ ਦਹਿਸਤੀ ਹਨੇਰੀ ਦੇ ਦੌਰ 'ਚ 1980 ਦੀ ਵਧੇ ਬੱਸ ਕਿਰਾਇਆ ਵਿਰੋਧੀ ਸੰਘਰਸ਼ 'ਚ ਮੁਲਾਜ਼ਮ ਹੋਣ ਦੇ ਬਾਵਜੂਦ ਉਹ ਨਿਡਰ ਹੋ ਨਿਤਰਦਾ ਰਿਹਾ। ਜਦੋਂ 1979 'ਚ ਵਿਦਿਆਰਥੀ ਆਗੂ ਪ੍ਰਿਥੀਪਾਲ ਰੰਧਾਵਾ ਦਾ ਕਤਲ ਹੋਇਆ ਤਾਂ ਪੂਰਾ ਪੰਜਾਬ ਗੁੰਡਿਆਂ ਖਿਲਾਫ ਸੜਕਾਂ ਤੇ ਉਤਰ ਆਇਆ ਸੀ। ਉਸ ਦਾ ਬੇਟਾ ਜਗਦੀਪ ਦੱਸਦਾ ਹੈ ਕਿ ਉਦੋਂ ਉਨ੍ਹਾਂ ਨੇ ਪਹਿਲੀ ਵਾਰ ਅਪਣੇ ਪਾਪਾ ਨੂੰ ਪਿਰਥੀ ਦੇ ਵਿਯੋਗ 'ਚ ਹੰਝੂ ਵਹਾਉਂਦਿਆਂ ਵੇਖਿਆ ਸੀ। ਇੱਕ ਉੱਚੀ-ਸੁੱਚੀ ਮਾਨਵੀ ਸੰਵੇਦਨਾਂ ਤੇ ਦਿਲ-ਗੁਰਦੇ ਵਾਲਾ ਬੰਦਾ ਹੀ ਅਜਿਹੇ ਗੁਣਾਂ ਦਾ ਮਾਲਕ ਹੋ ਸਕਦਾ ਹੈ।

ਇਸ ਵੇਰ ਦੀ ਪੰਜਾਬ ਫੇਰੀ ਤੇ ਉਸ ਨੇ ਫੋਨ ਤੇ ਸਾਨੂੰ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਆਪਣੇ ਵਤਨ ਦੀ ਮਿੱਟੀ ਤੇ ਲੱਗਦੈ ਇਹ ਉਸ ਦੀ ਆਖਰੀ ਫੇਰੀ ਹੋਵੇਗੀ। ਇਸ ਲਈ ਉਹ ਸਾਰੇ ਵਿਚਾਰਧਾਰਕ ਮਿੱਤਰਾਂ-ਬੇਲੀਆਂ, ਰਿਸ਼ਤੇਦਾਰਾਂ ਨੂੰ ਇਕ ਥਾਂ ਇਕੱਠਾ ਕਰ 'ਜਗ ਜਿਉਂਦਿਆਂ ਦਾ ਮੇਲਾ' ਰਚਾਉਣਾ ਚਾਹੁੰਦਾ ਹੈ। 20 ਫਰਵਰੀ ਨੂੰ ਜਹਾਜੋਂ ਉੱਤਰ ਉਸ ਨੇ ਦੋਸਤਾਂ ਸੰਗ ਲੰਮੀ ਮੀਟਿੰਗ ਕੀਤੀ। ਪੂਰੀ ਵਿਉਂਤਬੰਦੀ ਤੇ ਤਿਆਰੀ ਚੱਲ ਰਹੀ ਸੀ। ਨਾਲੋਂ-ਨਾਲ ਡਾਇਲਸਿਸ ਵੀ ਚੱਲ ਰਿਹਾ ਸੀ ਪਰ ਅਚਾਨਕ 11 ਮਾਰਚ ਨੂੰ ਤਬੀਅਤ ਵਿਗੜੀ ਤਾਂ ਪਹਿਲਾਂ ਨਾਲ ਆਏ ਦੋਨਾਂ ਵੱਡੇ ਬੱਚਿਆਂ ਨੇ ਫੋਰਟਿਸ ਹਸਪਤਾਲ ਲੁਧਿਆਣਾ ਦਾਖਲ ਕਰਵਾ ਦਿੱਤਾ। ਪਰ ਅਫਸੋਸ ਕਿ ਬਾਈ ਨੂੰ ਬਚਾਇਆ ਨਹੀਂ ਜਾ ਸਕਿਆ। 14 ਫਰਵਰੀ ਰਾਤ ਸਾਢੇ ਅੱਠ ਵਜੇ ਬਾਈ ਸਦਾ-ਸਦਾ ਲਈ ਆਪਣੇ ਚਾਹੁਣ ਵਾਲਿਆਂ ਨੂੰ ਇਕੱਲਿਆਂ ਛੱਡ ਗਿਆ। ਉਸ ਦੀ ਇੱਛਾ ਮੁਤਾਬਿਕ 16 ਫਰਵਰੀ ਨੂੰ ਉਸ ਦੇ ਘਰ ਸੈਂਕੜਿਆਂ ਦੀ ਗਿਣਤੀ 'ਚ ਸਨੇਹੀਆਂ ਨੇ ਉਸ ਦੀ ਮਿਰਤਕ ਦੇਹ ਨੂੰ ਮੈਡੀਕਲ ਖੋਜ ਕਾਰਜਾਂ ਲਈ ਈ ਐਸ ਆਈ ਹਸਪਤਾਲ ਲੁਧਿਆਣਾ ਲਈ ਰਵਾਨਾ ਕਰਕੇ ਤੁਰ ਗਏ ਬਾਈ ਨੂੰ ਇਕ ਵੇਰ ਫਿਰ ਜਿਉਂਦਿਆਂ 'ਚ ਸ਼ਾਮਲ ਕਰ ਦਿੱਤਾ। ਤਰਕਸ਼ੀਲ ਤੇ ਇਨਕਲਾਬੀ ਲਹਿਰ ਨੂੰ ਮਾਣ ਹੈ ਕਿ ਉਸ ਦੀ ਜੀਵਨ ਸਾਥਣ ਸੁਰਿੰਦਰ ਕੌਰ ਅਤੇ ਉਸ ਦੇ ਸਾਰੇ ਬੇਟੇ-ਬੇਟੀਆਂ ਨੇ ਮਨੁੱਖਤਾ ਦੀ ਸੇਵਾ ਲਈ ਸਰੀਰ ਦਾਨ ਕਰਨ 'ਚ ਕੋਈ ਹਿਚਕ ਨਹੀਂ ਦਿਖਾਈ। ਉਸ ਦੀ ਹੀ ਇੱਛਾ ਸੀ ਕਿ ਮੈਂ ਰਹਾਂ ਜਾ ਨਾਂ ਰਹਾਂ ਇਹ ਮੇਲਾ ਲੱਗਣਾ ਹੀ ਲੱਗਣਾ ਹੈ। ਮੈਂ ਜ਼ਿੰਦਗੀ ਰੱਜ ਕੇ ਮਾਣੀ ਹੈ। ਮੇਰੀ ਮੌਤ ਤੇ ਕਿਸੇ ਨੇ ਨਹੀਂ ਰੋਣਾ, ਕੋਈ ਧਾਰਮਿਕ ਰਸਮ ਨਹੀਂ ਕਰਨੀ। ਮੇਰੀ ਸਫਲ ਜ਼ਿੰਦਗੀ ਨੂੰ ਤੁਸੀਂ ਸੈਲੀਬ੍ਰੇਟ ਕਰਨਾ ਹੈ।

# ਉਹ, ਜੋ ਮਸ਼ਾਲ ਬਣ ਲਟ ਲਟ ਬਲਦਾ ਰਿਹਾ ਤੇ ਮਿਸਾਲ ਬਣ ਜੀਵਿਆ

ਚਰਨਜੀਤ ਬਰਾੜ

ਜੀ ਹਾਂ, ਉਹ ਬਾਈ ਅਵਤਾਰ ਸੀ, ਜੋ ਅਜੇ ਕੁਝ ਦਿਨ ਪਹਿਲਾਂ ਹੀ ਦੁਨੀਆ ਤੋਂ ਰੁਖਸਤ ਹੋ ਗਏ। ਜਗਰਾਓਂ, ਲੁਧਿਆਣਾ ਮੋਗਾ, ਬਾਘਾਪੁਰਾਣਾ, ਕੋਟਕਪੂਰਾ, ਫਰੀਦਕੋਟ, ਰਾਏਕੋਟ, ਬੱਸੀਆਂ, ਲੱਖਾ, ਸਿੱਧਵਾਂ, ਅਜੀਤਵਾਲ ਨਾਲ 1975 ਤੋਂ ਲੈ ਕੇ ਤਕਰੀਬਨ 1995 ਤੱਕ ਸੰਬੰਧਿਤ ਰਹੇ ਬਿਜਲੀ ਮੁਲਾਜਮ ਤਾਂ ਬਾਈ ਅਵਤਾਰ ਨੂੰ ਚੰਗੀ ਤਰ੍ਹਾਂ ਜਾਣਦੇ ਹੀ ਸਨ ਪਰ ਪੰਜਾਬ ਦੇ ਕਿਸੇ ਵੇ ਮਹਿਕਮੇ 'ਚ ਕੰਮ ਕਰਦਾ ਕੋਈ ਅਜਿਹਾ ਮੁਲਾਜਮ ਯੂਨੀਅਨਿਸਟ, ਕੋਈ ਕਿਸਾਨ- ਮਜ਼ਦੂਰ ਆਗੂ, ਲੋਕ ਘੋਲਾਂ ਨਾਲ ਵਾਕਿਫ ਭਾਵੇਂ ਉਹ ਕਿਸੇ ਵੀ ਜ਼ਿਲ੍ਹੇ, ਤਹਿਸੀਲ 'ਚ ਕੰਮ ਕਰਦਾ ਹੋਵੇ, ਇਹ ਹੋ ਹੀ ਹੀ ਨਹੀਂ ਸਕਦਾ ਕੇ ਉਹਨੇ ਕਦੇ ਜਗਰਾਓਂ ਵਾਲੇ ਬਾਈ ਅਵਤਾਰ ਦਾ ਨਾਮ ਨਾ ਸੁਣਿਆ ਹੋਵੇ। ਜਦੋਂ ਕਿਤੇ ਲੁਧਿਆਣਾ- ਜਗਰਾਓਂ-ਮੋਗਾ ਜੀ ਟੀ ਰੋਡ ਦੇ ਨਾਲ ਪੈਂਦੇ ਪਿੰਡਾਂ ਸ਼ਹਿਰਾਂ ਚ ਹੁੰਦੇ ਸੰਘਰਸ਼ਾਂ ਦੀ ਗੱਲ ਚਲਣੀ ਤਾਂ ਬਾਈ ਅਵਤਾਰ ਦਾ ਨਾ ਆਪੇ ਹੀ ਮੂਹਰੇ ਆ ਜਾਣਾ। ਇਸ ਇਲਾਕੇ 'ਚ ਚਲਿਆ ਕੋਈ ਇੱਕ ਸੰਘਰਸ਼ ਵਿਖਾ ਦੇਵੋ ਜਿਥੇ ਬਾਈ ਅਵਤਾਰ ਨੇ ਸ਼ਮੂਲੀਅਤ ਨਾ ਕੀਤੀ ਹੋਵੇ, ਗੱਲ ਇਕੱਲੀ ਮੁਲਾਜ਼ਮ ਦੇ ਸੰਘਰਸ਼ਾਂ ਦੀ ਨਹੀਂ , ਕਿਤੇ ਵੀ ਧੱਕਾ, ਜ਼ੁਲਮ, ਅਨਿਆਂ, ਵਿਤਕਰਾ ਹੋ ਰਿਹਾ ਹੋਵੇ, ਬਾਈ ਅਵਤਾਰ ਜ਼ਰੂਰ ਪਹੁੰਚਦਾ। ਸਟੇਜ ਤੋਂ ਬਾਈ ਦਾ ਨਾ ਉਚੇਚੇ ਤੌਰ ਤੇ ਲਿਆ ਜਾਂਦਾ। ਬਾਈ ਦੀਆਂ ਗੱਲਾਂ ਲੋਕਾਂ ਦਾ ਮਨ ਮੋਹ ਲੈਂਦੀਆਂ, ਬਾਈ ਲੋਕਾਂ ਦੇ ਮਨਾਂ 'ਚ ਉਤਰ ਜਾਂਦਾ, ਬਾਈ ਸਾਰਿਆਂ ਨੂੰ ਆਪਣਾ ਆਪਣਾ ਲੱਗਦਾ, ਨਵੇਂ-ਪੁਰਾਣੇ ਮੁਲਾਜ਼ਮ ਬਾਈ ਨਾਲ ਮਨ ਖੋਲ ਕੇ ਆਪਣੀਆਂ ਸਮੱਸਿਆਵਾਂ ਤੇ ਦੁਖੜੇ ਫਰੋਲਦੇ, ਬਾਈ ਬਹੁਤਾ ਹੀ ਸੰਵੇਦਸ਼ੀਲ ਬੰਦਾ, ਹਰੇਕ ਦੇ ਦੁੱਖ ਸੁਖ ਨੂੰ ਆਪਣਾ ਸਮਝਦਾ, ਉਨ੍ਹਾਂ ਨੂੰ ਦਿਲਾਸਾ ਦਿੰਦਾ, ਬੜੇ ਗਹੁ ਨਾਲ ਉਨ੍ਹਾਂ ਦੇ ਚਿਹਰੇ ਦੇ ਹਾਵ ਭਾਵ ਸਮਝਦਾ ਉਨ੍ਹਾਂ ਨੂੰ ਬੜੇ ਪਿਆਰ ਨਾਲ ਸਮਝਾਉਂਦਾ ਕੇ ਆਹ ਤੁਹਾਡੀ ਸਮੱਸਿਆ ਐਨੀ ਕੁ ਹੱਲ ਹੋ ਸਕਦੀ ਆ, ਆਹ ਕੋਸ਼ਿਸ਼ ਕਰਨੀ ਪਊ, ਤੇ ਆਹ ਗੱਲ ਤੁਹਾਡੀ ਜੁੜੀ ਆ ਸਿਸਟਮ ਨਾਲ ਤੇ ਬੇਝਿਜਕ ਹੋ ਕੇ ਲੜਨਾ ਪਊ, ਤਿਆਰੀ ਕਰ ਲੋ ਤਾਂ ਸੁਖੀ ਰਹੋਗੇ, ਜੇ ਥੱਲੇ ਲੱਗ ਕੇ ਗੁਲਾਮੀ ਕਰੀ ਜਾਣੀ ਆਂ ਤਾਂ ਸਾਰੀ ਉਮਰ ਰੋਵੋਂਗੇ। ਬਾਈ ਬੰਦੇ ਨੂੰ ਪੂਰੇ ਠਰ੍ਹਮੇਂ ਨਾਲ ਸਾਦੀਆਂ ਗੱਲਾਂ ਕਰਦਿਆਂ ਗਿਆਨ ਤੇ ਅਮਲ ਦਾ ਰਿਸ਼ਤਾ ਅਜਿਹੇ ਸਰਲ ਤਰੀਕੇ ਨਾਲ ਸਮਝਾਉਂਦਾ ਕੇ ਸਾਦਾ ਜਿਹਾ ਬੰਦਾ ਵੀ ਬਾਈ ਦੀ ਸੰਗਤ 'ਚ ਰਹਿ ਕੇ ਚਾਰ ਕੁ ਦਿਨਾਂ ਪੂਰੇ ਦਾ ਪੂਰਾ ਬਦਲ ਜਾਂਦਾ।

ਬਾਈ ਨਵੇਂ ਭਰਤੀ ਹੋਏ ਮੁਲਾਜ਼ਿਮਾਂ ਨੂੰ ਵੀ ਹੌਲੀ-ਹੌਲੀ ਇਸ਼ਾਰੇ ਨਾਲ ਦੱਸਦਾ ਰਹਿੰਦਾ ਕਿ ਆਮ ਲੋਕ ਬਹੁਤੇ ਬਿਜਲੀ ਮੁਲਾਜ਼ਮਾਂ ਨੂੰ ਕੰਮ – ਚੋਰ ਜਾਂ ਰਿਸ਼ਵਤ ਖੋਰ ਸਮਝਦੇ ਆ ਤੇ ਆਪਾਂ ਇਹ ਪ੍ਰਭਾਵ ਤੋੜ ਦੇਣਾ ਐਂ, ਕੰਮ ਵੇਲੇ ਕੰਮ ਕਰਨਾ ਰੂਹ ਲਾ ਕੇ, ਤਨਖਾਹ ਘਟ ਆ ਤੇ ਲੜਨਾ ਸਰਕਾਰ ਨਾਲ, ਆਮ ਘਰਾਂ, ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲੇ ਪਰਿਵਾਰਾਂ ਚੋਂ ਹਾਂ ਆਪਾਂ, 'ਹੱਕ ਪਰਾਇਆ ਨਾਨਕਾ, ਉਸ ਸੂਅਰ ਉਸ ਗਾਏ' ਦੀ ਬਾਣੀ ਰੋਜ਼ ਸਾਡੇ ਕੰਨਾਂ ਚ ਪੈਂਦੀ ਆ। ਬਾਈ ਦੀਆਂ ਗੱਲਾਂ ਬੰਦੇ ਦੇ ਦਿਮਾਗ ਚ ਤਰਥੱਲੀ ਮਚਾ ਦਿੰਦੀਆਂ। ਨਵੇਂ ਭਰਤੀ ਹੋਏ ਨੌਜਵਾਨ ਸੋਚਦੇ ਬਈ ਅਸੀਂ ਬਥੇਰੀਆਂ " DALE CARNEGIE " ਵਰਗਿਆਂ ਦੀਆਂ 'ਦੋਸਤ ਕਿਵੇਂ ਬਣਾਈਏ ਤੇ ਲੋਕਾਂ ਦੇ ਮਨ ਕਿਵੇਂ ਜਿਤੀਏ' ਕਿਤਾਬਾਂ ਪੜ੍ਹੀਆਂ, ਪਰ ਆਹ ਜੋ ਬਾਈ ਦਸ ਰਿਹਾ, ਇਹ ਤਾਂ ਸਾਨੂੰ ਕਿਸੇ ਪੜ੍ਹਾਇਆ ਹੀ ਨਹੀਂ। ਬਹੁਤ ਛੇਤੀ ਪੜ੍ਹਿਆਂ-ਲਿਖਿਆਂ ਨੂੰ ਅਹਿਸਾਸ ਹੋ ਜਾਂਦਾ ਕੇ ਲਾਰਡ ਮੈਕਾਲੇ ਦਾ ਬਣਾਇਆ ਹੋਇਆ ਗੋਰਿਆਂ ਵੇਲੇ ਦਾ ਵਿਦਿਅਕ ਸਿਸਟਮ ਅਜੇ ਵੀ ਮਾਨਸਿਕ ਤੌਰ ਤੇ ਪਛੜੇ ਹੋਏ ਅਪਾਹਿਜ ਪੈਦਾ ਕਰਦਾ ਐ ਜੋ ਆਪਣੇ ਲੋਕਾਂ ਨਾਲੋਂ ਮੂਲੋਂ ਹੀ ਟੁਟੇ ਹੁੰਦੇ ਆ।

ਜਦੋਂ ਵੀ ਕੋਈ ਬਦਲੀ ਹੋ ਕੇ ਜਾਂ ਨਵਾਂ SDO ਜਾਂ XION ਜਗਰਾਓਂ ਇਲਾਕੇ ਚ ਪਹੁੰਚਦਾ ਤਾਂ ਉਪਰੋਂ ਰਿਸ਼ਵਤਖੋਰਾਂ ਵਲੋਂ ਉਸਦੀ 'ਕਲਾਸ' ਲੱਗ ਕੇ ਆਓਂਦੀ ਕੇ ਬਸ ਅਵਤਾਰ ਗਿੱਲ ਨਾ ਦਾ ਬੰਦਾ ਬੜਾ ਖਰਤਨਾਕ ਐ, ਬੱਸ ਉਹਤੋਂ ਬਚ ਕੇ ਰਹੀਂ। ਬਾਈ ਦੇ ਖਿਲਾਫ ਓਹਦੇ ਕੰਨ ਪੂਰੀ ਤਰਾਂ ਭਰੇ ਹੁੰਦੇ, ਪਰ ਹੌਲੀ ਹੌਲੀ ਝਿਜਕਦੇ ਝਿਜਕਦੇ ਜਦੋਂ ਉਹ ਹੋਰ ਮੁਲਾਜ਼ਿਮਾਂ ਤੋਂ ਬਾਈ ਬਾਰੇ ਰਿਪੋਰਟ ਲੈਂਦਾ ਤਾਂ ਓਹਦੀ ਹੈਰਾਨੀ ਦੀ ਕੋਈ ਹੱਦ ਨਾ ਰਹਿੰਦੀ, ਓਹਨੂ ਆਪਣੇ ਆਪ ਤੇ ਸ਼ੱਕ ਜਿਹਾ ਹੋਣ ਲੱਗਦਾ ਤੇ ਉਹ ਵਕਤ ਵੀ ਆ ਜਾਂਦਾ ਜਦੋਂ ਓਹਨੂ ਅਹਿਸਾਸ ਹੋ ਜਾਂਦਾ ਕੇ ਬਾਈ ਵਰਗੇ ਬੰਦੇ ਆਮ ਨਹੀਂ ਹੁੰਦੇ। ਆਪਣੀ ਧੁੰਨ ਦੇ ਪੱਕੇ, ਬੇਹੱਦ ਇਮਾਨਦਾਰ, ਗ਼ਲਤ ਨੂੰ ਗ਼ਲਤ ਤੇ ਠੀਕ ਨੂੰ ਠੀਕ ਕਹਿਣ ਵਾਲੇ, ਲੋਕਾਂ ਦੀਆਂ ਜ਼ਿੰਦਗੀਆਂ ਨੂੰ ਸੋਹਣਾ ਬਣਾਉਣ ਦਾ ਸੁਪਨਾ ਸੁਜਾਉਣ ਵਾਲੇ, ਤੇ ਕਿਤੇ ਕਿਤੇ ਤਾਂ ਕਿਸੇ ਏਜੰਡੇ ਤੇ ਚਲਦੀ ਮੀਟਿੰਗ 'ਚ ਉਹ ਬਾਈ ਦੀਆਂ ਗੱਲਾਂ ਤੇ ਏਨੇ ਹਿਪਨੋ ਟਾਇਜ਼ ਹੋ ਜਾਂਦੇ ਕੇ ਕਹਿੰਦੇ ਚਲੋ ਬਾਈ ਜੀ, ਜੇ ਤੁਹਾਡੀ ਨਹੀਂ ਤਸੱਲੀ ਤਾਂ ਸੁਪਰਡੈਂਟ ਤੋਂ ਟਾਈਪ ਕਰਾ ਲੋ ਚਿੱਠੀ ਆਪਣੇ ਹਿਸਾਬ ਨਾਲ, ਮੈਂ ਸਾਈਨ ਕਰ ਦੂੰ, ਹਰੇਕ ਅਫਸਰ ਜਾਣਦਾ ਹੁੰਦਾ ਕੇ ਬਾਈ ਨੇ ਨਾ ਕਦੇ ਕੋਈ ਗ਼ਲਤ ਕੰਮ ਕਰਨਾ ਨਾ ਕਦੇ ਕੀਤਾ ਤੇ ਨਾ ਹੀ ਕਦੇ ਕਿਸੇ ਤੋਂ ਕੋਈ ਨਿੱਜੀ ਫਾਇਦਾ ਲਿਆ। ਬਾਈ ਦਲੇਰ ਏਨਾ ਸੀ ਕਿ 1980-1990-92 'ਚ ਜਦੋਂ ਪੰਜਾਬ ਚ ਜਬਰ, ਫਿਰਕਾਪ੍ਰਸਤੀ ਤੇ ਹਕੂਮਤੀ ਦਹਿਸ਼ਤ ਦੀ ਹਨੇਰੀ ਝੁੱਲ ਰਹੀ ਸੀ ਤੇ ਇਹ ਭਰੋਸਾ ਨਹੀਂ ਸੀ ਹੁੰਦਾ ਕਿ ਸਵੇਰ ਘਰੋਂ ਗਿਆ ਬੰਦਾ ਪਤਾ ਨਹੀਂ ਸ਼ਾਮ ਨੂੰ ਵਾਪਿਸ ਆਉਣਾ ਕਿ ਨਹੀਂ, ਜਦੋਂ ਰਾਤ ਪੈਣ ਤੋਂ ਪਹਿਲਾ ਹੀ ਲੋਕ ਡਰਦੇ ਅੰਦਰੋਂ ਦਰਵਾਜ਼ਿਆਂ ਨੂੰ ਕੁੰਡੇ ਮਾਰ ਲੈਂਦੇ ਸੀ, ਓਦੋਂ ਵੀ ਬਾਈ ਬਾਵਜੂਦ ਇਸ ਦੇ ਕਿ ਓਹਨਾ ਦਾ ਘਰ ਸ਼ਹਿਰ ਤੋਂ ਬਾਹਰ ਬਾਹਰ ਖੇਤਾਂ 'ਚ ਤੇ ਨੇੜੇ ਤੇੜੇ ਹੋਰ ਘਰ ਕੋਈ ਹੈ ਨਹੀਂ, ਫੇਰ ਵੀ ਬਾਈ ਆਪਣਾ ਕੰਮ ਕਰ ਨਬੇੜ ਕਿ ਸਾਰਿਆਂ ਦੀ ਸਾਰ ਲੈ ਕਿ ਨ੍ਹੇਰੇ ਹੋਏ ਘਰੇ ਪਹੁੰਚਦਾ। ਕਈ ਵਾਰ ਬਾਈ ਨੂੰ ਓਹਦੇ ਦੋਸਤ ਮਿੱਤਰ ਕਹਿੰਦੇ ਕਿ ਬਾਈ ਵੇਖ, ਤੂੰ ਧਰਨੇ ਮੁਜ਼ਾਹਰਿਆਂ ਚ ਕਦੇ ਪੁਲਿਸ ਤਸ਼ੱਦਦ ਖਿਲਾਫ, ਨੌਜਵਾਨਾਂ ਦੇ ਝੂਠੇ ਮੁਕਾਬਲਿਆਂ ਖਿਲਾਫ, ਕਦੇ ਫਿਰਕਾਪ੍ਰਸਤਾਂ ਵਲੋਂ ਨਿਰਦੋਸ਼ਾਂ ਦੇ ਹੁੰਦੇ ਕਤਲਾਂ ਖਿਲਾਫ, ਕਦੇ ਧਨਾਢ ਚੌਧਰੀਆਂ ਦੀ ਗੁੰਡਾ ਗਰਦੀ ਖਿਲਾਫ ਬੋਲਦਾ ਰਹਿਨਾ ਐਂ, ਜ਼ਰਾ ਸੰਭਲ ਕਿ ਰਿਹਾ ਕਰ, ਬਾਈ ਨੇ ਹੱਸ ਕਿ ਗੱਲ ਟਾਲ਼ ਦੇਣੀ ਤੇ ਕਹਿਣਾ ਅਣਖ ਨਾਲ ਜ਼ਿੰਦਗੀ ਜਿਉਣੀ ਆਂ, ਇੱਕੋ ਵਾਰ ਮਿਲੀ ਆ, ਬਾਈ ਗੱਲਾਂ 'ਚ ਕਿਸੇ ਨੂੰ ਨੇੜੇ ਨਹੀਂ ਸੀ ਲੱਗਣ ਦੇਂਦਾ।

ਸਮੇਂ ਨੇ ਕਰਵਟ ਬਦਲੀ, ਬੱਚੇ ਜਵਾਨ ਹੋਏ ਤੇ ਬਾਈ ਵੀ ਪਰਿਵਾਰ ਸਮੇਤ ਪਹੁੰਚ ਗਿਆ ਕੈਨੇਡਾ। ਕੈਨੇਡਾ ਵਰਗੇ ਉਪਰੋਂ ਦਿਸਦੇ ਤੇ ਕਹਿੰਦੇ ਕਹਾਉਂਦੇ ਸਵਰਗ 'ਚ ਵੀ ਪਈਆਂ ਤਰੇੜਾਂ ਨੂੰ ਬਾਈ ਦੀ ਪਾਰਖੂ ਅੱਖ ਨੇ ਛੇਤੀ ਹੀ ਵੇਖ ਲਿਆ ਕਿ ਕਿਵੇਂ ਇਥੇ ਵੀ ਬੰਦੇ ਨੂੰ ਸਿਸਟਮ ਦਾ ਪੁਰਜ਼ਾ ਬਣ ਕਿ ਚਲਨਾ ਪੈਂਦਾ ਐ, ਬਾਈ ਨੇ ਵੇਖਿਆ ਤੇ ਮਹਿਸੂਸ ਕੀਤਾ ਕਿ ਆਪਣੇ ਲੋਕ ਬਜਾਏ ਇਸ ਦੇ ਕਿ ਆਪਣੇ ਸਭਿਆਚਾਰ ਦੇ ਚੰਗੇ ਪੱਖ ਸਾਂਭ ਕਿ ਰੱਖਣ ਤੇ ਐਥੋਂ ਦੇ ਕਲਚਰ ਦੇ ਚੰਗੇ ਪੱਖ ਅਪਨਾਉਣ, ਕਰਦੇ ਇਸ ਦੇ ਉਲਟ ਨੇ, ਟੂਣਾ, ਜੋਤਿਸ਼, ਕਾਲੇ ਇਲਮ, ਕਿਸਮਤ ਤੇ ਅੰਧ- ਵਿਸ਼ਵਾਸਾਂ ਦੇ ਕੂੜਾ ਕਬਾੜ ਦੀ ਪੰਡ ਚੁੱਕ ਲੈ ਆਓਂਦੇ ਨੇ ਆਪਣੇ ਦੇਸ਼ 'ਚੋਂ ਤੇ ਐਥੇ ਵੀ ਓਹਦਾ ਖਿਲਾਰਾ ਪਾਈ ਰੱਖਦੇ ਨੇ, ਬਾਈ ਨੇ ਤਰਕਸ਼ੀਲਤਾ ਦਾ ਪ੍ਰਚਾਰ ਕਰਤਾ ਸ਼ੁਰੂ, ਸਾਰੀ ਉਮਰ, ਕਾਲੇ ਇਲਮ ਵਾਲੇ ਠੱਗਾਂ, ਲੰਮੇ ਚੋਲਿਆਂ ਵਾਲੇ ਕਰਾਮਾਤੀ ਸਾਧਾਂ, ਵਸਤੂ ਸਾਸਤ੍ਰ ਤੇ ਗ੍ਰਹਿਆਂ ਦੀ ਚਾਲ ਤੇ ਹੱਥ ਦੀਆਂ ਰੇਖਾਵਾਂ ਦੇਖ ਕਿ ਕਿਸਮਤ ਦੱਸਣ ਵਾਲਿਆਂ ਨੂੰ ਵਾਹਣੀ ਪਾਈ ਰੱਖਿਆ। ਹੋਰ ਦੋਸਤਾਂ ਨੂੰ ਨਾਲ ਲੈ ਕਿ ਤਰਕਸ਼ੀਲ ਸੁਸਾਇਟੀ ਦਾ ਗਠਨ ਕੀਤਾ। ਨਾਟਕ ਮੇਲੇ, ਸੈਮੀਨਾਰ ਕਰ ਕੇ ਲੋਕਾਂ ਨੂੰ ਜਾਗ੍ਰਿਤ ਕਰਦੇ ਰਹੇ। ਵੈਨਕੂਵਰ ਤੋਂ ਬਿਨਾ ਹੋਰ ਸ਼ਹਿਰਾਂ, ਕੈਲਗਰੀ, ਐਡਮੰਟਨ ਤੇ ਟਾਰਾਂਟੋ ਤੱਕ ਵੀ ਵਹਿਮਾਂ ਭਰਮਾਂ ਤੇ ਨਾਟਕ ਮੇਲੇ ਚ ਹਿੱਸਾ ਲੈਂਦੇ ਰਹੇ। ਵੱਖਰੇ ਵਿਚਾਰ ਰੱਖਣ ਵਾਲੇ ਵੀ ਉਨ੍ਹਾਂ ਨੂੰ ਪੂਰੇ ਸਤਿਕਾਰ ਦੇਂਦੇ ਤੇ ਮੀਡੀਆ ਵਾਲੇ ਉਨ੍ਹਾਂ ਨੂੰ ਆਪਣੀ ਗੱਲ ਕਹਿਣ ਲਈ ਪੂਰੀ ਸਪੇਸ ਦੇਂਦੇ। ਬੇਹੱਦ ਦਲੇਰ ਵਿਅਕਤੀ ਸਨ ਬਾਈ ਅਵਤਾਰ, ਮਨ ਐਨਾ ਤਕੜਾ ਸੀ ਕੇ ਸਰੀਰ ਨੂੰ ਉਈਂ ਬੱਸ ਧੂਈ ਫਿਰਦਾ ਸੀ, ਹਾਰ ਨਹੀਂ ਸੀ ਮੰਨੀ ਕਿਤੇ, 40 ਸਾਲਾਂ 'ਚ ਵੀ ਸ਼ੁਗਰ ਦੀ ਬਿਮਾਰੀ ਓਹਨਾ ਨੂੰ ਢਾਹ ਨਹੀਂ ਸਕੀ, 5-6 ਤੋਂ ਗੁਰਦੇ ਜਵਾਬ ਦੇ ਈ ਬੈਠੇ ਸੀ, ਪਰ ਡਾਇਲਿਸਸ ਤੇ ਪਿਆਂ ਵੀ ਆਵਾਜ਼ ਚ ਪੂਰੀ ਗੜ੍ਹਕ, ਫੇਫੜਿਆਂ ਚ ਪਾਣੀ ਉਤਰ ਆਉਂਦਾ ਸੀ ਕਿਤੇ ਕਿਤੇ, ਪਰ ਬਾਈ ਨੇ ਕਹਿਣਾ, ਲੈ ਆਹ ਕਿੱਡੀ ਕੁ ਗੱਲ ਆ ਭਲਾ, ਦਿਲ ਦਾ ਬਾਈਪਾਸ ਹੋਣਾ ਸੀ, ਡਾਕਟਰ ਡਰਨ, ਬਾਈ ਜੀ ਕਹਿੰਦੇ ਗੱਲ ਈ ਕੋਈ ਨੀ, ਡਾਕਟਰਾਂ ਨੇ ਬਾਈਪਾਸ ਕਰਤਾ, ਦੋਸਤਾਂ ਮਿੱਤਰਾਂ ਨੂੰ ਹੱਸ ਕੇ ਕਹਿੰਦੇ ਰਹਿਣਾ ਉਹ ਐਂਵੇ ਨਾ ਨਿੱਕੀਆਂ ਮੋਟੀਆਂ ਬਿਮਾਰੀਆਂ ਤੋਂ ਡਰਿਆ ਕਰੋ। ਪਿਛਲੇ ਪੰਦਰਾਂ ਸਾਲਾਂ ਤੋਂ ਇੱਕ ਅੱਖ ਜਵਾਬ ਦੇਈ ਬੈਠੀ ਸੀ, ਬੱਸ ਇੱਕੋ ਅੱਖ ਆਸਰੇ ਹੀ, ਦੋ ਅੱਖਾਂ ਵਾਲਿਆਂ ਤੋਂ ਵੱਧ ਪੜ ਦੇ ਤੇ ਘੋਖਦੇ। ਰਾਤ ਦੇਰ ਤੱਕ ਤੱਕ ਕੰਪਿਊਟਰ ਤੇ ਬੈਠੇ ਕੋਈ ਨਾ ਕੋਈ ਆਰਟੀਕਲ ਫਰੋਲਦੇ ਰਹਿੰਦੇ, ਰਿਪੋਰਟਾਂ ਤਿਆਰ ਕਰ ਮੀਡੀਆ ਜਾਂ ਪੇਪਰਾਂ ਨੂੰ ਭੇਜਦੇ, ਕਦੇ ਉਨ੍ਹਾਂ ਦੇ ਚੇਹਰੇ ਤੇ ਥਕਾਵਟ ਦਾ ਨਾ ਨਿਸ਼ਾਨ ਨਹੀਂ ਵੇਖਿਆ ਮੈਂ, ਬਹੁਤ ਹੀ ਖ਼ੁਸ਼ੀ ਤੇ ਤਸੱਲੀ ਦੀ ਗੱਲ ਇਹ ਹੈ ਕੇ ਬਾਈ ਜੀ ਦੀ ਜੀਵਨ ਸਾਥਣ ਸਾਡੀ ਭੈਣ ਸੁਰਿੰਦਰ ਤੇ ਬਾਈ ਜੀ ਦੇ ਸਾਰੇ ਬੱਚੇ ਹਰੇਕ ਸੁਖ ਦੁੱਖ 'ਚ ਸਾਰੀ ਉਮਰ ਬਾਈ ਜੀ ਦੇ ਨਾਲ ਚਟਾਨ ਵਾਂਗ ਖੜ੍ਹੇ ਰਹੇ, ਸਾਰਿਆਂ ਦੀ ਸੋਚਣੀ ਚ ਇਕੋ ਜਿਹਾ ਸਮਤੋਲ ਤੇ ਲੈਬੱਧਦਾ ਹੋਣ ਕਾਰਨ ਬਾਈ ਵੀ ਪੂਰੀ ਤਨਦੇਹੀ ਤੇ ਵਚਨਬੱਧਤਾ ਨਾਲ ਪਰਿਵਾਰ ਤੇ ਸਮਾਜ ਪ੍ਰਤੀ ਸਾਰੀ ਉਮਰ ਆਪਣੀਆਂ ਜ਼ੁਮੇਵਾਰੀਆਂ ਨਿਭਾਉਂਦਾ ਰਿਹਾ।

ਬਾਈ ਦੇ ਮਨ ਚ ਹੁੰਦਾ ਕੇ ਬੜੇ ਔਖੇ ਹੋ ਕੇ, ਆਪਣੀ ਧਰਤੀ ਛੱਡ ਕੇ ਆਪਣੇ ਲੋਕ ਏਥੇ ਪਹੁੰਚਦੇ ਨੇ, ਕਰਜ਼ਾ ਚੁੱਕ ਕੇ, ਜ਼ਮੀਨਾਂ ਵੇਚ ਕੇ, ਭੈਣ-ਭਰਾ, ਮਾਂ-ਪਿਓ ਤੋਂ ਦੂਰ, ਤੇ ਫੇਰ ਧੱਕੇ-ਧੁੱਕੇ ਖਾ ਕੇ ਹੌਲੀ ਹੌਲੀ ਸਿੱਖਦੇ ਨੇ, ਆਪਣੇ 'ਚ ਪਿਆ Potential ਪੂਰੀ ਤਰਾਂ ਵਰਤੋਂ ਚ ਨਹੀਂ ਲਿਆਉਂਦੇ, ਸਾਰੀਆਂ ਸੰਭਾਵਨਾਵਾਂ ਫਰੋਲਣ ਤੋਂ ਪਹਿਲਾਂ ਹੀ ਹਾਰ ਮੰਨ ਨਿੱਕੇ ਮੋਟੇ ਕੰਮ ਕਰਦੇ ਨੇ , ਪੈਸੇ ਤਾਂ ਬਣਾ ਲੈਂਦੇ ਨੇ, ਪਰ ਉਨ੍ਹਾਂ ਦੀ ਰੂਹ ਨਹੀਂ ਖੁਸ਼ ਹੁੰਦੀ। ਬਾਈ ਉਨ੍ਹਾਂ ਨੂੰ ਸਮਝਾਉਂਦਾ, ਵੇਖੋ ਕੰਮ ਕੋਈ ਮਾੜਾ ਨਹੀਂ, ਪਰ ਉਹ ਕੰਮ ਕਰੋ ਜਿਥੇ ਤਰੱਕੀ ਦੇ ਰਸਤੇ ਆਪੇ ਖੁਲਦੇ ਜਾਣ, ਜਿਹੜਾ ਕੰਮ ਕਰਦਿਆਂ ਤੁਹਾਨੂੰ ਖ਼ੁਸ਼ੀ ਤੇ ਤਸੱਲੀ ਹੋਵੇ, ਜਿਥੇ ਤੁਹਾਡਾ ਮਨ ਲੱਗੇ, ਬੱਧਾ-ਰੁੱਧੀ ਵਾਲਾ ਕੰਮ ਬਹੁਤੀ ਦੇਰ ਨਹੀਂ ਚਲਣਾ। ਬਾਈ ਨੇ ਬਹੁਤ ਲੋਕਾਂ ਨੂੰ ਹਲਾਸ਼ੇਰੀ ਦੇ ਕੇ ਨਵੇਂ ਕੰਮਾਂ 'ਚ ਪਾਇਆ, ਜਿਨ੍ਹਾਂ ਦੇ ਪਰਿਵਾਰ ਅੱਜ ਵੀ ਖ਼ੁਸ਼ੀ ਤੇ ਸੰਤੁਸ਼ਟੀ ਦੀ ਸੋਹਣੀ ਜ਼ਿੰਦਗੀ ਜਿਓਂ ਰਹੇ ਨੇ।

ਬਾਈ ਦੇ ਮਨ ਦੀ ਇੱਛਾ ਸੀ ਕੇ ਇੱਕ ਵਾਰ ਪੰਜਾਬ ਦੇ ਸਾਰੇ ਪੁਰਾਣੇ ਦੋਸਤ ਮਿੱਤਰ, ਸੰਘਰਸ਼ਾਂ ਦੇ ਸੰਗੀ ਸਾਥੀ ਇੱਕ ਥਾਂ ਇਕੱਠੇ ਹੋ ਕੇ ਜਿਉਂਦੇ ਜੀ ਮਿਲ ਲਈਏ, ਇਸੇ ਕਰਕੇ ਓਹਨਾ ਆਪ ਹੀ ਪ੍ਰੋਗਰਾਮ ਵਿਉਂਤ ਕੇ ਨਾਮ ਰੱਖਿਆ ਸੀ 'ਜੱਗ ਜਿਓਂਦਿਆਂ ਦੇ ਮੇਲੇ' ਤੇ ਸਾਰਿਆਂ ਨੂੰ ਸੱਦਾ ਭੇਜਿਆ ਸੀ, ਪਰ ਅਚਾਨਕ ਇਸ ਵਾਰ ਸਰੀਰ ਨੇ ਓਹਨਾ ਦਾ ਸਾਥ ਨਾ ਦਿੱਤਾ, ਤੇ ਬਾਈ ਜੀ ਸਦਾ ਲਈ ਸਾਨੂੰ ਵਿਛੋੜਾ ਦੇ ਗਏ। ਉਨ੍ਹਾਂ ਦੀ ਆਖਰੀ ਇੱਛਾ ਮੁਤਾਬਿਕ ਉਨ੍ਹਾਂ ਦਾ ਸਰੀਰ ਖੋਜ ਕਾਰਜਾਂ ਲਈ ਹਸਪਤਾਲ ਨੂੰ ਦਾਨ ਕਰ ਦਿੱਤਾ ਗਿਆ ਹੈ।

# ਇੰਡੋ-ਕੈਨੇਡੀਅਨ ਤਰਕਸ਼ੀਲ ਲਹਿਰ ਦੇ ਮਹਿਬੂਬ ਬਾਈ ਅਵਤਾਰ ਦੀ ਯਾਦ 'ਚ ਵਿਲੱਖਣ ਤਰ੍ਹਾਂ ਦਾ ਸਤਿਕਾਰ ਸਮਾਗਮ




















ਜਗਰਾਉਂ, (ਬਲਜਿੰਦਰ ਸਿੰਘ ਪਟਿਆਲਾ) : ਪੈਂਤੀ ਸਾਲ ਤੋਂ ਕੈਨੇਡਾ ਦੇ ਸ਼ਹਿਰ ਸਰੀ ਦੇ ਵਸਨੀਕ ਤਰਕਸ਼ੀਲ ਲਹਿਰ ਦੇ ਮੋਢੀ ਆਗੂ ਬਾਈ ਅਵਤਾਰ ਗਿੱਲ ਬੀਤੇ 14 ਮਾਰਚ 2026 ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦੀ ਵਸੀਅਤ ਮੁਤਾਬਿਕ ਉਨ੍ਹਾਂ ਦੀ ਮ੍ਰਿਤਕ ਦੇਹ ਪਰਿਵਾਰ ਵਲੋਂ ਈ ਐਸ ਆਈ ਹਸਪਤਾਲ ਅਤੇ ਕਾਲਜ ਲੁਧਿਆਣਾ ਵਿਖੇ 16 ਮਾਰਚ ਨੂੰ ਸੰਗੀਆਂ ਸਾਥੀਆਂ ਦੇ ਵੱਡੇ ਕਾਫ਼ਲੇ ਵਲੋਂ ਭੇਟ ਕਰ ਦਿੱਤੀ ਗਈ ਸੀ। 20 ਮਾਰਚ ਨੂੰ ਉਨ੍ਹਾਂ ਦੀ ਯਾਦ ਵਿੱਚ ਪਰਿਵਾਰ ਵਲੋਂ ਜਨਤਕ ਜਥੇਬੰਦੀਆਂ ਦੇ ਸਹਿਯੋਗ ਨਾਲ ਸਥਾਨਕ ਦੀਪਕ ਪੈਲੇਸ ਵਿਖੇ ਇੱਕ ਵੱਖਰੀ ਕਿਸਮ ਦੇ ਸਤਕਾਰ ਸਮਾਗਮ ਦਾ ਆਯੋਜਨ ਕੀਤਾ ਗਿਆ। ਵੈਸੇ ਇਹੀ 20 ਮਾਰਚ ਬਾਈ ਅਵਤਾਰ ਨੇ ਸਬੰਧਤ ਤਰਕਸ਼ੀਲ, ਇਨਕਲਾਬੀ ਅਤੇ ਹੋਰ ਸਾਥੀ ਆਗੂਆਂ ਨਾਲ ਮਿਲ ਕੇ 'ਜੱਗ ਜਿਉਂਦਿਆਂ ਦੇ ਮੇਲੇ' ਪ੍ਰੋਗਰਾਮ ਕਰਨ ਦੀ ਵਿਉਂਤ ਖ਼ੁਦ ਬਣਾਈ ਸੀ। ਪਰ ਅਚਨਚੇਤੀ ਉਨ੍ਹਾਂ ਦੀ ਸਿਹਤ ਇਕਦਮ ਖਰਾਬ ਹੋਣ ਕਾਰਣ ਕੁਝ ਦਿਨ ਹਸਪਤਾਲ ਦਾਖਲ ਰਹਿਣ ਤੋਂ ਬਾਅਦ 14 ਮਾਰਚ ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਇਸ ਸਤਿਕਾਰ ਸਮਾਗਮ ਸਮੇਂ ਉੱਘੇ ਰੰਗਕਰਮੀ ਸੁਰਿੰਦਰ ਸ਼ਰਮਾ ਅਤੇ ਜਸਵੰਤ ਜ਼ੀਰਖ ਦੀ ਮੰਚ ਸੰਚਾਲਨਾ ਹੇਠ ਸਭ ਤੋਂ ਪਹਿਲਾਂ ਹਾਜ਼ਰ ਸੈਂਕੜੇ ਸਨੇਹੀਆਂ ਨੇ ਵਿਛੜੇ ਆਗੂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸਤਿਕਾਰ ਭੇਟ ਕੀਤਾ। ਹਾਜ਼ਰੀਨ ਵਲੋਂ ਉਨ੍ਹਾਂ ਦੀ ਤਸਵੀਰ ਤੇ ਫੁੱਲ ਪੱਤੀਆਂ ਭੇਟ ਕਰਕੇ ਸ਼ਰਧਾਜਲੀ ਦਿੱਤੀ ਗਈ।

ਸਭ ਤੋਂ ਪਹਿਲਾਂ ਕੈਨੇਡਾ ਵਸਦੇ ਬੱਚਿਆਂ ਵਲੋਂ 'ਜ਼ਿੰਦਗੀ ਜ਼ਿੰਦਾਬਾਦ' ਦੇ ਸਿਰਲੇਖ ਹੇਠ ਤਿਆਰ ਕੀਤੇ ਸਲਾਈਡ ਸ਼ੋਅ ਰਾਹੀਂ ਬਾਈ ਅਵਤਾਰ ਦੀ ਸਮੁੱਚੀ ਜ਼ਿੰਦਗੀਨੂੰ ਤਸਵੀਰਾਂ ਰਾਹੀਂ ਬਿਆਨ ਕੀਤਾ ਗਿਆ। ਇਸ ਸ਼ੋਅ ਚ ਛੋਟੇ ਪੋਤਰੇ ਪੋਤਰੀਆਂ, ਦੋਹਤੇ, ਦੋਹਤੀਆਂ ਨੇ ਸੱਤ ਸਮੁੰਦਰੋ ਪਾਰ ਆਪਣੀਆਂ ਯਾਦਾਂ ਮਨੁੱਖਤਾ ਦੀ ਮੁਕਤੀਦੇ ਵਾਹਕ ਬਾਪੂ ਨਾਲ ਸਾਂਝੀਆਂ ਕੀਤੀਆਂ ਤਾਂ ਮਾਹੌਲ ਸੱਚਮੁੱਚ ਸੋਗਮਈ ਹੋ ਗਿਆ ਸੀ। ਵਿਛੜਨ ਤੋਂ 4-5 ਦਿਨ ਪਹਿਲਾਂ ਹੀ ਉਹਨਾਂ ਨੇ ਆਪਣੀਆਂ ਅੱਖਾਂ ਦਾ ਚੈਕਅਪ ਉਘੇ ਡਾ. ਰਮੇਸ਼ ਜੀ ਦੇ ਪੁਨਰ ਜੋਤ ਹਸਪਤਾਲ ਪਾਸੋਂ ਕਰਵਾਉਣ ਵੇਲੇ ਆਪਣੇ ਜੋ ਵਲਵਲੇ ਸਾਂਝੇ ਕੀਤੇ, ਉਹਨਾਂ ਨੂੰ ਡਾਕਟਰ ਸਾਹਿਬ ਵੱਲੋਂ ਰਿਕਾਰਡ ਕੀਤਾ ਗਿਆ, ਜਿਹਨਾਂ ਨੂੰ ਇਸ ਵੇਲੇ ਦਰਸ਼ਕਾਂ ਦੇ ਰੂਬਰੂ ਕੀਤਾ ਗਿਆ। ਇਸ ਉਪਰੰਤ ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ, ਜਗਸੀਰ ਜੀਦਾ, ਰਾਮ ਸਿੰਘ ਹਠੂਰ ਨੇ ਗੀਤ ਤੇ ਕਵੀਸ਼ਰੀਆਂ ਪੇਸ਼ ਕੀਤੀਆਂ। ਕਸਤੂਰੀ ਲਾਲ ਨੇ ਬਾਈ ਅਵਤਾਰ ਦੀ ਪੰਸਦੀਦਾ ਕਵਿਤਾ 'ਗੁਰੂ ਨਾਨਕ ਤੇ ਅੱਜ' ਨੂੰ ਤਰੁੰਨਮ 'ਚ ਗਾ ਕੇ ਮਾਹੌਲ ਬੰਨ ਦਿੱਤਾ। ਸ਼ਰਧਾਂਜਲੀ ਭੇਟ ਕਰਨ ਵਾਲਿਆਂ 'ਚ ਤਰਕਸ਼ੀਲ ਲਹਿਰ ਦੇ ਆਗੂ ਬਲਦੇਵ ਰਹਿਪਾ, ਗੁਰਮੇਲ ਗਿੱਲ, ਰਜਿੰਦਰ ਭਦੌੜ, ਜਮਹੂਰੀ ਅਧਿਕਾਰ ਸਭਾ ਦੇ ਪ੍ਰਧਾਨ ਪ੍ਰੋ ਜਗਮੋਹਨ ਸਿੰਘ, ਪ ਲ ਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ, ਇਨਕਲਾਬੀ ਕੇਂਦਰ ਪੰਜਾਬ ਦੇ ਆਗੂ ਕੰਵਲਜੀਤ ਖੰਨਾ, ਕਿਸਾਨ ਆਗੂ ਸੁਦਾਗਰ ਸਿੰਘ ਘੁਡਾਣੀ, ਲੋਕ ਗਾਇਕ ਗਿੱਲ ਹਰਦੀਪ ਸ਼ਾਮਲ ਸਨ। ਬੁਲਾਰਿਆਂ ਨੇ ਬਾਈ ਅਵਤਾਰ ਗਿੱਲ ਦੀ ਸਮੁੱਚੀ ਜ਼ਿੰਦਗੀ ਨੂੰ ਸਮਾਜ 'ਚੋਂ ਅੰਧ ਵਿਸ਼ਵਾਸ, ਪਾਖੰਡਾਂ, ਪਿਛਾਖੜੀ ਸੋਚ ਖਿਲਾਫ ਜਦੋਜਹਿਦ ਦੀ ਸਫਲ ਤੇ ਗੌਰਵਮਈ ਗਾਥਾ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਕੈਨੇਡਾ ਦੀ ਧਰਤੀ ਤੇ ਜਿੱਥੇ ਭਾਰਤੀ ਮਾਨਸਿਕ ਕੂੜ ਕਬਾੜ ਵੀਨਾਲ ਹੀ ਲੈ ਜਾਂਦੇ ਹਨ, ਦੀ ਸੋਚ ਬਦਲਣ ਲਈ ਬਾਈ ਅਵਤਾਰ ਨੇ ਨਾਟਕਾਂ, ਸੈਮੀਨਾਰਾਂ, ਗੋਸ਼ਟੀਆਂ ਦੀ ਨਿਰੰਤਰ ਲੜੀ ਚਲਾਈ। ਰਾਜਨੀਤਕ ਤੌਰ ਤੇ ਇਨਕਲਾਬੀ ਲਹਿਰ ਨਾਲ ਜੁੜ ਕੇ ਪੰਜਾਬ ਤੇ ਕੈਨੇਡਾ 'ਚ ਉਨ੍ਹਾਂ ਹਰ ਗਲਤ ਵਰਤਾਰੇ ਦਾ ਡੱਟ ਕੇ ਵਿਰੋਧ ਕੀਤਾ। ਇਸ ਮੌਕੇ ਦੇਸ਼ ਅਤੇ ਵਿਦੇਸ਼ ਵਿੱਚੋਂ ਅਨੇਕਾਂ ਜੱਥੇਬੰਦੀਆਂ ਅਤੇ ਸਨੇਹੀਆਂ ਵੱਲੋਂ ਆਏ ਸੋਕ ਮਤੇ ਤਰਕਸ਼ੀਲ ਆਗੂ ਜਸਵੰਤ ਜ਼ੀਰਖ ਵੱਲੋਂ ਪੜ੍ਹੇ ਗਏ। ਇਸ ਸਮੇਂ ਤਰਕਸ਼ੀਲ ਰੈਸ਼ਨਲ ਸੁਸਾਇਟੀ ਕੈਨੇਡਾ ਅਤੇ ਸਹਿਯੋਗੀ ਤਰਕਸ਼ੀਲ ਸੁਸਾਇਟੀ ਪੰਜਾਬ ਅਤੇ ਲੋਕ ਕਲਾ ਮੰਚ ਵਲੋਂ ਸਮੂਹ ਪਰਿਵਾਰ ਨੂੰ ਸਨਮਾਨ ਪੱਤਰ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਕ ਸਨਮਾਨ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਬਰਨਾਲਾ ਇਕਾਈ ਵਲੋਂ ਵੀ ਕੀਤਾ ਗਿਆ। ਸਨਮਾਨ ਪੱਤਰ ਤਰਕਸ਼ੀਲ ਆਗੂ ਬਲਵਿੰਦਰ ਬਰਨਾਲਾ ਨੇ ਪੜ੍ਹ ਕੇ ਸਾਂਝਾ ਕੀਤਾ। ਇਸ ਸਮਾਗਮ ਦੇ ਅੰਤਿਮ ਪੜਾਅ ਤੇ ਲੋਕ ਕਲਾ ਮੰਚ ਮੰਡੀ ਮੁਲਾਂਪੁਰ ਵਲੋਂ ਸੁਰਿੰਦਰ ਸ਼ਰਮਾ ਦਾ ਰਚਿਆ ਅਤੇ ਨਿਰਦੇਸ਼ਿਤ, ਪਰਵਾਸ ਦੀਆਂ ਕਠਿਨਾਈਆਂ ਅਤੇਦੁਸ਼ਵਾਰੀਆਂ ਤੇ ਚੋਟ ਕਰਦਾ ਬੇਹੱਦ ਭਾਵਪੂਰਤ ਅਤੇ ਸੰਦੇਸ਼ਾਤਮਕ ਨਾਟਕ 'ਦੋ ਰੋਟੀਆਂ' ਪੇਸ਼ ਕਰਕੇ ਵਾਹਵਾ ਹਾਸਲ ਕੀਤੀ। ਪਰਿਵਾਰ ਵਲੋਂ ਬੇਟੇ ਜਗਦੀਪ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ। ਇਸ ਸਮੇਂ ਵੱਖ ਵੱਖ ਜਥੇਬੰਦੀਆਂ ਦੇ ਆਗੂ ਜੋਗਿੰਦਰ ਸਿੰਘ ਉਗਰਾਹਾਂ, ਝੰਡਾ ਸਿੰਘ ਜੇਠੂ ਕੇ, ਨਾਰਾਇਣ ਦੱਤ, ਨਰਭਿੰਦਰ, ਸਵਰਨ ਭੰਗੂ, ਬੂਟਾ ਸਿੰਘ ਮਹਿਮੂਦਪੁਰ, ਕਰਮਜੀਤ ਮਾਣੂੰਕੇ, ਤਰਕਸ਼ੀਲ ਮੈਗਜੀਨ ਦੇ ਸੰਪਾਦਕ ਰਾਜਪਾਲ, ਜੁਗਿੰਦਰ ਕੁੱਲੇਵਾਲ, ਰਾਮਸਵਰਨ ਲੱਖੇਵਾਲੀ, ਸੁਰਜੀਤ ਦੌਧਰ, ਕਰਤਾਰ ਵਿਰਾਨ, ਹਰਚੰਦ ਭਿੰਡਰ, ਰਾਮਕੁਮਾਰ ਡਕਡੱਬਾ, ਇੰਦਰਜੀਤ ਸਿੰਘ ਧਾਲੀਵਾਲ, ਹਰਚਰਨ ਚੰਨਾ, ਗੁਰਦੀਪ ਸਿੰਘ ਮੋਤੀ, ਹਿੰਮਤ ਵਰਮਾ, ਅਸ਼ੋਕ ਭੰਡਾਰੀ, ਸਤਿੰਦਰ ਪਾਲ ਸਿੰਘ ਕਾਕਾ ਗਰੇਵਾਲ, ਕਾ. ਗੁਰਮੇਲ ਰੂਮੀ, ਸਰਬਜੀਤ ਓਖਲਾ, ਹਰਭਗਵਾਨ ਭੀਖੀ ਸਮੇਤ ਵੱਡੀ ਗਿਣਤੀ ਵਿੱਚ ਪਰਿਵਾਰ, ਰਿਸ਼ਤੇਦਾਰ ਅਤੇ ਦਰਜਨ ਦੇ ਕਰੀਬ ਜਥੇਬੰਦੀਆਂ ਦੇ ਆਗੂ ਵਰਕਰ ਹਾਜ਼ਰ ਸਨ। ਇਸ ਸਮੇਂ ਪੁਸਤਕ ਪ੍ਰਦਰਸ਼ਨੀਆਂ ਵੀ ਖਿੱਚ ਦਾ ਕੇਂਦਰ ਰਹੀਆਂ।


SHAAN CONSTRUCTION LTD.



- General Contracting
- Quality Custom Homes
- Quality Framing
- 2-5-10 Year Warranty

25+ years of experience

Call for a Free Estimate

MALKIT SWAICH

778.889.9526





Tri-City Professional Realty Inc. Brokerage

"Aiming Straight with Honesty and Integrity"

Since 1987 on Full Time Basis

Dri: 416-254-7573, Off.: 905-793-5777

Email : pdosanjh2005@yahoo.com



Paul Dosanjh
Sales Representative


TANGERINE DEVELOPMENTS LTD

Channi Makkar
Vice President, Construction

Mobile : 604-783-0745
Office : 604-652-2733

channi@tangerinedevelopments.com
tangerinedevelopments.com

203 - 15350 Croydon Drive
Surrey, BC V2Z 0Z5



# ਭਾਰਤੀ ਹਾਕਮ 23 ਮਾਰਚ ਦੇ ਸ਼ਹੀਦਾਂ ਦੇ ਬੁੱਤਾਂ ਨੂੰ ਹਾਰ ਤਾਂ ਪਹਿਨਾਉਂਦੇ ਹਨ, ਪਰ ਉਨ੍ਹਾਂ ਦੇ ਵਿਚਾਰਾਂ ਨੂੰ ਨਹੀਂ ਅਪਣਾਉਂਦੇ : ਪ੍ਰੋ. ਜਗਮੋਹਨ/ਐਡਵੋਕੇਟ ਜ਼ੀਰਖ








ਲੁਧਿਆਣਾ, (ਬਲਜਿੰਦਰ ਸਿੰਘ ਪਟਿਆਲਾ) : ਵੱਖ ਵੱਖ ਜਥੇਬੰਦੀਆਂ ਵੱਲੋਂ ਸਥਾਨਕ ਜ਼ਿਲ੍ਹਾ ਕਚਹਿਰੀ ਵਿਖੇ ਸਥਿਤ ਪੈਨਸ਼ਨਰ ਭਵਨ ਵਿੱਚ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵਿਚਾਰ ਚਰਚਾ ਦਾ ਆਯੋਜਨ ਕੀਤਾ ਗਿਆ। ਪ੍ਰੋ. ਜਗਮੋਹਨ ਸਿੰਘ, ਹਰਪ੍ਰੀਤ ਜ਼ੀਰਖ, ਰਮਨਜੀਤ ਸੰਧੂ, ਜਸਵੰਤ ਜ਼ੀਰਖ, ਕਸਤੂਰੀ ਲਾਲ ਦੀ ਪ੍ਰਧਾਨਗੀ ਹੇਠ ਹੋਏ ਇਸ ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਜਨਤਕ ਜਮਹੂਰੀ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਸ਼ਮੂਲੀਅਤ ਕੀਤੀ।

ਪ੍ਰੋਗਰਾਮ ਦੀ ਸ਼ੁਰੂਆਤ ਕਸਤੂਰੀ ਲਾਲ ਅਤੇ ਸਤੀਸ਼ ਸੱਚਦੇਵਾ ਵੱਲੋਂ ਗਾਏ ਇਨਕਲਾਬੀ ਗੀਤਾਂ ਉਪਰੰਤ ਸ਼ਹੀਦਾਂ ਨੂੰ ਫੁੱਲ ਭੇਂਟ ਕਰਨ ਨਾਲ ਹੋਈ। ਇਸ ਸਮੇਂ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਬੁਲਾਰਿਆਂ ਐਡਵੋਕੇਟ ਹਰਪ੍ਰੀਤ ਜ਼ੀਰਖ ਅਤੇ ਪ੍ਰੋਫੈਸਰ ਜਗਮੋਹਨ ਸਿੰਘ ਨੇ ਕਿਹਾ ਕਿ ਸ਼ਹੀਦਾਂ ਦੇ ਦਿਨ ਮਨਾਉਣਾ ਮਹਿਜ਼ ਇੱਕ ਰਸਮ ਬਣ ਕੇ ਨਾ ਰਹਿ ਜਾਵੇ, ਸਗੋਂ ਸ਼ਹੀਦਾਂ ਦਾ ਦਿਨ ਉਨ੍ਹਾਂ ਵੱਲੋਂ ਚਿਤਵੇ ਲੁੱਟ ਰਹਿਤ ਸਮਾਜ ਸਿਰਜਣ ਦੇ ਕਾਰਜ ਨੂੰ ਅੱਗੇ ਤੋਰਨ ਵਜੋਂ ਹੋਣਾ ਚਾਹੀਦਾ ਹੈ। ਸ਼ਹੀਦ ਭਗਤ ਸਿੰਘ ਜੋ ਕਿ ਗਦਰੀ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਰੂਸੀ ਇਨਕਲਾਬੀ ਆਗੂ ਲੈਨਿਨ ਨੂੰ ਆਪਣਾ ਆਦਰਸ਼ ਮੰਨਦਾ ਸੀ ਅਤੇ ਰੂਸ ਵਾਂਗ ਭਾਰਤ ਵਿੱਚ ਵੀ ਇਨਕਲਾਬ ਰਾਹੀਂ ਸਮਾਜਵਾਦ ਸਥਾਪਿਤ ਕਰਨਾ ਚਾਹੁੰਦਾ ਹੈ। ਹਰਪ੍ਰੀਤ ਜ਼ੀਰਖ ਨੇ ਮੁਗਲ ਰਾਜਾ ਸ਼ਾਹੀ ਵੇਲੇ ਤੋਂ ਅੱਜ ਤੱਕ ਦਾ ਇਤਿਹਾਸਿਕ ਪਿਛੋਕੜ ਸਾਂਝਾ ਕਰਦਿਆਂ ਹਕੂਮਤੀ ਜ਼ੁਲਮਾਂ ਖਿਲਾਫ ਗੁਰੂਆਂ ਅਤੇ ਉਹਨਾਂ ਤੋਂ ਬਾਅਦ ਗਦਰ ਲਹਿਰ ਸਮੇਤ 23 ਮਾਰਚ ਦੇ ਸ਼ਹੀਦਾਂ ਵੱਲੋਂ ਸਾਮਰਾਜੀ ਲੁੱਟ ਖ਼ਿਲਾਫ਼ ਨਿਭਾਈ ਸ਼ਾਨਾਮੱਤੀ ਭੂਮਿਕਾ ਨੂੰ ਬਾਖੂਬੀ ਪੇਸ਼ ਕੀਤਾ। ਉਨ੍ਹਾਂ ਮੌਜੂਦਾ ਭਾਰਤੀ ਹਾਕਮਾਂ ਦੀ ਅੰਗਰੇਜ਼ਾਂ ਨਾਲ ਤੁਲਨਾ ਕਰਦਿਆਂ ਕਿਹਾ ਕਿ ਇਹ ਸ਼ਹੀਦਾਂ ਦੇ ਬੁੱਤਾਂ ਨੂੰ ਹਾਰ ਤਾਂ ਪਹਿਨਾਉਂਦੇ ਹਨ ਪਰ ਉਨ੍ਹਾਂ ਦੇ ਵਿਚਾਰ ਅਪਨਾਉਣ ਤੋਂ ਭੱਜਦੇ ਹਨ। ਇਸ ਦਾ ਸਬੂਤ ਅੰਗਰੇਜ਼ੀ ਰਾਜ ਤੋਂ ਵੀ ਖਤਰਨਾਕ ਕਾਨੂੰਨ ਅੱਜ ਵੀ ਭਾਰਤ ਵਿੱਚ ਲਾਗੂ ਕਰਨ ਤੋਂ ਮਿਲਦਾ ਹੈ, ਜਿਹਨਾਂ ਰਾਹੀਂ ਸਰਕਾਰ ਦੀ ਅਲੋਚਨਾ ਕਰਨ ਵਾਲੇ ਲੇਖਕਾਂ/ਬੁੱਧੀਜੀਵਿਆਂ/ਪੱਤਰਕਾਰਾਂ/ਸਮਾਜਿਕ ਕਾਰਕੁਨਾਂ 'ਤੇ ਝੂਠੇ ਕੇਸ ਦਰਜ ਕਰਕੇ ਜੇਲ੍ਹਾਂ ਵਿੱਚ ਬੰਦ ਕੀਤਾ ਜਾ ਰਿਹਾ। ਪ੍ਰੋ. ਜਗਮੋਹਨ ਸਿੰਘ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਨੇ ਇਨਕਲਾਬ ਜ਼ਿੰਦਾਬਾਦ ਦੇ ਨਾਲ ਸਾਮਰਾਜਵਾਦ ਮੁਰਦਾਬਾਦ ਦਾ ਨਾਅਰਾ ਵੀ ਦਿੱਤਾ ਸੀ, ਪਰ ਮੌਜੂਦਾ ਸਰਕਾਰਾਂ ਜਾਣ ਬੁੱਝਕੇ ਇਸ ਮੁਰਦਾਬਾਦ ਨੂੰ ਨਜ਼ਰ-ਅੰਦਾਜ਼ ਕਰ ਰਹੀਆਂ ਹਨ, ਜਦੋਂਕ ਸਾਮਰਾਜੀ ਮੁਲਕ ਗਰੀਬ ਮੁਲਕਾਂ ਦੇ ਕੁਦਰਤੀ ਸਰੋਤਾਂ ਦੀ ਲੁੱਟ ਕਰਦੇ ਆ ਰਹੇ ਹਨ। ਮੌਜੂਦਾ ਸਮੇਂ ਸਾਮਰਾਜੀ ਅਮਰੀਕਾ ਅਤੇ ਇਜ਼ਰਾਇਲ ਵੱਲੋਂ ਵਿਸ਼ਵ ਊਰਜਾ ਮੰਡੀ ਤੇ ਕਬਜ਼ਾ ਕਰਨ ਦੀ ਨੀਅਤ ਨਾਲ ਨਿਹੱਕੀ ਜੰਗਾਂ ਰਾਹੀਂ ਕੁਦਰਤੀ ਸਰੋਤਾਂ ਤੇ ਕਬਜ਼ਾ ਕਰਨ ਲਈ ਮਨੁੱਖਤਾ ਲਈ ਖਤਰਾ ਬਣ ਰਹੇ ਹਨ, ਜਿਸ ਦੀ ਮਾਰ ਪੂਰੇ ਵਿਸ਼ਵ ਨੂੰ ਝੱਲਣੀ ਪੈ ਰਹੀ ਹੈ। ਬੁਲਾਰਿਆਂ ਨੇ ਮੌਜੂਦਾ ਸਮੇਂ ਵਿੱਚ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ, ਵਿਦਿਆਰਥੀਆਂ, ਨੌਜਵਾਨਾਂ ਨੂੰ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੇ ਦਿਖਾਏ ਰਾਹ ਤੇ ਚਲਦਿਆਂ ਸੰਘਰਸ਼ ਦੇ ਰਾਹ ਪੈ ਕੇ ਸਾਮਰਾਜੀ ਰਾਜ ਪ੍ਰਬੰਧ ਖ਼ ?ਲਾਫ਼ ਉੱਠਣ ਦਾ ਸੰਦੇਸ਼ ਦਿੱਤਾ।

ਸਵਾਲਾਂ ਦੇ ਦੌਰ 'ਚ ਉਜਾਗਰ ਬੱਦੋਵਾਲ, ਮਾ. ਰਾਜਿੰਦਰ ਜੰਡਿਆਲੀ, ਕਸਤੂਰੀ ਲਾਲ ਵੱਲੋਂ ਕੀਤੇ ਸਵਾਲਾਂ ਦੇ ਜਵਾਬ ਪ੍ਰੋ ਜਗਮੋਹਨ ਸਿੰਘ ਵੱਲੋਂ ਤਸੱਲੀ ਬਖ਼ਸ ਦਿੱਤੇ ਗਏ। ਅੰਤ ਵਿੱਚ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਜਸਵੰਤ ਜ਼ੀਰਖ ਨੇ ਧੰਨਵਾਦ ਕਰਦਿਆਂ ਸਾਰੀਆਂ ਜੱਥੇਬੰਦੀਆਂ ਨੂੰ ਇੱਕ ਮੰਚ 'ਤੇ ਇਕੱਠੇ ਹੋਕੇ ਅਗਲਾ ਪ੍ਰੋਗਰਾਮ ਉਲੀਕਣ ਦਾ ਸੱਦਾ ਦਿੱਤਾ। ਇਸ ਵਿਚਾਰ ਚਰਚਾ ਵਿੱਚ ਮੁਲਾਜ਼ਮ ਆਗੂ ਸੁਖਵਿੰਦਰ ਲੀਲ੍ਹ ਨੇ ਮੰਚ ਸੰਚਾਲਨ ਬਾਖੂਬੀ ਨਿਭਾਇਆ। ਇਸ ਵਿਚਾਰ ਚਰਚਾ ਦਾ ਸਮੁੱਚਾ ਪ੍ਰਬੰਧ ਜਮਹੂਰੀ ਅਧਿਕਾਰ ਸਭਾ ਪੰਜਾਬ (ਜ਼ਿਲ੍ਹਾ ਲੁਧਿਆਣਾ) ਡੈਮੋਕਰੇਟਿਕ ਮੁਲਾਜ਼ਮ ਫੈਡਰੇਸ਼ਨ-ਪੰਜਾਬ (ਲੁਧਿਆਣਾ) ਤਰਕਸ਼ੀਲ ਸੁਸਾਇਟੀ ਪੰਜਾਬ (ਲੁਧਿਆਣਾ) ਪੰਜਾਬ ਲੋਕ ਸੱਭਿਆਚਾਰ ਮੰਚ, ਗ਼ਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਲੁਧਿਆਣਾ ਜੱਥੇਬੰਦੀਆਂ ਵੱਲੋਂ ਕੀਤਾ ਗਿਆ। ਸਮਾਗਮ ਵਿੱਚ ਔਰਤਾਂ ਦੀ ਗਿਣਤੀ ਵੀ ਸ਼ਲਾਘਾਯੋਗ ਸੀ ਜਿਹਨਾਂ ਵਿੱਚ ਪ੍ਰਵੀਨ ਕੁਮਾਰੀ, ਅਮਨਦੀਪ ਕੌਰ, ਇੰਦਰਜੀਤ ਕੌਰ, ਪਰਮਜੀਤ ਕੌਰ ਸੁਨੇਤ, ਜਸਵੀਰ ਕੌਰ ਦੁਗਰੀ ਸਮੇਤ ਜੱਥੇਬੰਦੀਆਂ ਦੇ ਹੋਰ ਨੁਮਾਇੰਦਿਆਂ ਵਿੱਚ ਡਾ. ਹਰਬੰਸ ਗਰੇਵਾਲ, ਪ੍ਰੋ. ਏ. ਕੇ. ਮਲੇਰੀ, ਅਰੁਣ ਕੁਮਾਰ, ਬਲਦੇਵ ਔਲਖ (ਕੈਨੇਡਾ), ਐਡਵੋਕੇਟ ਨਰਿੰਦਰ, ਉੱਘੇ ਸਮਾਜ ਚਿੰਤਕ ਬਲਕੌਰ ਸਿੰਘ ਗਿੱਲ, ਡਾ ਬਲਵਿੰਦਰ ਔਲਖ, ਤਰਲੋਚਨ ਝਾਂਡੇ, ਬਲਵਿੰਦਰ ਸਿੰਘ, ਅਜਮੇਰ ਦਾਖਾ, ਪ੍ਰਮਜੀਤ ਸਿੰਘ, ਤਰਲੋਚਨ ਪਨੇਸਰ, ਹਿੰਮਤ ਸਿੰਘ, ਸਤੀਸ਼ ਸੱਚਦੇਵਾ, ਧਰਮਪਾਲ ਸਿੰਘ, ਮਾ. ਰੁਪਿੰਦਰ ਪਾਲ ਗਿੱਲ, ਮਾ. ਪ੍ਰਮਜੀਤ ਪਨੇਸਰ, ਮਲਕੀਤ ਮਾਲੜਾ ਤੇ ਹੋਰ ਵੱਡੀ ਗਿਣਤੀ ਵਿੱਚ ਹਮਦਰਦ ਅਤੇ ਕਾਰਕੁੰਨ ਸ਼ਾਮਲ ਸਨ।

# 23 ਮਾਰਚ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਮੌਕੇ ਉਨ੍ਹਾਂ ਵੱਲੋਂ ਚਿਤਵੇ ਮਨੁੱਖੀ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਲਈ ਜੱਦੋ ਜਹਿਦ ਜਾਰੀ ਰੱਖਣ ਦਾ ਪ੍ਰਣ ਦੁਹਰਾਇਆ

ਲੁਧਿਆਣਾ, (ਬਲਜਿੰਦਰ ਸਿੰਘ ਪਟਿਆਲਾ) : ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਅਤੇ ਜਨਤਕ ਜਮਹੂਰੀ ਜੱਥੇਬੰਦੀਆਂ ਵੱਲੋਂ 23 ਮਾਰਚ, 1931 ਨੂੰ ਦੇਸ਼ ਦੀ ਆਜ਼ਾਦੀ ਲਈ ਜੂਝਦੇ ਹੋਏ, ਅੰਗਰੇਜ਼ ਹਕੂਮਤ ਵੱਲੋਂ ਫਾਂਸੀ ਚੜ੍ਹਾਏ ਸ਼ਹੀਦਾਂ ਭਗਤ ਸਿੰਘ, ਰਾਜਗੁਰੂ, ਸੁਖਦੇਵ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਸਥਾਨਕ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ ਵਿਖੇ ਉਪਰੋਕਤ ਸ਼ਹੀਦਾਂ ਦੇ ਸਥਾਪਤ ਬੁੱਤਾਂ ਨੂੰ ਹਾਰ ਪਹਿਨਾ ਕੇ ਉਹਨਾਂ ਵੱਲੋਂ ਚਿਤਵੇ ਮਨੁੱਖੀ ਬਰਾਬਰੀ, ਇਨਸਾਫ ਅਤੇ ਲੁੱਟ ਰਹਿਤ ਸਮਾਜ ਦੀ ਸਿਰਜਣਾ ਕਰਨ ਦਾ ਸੰਕਲਪ ਦੁਹਰਾਇਆ। ਜੱਥੇਬੰਦੀਆਂ ਵਿੱਚ ਜਮਹੂਰੀ ਅਧਿਕਾਰ ਸਭਾ ਪੰਜਾਬ, ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ, ਤਰਕਸ਼ੀਲ ਸੁਸਾਇਟੀ ਪੰਜਾਬ (ਲੁਧਿਆਣਾ), ਸ਼ਹੀਦ ਬਾਬਾ ਭਾਨ ਸਿੰਘ ਗਦਰ ਮੈਮੋਰੀਅਲ ਟਰਸਟ ਦੇ ਕਾਰਕੁੰਨਾਂ ਨੇ ਸ਼ਹੀਦਾਂ ਵੱਲੋਂ ਬੁਲੰਦ ਕੀਤੇ ਨਾਹਰੇ 'ਇਨਕਲਾਬ ਜ਼ਿੰਦਾਬਾਦ, ਸਾਮਰਾਜਵਾਦ ਮੁਰਦਾਬਾਦ' ਨੂੰ ਪੂਰਾ ਕਰਨ ਤੱਕ ਜੱਦੋ-ਜਹਿਦ ਜਾਰੀ ਰੱਖਣ ਦਾ ਪ੍ਰਣ ਦੁਹਰਾਇਆ। ਇਸ ਮੌਕੇ ਇਹਨਾਂ ਸ਼ਹੀਦਾਂ ਦਾ ਨਾਂ ਵਰਤਕੇ ਸਮਾਜਿਕ ਬਦਲਾਅ ਲਿਆਉਣ ਦੇ ਵਾਅਦਿਆਂ ਰਾਹੀਂ ਲੋਕਾਂ ਨੂੰ ਗੁੰਮਰਾਹ ਕਰਕੇ ਰਾਜ ਗੱਦੀਆਂ ਪ੍ਰਾਪਤ ਕਰਨ ਵਾਲੇ ਸਿਆਸਤਦਾਨਾਂ ਤੋਂ ਸੁਚੇਤ ਰਹਿਣ ਦਾ ਵੀ ਸੱਦਾ ਦਿੱਤਾ। ਮੌਜੂਦਾ ਰਾਜ ਪ੍ਰਬੰਧ ਹੇਠ ਵੱਧ ਰਹੀ ਸਰਕਾਰੀ ਅਤੇ ਗੈਰ ਸਰਕਾਰੀ ਗੁੰਡਾ ਗਰਦੀ, ਭ੍ਰਿਸ਼ਟਾਚਾਰ, ਹੱਕ ਸੱਚ ਦੀ ਆਵਾਜ਼ ਜਬਰੀ ਬੰਦ ਕਰਨ ਅਤੇ ਲੋਕ ਵਿਰੋਧੀ ਅਤੇ ਕਾਰਪੋਰੇਟ ਪੱਖੀ ਸਰਕਾਰੀ ਨੀਤੀਆਂ ਖ਼ਿਲਾਫ਼ ਨਾਹਰੇਬਾਜ਼ੀ ਕੀਤੀ ਗਈ। ਇਸ ਮੌਕੇ ਜਸਵੰਤ ਜ਼ੀਰਖ, ਰਾਕੇਸ਼ ਆਜ਼ਾਦ, ਐਡਵੋਕੇਟ ਹਰਪ੍ਰੀਤ ਜ਼ੀਰਖ, ਜਗਜੀਤ ਸਿੰਘ, ਪ੍ਰਤਾਪ ਸਿੰਘ, ਅਜਮੇਰ ਦਾਖਾ, ਮਾ. ਸੁਰਜੀਤ ਸਿੰਘ, ਮਾ. ਜਰਨੈਲ ਸਿੰਘ, ਡਾ. ਮੋਹਨ ਸਿੰਘ, ਵਰੁਣ ਕੁਮਾਰ, ਰਜੀਵ ਕੁਮਾਰ, ਮਹੇਸ਼ ਕੁਮਾਰ ਸਮੇਤ ਹੋਰ ਸ਼ਾਮਲ ਸਨ।





GALAXY Freightline Inc.
Logistics Ltd Calgary Alberta
Warehousing / Distribution
Manpreet Singh
Manager
780-604-0593
Office : 416-644-8881
7270 106 Ave SE Calgary, AB T2C 4Y5

London
Sabzi Bazaar

LONDON SABZI BAZAAR CANADA
+1 647 558 4543 | info@lsbgrocery.ca
Unit 104-106, 4026 Meadowbrook Dr, London, ON

### ਬੱਬਰ ਅਕਾਲੀ ਲਹਿਰ

# ਬਸਤੀਵਾਦੀ ਜਬਰ ਅਤੇ ਅਨਿਆਂ ਖਿਲਾਫ ਜੂਝਣ ਦੀ ਸ਼ਾਨਦਾਰ ਗਾਥਾ

**ਸੁਖਦੇਵ**

15 ਮਾਰਚ 1926 ਦੇ ਪ੍ਰਤਾਪ ਵਿੱਚ ਇੱਕ ਲੇਖ 'ਪੰਜਾਬੀ ਯੁਵਕ' ਦੇ ਨਾਂ ਹੇਠ ਛਪਿਆ। ਇਸ ਦੇ ਲੇਖਕ ਸ਼ਹੀਦ ਭਗਤ ਸਿੰਘ ਸਨ ਜਦੋਂ ਉਹ ਅਜੇ ਸਾਢੇ 18 ਸਾਲ ਦੇ ਸਨ। ਲੇਖ ਦਾ ਸਿਰਲੇਖ ਸੀ 'ਹੋਲੀ ਦੇ ਦਿਨ ਖ਼ੂਨ ਦੇ ਛਿੱਟੇ'। ਉਸ ਲੇਖ ਵਿੱਚ ਉਹਨਾਂ ਲਿਖਿਆ, "ਹੋਲੀ ਵਾਲ਼ੇ ਦਿਨ ਜਦ ਅਸੀਂ ਖੇਡਣ ਮੱਲ੍ਹਣ ਵਿੱਚ ਰੁੱਝੇ ਹੋਏ ਸਾਂ ਉਸ ਵੇਲੇ ਇਸ ਵਿਸ਼ਾਲ ਸੂਬੇ ਦੇ ਇੱਕ ਕੋਨੇ ਵਿੱਚ ਇਹ ਜਬਰਦਸਤ ਕਾਂਡ ਕੀਤਾ ਜਾ ਰਿਹਾ ਸੀ। ਸੁਣੋਗੇ ਤਾਂ ਡਰ ਜਾਓਗੇ। ਕੰਬ ਉੱਠੋਗੇ। ਲਾਹੌਰ ਸੈਂਟਰਲ ਜੇਲ੍ਹ ਵਿੱਚ ਠੀਕ ਉਸ ਦਿਨ ਛੇ ਬੱਬਰ ਅਕਾਲੀ ਫਾਂਸੀ ਉੱਤੇ ਲਟਕਾ ਦਿੱਤੇ ਗਏ। ਕਿਸ਼ਨ ਸਿੰਘ ਗੜਗੱਜ, ਸੰਤਾ ਸਿੰਘ ਜੀ, ਦਲੀਪ ਸਿੰਘ ਜੀ, ਨੰਦ ਸਿੰਘ ਜੀ, ਕਰਮ ਸਿੰਘ ਜੀ, ਧਰਮ ਸਿੰਘ ਜੀ। ਲੱਗਭੱਗ ਦੋ ਵਰ੍ਹਿਆਂ ਤੋਂ ਆਪਣੇ ਇਸ ਜੁਰਮ ਹੇਠ ਜੋ ਲਾਪਰਵਾਹੀ ਦਿਖਾ ਰਹੇ ਸਨ ਉਸ ਤੋਂ ਇਹ ਜਾਣਿਆ ਜਾ ਸਕਦਾ ਹੈ ਕਿ ਉਹ ਉਸ ਦਿਨ ਦੀ ਉਡੀਕ ਕਿੰਨੇ ਚਾਅ ਨਾਲ਼ ਕਰਦੇ ਸਨ। ਮਹੀਨਿਆਂ ਬਾਅਦ ਜੱਜ ਨੇ ਫੈਸਲਾ ਸੁਣਾਇਆ। ਪੰਜਾਂ ਨੂੰ ਫਾਂਸੀ, ਬਹੁਤਿਆਂ ਨੂੰ ਕਾਲ਼ੇ ਪਾਣੀ, ਦੇਸ਼ ਨਿਕਾਲਾ ਅਤੇ ਲੰਬੀਆਂ ਕੈਦਾਂ। ਸਾਰੇ ਗਰਜ ਉੱਠੇ। ਉਹਨਾਂ ਆਕਾਸ਼ ਨੂੰ ਆਪਣੇ ਨਾਅਰਿਆਂ ਨਾਲ਼ ਗੁੰਜਾਅ ਦਿੱਤਾ। ਅਪੀਲ ਹੋਈ, ਪੰਜ ਦੀ ਥਾਂ ਛੇ ਮੌਤ ਦੇ ਭਾਗੀ ਬਣੇ। ਉਸ ਦਿਨ ਖਬਰ ਪੜ੍ਹੀ ਕਿ ਰਹਿਮ ਦੀ ਅਪੀਲ ਕੀਤੀ ਹੈ। ਪੰਜਾਬ ਗਵਰਨਰ ਨੇ ਐਲਾਨ ਕੀਤਾ ਕਿ ਅਜੇ ਫਾਂਸੀ ਨਹੀਂ ਦਿੱਤੀ ਜਾਵੇਗੀ। ਉਡੀਕ ਸੀ, ਪਰ ਚਾਣਚੱਕ ਕੀ ਵੇਖਦੇ ਹਾਂ ਕਿ ਹੋਲੀ ਵਾਲ਼ੇ ਦਿਨ ਗਮ ਵਿੱਚ ਡੁੱਬੇ ਲੋਕਾਂ ਦਾ ਇੱਕ ਇਕੱਠ ਉਹਨਾਂ ਬਹਾਦਰਾਂ ਦੇ ਮਿ ?ਰਤਕ ਸਰੀਰਾਂ ਨੂੰ ਸਮਸ਼ਾਨ ਨੂੰ ਲਈ ਜਾ ਰਿਹਾ ਹੈ। ਚੁੱਪ ਚਾਪ ਉਹਨਾਂ ਦੀ ਅੰਤਿਮ ਕਿਰਿਆ ਹੋ ਗਈ।" ਇਸ ਲੇਖ ਵਿੱਚ ਭਗਤ ਸਿੰਘ ਨੇ ਅੱਗੇ ਲਿਖਿਆ, "ਸ. ਕਰਮ ਸਿੰਘ ਦੀ ਉਮਰ 75 ਸਾਲ ਸੀ। ਉਹ ਕਨੇਡਾ ਰਹਿ ਚੁੱਕੇ ਸਨ। ਉਹਨਾਂ ਦਾ ਇਖਲਾਕ ਪਵਿੱਤਰ ਅਤੇ ਚਰਿੱਤਰ ਆਦਰਸ਼ਕ ਸੀ। ਸਰਕਾਰ ਨੇ ਸਮਝਿਆ ਕਿ ਬੱਬਰ ਅਕਾਲੀ ਖਤਮ ਹੋ ਗਏ, ਪਰ ਉਹ ਨਿਤ ਉਨਤੀ ਕਰ ਰਹੇ ਸਨ। 18 ਵਰਿਆਂ ਦਾ ਦਲੀਪ ਸਿੰਘ ਇੱਕ ਬਹੁਤ ਸਣੱਖਾ ਸਿਹਤਮੰਦ ਨੌਜਵਾਨ ਸੀ ਅਤੇ ਉਸ ਦਾ ਡਾਕੂਆਂ ਨਾਲ਼ ਸਾਥ ਹੋ ਗਿਆ ਸੀ। ਧੰਨਾ ਸਿੰਘ ਦੀ ਸਿੱਖਿਆ ਨੇ ਉਸ ਨੂੰ ਡਾਕੂ ਤੋਂ ਇੱਕ ਸੱਚਾ ਇਨਕਲਾਬੀ ਬਣਾ ਦਿੱਤਾ। ਸਰਦਾਰ ਬੰਤਾ ਸਿੰਘ ਅਤੇ ਵਰਿਆਮ ਸਿੰਘ ਆਦਿ ਕਈ ਪ੍ਰਸਿੱਧ ਡਾਕੂ, ਡਾਕੇਜਨੀ ਛੱਡ ਕੇ ਇਹਨਾਂ ਵਿੱਚ ਆ ਰਲੇ।" 'ਬੱਬਰ ਅਕਾਲੀ ਲਹਿਰ' 1920'ਵਿਆਂ ਦੇ ਸ਼ੁਰੂ ਵਿੱਚ ਪੰਜਾਬ, ਖਾਸ ਕਰਕੇ ਦੁਆਬਾ ਖੇਤਰ ਵਿੱਚ ਉੱਭਰੀ ਲਹਿਰ ਸੀ। ਗੁਰਦੁਆਰਾ ਸੁਧਾਰ ਲਹਿਰ ਵਿੱਚੋਂ ਨਿੱਕਲ਼ੀ ਇਹ ਲਹਿਰ ਇੱਕ ਹਥਿਆਰਬੰਦ ਇਨਕਲਾਬੀ ਲਹਿਰ ਬਣ ਚੁੱਕੀ ਸੀ। ਸ਼ਾਂਤਮਈ ਢੰਗ ਨਾਲ਼ ਚੱਲਣ ਵਾਲ਼ੀ ਗੁਰਦੁਆਰਾ ਸੁਧਾਰ ਲਹਿਰ 'ਤੇ, ਗੁਰਦੁਆਰਿਆਂ 'ਤੇ ਕਾਬਜ ਮਹੰਤਾਂ ਦੀ ਜੁੰਡਲੀ ਅਤੇ ਅੰਗਰੇਜ ਹਕੂਮਤ ਵੱਲੋਂ ਵਹਿਸ਼ੀ ਜਬਰ ਕਾਰਨ, ਇਸ ਖਿੱਤੇ ਦੇ ਇਨਕਲਾਬੀਆਂ ਨੇ ਮਹਿਸੂਸ ਕੀਤਾ ਕਿ ਇਸ ਜਬਰ ਜੁਲਮ ਦੀ ਨੀਤੀ ਨਾਲ਼ ਹਥਿਆਰਬੰਦ ਟੱਕਰ ਲੈਣ ਦਾ ਸਮਾਂ ਆ ਗਿਆ ਹੈ। ਬਹੁਤ ਸਾਰੇ ਬੱਬਰ ਅਕਾਲੀ ਸਾਬਕਾ ਫੌਜੀ ਸਨ ਜੋ ਮੰਨਦੇ ਸਨ ਕਿ ਅੰਗਰੇਜਾਂ ਨੂੰ ਹਥਿਆਰਬੰਦ ਸੰਘਰਸ਼ ਨਾਲ਼ ਹੀ ਕੱਢਿਆ ਜਾ ਸਕਦਾ ਹੈ। ਬੱਬਰ ਅਕਾਲੀ ਕਾਰਕੁਨਾਂ 'ਤੇ ਗੁਰਦੁਆਰਾ ਸੁਧਾਰ ਲਹਿਰ ਦੇ ਨਾਲ਼ ਨਾਲ਼ ਗਦਰ ਲਹਿਰ ਦਾ ਵੀ ਬਹੁਤ ਅਸਰ ਸੀ। ਝੋਲ਼ੀ ਚੁੱਕਾਂ ਅਤੇ ਮੁਖਬਰਾਂ ਦਾ ਸਫਾਇਆ ਕਰਨਾ ਬੱਬਰ ਅਕਾਲੀਆਂ ਦਾ ਮੁੱਖ ਨਿਸ਼ਾਨਾ ਸੀ। ਉਹਨਾਂ ਨੇ ਸਰਕਾਰੀ ਖਜਾਨਾ ਲੁੱਟਣ ਅਤੇ ਪੁਲਿਸ ਤੋਂ ਹਥਿਆਰ ਖੋਹਣ ਦੀਆਂ ਕਾਰਵਾਈਆਂ ਵੀ ਕੀਤੀਆਂ। ਉਹਨਾਂ ਨੇ ਆਪਣੀ ਵਿਚਾਰਧਾਰਾ ਦੇ ਪ੍ਰਚਾਰ ਲਈ 'ਬੱਬਰ ਅਕਾਲੀ ਦੁਆਬਾ' ਨਾਂ ਦਾ ਇੱਕ ਗੁਪਤ ਅਖਬਾਰ ਵੀ ਕੱਢਿਆ। ਇਸ ਲਹਿਰ ਦੇ ਮੁੱਖ ਆਗੂ ਸਾਬਕਾ ਫੌਜੀ ਕਿਸ਼ਨ ਸਿੰਘ ਗੜਗੱਜ ਸਨ। ਮਾਸਟਰ ਮੋਤਾ ਸਿੰਘ ਵੀ ਲਹਿਰ ਦੇ ਮੁੱਖ ਆਗੂਆਂ ਵਿੱਚੋਂ ਸਨ। ਇਹਨਾਂ ਤੋਂ ਇਲਾਵਾ ਕਰਮ ਸਿੰਘ ਦੌਲਤਪੁਰ, ਬਾਬੂ ਸੰਤਾ ਸਿੰਘ ਅਤੇ ਧੰਨਾ ਸਿੰਘ ਬਹਿਬਲਪੁਰ ਮੁੱਖ ਨਾਂ ਹਨ। ਆਪਣੇ ਹੀ "ਸਾਥੀਆਂ" ਦੀ ਗਦਾਰੀ ਕਾਰਨ ਬਹੁਤ ਸਾਰੇ ਬੱਬਰ ਅਕਾਲੀ ਫੜੇ ?ਹ ਗਏ ਅਤੇ ਕਈ ਪੁਲਿਸ ਮੁਕਾਬਲੇ ਵਿੱਚ ਸ਼ਹੀਦ ਹੋ ਗਏ। ਬਹੁਤ ਸਾਰੇ ਹੋਰਾਂ ਨੂੰ ਕਾਲ਼ੇ ਪਾਣੀ, ਉਮਰ ਕੈਦ ਅਤੇ ਲੰਬੀਆਂ ਸਜਾਵਾਂ ਦਿੱਤੀਆਂ ਗਈਆਂ। 27 ਫਰਵਰੀ 1926 ਨੂੰ ਕਿਸ਼ਨ ਸਿੰਘ ਗੜਗੱਜ ਸਮੇਤ ਛੇ ਬੱਬਰ ਅਕਾਲੀਆਂ ਨੂੰ ਲਾਹੌਰ ਸੈਂਟਰਲ ਜੇਲ੍ਹ ਵਿੱਚ ਫਾਂਸੀ ਦੇ ਦਿੱਤੀ ਗਈ। ਕੁਝ ਸਾਲ ਹੀ ਚੱਲੀ ਇਹ ਮਹਾਨ ਇਨਕਲਾਬੀ ਲਹਿਰ ਜਾਬਰ ਬਸਤੀਵਾਦੀ ਹਾਕਮਾਂ ਦੇ ਸਰਵ ਸ਼ਕਤੀਮਾਨ ਹੋਣ ਦੇ ਭਰਮ ਨੂੰ ਚਕਨਾਚੂਰ ਕਰਦੇ ਹੋਏ, ਬਸਤੀਵਾਦ ਵਿਰੋਧੀ ਲਹਿਰ ਦੀ ਮੁੱਖ ਪ੍ਰੇਰਣਾ ਸਰੋਤ ਬਣ ਗਈ। ਗੁਰਦੁਆਰਾ ਸੁਧਾਰ ਲਹਿਰ ਦੇ ਰੂਪ ਵਿੱਚ ਚੱਲ ਰਹੀ ਲੜਾਈ ਨੂੰ ਬਸਤੀਵਾਦ ਵਿਰੋਧੀ ਇਨਕਲਾਬ ਵਿੱਚ ਬਦਲਣਾ ਇਸ ਲਹਿਰ ਦਾ ਵੱਡਾ ਹਾਸਲ ਸੀ। ਚੇਤੇ ਰਹੇ ਕਿ ਗੁਰਦੁਆਰਾ ਸੁਧਾਰ ਲਹਿਰ ਦਾ ਦਾਇਰਾ ਵੀ ਸਿਰਫ ਧਾਰਮਿਕ ਸੁਧਾਰਾਂ ਤੱਕ ਹੀ ਸੀਮਤ ਨਹੀਂ ਕੀਤਾ ਜਾ ਸਕਦਾ। ਸਾਰ ਰੂਪ ਵਿੱਚ ਉਹ ਲਹਿਰ ਵੀ ਬਸਤੀਵਾਦ ਵਿਰੋਧੀ ਲਹਿਰ ਸੀ ਜੋ ਜਾਬਰ ਬਸਤੀਵਾਦੀ ਹਾਕਮਾਂ ਲਈ ਇੱਕ ਵੱਡੀ ਵੰਗਾਰ ਬਣ ਗਈ ਸੀ। ਸੱਭਿਆਚਾਰਕ ਅਤੇ ਆਤਮਿਕ ਤੌਰ 'ਤੇ ਬਹੁ-ਗਿਣਤੀ ਪੰਜਾਬੀ ਕਿਰਤੀ ਲੋਕਾਂ ਨਾਲ਼ ਭਾਵਨਾਤਮਕ ਤੌਰ 'ਤੇ ਜੁੜੇ ਗੁਰਦੁਆਰਿਆਂ ਉੱਤੇ ਅੰਗਰੇਜਾਂ ਦੇ ਪਿੱਠੂ ਮਹੰਤ ਕਾਬਜ ਸਨ। ਉਹਨਾਂ ਦੇ ਕੁਕਰਮਾਂ ਨਾਲ਼ ਆਮ ਸ਼ਰਧਾਲੂ ਪੰਜਾਬੀਆਂ ਨੂੰ ਠੇਸ ਪਹੁੰਚਦੀ ਸੀ। ਨਤੀਜੇ ਵਜੋਂ ਚੇਤੰਨ ਪੰਜਾਬੀਆਂ ਅਤੇ ਖਾਸ ਕਰਕੇ ਸਿੱਖਾਂ ਵੱਲੋਂ ਗੁਰਦੁਆਰਾ ਸੁਧਾਰ ਲਹਿਰ ਦੇ ਨਾਂ 'ਤੇ ਪੁਜਾਰੀ ਮਹੰਤਾਂ ਵਿਰੁੱਧ ਸ਼ਾਂਤਮਈ ਸੰਘਰਸ਼ ਸ਼ੁਰੂ ਹੋ ਗਿਆ। ਹਕੀਕਤ ਵਿੱਚ ਇਹ ਘੋਲ਼, ਬਸਤੀਵਾਦ ਵਿਰੋਧੀ ਘੋਲ਼ ਦਾ ਇੱਕ ਅਹਿਮ ਰੂਪ ਹੋ ਨਿੱਬੜਿਆ। ਬੱਬਰ ਅਕਾਲੀ ਲਹਿਰ ਦੇ ਰੂਪ ਵਿੱਚ ਇਸ ਹਥਿਆਰਬੰਦ ਘੋਲ਼ ਨੇ ਸਿਫਤੀ ਰੂਪ ਵਿੱਚ ਲਹਿਰ ਨੂੰ ਉੱਚੇ ਪੜਾਅ 'ਤੇ ਪਹੁੰਚਾ ਦਿੱਤਾ। 20ਵੀਂ ਸਦੀ ਦਾ ਉਹ ਸ਼ੁਰੂਆਤੀ ਦੌਰ - ਸੰਸਾਰ ਇਤਿਹਾਸ ਦਾ ਉਹ ਇੱਕ ਅਹਿਮ ਪੜਾਅ ਸੀ। ਵੀਹਵੀਂ ਸਦੀ ਦਾ ਸ਼ੁਰੂਆਤੀ ਦੌਰ, ਸੰਸਾਰ ਸਰਮਾਏਦਾਰੀ ਦੇ ਸਾਮਰਾਜੀ ਪੜਾਅ ਵਿੱਚ ਪਹੁੰਚਣ ਦਾ ਸਮਾਂ ਸੀ। ਅਜਾਦ ਮੁਕਾਬਲੇ ਵਾਲ਼ੀ ਕਲਾਸੀਕਲ ਸਰਮਾਏਦਾਰੀ, ਹੁਣ ਅਜਾਰੇਦਾਰ ਸਰਮਾਏਦਾਰੀ ਵਿੱਚ ਬਦਲ ਰਹੀ ਸੀ। ਸਰਮਾਏ ਦੇ ਵੱਡੇ-ਵੱਡੇ ਟਰਸਟ, ਕਾਰਟੇਲ ਅਤੇ ਸਿੰਡੀਕੇਟ ਬਣ ਰਹੇ ਸਨ। ਵੱਡੇ ਸਰਮਾਏਦਾਰਾ ਰਾਜ, ਅਜਾਰੇਦਾਰ ਸਰਮਾਏ ਦੇ ਵਿਸਤਾਰ ਅਤੇ ਹਿੱਤਾਂ ਦੀ ਰਾਖੀ ਕਰਨ ਵਾਲ਼ੇ ਸਾਮਰਾਜੀ ਮੁਲਕ ਬਣ ਰਹੇ ਸਨ। ਇਤਿਹਾਸਿਕ ਤੌਰ 'ਤੇ ਮਿਲ਼ੀ ਬਸਤੀਵਾਦੀ ਵਿਰਾਸਤ ਦਾ ਪੂਰਾ ਫਾਇਦਾ ਉਠਾਉਂਦੇ ਹੋਏ, ਵੱਡੀਆਂ ਸਾਮਰਾਜੀ ਤਾਕਤਾਂ ਦੀਆਂ ਵਿਸਥਾਰਵਾਦੀ ਨੀਤੀਆਂ ਨੂੰ ਤੇਜ ਕਰਦੇ ਹੋਏ, ਸਾਮਰਾਜੀ ਸਰਮਾਏ ਦਾ ਦੈਂਤ ਭੂਤਰ ਗਿਆ ਸੀ। ਦੁਨੀਆ ਭਰ ਦੇ ਕਿਰਤੀਆਂ ਨੂੰ ਲੁੱਟ ਲਈ ਸਰਮਾਏ ਦਾ ਨਿਰਯਾਤ, ਪ੍ਰਬੰਧ ਨੂੰ ਚੱਲਦਾ ਰੱਖਣ ਲਈ ਕੱਚੇ ਮਾਲ ਦੀ ਲੁੱਟ ਅਤੇ ਬਣਿਆ ਮਾਲ ਵੇਚਣ ਲਈ ਮੰਡੀਆਂ ਦੀ ਭਾਲ ਦੇ ਮਕਸਦ ਨਾਲ਼ ਸਾਰੇ ਸੰਸਾਰ ਨੂੰ ਆਪਣੀਆਂ ਬਸਤੀਆਂ ਅਤੇ ਪ੍ਰਭਾਵ ਖੇਤਰ ਬਣਾਉਣ ਦੀ ਦੌੜ ਤੇਜ ਹੋ ਗਈ ਸੀ। ਨਤੀਜੇ ਵਜੋਂ ਪਹਿਲੀ ਸੰਸਾਰ ਜੰਗ ਹੋਈ ਜੋ 1914 ਤੋਂ ਲੈ ਕੇ 1919 ਤੱਕ ਚੱਲੀ। ਸੰਸਾਰ ਵਿਆਪੀ ਭਾਰੀ ਉਥਲ ਪੁਥਲ ਦੇ ਇਸ ਦੌਰ ਦਾ, ਭਾਰਤ 'ਤੇ ਅਸਰ ਪੈਣਾ ਲਾਜਮੀ ਹੀ ਸੀ। ਭਾਰਤ ਵਿੱਚ ਅੰਗਰੇਜ ਬਸਤੀਵਾਦੀਆਂ ਦੇ ਵਿਰੋਧ ਵਿੱਚ ਅਜਾਦੀ ਦੀ ਚੇਤਨਾ ਪਹਿਲਾਂ ਹੀ ਵਧ ਰਹੀ ਸੀ। ਅੰਗਰੇਜ ਹਕੂਮਤ ਦੀਆਂ ਆਰਥਿਕ ਨੀਤੀਆਂ ਜਿਨ੍ਹਾਂ ਨੂੰ ਉਹ ਇੱਥੇ ਵੱਡੇ ਜਗੀਰਦਾਰਾਂ, ਸਾਬਕਾ ਰਾਜੇ ਰਜਵਾੜਿਆਂ ਅਤੇ ਆਪਣੇ ਜਾਬਰ ਪ੍ਰਸ਼ਾਸਨਿਕ ਤੰਤਰ ਦੀ ਸਹਾਇਤਾ ਨਾਲ਼ ਲਾਗੂ ਕਰਦੇ ਸਨ, ਦੇ ਵਿਰੋਧ ਵਿੱਚ ਆਮ ਕਿਰਤੀ ਲੋਕ ਉੱਠ ਰਹੇ ਸਨ। ਜਿੱਥੇ ਆਮ ਕਿਰਤੀ ਲੋਕ ਇੱਕਮੁੱਠ ਹੋ ਕੇ ਘੋਲ਼ਾਂ ਦੇ ਰਾਹ ਪੈ ਰਹੇ ਸਨ ਉੱਥੇ ਹਾਕਮ, ਫਿਰਕਾ ਪ੍ਰਸਤੀ ਦੇ ਹਥਿਆਰ ਨੂੰ ਵਰਤਦੇ ਹੋਏ, ਧਾਰਮਿਕ ਪਿਛਾਖੜੀ ਤਾਕਤਾਂ ਨਾਲ਼ ਗੱਠਜੋੜ ਕਰਕੇ, ਧਾਰਮਿਕ ਪਛਾਣਾਂ ਦੇ ਅਧਾਰ 'ਤੇ ਪੈਦਾ ਹੋਣ ਵਾਲ਼ੇ ਰੁਝਾਨਾਂ ਨੂੰ ਹੱਲਾਸ਼ੇਰੀ ਦੇ ਰਹੇ ਸਨ ਅਤੇ ਲੋਕਾਂ ਵਿੱਚ ਧਰਮ ਦੇ ਅਧਾਰ 'ਤੇ ਫੁੱਟ ਪਾਉਣ ਦੀ ਨੀਤੀ 'ਤੇ ਚੱਲ ਰਹੇ ਸਨ। ਪੰਜਾਬ ਵਿੱਚ ਸ਼ੁਰੂ ਹੋਈ ਗੁਰਦੁਆਰਾ ਸੁਧਾਰ ਲਹਿਰ ਅਤੇ ਖਾਸ ਕਰਕੇ ਬੱਬਰ ਅਕਾਲੀ ਲਹਿਰ, ਅੰਗਰੇਜ ਹਾਕਮਾਂ ਦੀਆਂ ਫਿਰਕੂ ਨੀਤੀਆਂ ਖਿਲਾਫ ਧਾਰਮਿਕ ਮੇਲ ਮਿਲਾਪ ਅਤੇ ਏਕਤਾ ਦੀ ਲੀਹ 'ਤੇ ਅੱਗੇ ਵਧੀ। ਇਸੇ ਕਰਕੇ ਇਹਨਾਂ ਲਹਿਰਾਂ ਨਾਲ਼ ਸਬੰਧਿਤ ਬਹੁਤੇ ਕਾਰਕੁਨ ਅੱਗੇ ਚੱਲ ਕੇ ਅਜਾਦੀ ਦੇ ਸੰਘਰਸ਼ ਵਿੱਚ ਚੱਲਣ ਵਾਲ਼ੀਆਂ ਅਗਾਂਹਵਧੂ ਲਹਿਰਾਂ ਦਾ ਹਿੱਸਾ ਬਣੇ ਅਤੇ ਕਿਰਤੀ ਲੋਕਾਂ ਦੇ ਘੋਲ਼ਾਂ ਦੇ ਅੰਗ-ਸੰਗ ਰਹੇ। ਓਧਰ ਬਸਤੀਵਾਦੀ ਹਾਕਮਾਂ ਦੀਆਂ ਲੁਟੇਰੀਆਂ ਆਰਥਿਕ ਨੀਤੀਆਂ ਦੇ ਵਿਰੁੱਧ ਸਾਰੇ ਮੁਲਕ ਵਿੱਚ ਬੇਚੈਨੀ ਵਧ ਰਹੀ ਸੀ। ਇੱਥੇ ਪੰਜਾਬ ਵਿੱਚ ਕਿਰਤੀ ਕਿਸਾਨਾਂ ਦੀ ਆਰਥਿਕ ਲੁੱਟ ਤੇਜ ਹੋਣ ਨਾਲ਼, ਕਿਸਾਨਾਂ ਸਿਰ ਕਰਜਾ ਵਧਣ ਲੱਗਾ। ਵੱਡੀ ਪੱਧਰ 'ਤੇ ਕਿਸਾਨਾਂ ਦੀਆਂ ਜਮੀਨਾਂ ਵੱਡੇ ਸੂਦਖੋਰਾਂ ਤੇ ਸ਼ਾਹੂਕਾਰਾਂ ਦੇ ਕਬਜੇ ਹੇਠ ਜਾਣ ਲੱਗ ਪਈਆਂ। ਸਰਕਾਰ ਵੱਲੋਂ ਕਿਸਾਨੀ ਵਿਚਲੇ ਰੋਸ ਨੂੰ ਸ਼ਾਂਤ ਕਰਨ ਲਈ 'ਭੂਮੀ ਇੰਤਕਾਲ ਰੋਕੂ ਕਾਨੂੰਨ' (ਲੈਂਡ ਐਲੀਨੇਸ਼ਨ ਐਕਟ) ਲਿਆਂਦਾ ਗਿਆ। ਬਸਤੀਵਾਦੀ ਲੁੱਟ ਦੇ ਇਸ ਦੌਰ ਵਿੱਚ ਮਜਦੂਰਾਂ, ਹੋਰ ਮੱਧ ਵਰਗੀ ਕਿਰਤੀ ਜਮਾਤਾਂ ਅਤੇ ਕਿਸਾਨਾਂ ਦੀ ਹਾਲਤ ਲਗਾਤਾਰ ਵਿਗੜਦੀ ਜਾ ਰਹੀ ਸੀ। ਨਤੀਜੇ ਵਜੋਂ 1907 ਵਿੱਚ ਪੰਜਾਬ ਵਿੱਚ 'ਪਗੜੀ ਸੰਭਾਲ ਜੱਟਾ' ਦੇ ਨਾਂ ਨਾਲ਼ ਪ੍ਰਸਿੱਧ ਕਿਸਾਨ ਘੋਲ਼ ਸ਼ੁਰੂ ਹੋ ਗਿਆ ਜਿਸ ਦੀ ਪ੍ਰਮੁੱਖ ਆਗੂ ਹਸਤੀ ਸ਼ਹੀਦ ਭਗਤ ਸਿੰਘ ਦੇ ਚਾਚਾ, ਸਰਦਾਰ ਅਜੀਤ ਸਿੰਘ ਸਨ। 1918-19 ਵਿੱਚ ਰੋਲਟ ਐਕਟ ਖਿਲਾਫ ਮੁਲਕ ਭਰ ਵਿੱਚ ਨਾ ਮਿਲ਼-ਵਰਤਣ (ਸਿਵਲ ਨਾ ਫੁਰਮਾਨੀ) ਦੀ ਲਹਿਰ ਚੱਲ ਪਈ ਸੀ ਜਿਸ ਦਾ ਪੰਜਾਬ ਵਿੱਚ ਵੀ ਭਾਰੀ ਅਸਰ ਸੀ। 13 ਅਪ੍ਰੈਲ 1919, ਵਿਸਾਖੀ ਵਾਲ਼ੇ ਦਿਨ ਅੰਮ੍ਰਿਤਸਰ ਜਲਿ ?ਹਆਂ ਵਾਲ਼ੇ ਬਾਗ ਵਿਖੇ ਇੱਕ ਭਾਰੀ ਇਕੱਠ ਹੋਇਆ ਜਿਸ ਵਿੱਚ ਜਨਰਲ ਡਾਇਰ ਨੇ ਨਿਹੱਥੇ ਲੋਕਾਂ ਤੇ ਗੋਲ਼ੀਆਂ ਦਾ ਮੀਂਹ ਵਰਾ ਕੇ ਸੈਂਕੜੇ ਲੋਕ ਸ਼ਹੀਦ ਕਰ ਦਿੱਤੇ। ਇਸ ਖੂਨੀ ਕਾਂਡ ਵਿੱਚ ਹਿੰਦੂ, ਮੁਸਲਮਾਨ ਅਤੇ ਸਿੱਖਾਂ ਦਾ ਸਾਂਝਾ ਖੂਨ ਡੁੱਲਿਆ। ਉਸ ਦੌਰ ਦਾ ਸਾਰਾ ਇਤਿਹਾਸ ਸਾਡੇ ਇਸ ਲੇਖ ਦਾ ਵਿਸ਼ਾ ਨਹੀਂ ਹੈ। ਪਰ ਇੱਥੇ ਇਹ ਹਵਾਲਾ ਦੇਣ ਦਾ ਮਕਸਦ ਇਹ ਹੈ ਕਿ ਸਾਡੇ ਵਿਚਾਰ ਅਧੀਨ ਸਮੇਂ ਵਿੱਚ ਪੂਰੇ ਮੁਲਕ ਵਿੱਚ ਅਤੇ ਪੰਜਾਬ ਵਿੱਚ ਜਨਤਕ ਘੋਲ਼ ਜੋਰ ਫੜ ਰਹੇ ਸਨ। ਲੋਕਾਂ ਵਿੱਚ ਬਸਤੀਵਾਦ ਵਿਰੋਧੀ ਰੋਹ ਦਾ ਫੁਟਾਰਾ ਹੋ ਰਿਹਾ ਸੀ। ਦੂਜੇ ਪਾਸੇ ਉਸ ਦੌਰ ਵਿੱਚ ਸੰਸਾਰ ਇਤਿਹਾਸ ਦੀ ਇੱਕ ਹੋਰ ਮਹਾਨ ਘਟਨਾ ਵਾਪਰਦੀ ਹੈ। ਉਹ ਸੀ 1917 ਦਾ ਮਹਾਨ ਅਕਤੂਬਰ ਇਨਕਲਾਬ। ਰੂਸ ਦੀ ਮਜਦੂਰ ਜਮਾਤ ਦੀ ਅਗਵਾਈ ਵਿੱਚ ਉੱਥੋਂ ਦੇ ਕਿਰਤੀ ਲੋਕਾਂ ਨੇ ਮਜਦੂਰ ਜਮਾਤ ਦੀ ਰਾਜ ਸੱਤਾ ਕਾਇਮ ਕਰਕੇ ਸਮਾਜਵਾਦੀ ਪ੍ਰਬੰਧ ਦੀ ਸਥਾਪਨਾ ਕਰ ਦਿੱਤੀ ਅਤੇ ਮਨੁੱਖੀ ਇਤਿਹਾਸ ਨੂੰ ਇੱਕ ਨਵੀਂ ਦਿਸ਼ਾ ਦੇ ਦਿੱਤੀ ਸੀ। ਇਸ ਮਹਾਨ ਅਤੇ ਯੁੱਗ ਪਲਟਾਊ ਘਟਨਾ ਨੇ ਕੌਮਾਂਤਰੀ ਮਜਦੂਰ ਲਹਿਰ ਵਿੱਚ ਨਵੀਂ ਊਰਜਾ ਦਾ ਸੰਚਾਰ ਕਰ ਦਿੱਤਾ ਸੀ। ਸਾਡੇ ਮੁਲਕ ਵਿੱਚ ਵੀ ਅਕਤੂਬਰ ਇਨਕਲਾਬ ਦੇ ਅਸਰ ਹੇਠ ਇਨਕਲਾਬੀ ਵਿਚਾਰਾਂ ਦਾ ਪ੍ਰਚਾਰ ਤੇਜ ਹੋ ਗਿਆ। 1925 ਵਿੱਚ ਕਮਿਊਨਿਸਟ ਪਾਰਟੀ ਦੀ ਸਥਾਪਨਾ ਹੋ ਜਾਂਦੀ ਹੈ। ਦੂਜੇ ਪਾਸੇ ਮੁਲਕ ਵਿੱਚ ਚੱਲ ਰਹੀ ਪਹਿਲਾਂ ਤੋਂ ਹੀ ਮੁੱਖ ਇਨਕਲਾਬੀ ਧਾਰਾ ਨੇ ਸਮਾਜਵਾਦੀ ਵਿਚਾਰਧਾਰਾ ਨੂੰ ਅਪਣਾ ਲਿਆ। ਭਗਤ ਸਿੰਘ ਅਤੇ ਸੁਖਦੇਵ ਵਰਗੇ ਇਨਕਲਾਬੀ ਚਿੰਤਕਾਂ ਦੇ ਅਸਰ ਹੇਠ 'ਹਿੰਦੁਸਤਾਨੀ ਪਰਜਾਤੰਤਰ ਪਾਰਟੀ' ਦਾ ਨਾਂ ਬਦਲ ਕੇ 'ਹਿੰਦੁਸਤਾਨੀ ਸਮਾਜਵਾਦੀ ਪਰਜਾ ਤੰਤਰ ਪਾਰਟੀ' ਰੱਖ ਦਿੱਤਾ ਗਿਆ। ਮੁਲਕ ਭਰ ਦੇ ਮਜਦੂਰਾਂ, ਕਿਰਤੀ ਕਿਸਾਨਾਂ, ਵਿਦਿਆਰਥੀ ਅਤੇ ਨੌਜਵਾਨਾਂ ਵਿੱਚ ਇਨਕਲਾਬੀ ਵਿਚਾਰਧਾਰਾ ਆਪਣਾ ਅਸਰ ਵਿਖਾਉਣ ਲੱਗੀ ਸੀ। ਇਹ ਉਹ ਦੌਰ ਸੀ ਜਿਸ ਵਿੱਚ ਪੰਜਾਬ ਵਿੱਚ ਬੱਬਰ ਅਕਾਲੀ ਲਹਿਰ ਸ਼ੁਰੂ ਹੁੰਦੀ ਹੈ। 100 ਸਾਲ ਪਹਿਲਾਂ ਬਸਤੀਵਾਦੀ ਜਬਰ ਅਤੇ ਅਨਿਆ ਖਿਲਾਫ ਜੂਝਣ ਵਾਲ਼ੇ ਸੂਰਮਿਆਂ ਦੀ ਇਹ ਗਾਥਾ ਸਾਡੇ ਇਤਿਹਾਸ ਦੀ ਸ਼ਾਨਦਾਰ ਵਿਰਾਸਤ ਹੈ। ਅਜੋਕੇ ਫਿਰਕੂ ਫਾਸ਼ੀਵਾਦੀ ਲਹਿਰ ਦੇ ਉਭਾਰ ਵਾਲੇ ਕਾਲ਼ੇ ਦੌਰ ਵਿੱਚ ਸਾਨੂੰ ਆਪਣੇ ਇਤਿਹਾਸ ਦੀ ਸੂਰਮਗਤੀ ਦੀ ਇਸ ਮਹਾਨ ਗਾਥਾ ਨੂੰ ਯਾਦ ਕਰਦੇ ਹੋਏ, ਸਾਡੇ ਸਮੇਂ ਦੀਆਂ ਚੁਣੌਤੀਆਂ ਨੂੰ ਕਬੂਲ ਕਰਨਾ ਚਾਹੀਦਾ ਹੈ। ਹਰ ਤਰ੍ਹਾਂ ਦੀ ਧਾਰਮਿਕ ਕੱਟੜਤਾ ਅਤੇ ਫਿਰਕਾ ਪ੍ਰਸਤੀ ਦਾ ਵਿਰੋਧ ਕਰਦੇ ਹੋਏ ਅਜੋਕੇ ਹਾਕਮਾਂ ਦੇ ਅੰਨ੍ਹੇ ਕੌਮਵਾਦੀ ਅਤੇ ਫਿਰਕੂ ਫਾਸ਼ੀਵਾਦੀ ਹੱਲੇ ਦਾ ਇੱਕਮੁੱਠ ਹੋ ਕੇ ਮੁਕਾਬਲਾ ਕਰਨਾ ਚਾਹੀਦਾ ਹੈ। ਸਰਮਾਏਦਾਰੀ ਦੇ ਇਸ ਸਾਮਰਾਜੀ ਪੜਾਅ ਦੇ ਘੋਰ ਪਰਜੀਵੀ ਪ੍ਰਬੰਧ ਖਿਲਾਫ ਕਿਰਤੀ ਲੋਕਾਂ ਨੂੰ ਲਾਮਬੰਦ ਕਰਦੇ ਹੋਏ, ਸਮਾਜਵਾਦੀ ਪ੍ਰਬੰਧ ਦੀ ਸਥਾਪਨਾ ਦੇ ਘੋਲ਼ ਨੂੰ ਤੇਜ ਕਰਨਾ ਹੋਏਗਾ। ਇਸ ਕਾਰਜ ਲਈ ਸਾਡੀ ਇਨਕਲਾਬੀ ਵਿਰਾਸਤ ਇੱਕ ਚਾਨਣ ਮੁਨਾਰੇ ਵਾਂਗ ਭਵਿੱਖ ਦੇ ਇਨਕਲਾਬਾਂ ਦਾ ਮਾਰਗਦਰਸ਼ਨ ਕਰਦੀ ਹੈ।

ਲਲਕਾਰ 'ਚੋਂ ਧੰਨਵਾਦ ਸਹਿਤ



ਬੱਬਰ ਦਲੀਪ ਸਿੰਘ | ਬੱਬਰ ਕਰਮ ਸਿੰਘ | ਕਿਸ਼ਨ ਸਿੰਘ ਗੜਗੱਜ | ਨੰਦ ਸਿੰਘ ਘੁੜਿਆਲ



27 ਫਰਵਰੀ, 1926 ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਫਾਂਸੀ ਲਗਾਏ ਛੇ ਬੱਬਰ ਅਕਾਲੀ ਸ਼ਹੀਦ

KRAFTSMAN ELECTRIC LTD.
ELECTRIC
Residential & Commercial
Licensed, Bonded & Insured
CERTIFIED ELECTRICIAN CERTIFIED
BBB ACCREDITED BUSINESS
www.kraftsmanelectric.ca
kelectric17@gmail.com
778-883-1313

# ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਨਾਟਕ ਸਮਾਗਮ









ਵਿੰਨੀਪੈਗ, (ਸਰੋਕਾਰਾਂ ਦੀ ਆਵਾਜ਼ ਬਿਊਰੋ) : ਪੰਜਾਬੀ ਸਾਹਿਤ ਅਤੇ ਸੱਭਿਆਚਾਰਕ ਸਭਾ, ਵਿੰਨੀਪੈਗ ਵੱਲੋਂ 1555 ਵਾਲ ਸਟਰੀਟ, TEC-VOC ਸਕੂਲ ਦੇ ਥੀਏਟਰ ਵਿੱਚ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਇੱਕ ਪ੍ਰਭਾਵਸ਼ਾਲੀ ਲੈਕਚਰ ਅਤੇ ਨਾਟਕ ਸਮਾਗਮ ਦਾ ਆਯੋਜਨ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਪੰਜਾਬੀ ਸਾਹਿਤ ਜਗਤ ਵਿੱਚ ਇੱਕ ਨਵਾਂ ਕਦਮ ਰੱਖਦਿਆਂ ਕਿਤਾਬ “ਮੈਂ ਗਾਜ਼ਾ ਕਹਿਨਾਂ” ਲੋਕ-ਅਰਪਣ ਕੀਤੀ ਗਈ।

ਸਮਾਗਮ ਦੀ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਲਵਦੀਪ ਕੌਰ ਵੱਲੋਂ ਬਹੁਤ ਹੀ ਸੁਚੱਜੇ ਢੰਗ ਨਾਲ ਬਾਖੂਬੀ ਨਿਭਾਈ ਗਈ। ਇਸ ਦੌਰਾਨ ਸੋਫੀਆ ਅਤੇ ਲਵਦੀਪ ਕੌਰ ਨੇ ਲੋਕ ਕਵੀ ਸੰਤ ਰਾਮ ਉਦਾਸੀ ਦੀ ਪ੍ਰਸਿੱਧ ਰਚਨਾ “ਕੰਮੀਆਂ ਦੇ ਵਿਹੜੇ” ਪੇਸ਼ ਕਰਕੇ ਦਰਸ਼ਕਾਂ ਨੂੰ ਮੰਤਰ-ਮੁਗਧ ਕਰ ਦਿੱਤਾ।

ਵਿਚਾਰ ਚਰਚਾ ਦੇ ਦੌਰ ਵਿੱਚ ਮੁੱਖ ਬੁਲਾਰੇ ਗੁਰਤੇਜ ਸਿੰਘ ਖੋਖਰ ਨੇ ਇਸਰਾਈਲ, ਅਮਰੀਕਾ ਅਤੇ ਇਰਾਨ ਦੇ ਮੌਜੂਦਾ ਤਣਾਅਪੂਰਨ ਹਾਲਾਤਾਂ ’ਤੇ ਵਿਸਥਾਰਪੂਰਵਕ ਲੈਕਚਰ ਦਿੱਤਾ। ਇਸ ਮੌਕੇ ਸਭਾ ਵੱਲੋਂ ਇੱਕ ਵਿਸ਼ੇਸ਼ ਮਤਾ (Resolution) ਵੀ ਪਾਸ ਕੀਤਾ ਗਿਆ, ਜਿਸ ਵਿੱਚ ਵਿਸ਼ਵ ਸ਼ਾਂਤੀ ਦੀ ਹਿਮਾਇਤ ਕਰਦਿਆਂ ਇਸਰਾਇਲ, ਅਮਰੀਕਾ ਵੱਲੋ ਇਰਾਨ ਤੇ ਥੋਪੀ ਗਈ ਨਿੱਰਕੀ ਜੰਗ ਦੀ ਸਖ਼ਤ ਨਿਖੇਧੀ ਕੀਤੀ ਗਈ। ਦਰਸ਼ਕਾਂ ਨੇ ਹੱਥ ਖੜ੍ਹੇ ਕਰਕੇ ਇਸ ਮਤੇ ਦਾ ਪੂਰਨ ਸਮਰਥਨ ਕੀਤਾ। ਇਸ ਦੇ ਨਾਲ ਹੀ ਤਰਕਸ਼ੀਲ ਲਹਿਰ ਦੇ ਉੱਘੇ ਆਗੂ ਬਾਈ ਅਵਤਾਰ ਸਿੰਘ ਗਿੱਲ ਦੇ ਅਕਾਲ ਚਲਾਣੇ ’ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਸ਼ੋਕ ਮਤਾ ਪਾਸ ਕੀਤਾ ਗਿਆ।

ਸੱਭਿਆਚਾਰਕ ਵੰਨਗੀਆਂ ਵਿੱਚ ਮਨਪ੍ਰੀਤ ਸਿੰਘ ਨੇ ਆਪਣਾ ਸਵੈ-ਲਿਖਿਤ ਗੀਤ ਬਹੁਤ ਹੀ ਸੋਹਣੇ ਅੰਦਾਜ਼ ਵਿੱਚ ਪੇਸ਼ ਕੀਤਾ। ਸਮਾਗਮ ਦਾ ਮੁੱਖ ਖਿੱਚ ਦਾ ਕੇਂਦਰ ਦਵਿੰਦਰ ਦਮਨ ਦਾ ਲਿਖਿਆ ਨਾਟਕ ‘ਛਿਪਣ ਤੋਂ ਪਹਿਲਾਂ’ ਰਿਹਾ। ਜਿਸ ਨੂੰ ਆਰਟ-5 ਆਬ ਗਰੁੱਪ ਦੇ ਕਲਾਕਾਰਾਂ ਵੱਲੋਂ ਬਿਕਰਮਜੀਤ ਮੋਗਾ ਦੀ ਨਿਰਦੇਸ਼ਨਾ ਹੇਠ ਬਾਖ਼ੂਬੀ ਨਾਲ ਖੇਡਿਆ ਗਿਆ। ਨਾਟਕ ਦੀ ਦਮਦਾਰ ਪੇਸ਼ਕਾਰੀ ਨੇ ਹਾਜ਼ਰ ਦਰਸ਼ਕਾਂ ਦੇ ਮਨਾਂ ’ਤੇ ਡੂੰਘੀ ਛਾਪ ਛੱਡੀ। ਅਖੀਰ ਵਿੱਚ ਸਭਾ ਦੇ ਨੁਮਾਇੰਦਿਆਂ ਨੇ ਸਮੂਹ ਦਰਸ਼ਕਾਂ ਅਤੇ ਸਹਿਯੋਗੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ।



















# ਕਿਸਾਨ-ਮਜ਼ਦੂਰ ਵਿਰੋਧੀ ਕਾਨੂੰਨਾਂ ਖ਼ਿਲਾਫ਼ ਸੰਘਰਸ਼ ਤੇਜ਼ ਕਰਨ ਦਾ ਸੱਦਾ

## ਬਰਨਾਲਾ 'ਚ ਸਾਮਰਾਜ ਵਿਰੋਧੀ ਕਾਨਫਰੰਸ; ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸ਼ਰਧਾਂਜਲੀ ਭੇਟ





ਬਰਨਾਲਾ, (ਬਲਜਿੰਦਰ ਸਿੰਘ ਪਟਿਆਲਾ) : ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਮੌਕੇ 90 ਜਨਤਕ ਜਥੇਬੰਦੀਆਂ ਦੇ ਸੱਦੇ 'ਤੇ ਦਾਣਾ ਮੰਡੀ ਵਿੱਚ 'ਸਾਮਰਾਜ ਵਿਰੋਧੀ ਕਾਨਫਰੰਸ' ਕਰਵਾਈ ਗਈ। ਇਸ ਕਾਨਫਰੰਸ ਵਿੱਚ ਬੀ ਕੇ ਯੂ (ਏਕਤਾ)-ਉਗਰਾਹਾਂ, ਬੀ ਕੇ ਯੂ (ਡਕੌਂਦਾ)-ਧਨੇਰ ਅਤੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ (ਬੁੱਟਰ) ਦੀ ਅਗਵਾਈ ਹੇਠ ਹਜ਼ਾਰਾਂ ਕਿਸਾਨਾਂ, ਖੇਤ ਮਜ਼ਦੂਰਾਂ, ਔਰਤਾਂ, ਸਨਅਤੀ ਕਾਮਿਆਂ ਅਤੇ ਮੁਲਾਜ਼ਮਾਂ ਨੇ ਸ਼ਮੂਲੀਅਤ ਕਰ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।


ਕਾਨਫਰੰਸ ਦੌਰਾਨ ਬੁਲਾਰਿਆਂ ਨੇ ਅਮਰੀਕਾ ਅਤੇ ਇਜ਼ਰਾਈਲ ਵੱਲੋਂ ਇਰਾਨ ਖ਼ਿਲਾਫ਼ ਛੇੜੀ ਜੰਗ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਆਗੂਆਂ ਨੇ ਭਾਰਤ-ਅਮਰੀਕਾ ਮੁਕਤ ਵਪਾਰ ਸਮਝੌਤੇ ਨੂੰ ਦੇਸ਼ ਧ੍ਰੋਹੀ ਕਰਾਰ ਦਿੰਦਿਆਂ ਇਸ ਖ਼ਿਲਾਫ਼ ਤਿੱਖੇ ਸੰਘਰਸ਼ ਦਾ ਐਲਾਨ ਕੀਤਾ। ਉਨ੍ਹਾਂ ਕੇਂਦਰ ਅਤੇ ਪੰਜਾਬ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਕਰਦਿਆਂ ਕਿਹਾ ਕਿ ਮਗਨਰੇਗਾ ਖਤਮ ਕਰਨ, ਬਿਜਲੀ ਅਤੇ ਬੀਜ ਸੋਧ ਬਿੱਲ ਲਿਆਉਣ, ਮਜ਼ਦੂਰ ਵਿਰੋਧੀ ਕਿਰਤ ਕੋਡ ਲਾਗੂ ਕਰਨ ਅਤੇ ਸਰਕਾਰੀ ਅਦਾਰਿਆਂ ਦੇ ਨਿੱਜੀਕਰਨ ਖਿਲਾਫ਼ ਲੋਕ ਲਹਿਰ ਖੜ੍ਹੀ ਕਰਨੀ ਹੀ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਉਨ੍ਹਾਂ ਕਿਹਾ ਕਿ ਹਾਕਮ ਜਮਾਤਾਂ ਲੋਕਾਂ ਨੂੰ ਜਾਤ-ਪਾਤ, ਫਿਰਕੂ ਅਤੇ ਇਲਾਕਾਈ ਵੰਡੀਆਂ ਪਾ ਕੇ ਅਸਲ ਮੁੱਦਿਆਂ ਤੋਂ ਭਟਕਾ ਰਹੀਆਂ ਹਨ। ਉਨ੍ਹਾਂ ਦੇਸ਼ ਦੇ ਜਲ, ਜੰਗਲ, ਜ਼ਮੀਨਾਂ ਅਤੇ ਕੁਦਰਤੀ ਸੋਮਿਆਂ ਨੂੰ ਕਾਰਪੋਰੇਟਾਂ ਦੀ ਲੁੱਟ ਤੋਂ ਬਚਾਉਣ ਲਈ ਇਕਜੁੱਟ ਹੋਣ ਦਾ ਸੱਦਾ ਦਿੱਤਾ। ਇਸ ਮੌਕੇ ਮਤਿਆਂ ਰਾਹੀਂ ਪੱਤਰਕਾਰ ਮਨਿੰਦਰਜੀਤ ਸਿੱਧੂ ਦਾ ਸੋਸ਼ਲ ਮੀਡੀਆ ਪੇਜ ਬੰਦ ਕਰਨ ਦੀ ਨਿਖੇਧੀ ਕੀਤੀ ਗਈ ਅਤੇ ਇਸ ਨੂੰ ਪ੍ਰੈੱਸ ਦੀ ਆਜ਼ਾਦੀ 'ਤੇ ਹਮਲਾ ਕਰਾਰ ਦਿੱਤਾ ਗਿਆ।

ਕਾਨਫਰੰਸ ਨੂੰ ਬੀ ਕੇ ਯੂ (ਏਕਤਾ)-ਉਗਰਾਹਾਂ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਬੀ ਕੇ ਯੂ (ਡਕੌਂਦਾ)-ਧਨੇਰ ਦੇ ਪ੍ਰਧਾਨ ਮਨਜੀਤ ਸਿੰਘ ਧਨੇਰ, ਬੀ ਕੇ ਯੂ (ਕ੍ਰਾਂਤੀਕਾਰੀ ਪੰਜਾਬ)-ਬੁੱਟਰ ਦੇ ਕਨਵੀਨਰ ਹਰਭਜਨ ਸਿੰਘ ਬੁੱਟਰ, ਮਹਿਲਾ ਕਿਸਾਨ ਆਗੂ ਹਰਿੰਦਰ ਬਿੰਦੂ ਤੇ ਚਰਨਜੀਤ ਕੌਰ, ਗੁਰਦੀਪ ਸਿੰਘ ਰਾਮਪੁਰਾ, ਸ਼ਿੰਗਾਰਾ ਸਿੰਘ ਮਾਨ ਤੋਂ ਇਲਾਵਾ ਡੈਮੋਕਰੈਟਿਕ ਟੀਚਰਜ਼ ਫਰੰਟ ਪੰਜਾਬ ਦੇ ਸਕੱਤਰ ਰੇਸ਼ਮ ਸਿੰਘ ਖੇਮੂਆਣਾ, ਪਲਸ ਮੰਚ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ, ਡੈਮੋਕਰੈਟਿਕ ਮੁਲਾਜ਼ਮ ਫਰੰਟ ਦੇ ਗੁਰਮੀਤ ਸਿੰਘ ਸੁਖਪੁਰਾ, ਕ੍ਰਾਂਤੀਕਾਰੀ ਸਾਬਕਾ ਸੈਨਿਕ ਯੂਨੀਅਨ ਦੇ ਮੇਲਾ ਸਿੰਘ, ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ ਦੇ ਹਰਜਿੰਦਰ ਸਿੰਘ ਤੇ ਹੋਰ ਆਗੂਆਂ ਨੇ ਵੀ ਸੰਬੋਧਨ ਕੀਤਾ।

# ਦਿੱਲੀ ਵਿੱਚ ਪੀਲ਼ੇ ਪੰਜੇ ਦਾ ਮੁੱਖ ਨਿਸ਼ਾਨਾ ਬਣ ਰਹੀਆਂ ਗਰੀਬ ਮੁਸਲਮਾਨ ਬਸਤੀਆਂ

**ਪੁਸ਼ਪਿੰਦਰ**



ਭਾਜਪਾ ਨੇ ਦਿੱਲੀ ਚੋਣਾਂ ਤੋਂ ਪਹਿਲਾਂ ਲੋਕਾਂ ਨੂੰ ਇਹ ਲਾਰਾ ਲਾਇਆ ਕਿ "ਜਿੱਥੇ ਝੁੱਗੀ ਉੱਥੇ ਮਕਾਨ" ਪਰ ਸੱਤਾ 'ਤੇ ਕਾਬਜ ਹੁੰਦਿਆਂ ਹੀ ਭਾਜਪਾ ਸਰਕਾਰ ਨੇ ਆਪਣਾ ਅਸਲੀ ਚਿਹਰਾ ਵਿਖਾ ਦਿੱਤਾ। ਪਿਛਲੇ ਸਾਲ ਮਸੂਦਪੁਰਾ ਇਲਾਕੇ ਦੇ 'ਜੈ ਹਿੰਦ ਕੈਂਪ' ਜਿੱਥੇ ਵੱਡੀ ਗਿਣਤੀ ਵਿੱਚ ਬੰਗਲਾ ਮਜਦੂਰ ਰਹਿੰਦੇ ਹਨ। ਇਸ ਕੈਂਪ ਨੂੰ ਉਜਾੜ ਦਿੱਤਾ ਤੇ 1400 ਘਰਾਂ ਦੀ ਬਿਜਲੀ ਕੱਟ ਦਿੱਤੀ ਗਈ। ਘਰ ਖਾਲੀ ਕਰਨ ਦਾ ਦੋ ਦਿਨ ਪਹਿਲਾਂ ਨੋਟਿਸ ਦਿੱਤਾ ਗਿਆ। ਇਸ ਪੂਰੇ ਇਲਾਕੇ ਵਿੱਚ ਜਿਆਦਾਤਰ ਔਰਤਾਂ ਘਰਾਂ ਵਿੱਚ ਕੰਮ ਕਰਦੀਆਂ, ਡਰਾਈਵਰ, ਸਫਾਈ ਕਾਮੇ ਅਤੇ ਉਸਾਰੀ ਮਜਦੂਰ ਰਹਿੰਦੇ ਸਨ। ਜਦੋਂ ਇਹ ਮਾਮਲਾ ਦਿੱਲੀ ਉੱਚ ਅਦਾਲਤ ਵਿੱਚ ਗਿਆ ਤਾਂ ਅਦਾਲਤ ਨੇ ਕਨੂੰਨ ਦੀ ਭਾਸ਼ਾ ਵਾਲ਼ਾ 'ਗੈਰ ਕਨੂੰਨੀ ਰਿਹਾਇਸ਼' ਠੱਪਾ ਲਗਾ ਦਿੱਤਾ। ਇਹ ਕੋਈ ਨਿਵੇਕਲੀ ਘਟਨਾ ਨਹੀਂ ਸੀ। ਦਿੱਲੀ ਦੀ ਰੇਖਾ ਗੁਪਤਾ ਸਰਕਾਰ ਹੁਣ ਤੱਕ ਆਪਣੇ ਪੂਰੇ ਕਾਰਜਕਾਲ ਦੌਰਾਨ 23 ਥਾਵਾਂ ਉੱਤੇ 3000 ਤੋਂ ਵੱਧ ਪਰਿਵਾਰ ਉਜਾੜ ਚੁੱਕੀ ਹੈ ਜਿਸ ਵਿੱਚ ਲੱਗਭੱਗ 4 ਲੱਖ ਤੋਂ ਵੱਧ ਗਰੀਬ ਲੋਕ ਪ੍ਰਭਾਵਿਤ ਹੋਏ ਹਨ। ਇਸ ਬੁਲਡੋਜਰ ਮੁਹਿੰਮ ਵਿੱਚ ਮੁਸਲਮਾਨਾਂ ਨੂੰ ਮੁੱਖ ਤੌਰ ਉੱਤੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਦਿੱਲੀ ਦੇ ਮਸੂਦਪੁਰਾ ਇਲਾਕੇ ਦਾ ਜੈ ਹਿੰਦ ਕੈਂਪ ਇੱਕ ਗਰੀਬ ਬਸਤੀ ਹੈ। ਇਸ ਇਲਾਕੇ ਨੂੰ ਤੋੜਨ ਪਿੱਛੇ ਕਈ ਕਾਰਨ ਹਨ ਜਿਨ੍ਹਾਂ ਵਿੱਚੋਂ ਇੱਕ ਤਾਂ ਇਹ ਕਿ ਇੱਥੇ ਜ਼ਿਆਦਾਤਰ ਜੋ ਗਰੀਬ ਨੇ ਉਹ ਪੱਛਮੀ ਬੰਗਾਲ ਤੋਂ ਆਏ ਹੋਏ ਮੁਸਲਮਾਨ ਹਨ। ਦਿੱਲੀ ਉੱਚ-ਅਦਾਲਤ ਦੇ ਹੁਕਮਾਂ ਅਨੁਸਾਰ ਪਹਿਲਾਂ ਤਾਂ ਇਸ ਇਲਾਕੇ ਵਿੱਚ ਇੱਕ ਵੈਰੀਫਿਕੇਸ਼ਨ ਮੁਹਿੰਮ ਚਲਾਈ ਗਈ ਅਤੇ ਧੱਕੇ ਨਾਲ਼ ਪੱਛਮੀ ਬੰਗਾਲ ਦੇ ਗਰੀਬ ਮੁਸਲਮਾਨਾਂ ਨੂੰ "ਬੰਗਲਾਦੇਸ਼ੀ" ਕਹਿ ਕੇ ਨਿਸ਼ਾਨਾ ਬਣਾਇਆ ਗਿਆ ਅਤੇ ਇਸ ਨੂੰ ਮੀਡੀਆ ਵਿੱਚ ਉਛਾਲਿਆ ਗਿਆ। ਬਾਅਦ ਵਿੱਚ ਇਸ ਇਲਾਕੇ ਦੀ ਬਿਜਲੀ ਤੇ ਪਾਣੀ ਦੀ ਪੂਰਤੀ ਬੰਦ ਕਰ ਦਿੱਤੀ ਗਈ। ਇਹ ਪਿਛਲੇ ਸਾਲ ਜੂਨ ਮਹੀਨੇ ਦੀ ਗੱਲ ਹੈ ਜਦੋਂ ਦਿੱਲੀ ਵਿੱਚ ਅੰਤਾਂ ਦੀ ਗਰਮੀ ਪੈ ਰਹੀ ਸੀ। ਇਸੇ ਸਮੇਂ ਇੱਥੇ ਦਾ ਪਾਰਾ 45 ਡਿਗਰੀ ਤੋਂ ਵੀ ਵਧ ਜਾਂਦਾ ਹੈ। ਇੰਨੀ ਗਰਮੀ ਵਿੱਚ ਗਰੀਬ ਲੋਕ ਪਾਣੀ ਤੇ ਬਿਜਲੀ ਬਿਨਾਂ ਕਿਵੇਂ ਗੁਜਾਰਾ ਕਰਦੇ ਰਹੇ ਇਹ ਤਾਂ ਉਹੀ ਜਾਣਦੇ ਹਨ। ਇਸ ਤੋਂ ਕੁਝ ਦਿਨ ਬਾਅਦ ਇਸ ਇਲਾਕੇ ਉੱਤੇ ਬੁਲਡੋਜਰ ਚਾੜ੍ਹ ਦਿੱਤੇ ਗਏ। ਇਸ ਪੂਰੀ ਮੁਹਿੰਮ ਦੌਰਾਨ 1400 ਘਰਾਂ ਨੂੰ ਮਲਬੇ ਦਾ ਢੇਰ ਬਣਾ ਦਿੱਤਾ ਗਿਆ ਤੇ ਲੋਕਾਂ ਨੂੰ ਸੜਕਾਂ ਉੱਤੇ ਆਉਣ ਲਈ ਮਜਬੂਰ ਹੋਣਾ ਪਿਆ। ਸਰਕਾਰ ਨੇ ਇਸ ਬਸਤੀ ਨੂੰ ਉਜਾੜਨ ਪਿੱਛੇ ਹਰ ਵਾਰ ਦੀ ਤਰ੍ਹਾਂ ਇਹੀ ਦਾਅਵਾ ਕੀਤਾ ਕਿ ਉਹ ਦਿੱਲੀ ਦੇ ਸੁੰਦਰੀਕਰਨ ਤੇ ਵਿਕਾਸ ਲਈ ਅਜਿਹਾ ਕਰ ਰਹੇ ਹਨ। ਪਰ ਭਾਜਪਾ ਦੀ ਹਕੂਮਤ ਵਾਲ਼ੀ ਦਿੱਲੀ ਸਰਕਾਰ ਦੀ ਮਨਸ਼ਾ ਜੱਗ ਜਾਹਿਰ ਸੀ। ਉਨ੍ਹਾਂ ਨੇ ਜਿਆਦਾਤਰ ਉਹਨਾਂ ਇਲਾਕਿਆਂ ਨੂੰ ਹੀ ਨਿਸ਼ਾਨਾ ਬਣਾਇਆ ਜਿੱਥੇ ਵੱਡੀ ਗਿਣਤੀ ਵਿੱਚ ਮੁਸਲਿਮ ਅਬਾਦੀ ਰਹਿੰਦੀ ਸੀ। ਪਿਛਲੇ ਸਾਲ ਜੰਗਪੁਰਾ, ਮਦਰਾਸੀ ਕਲੋਨੀ, ਅਨੰਦ ਵਿਹਾਰ ਬਾਟਲਾ ਹਾਊਸ ਜਾਂ ਜਿੱਥੇ ਜਿੱਥੇ ਵੀ ਬੁਲਡੋਜਰ ਚੱਲਿਆ ਹੈ ਇਸ ਦੇ ਨਿਸ਼ਾਨੇ ਉੱਤੇ ਗਰੀਬ ਅਤੇ ਮੁਸਲਮਾਨ ਸਨ। 2020 ਵਿੱਚ ਜਦੋਂ ਤਾਲਾਬੰਦੀ ਹੋਈ ਉਦੋਂ ਮਸੂਦਪੁਰਾ ਜੈ ਹਿੰਦ ਕੈਂਪ ਦੇ ਬਹੁਤ ਸਾਰੇ ਲੋਕ ਇਸ ਇਲਾਕੇ ਨੂੰ ਛੱਡ ਕੇ ਆਪਣੇ ਘਰਾਂ ਨੂੰ ਪਰਤ ਗਏ ਸਨ। ਉਦੋਂ ਦਿੱਲੀ ਸਰਕਾਰ ਨੇ ਵਿਸ਼ੇਸ਼ ਰੇਲ ਗੱਡੀਆਂ ਚਲਾ ਕੇ ਇਹਨਾਂ ਗਰੀਬਾਂ ਕਿਰਤੀਆਂ ਨੂੰ ਦਿੱਲੀ ਬੁਲਾਇਆ ਕਿਉਂਕਿ ਲੋਕਡਾਊਨ ਵਿੱਚ ਹੋਏ ਨੁਕਸਾਨ ਦੀ ਭਰਭਾਈ ਲਈ ਇਹਨਾਂ ਕਿਰਤੀਆਂ ਦੀ ਕਿਰਤ ਦੀ ਲੋੜ ਸੀ। ਪਰ ਹੁਣ ਮੁਕਾਬਲਤਨ ਲੀਹ ਉੱਤੇ ਆ ਚੁੱਕੇ ਕੰਮ-ਕਾਜ ਮਗਰੋਂ ਬੁਲਡੋਜਰ ਨੇ ਆਪਣਾ ਕਹਿਰ ਢਾਹੁਣਾ ਸ਼ੁਰੂ ਕਰ ਦਿੱਤਾ ਹੈ। ਦਿੱਲੀ ਦੀ ਗਰੀਬ ਲੋਕਾਈ ਉੱਤੇ ਇਹ ਬੁਲਡੋਜਰ ਕੋਈ ਪਹਿਲੀ ਵਾਰ ਨਹੀਂ ਚੱਲਿਆ। ਇਸ ਤੋਂ ਪਹਿਲਾਂ ਜਦੋਂ ਸ਼ੀਲਾ ਦੀਕਸ਼ਿਤ, ਕਾਂਗਰਸ, ਦੀ ਸਰਕਾਰ ਸੀ ਉਦੋਂ ਵੀ ਗਰੀਬ ਬਸਤੀਆਂ ਉੱਤੇ ਬੁਲਡੋਜਰ ਚੱਲਦਾ ਰਿਹਾ ਹੈ। 2010 ਵਿੱਚ ਕਾਮਨਵੈਲਥ ਖੇਡਾਂ ਹੋਈਆਂ ਤਾਂ ਉਦੋਂ ਦਿੱਲੀ ਦੀ ਕਾਂਗਰਸੀ ਸਰਕਾਰ ਨੇ 2 ਲੱਖ ਤੋਂ ਉੱਪਰ ਲੋਕਾਂ ਉੱਤੇ ਬੁਲਡੋਜਰ ਚਲਾ ਕੇ ਉਜਾੜ ਦਿੱਤਾ ਸੀ। ਪਿਛਲੇ ਸਾਲ ਜਦੋਂ ਜੀ-20 ਸੰਮੇਲਨ ਹੋਇਆ ਭਾਜਪਾ ਸਰਕਾਰ ਨੇ ਵੀ ਦਿੱਲੀ ਦੇ ਸੁੰਦਰੀਕਰਨ ਦੇ ਨਾਂ ਉੱਤੇ ਗਰੀਬਾਂ ਦੇ ਘਰ ਉਜਾੜੇ। ਰਸਸ-ਭਾਜਪਾ ਇਸ ਬੁਲਡੋਜ਼ਰ ਮੁਹਿੰਮ ਰਾਹੀਂ ਆਪਣੇ ਫਿਰਕੂ-ਫਾਸ਼ੀਵਾਦੀ ਏਜੰਡੇ ਨੂੰ ਅੱਗੇ ਵਧਾ ਰਹੀ ਹੈ। ਪਿਛਲੇ ਸਮਿਆਂ ਵਿੱਚ ਭਾਜਪਾ ਨੇ ਜਿੱਥੇ-ਜਿੱਥੇ ਬੁਲਡੋਜਰ ਚਲਾਇਆ ਹੈ ਉਹ ਇਹ ਹਨ - ਮਦਰਾਸੀ ਬਸਤੀ, ਭੂਮੀਹੀਨ ਬਸਤੀ, ਜੇਲਰਵਾਲਾ ਬਾਗ ਬਸਤੀ, ਜੰਗਪੁਰਾ, ਵਜੀਰਪੁਰ, ਸ਼ਾਲੀਮਾਰ ਬਾਗ ਆਦਿ ਤੇ ਇਹਨਾਂ ਇਲਾਕਿਆਂ ਵਿੱਚ ਵੱਡੀ ਗਿਣਤੀ ਵਿੱਚ ਮੁਸਲਿਮ ਅਬਾਦੀ ਰਹਿੰਦੀ ਸੀ ਜਿਨ੍ਹਾਂ ਨੂੰ ਰੇਖਾ ਗੁਪਤਾ ਦੀ ਸਰਕਾਰ ਨੇ ਸੜਕਾਂ ਉੱਤੇ ਲੈ ਆਂਦਾ ਹੈ। ਇੱਕ ਗੱਲ ਇਹ ਵੀ ਹੈ ਕਿ ਦੇਸ਼ ਦੀ ਰਾਜਧਾਨੀ ਦਿੱਲੀ ਦੀ ਵਿਧਾਨ ਸਭਾ ਵਿੱਚ ਅਕਸਰ ਹੀ ਦਿੱਲੀ ਵਿੱਚ ਸੜਕਾਂ 'ਤੇ ਜਾਂ ਬੇਘਰੇ ਲੋਕਾਂ ਬਾਰੇ ਇੱਕ ਬਹਿਸ ਚਲਦੀ ਰਹਿੰਦੀ ਹੈ ਤੇ ਹਰ ਸਰਕਾਰ ਆਪਣੇ ਸਮੇਂ ਦੌਰਾਨ ਵਿਧਾਨ ਸਭਾ ਵਿੱਚ ਇਹਨਾਂ ਬੇਘਰਿਆਂ ਨੂੰ ਮੁੜ ਵਸਾਉਣ ਦੇ ਵੱਡੇ ਵਾਅਦੇ ਕਰਦੀ ਹੈ ਪਰ ਅਮਲ ਇਸ ਤੋਂ ਐਨ ਉਲਟ ਕਰਦੀਆਂ ਹਨ। ਇਸ ਬਾਰੇ ਆਪਾਂ ਅੰਕੜਾ ਦੇਖ ਸਕਦੇ ਹਾਂ, ਸਾਲ 2000 ਵਿੱਚ ਦਿੱਲੀ ਵਿੱਚ ਬੇਘਰੇ ਜਾਂ ਸੜਕਾਂ 'ਤੇ ਸੌਣ ਵਾਲ਼ੇ ਲੋਕਾਂ ਦੀ ਗਿਣਤੀ ਲੱਗਭੱਗ 50 ਹਜਾਰ ਸੀ। 2008 ਵਿੱਚ ਇਹ ਗਿਣਤੀ ਵਧ ਕੇ 88 ਹਜਾਰ ਹੋ ਗਈ। ਹੁਣ ਜਦੋਂ ਆਪਾਂ 2026 ਵਿੱਚ ਬੈਠੇ ਹਾਂ ਤਾਂ ਦਿੱਲੀ ਦੀਆਂ ਸੜਕਾਂ 'ਤੇ ਸੌਣ ਵਾਲ਼ਿਆਂ ਦੀ ਗਿਣਤੀ ਦਾ ਸਰਕਾਰੀ ਅੰਕੜਾ ਲੱਗਭੱਗ 2 ਲੱਖ ਤੋਂ ਉੱਤੇ ਹੈ। ਮਾਹਿਰਾਂ ਅਨੁਸਾਰ ਅਸਲ ਅੰਕੜਾ ਇਸ ਤੋਂ ਵੀ ਵੱਧ ਹੈ। ਦਿੱਲੀ ਦੀਆਂ ਸੜਕਾਂ ਉੱਤੇ ਹਜਾਰਾਂ ਹੀ ਇਹੋ ਜਿਹੇ ਲੋਕ ਹਨ ਜਿਨ੍ਹਾਂ ਦਾ ਕੋਈ ਵੀ ਪਛਾਣ ਪੱਤਰ ਨਹੀਂ ਹੈ ਅਤੇ ਨਾ ਹੀ ਉਹਨਾਂ ਨੂੰ ਸਰਕਾਰ ਵੱਲੋਂ ਮਿਲ਼ਣ ਵਾਲ਼ੀ ਕੋਈ ਸਹੂਲਤ ਮਿਲ਼ਦੀ ਹੈ। ਤੁਸੀਂ ਹਾਲਤ ਦੇਖੋ ਦਿੱਲੀ ਵਿੱਚ ਰਹਿਣ ਵਾਲ਼ੇ ਬੇਘਰੇ ਇਹ ਲੋਕ ਵੱਖੋ-ਵੱਖ ਚੀਜਾਂ ਦੀ ਖਰੀਦਦਾਰੀ ਰਾਹੀਂ ਸਰਕਾਰ ਨੂੰ ਅਸਿੱਧੇ ਰੂਪ ਵਿੱਚ ਟੈਕਸ ਤੱਕ ਦਿੰਦੇ ਹਨ ਪਰ ਬਦਲੇ ਵਿੱਚ ਇਸ ਅਖੌਤੀ ਜਮਹੂਰੀਅਤ ਦੀ ਮਾਂ ਅਖਵਾਉਣ ਵਾਲ਼ੇ ਦੇਸ਼ ਦੀ ਰਾਜਧਾਨੀ ਉਹਨਾਂ ਨੂੰ ਦੇਸ਼ ਦੇ ਨਾਗਰਿਕ ਹੋਣ ਦਾ ਦਰਜਾ ਤੱਕ ਨਹੀਂ ਦਿੰਦੀ। ਰੇਖਾ ਗੁਪਤਾ ਦੀ ਸਰਕਾਰ ਦਿੱਲੀ ਵਿੱਚ ਮੁਸਲਮਾਨਾਂ ਖਿਲਾਫ ਜੋ ਕੁਝ ਕਰ ਰਹੀ ਹੈ ਤੇ ਮਸੂਦਪੁਰਾ ਦੀ ਮੁਸਲਮਾਨ ਬਸਤੀ ਜਿਸ ਨੂੰ ਬੰਗਲਾਦੇਸ਼ ਕਹਿ ਕੇ ਮੀਡੀਆ ਵਿੱਚ ਪ੍ਰਚਾਰਿਆ ਗਿਆ ਅਜਿਹਾ ਇਸ ਲਈ ਕੀਤਾ ਜਾ ਰਿਹਾ ਹੈ ਤਾਂ ਕਿ ਭਾਜਪਾ ਪੱਛਮੀ ਬੰਗਾਲ ਵਿੱਚ ਹੋਣ ਵਾਲ਼ੀਆਂ ਸੂਬਾਈ ਚੋਣਾਂ ਵਿੱਚ ਹਿੰਦੂ ਵੋਟ ਬੈਂਕ ਪੱਕਾ ਕਰ ਸਕੇ। ਦਿੱਲੀ ਵਿੱਚ ਚੱਲ ਰਹੇ ਇਸ ਉਜਾੜੇ ਬਾਰੇ ਪੱਛਮੀ ਬੰਗਾਲ ਦਾ ਭਾਜਪਾ ਪੱਖੀ ਮੀਡੀਆ ਬੜੇ ਜੋਰ ਸ਼ੋਰ ਨਾਲ਼ ਇਹ ਗੱਲ ਪ੍ਰਚਾਰ ਰਿਹਾ ਹੈ ਕਿ ਇੱਥੇ ਭਾਜਪਾ ਹਿੰਦੂਆਂ ਦੀ ਸਿਪੇਸਾਲਾਰ ਬਣੀ ਹੋਈ ਹੈ। ਇਸ ਫਿਰਕੂ ਸਿਆਸਤ ਪਿੱਛੇ ਗਰੀਬ ਲੋਕਾਂ ਦੇ ਉਜਾੜੇ ਦੀ ਇਹ ਦਾਸਤਾਨ ਦੇਸ਼ ਦਾ ਮੁੱਖਧਾਰਾ ਦਾ ਵਿਕਾਊ ਮੀਡੀਆ ਇਹ ਕਹਿ ਕੇ ਦਿਖਾਉਂਦਾ ਹੈ ਕਿ ਇਹ ਗਰੀਬ ਲੋਕ ਗੈਰ ਕਨੂੰਨੀ ਢੰਗ ਨਾਲ਼ ਰਹਿ ਰਹੇ ਹਨ। ਤੁਸੀਂ ਸੋਚ ਕੇ ਦੇਖੋ ਇਹਨਾਂ ਬਸਤੀਆਂ ਦੇ ਉਹ ਗਰੀਬ ਜੋ ਸਰਕਾਰ ਨੂੰ ਪਾਣੀ ਉੱਤੇ, ਬਿਜਲੀ ਉੱਤੇ ਟੈਕਸ ਦਿੰਦੇ ਹਨ ਹਰ ਚੀਜ ਉੱਤੇ ਟੈਕਸ ਜਾਂਦਾ ਹੈ। ਇੱਥੋਂ ਤੱਕ ਕਿ ਉਹਨਾਂ ਦੇ ਅਧਾਰ ਕਾਰਡ ਵੋਟਰ ਕਾਰਡ ਵੀ ਬਣੇ ਹੋਏ ਹਨ। ਇਹਨਾਂ ਇਲਾਕਿਆਂ ਵਿੱਚ ਭਾਜਪਾ, ਆਮ ਆਦਮੀ ਤੇ ਕਾਂਗਰਸ ਇਸਤੋਂ ਬਿਨਾਂ ਤਰ੍ਹਾਂ-ਤਰ੍ਹਾਂ ਦੀਆਂ ਰੰਗ ਬਿਰੰਗੀਆਂ ਪਾਰਟੀਆਂ "ਜਿੱਥੇ ਝੁੱਗੀ ਉੱਥੇ ਮਕਾਨ"ਦੇ ਨਾਅਰੇ ਹੇਠ ਵੋਟਾਂ ਮੰਗ ਕੇ ਸੱਤਾ 'ਤੇ ਕਾਬਜ ਹੁੰਦੀਆਂ ਰਹੀਆਂ ਹਨ। ਉੱਥੇ ਜਦੋਂ ਉਹਨਾਂ ਨੂੰ ਕੁਰਸੀ ਮਿਲ਼ ਜਾਂਦੀ ਹੈ ਤਾਂ ਇਹੀ ਇਲਾਕੇ ਗੈਰ ਕਨੂੰਨੀ ਬਣ ਜਾਂਦੇ ਹਨ!! ਇੱਕ ਪਾਸੇ ਇਹਨਾਂ ਗਰੀਬ ਪਰਿਵਾਰਾਂ ਦੇ ਇਲਾਕੇ ਨੂੰ ਗੈਰ-ਕਨੂੰਨੀ ਐਲਾਨ ਕੇ ਸਰਕਾਰ ਨੇ ਇਹਨਾਂ ਨੂੰ ਸੜਕਾਂ 'ਤੇ ਲੈ ਆਉਂਦਾ ਹੈ, ਗਰੀਬਾਂ ਤੋਂ ਉਹਨਾਂ ਦੇ ਰਹਿਣ-ਬਸੇਰੇ ਧੱਕੇ ਨਾਲ਼ ਖੋਏ ਜਾਂਦੇ ਹਨ ਤੇ ਦੂਜੇ ਪਾਸੇ ਲੋਕਾਂ ਦੇ ਵਿਕਾਸ ਦੇ ਨਾਮ ਉੱਤੇ ਸਰਮਾਏਦਾਰਾਂ ਲਈ ਵੱਡੇ-ਵੱਡੇ ਹੋਟਲ, ਫੈਕਟਰੀਆਂ, ਸ਼ਾਪਿੰਗ ਮਾਲ, ਦੁਕਾਨਾਂ ਬਣਾਈਆਂ ਜਾ ਰਹੀਆਂ ਹਨ। 2014 ਵਿੱਚ ਗਰੀਬੀ ਹਟਾਓ ਦੇ ਨਾਅਰੇ ਨਾਲ਼ ਸੱਤਾ ਵਿੱਚ ਆਈ ਮੋਦੀ ਹਕੂਮਤ ਹੁਣ ਗਰੀਬਾਂ ਨੂੰ ਹੀ ਹਟਾਉਣ 'ਤੇ ਲੱਗੀ ਹੈ। ਜੈ ਹਿੰਦ ਕੈਂਪ ਦਾ ਉਜਾੜਾ ਕੋਈ ਪਹਿਲਾ ਉਜਾੜਾ ਨਹੀਂ ਸਗੋਂ ਦਿੱਲੀ ਦੇ ਤੁਗਲਕਾਬਾਦ, ਮੁਰਦਾਬਾਦ, ਉੱਤਰ ਪ੍ਰਦੇਸ਼, ਉੱਤਰਾਖੰਡ ਦੇ ਹਲਦਵਾਨੀ ਵਿੱਚ ਪਿਛਲੇ ਕੁਝ ਕੁ ਸਾਲਾਂ 'ਚ ਹੀ ਹਜਾਰਾਂ ਲੋਕਾਂ ਨੂੰ ਉਜਾੜਿਆ ਜਾ ਚੁੱਕਾ ਹੈ। ਕਹਿਣ ਦਾ ਭਾਵ ਸਰਮਾਏਦਾਰਾ ਢਾਂਚੇ ਹੇਠ ਕਿਰਤੀ ਲੋਕਾਂ 'ਤੇ ਲਗਾਤਾਰ ਉਜਾੜੇ ਤੇ ਅਸੁਰੱਖਿਆ ਦੀ ਤਲਵਾਰ ਲਟਕੀ ਰਹਿੰਦੀ ਹੈ। ਅੱਜ ਇੱਕ ਪਾਸੇ ਤਾਂ ਮੁਲਕ ਦੇ ਧਨਾਢ ਅਰਬਾਂ-ਖਰਬਾਂ ਦੀਆਂ ਸਰਕਾਰੀ ਜਾਇਦਾਦਾਂ ਦੱਬੀ ਬੈਠੇ ਹਨ, ਅਰਬਾਂ ਦੇ ਘਪਲੇ ਕਰੀ ਜਾਂਦੇ ਹਨ, ਆਮ ਲੋਕਾਂ ਦਾ ਪੈਸਾ ਡਕਾਰ ਜਾਂਦੇ ਹਨ ਤੇ ਉਹਨਾਂ ਦਾ ਵਾਲ਼ ਵੀ ਵਿੰਗਾ ਨਹੀਂ ਹੁੰਦਾ ਤੇ ਦੂਜੇ ਪਾਸੇ ਦਿਨ-ਰਾਤ ਮਿਹਨਤ ਕਰਨ ਵਾਲ਼ੇ ਕਿਰਤੀ ਲੋਕ ਜਿਹੜੇ ਸਾਰੀ ਉਮਰ ਦੀ ਕਮਾਈ ਨਾਲ਼ ਮਸਾਂ ਕੋਈ ਘਰ-ਬਾਰ ਜੋੜਦੇ ਹਨ ਉਹਨਾਂ ਨੂੰ ਬੇਰਹਿਮੀ ਨਾਲ਼ ਘਰੋਂ ਬੇਘਰ ਕਰ ਦਿੱਤਾ ਜਾਂਦਾ ਹੈ। ਅੱਜ ਇਹ ਪੂਰਾ ਸਰਮਾਏਦਾਰਾ ਢਾਂਚਾ ਤੇ ਇਸਦੀ ਸੇਵਾ ਕਰਦਾ ਸਰਕਾਰੀ ਤੰਤਰ ਕਿਰਤੀ ਲੋਕਾਂ ਦਾ ਵੈਰੀ ਬਣਿਆ ਹੋਇਆ ਹੈ। ਇਸ ਲੋਕ ਦੋਖੀ ਪ੍ਰਬੰਧ ਨੂੰ ਚਲਦਾ ਕਰਨ ਲਈ ਅੱਜ ਆਮ ਲੋਕਾਂ ਨੂੰ ਜਥੇਬੰਦ ਕਰਨ ਦੀ ਫੌਰੀ ਲੋੜ ਹੈ।

**ਲਲਕਾਰ 'ਚੋਂ ਧੰਨਵਾਦ ਸਹਿਤ**

ਜਥੇਬੰਦਕ ਧਰਮਾਂ ਦਾ ਮਾਇਆ ਜਾਲ

ਲੜੀ ਨੰ. 28

# ਧਰਮ ਗ੍ਰੰਥਾਂ ਅਧਾਰਿਤ ਨਕਲੀ ਧਰਮ



ਹਰਚਰਨ ਸਿੰਘ ਪਰਹਾਰ
403-681-8689
hp8689@gmail.com

ਨੋਟ: ਅੱਜ ਦੇ ਪ੍ਰਚਲਤ 10-15 ਜਥੇਬੰਦਕ ਧਰਮਾਂ (ਧਾਰਮਿਕ ਫਿਰਕਿਆਂ) ਵਿੱਚ ਅਨੇਕਾਂ ਤਰ੍ਹਾਂ ਦੇ ਨਕਲੀ ਧਰਮ ਪ੍ਰਚਲਤ ਹੋ ਚੁੱਕੇ ਹਨ। ਜਿਨ੍ਹਾਂ ਤੇ ਪੁਜਾਰੀਆਂ, ਸਿਆਸਤਦਾਨਾਂ ਤੇ ਸਰਮਾਏਦਾਰਾਂ ਦੀ ਤਿੱਕੜੀ ਦਾ ਪੂਰਾ ਕਬਜ਼ਾ ਹੋ ਚੁੱਕਾ ਹੈ। ਧਰਮਾਂ ਦਾ ਤਕਰੀਬਨ 5 ਹਜ਼ਾਰ ਸਾਲ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਹ ਤਿੱਕੜੀ ਰਲ਼ ਕੇ ਮਨੁੱਖਤਾ ਨੂੰ ਧਰਮ ਦੇ ਨਾਮ ਤੇ ਲੁੱਟਦੀ ਆ ਰਹੀ ਹੈ। ਧਰਮ ਇਨ੍ਹਾਂ ਲਈ ਪੈਸਾ ਕਮਾਉਣ ਦਾ ਧੰਦਾ ਤੇ ਸ਼ਰਧਾਲੂਆਂ ਦੀ ਤਾਕਤ ਨੂੰ ਆਪਣੇ ਸਿਆਸੀ ਮੁਫਾਦਾਂ ਲਈ ਵਰਤਣ ਦਾ ਜ਼ਰੀਆ ਹੈ। ਇਨ੍ਹਾਂ ਦਾ ਇਹ ਧੰਦਾ ਸਦੀਆਂ ਤੋਂ ਅਗਿਆਨਤਾ, ਅੰਧ-ਵਿਸ਼ਵਾਸ਼ ਤੇ ਕਰਮਕਾਂਡਾਂ ਦੇ ਅਧਾਰ ਤੇ ਚੱਲ ਰਿਹਾ ਹੈ। ਇਤਿਹਾਸ ਵਿੱਚ ਸਮੇਂ-ਸਮੇਂ ਅਨੇਕਾਂ ਸੱਚੇ ਮਨੁੱਖਤਾਵਾਦੀ ਧਰਮ ਗੁਰੂ, ਰਹਿਬਰ, ਪੀਰ-ਪੈਗੰਬਰ, ਮਹਾਂਪੁਰਸ਼ ਪੈਦਾ ਹੁੰਦੇ ਰਹੇ, ਜੋ ਮਨੁੱਖ ਨੂੰ ਅਸਲੀ ਧਰਮ ਨਾਲ ਜੋੜਦੇ ਰਹੇ, ਅਗਿਆਨਤਾ ਤੇ ਅੰਧ ਵਿਸ਼ਵਾਸ਼ ਦੀ ਬੇਹੋਸ਼ੀ ਵਿਚੋਂ ਜਗਾ ਕੇ ਸੱਚ ਦੇ ਰਾਹ ਪਾਉਂਦੇ ਰਹੇ। ਪਰ ਇਸ ਤਿਕੜੀ ਨੇ ਅਜਿਹੇ ਮਹਾਨ ਪੁਰਸ਼ਾਂ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ। ਉਨ੍ਹਾਂ ਨੂੰ ਸੂਲ਼ੀਆਂ, ਫਾਂਸੀਆਂ ਤੇ ਚੜ੍ਹਾਉਣ ਦੇ ਨਾਲ-ਨਾਲ ਉਨ੍ਹਾਂ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਰਚਦੇ ਰਹੇ ਤੇ ਅਨੇਕਾਂ ਤਰ੍ਹਾਂ ਦੀਆਂ ਮੁਸੀਬਤਾਂ ਉਨ੍ਹਾਂ ਦੇ ਰਾਹਾਂ ਵਿੱਚ ਖੜ੍ਹੀਆਂ ਕਰਦੇ ਰਹੇ। ਪਰ ਫਿਰ ਵੀ ਜਦੋਂ ਅਜਿਹੇ ਮਹਾਂਪੁਰਸ਼ ਆਪਣੀ ਨਵੀਂ ਤੇ ਵੱਖਰੀ ਵਿਚਾਰਧਾਰਾ ਮਨੁੱਖਤਾ ਨੂੰ ਦੇਣ ਵਿੱਚ ਸਫਲ ਹੋ ਜਾਂਦੇ ਤਾਂ ਉਨ੍ਹਾਂ ਦੇ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਸਮਾਂ ਪਾ ਕੇ ਇਹ ਤਿਕੜੀ ਨਵੇਂ ਰੂਪ ਵਿੱਚ ਉਸੇ ਮਹਾਂਪੁਰਸ਼ ਦੇ ਨਾਮ ਤੇ ਨਵੀਆਂ ਮਰਿਯਾਦਾਵਾਂ, ਕਰਮਕਾਂਡਾਂ ਤੇ ਚਿੰਨ੍ਹਾਂ ਨਾਲ ਲੈਸ ਹੋ ਕੇ ਨਵਾਂ ਧਾਰਮਿਕ ਫਿਰਕਾ ਖੜ੍ਹਾ ਕਰਕੇ ਉਨ੍ਹਾਂ ਦੇ ਅਨੁਆਈਆਂ ਨੂੰ ਆਪਣੇ ਨਕਲੀ ਧਰਮ ਦੇ ਮਾਇਆ ਜਾਲ ਵਿੱਚ ਫਸਾ ਲੈਂਦੇ। ਅੱਜ ਦੇ ਪ੍ਰਚਲਤ ਹਰ ਜਥੇਬੰਦਕ ਛੋਟੇ ਵੱਡੇ ਧਾਰਮਿਕ ਫਿਰਕੇ ਵਿੱਚ ਨਕਲੀ ਧਰਮਾਂ ਦਾ ਪੂਰਾ ਬੋਲਬਾਲਾ ਹੈ ਤੇ ਅਸਲੀ ਧਰਮ ਇਨ੍ਹਾਂ ਵਿਚੋਂ ਪੂਰੀ ਤਰ੍ਹਾਂ ਅਲੋਪ ਹੋ ਚੁੱਕਾ ਹੈ। ਹਰ ਧਾਰਮਿਕ ਫਿਰਕਾ ਝੂਠੀਆਂ, ਅੰਧ ਵਿਸ਼ਵਾਸ਼ੀ, ਅਗਿਆਨਤਾ ਭਰਪੂਰ ਰੀਤਾਂ-ਰਸਮਾਂ, ਕਰਾਮਾਤਾਂ, ਕਰਮਕਾਂਡਾਂ, ਮਰਿਯਾਦਾਵਾਂ, ਪ੍ਰੰਪਰਾਵਾਂ, ਧਾਰਮਿਕ ਚਿੰਨ੍ਹਾਂ ਦਾ ਮਿਲਗੋਭਾ ਜਿਹਾ ਨਕਲੀ ਧਰਮ ਬਣ ਚੁੱਕਾ ਹੈ। ਇਸ ਲੇਖ ਲੜੀ ਦਾ ਮਕਸਦ ਆਮ ਵਿਅਕਤੀ ਨੂੰ ਜਿਥੇ ਧਰਮ ਦੇ ਨਾਮ ਤੇ ਬਣੇ ਹੋਏ ਇਨ੍ਹਾਂ ਧਾਰਮਿਕ ਫਿਰਕਿਆਂ ਵਿਚਲੇ ਨਕਲੀ ਧਰਮਾਂ ਤੋਂ ਜਾਣੂ ਕਰਾਉਣਾ ਹੈ, ਉਥੇ ਅਸਲੀ ਧਰਮ ਦੀ ਜਾਣ ਪਛਾਣ ਕਰਾਉਣਾ ਵੀ ਹੈ ਤਾਂ ਕਿ ਲੋਕ ਸੱਚੇ ਤੇ ਅਸਲੀ ਧਰਮ ਨਾਲ ਜੁੜ ਸਕਣ। ਕੋਸ਼ਿਸ਼ ਇਹੀ ਹੈ ਕਿ ਲੋਕ ਬੇਹੋਸ਼ੀ ਤੋਂ ਜਾਗ ਪੈਣ ਤੇ ਪਛਾਣ ਕਰਨ ਦੇ ਸਮਰੱਥ ਹੋ ਸਕਣ ਕਿ ਜਿਸਨੂੰ ਉਹ ਤਨੋ, ਮਨੋ, ਧਨੋ ਧਰਮ ਸਮਝ ਕੇ ਆਪਾ ਨਿਛਾਵਰ ਕਰ ਰਹੇ ਹਨ, ਕੀ ਉਸ ਵਿੱਚ ਕੁੱਝ ਧਰਮ ਦਾ ਅੰਸ਼ ਹੈ ਵੀ ਜਾਂ ਉਹ ਸਿਰਫ ਪੁਜਾਰੀਆਂ ਦੀਆਂ ਬਣਾਈਆਂ ਅਗਿਆਨਤਾ ਤੇ ਅੰਧ ਵਿਸ਼ਵਾਸ਼ ਅਧਾਰਿਤ ਮਰਿਯਾਦਾਵਾਂ, ਰੀਤਾਂ-ਰਸਮਾਂ, ਕਰਮਕਾਂਡਾਂ ਦਾ ਭਾਰ ਹੀ ਢੋਹ ਰਹੇ ਹਨ। ਇਹ ਤਿਕੜੀ ਧਰਮ ਨੂੰ ਵਧਾਉਣ, ਧਰਮ ਦਾ ਰਾਜ ਸਥਾਪਿਤ ਕਰਨ ਅਤੇ ਧਰਮ ਨੂੰ ਖਤਰੇ ਦੇ ਨਾਂ ਤੇ ਪਿਛਲੇ 5 ਹਜ਼ਾਰ ਸਾਲਾਂ ਵਿੱਚ 15 ਹਜ਼ਾਰ ਤੋਂ ਵੱਧ ਯੁੱਧਾਂ ਰਾਹੀਂ ਮਨੁੱਖਤਾ ਦਾ ਵੱਡੇ ਪੱਧਰ ਤੇ ਘਾਣ ਕਰ ਚੁੱਕੀ ਹੈ। ਅੱਜ ਵੀ ਦੁਨੀਆਂ ਦੇ ਵੱਖ-ਵੱਖ ਖਿੱਤਿਆਂ ਵਿੱਚ ਧਰਮ ਅਧਾਰਿਤ ਹਥਿਆਰਬੰਦ ਸੰਗਠਨ ਧਰਮ ਨੂੰ ਖਤਰਾ, ਧਰਮ ਦਾ ਰਾਜ ਜਾਂ ਧਰਮ ਦਾ ਪ੍ਰਸਾਰ ਦੇ ਨਾਮ ਹੇਠ ਮਾਨਵਤਾ ਦਾ ਖੂਨ ਵਹਾ ਰਹੇ ਹਨ। ਅੱਜ ਕਿਸੇ ਵੀ ਅਖੌਤੀ ਧਰਮ ਨੂੰ ਖਤਰਾ ਨਾਸਤਿਕਾਂ, ਸਾਇੰਸਦਾਨਾਂ, ਆਧੁਨਿਕਵਾਦੀਆਂ ਜਾਂ ਧਰਮ ਵਿਰੋਧੀਆਂ ਤੋਂ ਨਹੀਂ, ਇਨ੍ਹਾਂ ਨਕਲੀ ਧਰਮਾਂ ਤੇ ਕਾਬਿਜ਼ ਇਸ ਤਿੱਕੜੀ ਤੋਂ ਹੈ। ਇਨ੍ਹਾਂ ਤੇ ਕਾਬਿਜ਼ ਕੱਟੜਪੰਥੀ ਤਾਕਤਾਂ ਤੋਂ ਹੈ, ਜੋ ਆਪਣੇ ਫਿਰਕੇ ਦੀਆਂ ਧਾਰਮਿਕ ਰਸਮਾਂ ਜਾਂ ਧਾਰਮਿਕ ਚਿੰਨ੍ਹਾਂ ਨੂੰ ਹੀ ਧਰਮ ਸਮਝਦੀਆਂ ਹਨ ਹੈ ਤੇ ਇਨ੍ਹਾਂ ਨੂੰ ਲੋਕਾਂ ਤੇ ਤਾਕਤ ਦੇ ਜ਼ੋਰ ਨਾਲ ਥੋਪਣਾ ਚਾਹੁੰਦੀਆਂ ਹਨ। ਤੁਸੀਂ ਇਸ ਲੇਖ ਲੜੀ ਬਾਰੇ ਆਪਣੇ ਵਿਚਾਰ ਭੇਜ ਸਕਦੇ ਹੋ ਤਾਂ ਕਿ ਗੱਲ ਅੱਗੇ ਤੁਰ ਸਕੇ। ਤੁਹਾਡੇ ਸੁਝਾਵਾਂ ਤੇ ਵਿਚਾਰਾਂ ਬਾਰੇ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇਗੀ।

ਨਕਲੀ ਧਰਮਾਂ ਦੀ ਚੱਲ ਰਹੀ ਲੜੀਵਾਰ ਵਿਚਾਰ ਚਰਚਾ ਵਿੱਚ ਹੁਣ ਅਸੀਂ 'ਧਰਮ ਗ੍ਰੰਥਾਂ ਅਧਾਰਿਤ ਨਕਲੀ ਧਰਮ' ਤੇ ਵਿਚਾਰ ਕਰਾਂਗੇ। ਹਰ ਧਾਰਮਿਕ ਫਿਰਕੇ ਵਿੱਚ ਧਾਰਮਿਕ ਗ੍ਰੰਥ ਦੀ ਬੜੀ ਅਹਿਮੀਅਤ ਹੁੰਦੀ ਹੈ। ਜੇ ਇਵੇਂ ਵੀ ਕਹਿ ਲਿਆ ਜਾਵੇ ਕਿ ਕੋਈ ਵੀ ਧਾਰਮਿਕ ਫਿਰਕਾ ਕਿਸੇ ਧਰਮ ਗ੍ਰੰਥ ਤੋਂ ਬਿਨਾਂ ਅਧੂਰਾ ਹੈ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਹਰ ਧਾਰਮਿਕ ਫਿਰਕਾ ਬਾਹਰੀ ਤੌਰ 'ਤੇ ਦੇਖਣ ਤੋਂ ਇਵੇਂ ਲੱਗੇਗਾ ਕਿ ਧਰਮ ਗ੍ਰੰਥ ਤੋਂ ਬਿਨਾਂ ਇਸਦੀ ਅਹਿਮੀਅਤ ਹੀ ਕੋਈ ਨਹੀਂ ਹੈ, ਪਰ ਅੰਦਰੋਂ ਅਸਲੀਅਤ ਕੁੱਝ ਹੋਰ ਹੀ ਹੁੰਦੀ ਹੈ। ਧਰਮ ਪੁਜਾਰੀ ਆਪਣੇ ਸ਼ਰਧਾਲੂਆਂ ਵਿੱਚ ਆਪਣੇ ਸ਼ਾਤਰ ਦਿਮਾਗ ਦੇ ਪ੍ਰਚਾਰ ਰਾਹੀਂ ਅਜਿਹੀ ਧਾਰਨਾ ਨੂੰ ਪ੍ਰਪੱਕ ਕਰਦੇ ਹਨ ਕਿ ਜੋ ਕੁੱਝ ਵੀ ਉਹ ਧਰਮ ਦੇ ਨਾਮ ਤੇ ਕਰ ਰਹੇ ਹਨ, ਉਹ ਸਭ ਉਨ੍ਹਾਂ ਦੇ ਰਹਿਬਰ ਵਲੋਂ ਤਿਆਰ ਕੀਤੇ ਗ੍ਰੰਥ ਦੇ ਅਧਾਰਿਤ ਹੈ, ਇਸ ਲਈ ਇਸਦੇ ਅੱਖਰ-ਅੱਖਰ ਨੂੰ ਸੱਚੋ-ਸੱਚ ਮੰਨਣਾ ਹੀ ਸ਼ਰਧਾਲੂ ਲਈ ਧਰਮ ਹੈ। ਧਿਆਨ ਨਾਲ ਦੇਖੋ ਤਾਂ ਧਾਰਮਿਕ ਫਿਰਕਿਆਂ ਦੀ ਅੰਦਰੂਨੀ ਅਸਲੀਅਤ ਇਹ ਹੈ ਕਿ ਧਰਮ ਦਾ ਸਾਰਾ ਮਹੱਲ ਉਨ੍ਹਾਂ ਨੇ ਗ੍ਰੰਥਾਂ ਅਧਾਰਿਤ ਨਹੀਂ ਸਗੋਂ ਸਿਆਸਤਦਾਨਾਂ ਤੇ ਸਰਮਾਏਦਾਰਾਂ ਦੇ ਹਿੱਤਾਂ ਨੂੰ ਮੁੱਖ ਰੱਖ ਕੇ ਖੜ੍ਹਾ ਕੀਤਾ ਹੁੰਦਾ ਹੈ। ਜਿਥੇ ਪੜ੍ਹਦੇ ਪਿਛੇ ਸਿਆਸਤ ਤੇ ਸਰਮਾਏਦਾਰੀ ਦੇ ਹੁਕਮਾਂ ਅਨੁਸਾਰ ਹੀ ਸਾਰੀ ਖੇਡ ਚੱਲ ਰਹੀ ਹੁੰਦੀ ਹੈ। ਇਸ ਤੋਂ ਪਹਿਲਾਂ ਕਿ ਅਸੀਂ 'ਗ੍ਰੰਥਾਂ' ਅਧਾਰਿਤ ਨਕਲੀ ਧਰਮ ਦੀ ਗੱਲ ਅੱਗੇ ਤੋਰੀਏ, ਇਹ ਜਾਣ ਲੈਣਾ ਵੀ ਠੀਕ ਰਹੇਗਾ ਕਿ ਧਰਮ ਗ੍ਰੰਥਾਂ, ਆਮ ਗ੍ਰੰਥ ਜਾਂ ਆਮ ਕਿਤਾਬਾਂ ਵਿੱਚ ਕੀ ਫਰਕ ਹੁੰਦਾ ਹੈ? ਆਮ ਤੌਰ 'ਤੇ 'ਧਰਮ ਗ੍ਰੰਥ' ਉਨ੍ਹਾਂ ਵੱਡ ਆਕਾਰੀ ਕਿਤਾਬਾਂ ਨੂੰ ਕਿਹਾ ਜਾਂਦਾ ਹੈ, ਜਿਨ੍ਹਾਂ ਵਿੱਚ ਕਿਸੇ ਧਾਰਮਿਕ ਫਿਰਕੇ ਦੇ ਗੁਰੂਆਂ, ਪੈਗੰਬਰਾਂ, ਰਹਿਬਰਾਂ ਆਦਿ ਨੇ ਆਪਣੀ ਵਿਚਾਰਧਾਰਾ ਅੰਕਿਤ ਕੀਤੀ ਹੁੰਦੀ ਹੈ। ਆਮ ਤੌਰ 'ਤੇ ਅਸਲੀ ਧਰਮ ਗੁਰੂ ਮਨੁੱਖਤਾਵਾਦੀ ਤੇ ਸਰਬਤ ਦੇ ਭਲੇ ਦੀ ਸੋਚ ਦੇ ਧਾਰਨੀ ਹੋਣ ਕਾਰਨ ਲੋਕਾਂ ਵਿੱਚ ਉਨ੍ਹਾਂ ਦਾ ਪੂਰਨ ਸਤਿਕਾਰ ਹੁੰਦਾ ਹੈ। ਆਪਣੇ ਸਮਿਆਂ ਵਿੱਚ ਧਾਰਮਿਕ ਗੁਰੂਆਂ, ਪੈਗੰਬਰਾਂ ਨੇ ਮੌਕੇ ਦੀਆਂ ਹਕੂਮਤਾਂ ਤੇ ਸਮਾਜ ਜਾਂ ਦੇਸ਼ ਦੇ ਸਾਂਝੇ ਸਾਧਨਾਂ ਤੇ ਕਬਜ਼ਾ ਕਰੀ ਬੈਠੀ ਸਰਮਾਏਦਾਰੀ (ਜਿਸ ਦਾ ਨਾਮ ਤੇ ਰੂਪ ਵੱਖ-ਵੱਖ ਸਮਿਆਂ ਵਿੱਚ ਵੱਖਰਾ ਰਿਹਾ ਹੈ) ਵਲੋਂ ਲੋਕਾਂ ਦੇ ਕੀਤੇ ਜਾਂਦੇ ਸੋਸ਼ਣ ਖਿਲਾਫ ਸੰਘਰਸ਼ ਕੀਤੇ ਹੁੰਦੇ ਹਨ, ਆਵਾਜ਼ ਉਠਾਈ ਹੁੰਦੀ ਹੈ, ਇਥੋਂ ਤੱਕ ਕਿ ਬਹੁਤ ਵਾਰੀ ਲੋਕਾਂ ਲਈ ਆਪਣੀ ਜਾਨ ਵੀ ਵਾਰੀ ਹੁੰਦੀ ਹੈ। ਇਸ ਲਈ ਅਜਿਹੇ ਇਨਕਲਾਬੀ ਮਹਾਂਪੁਰਸ਼ਾਂ ਦੀ ਸਖਸ਼ੀਅਤ ਤੇ ਉਨ੍ਹਾਂ ਦੀ ਵਿਚਾਰਧਾਰਾ ਦਾ ਆਮ ਲੋਕਾਈ ਦੇ ਮਨਾਂ ਵਿੱਚ ਪ੍ਰਭਾਵ ਤੇ ਸਤਿਕਾਰ ਹੁੰਦਾ ਹੈ। ਅਜਿਹੇ ਸੱਚੇ-ਸੁੱਚੇ, ਮਨੁੱਖਤਾਵਾਦੀ ਮਹਾਨ ਪੁਰਸ਼ਾਂ ਦੇ ਵਿਚਾਰਾਂ ਦੇ ਗ੍ਰੰਥਾਂ ਨੂੰ ਹੀ 'ਧਰਮ ਗ੍ਰੰਥ' ਕਿਹਾ ਜਾਦਾ ਹੈ। ਬੇਸ਼ੱਕ ਅਜਿਹੇ ਸਮਿਆਂ ਵਿੱਚ ਜਦੋਂ ਇਨਕਲਾਬੀ ਮਹਾਂਪੁਰਸ਼ ਮੌਕੇ ਦੀਆਂ ਹਕੂਮਤਾਂ ਤੇ ਸਰਮਾਏਦਾਰੀ ਵਿਰੁੱਧ ਲੋਕ ਹਿੱਤਾਂ ਲਈ ਲੜਦੇ ਹਨ, ਉਨ੍ਹਾਂ ਸਮਿਆਂ ਵਿੱਚ ਜਿਹੜੀ ਪੁਜਾਰੀ ਕਲਾਸ ਇਨ੍ਹਾਂ ਮਹਾਂਪੁਰਸ਼ਾਂ ਖਿਲਾਫ ਮੌਕੇ ਦੇ ਹਾਕਮਾਂ ਦੇ ਹਿੱਤ ਵਿੱਚ ਭੁਗਤਦੀ ਹੈ, ਉਹੀ ਪੁਜਾਰੀ ਕਲਾਸ ਸਮਾਂ ਪਾ ਕੇ ਨਵੇਂ ਰੂਪ ਵਿੱਚ ਉਨ੍ਹਾਂ ਹੀ ਮਹਾਂਪੁਰਸ਼ ਦੇ ਹਮਦਰਦ ਤੇ ਅਨੁਆਈ ਬਣ ਕੇ ਨਵਾਂ ਫਿਰਕਾ ਖੜ੍ਹਾ ਕਰ ਲੈਂਦੇ ਰਹੇ ਹਨ ਤੇ ਉਨ੍ਹਾਂ ਦੀ ਵਿਚਾਰਧਾਰਾ ਵਿੱਚ ਰਲ਼ਾ (ਮਿਲਾਵਟ) ਪਾ ਕੇ ਆਪਣੇ ਤੇ ਆਪਣੇ ਆਕਾਵਾਂ ਦੇ ਹਿੱਤਾਂ ਨੂੰ ਮੁੱਖ ਰੱਖ ਨਵੇਂ ਧਰਮ ਗ੍ਰੰਥ ਲਿਖ ਲੈਂਦੇ ਰਹੇ ਹਨ। ਜਿਥੇ ਇਨ੍ਹਾਂ ਧਰਮ ਗ੍ਰੰਥਾਂ ਵਿੱਚ ਅਸਲੀ ਇਨਕਲਾਬੀ ਮਹਾਂਪੁਰਸ਼ਾਂ ਦੀ ਵਿਚਾਰਧਾਰਾ ਵੀ ਹੁੰਦੀ ਹੈ ਤੇ ਇਹ ਬਿਲਕੁਲ ਹੀ ਨਕਲੀ ਨਹੀਂ ਹੁੰਦੇ, ਪਰ ਇਨ੍ਹਾਂ ਨੂੰ ਲਿਖਿਆ ਇਸ ਢੰਗ ਨਾਲ ਜਾਂਦਾ ਹੈ ਕਿ ਲੋਕ ਇਨ੍ਹਾਂ ਨੂੰ ਸੱਚੇ ਧਰਮ ਗ੍ਰੰਥ ਸਮਝ ਕੇ ਜੁੜੇ ਰਹਿਣ। ਪਰ ਵਿੱਚ ਉਹ ਆਪਣੇ ਹਿੱਤਾਂ ਵਾਲੀ ਵਿਚਾਰਧਾਰਾ ਇਸ ਢੰਗ ਨਾਲ ਰਲਾਉਂਦੇ ਹਨ ਕਿ ਉਸਦਾ ਇਨਕਲਾਬੀ ਖਾਸਾ ਹੀ ਬਦਲ ਦਿੱਤਾ ਜਾਂਦਾ ਹੈ। ਇਹੀ ਵਜ੍ਹਾ ਹੈ ਕਿ ਇਨਕਲਾਬੀ ਮਹਾਂਪੁਰਸ਼ਾਂ ਦੀਆਂ ਵਿਚਰਧਾਰਾਵਾਂ ਉਨ੍ਹਾਂ ਦੇ ਸਮਿਆਂ ਜਾਂ ਉਸ ਤੋਂ ਥੋੜ੍ਹਾ ਚਿਰ ਬਾਅਦ ਤੱਕ ਹੀ ਅਸਰ ਅੰਦਾਜ਼ ਹੁੰਦੀਆਂ ਹਨ ਜਾਂ ਇਨਕਲਾਬ ਲਿਆਉਂਦੀਆਂ ਹਨ, ਬਾਅਦ ਵਿੱਚ ਧਰਮ ਦੇ ਨਾਮ ਤੇ ਲੜੇ ਜਾਂਦੇ 'ਧਰਮ ਯੁੱਧ' ਫਿਰਕਾਪ੍ਰਸਤੀ ਤੋਂ ਵੱਧ ਕੁੱਝ ਨਹੀਂ ਹੁੰਦੇ, ਜਿਥੇ ਉਨ੍ਹਾਂ ਧਾਰਮਿਕ ਫਿਰਕਿਆਂ ਤੇ ਕਾਬਿਜ਼ ਬਹੁ ਗਿਣਤੀ ਜਮਾਤਾਂ ਆਪਣੇ ਹਿੱਤਾਂ ਨੂੰ ਮੁੱਖ ਰੱਖ ਕੇ ਧਰਮ ਯੁੱਧਾਂ ਦੇ ਨਾਮ ਤੇ ਧਰਮ ਦਾ ਨਹੀਂ, ਆਪਣੀ ਤਾਕਤ ਦਾ ਪ੍ਰਸਾਰ ਹੀ ਕਰਦੀਆਂ ਹਨ ਅਤੇ ਛੋਟੀਆਂ ਤੇ ਕਮਜ਼ੋਰ ਕੌਮਾਂ ਜਾਂ ਫਿਰਕਿਆਂ ਦਾ ਘਾਣ ਕਰਦੀਆਂ ਹਨ। ਅਜਿਹੇ ਧਰਮ ਯੁੱਧਾਂ ਵਿੱਚ ਜਾਂ ਤੇ ਛੋਟੇ ਫਿਰਕਿਆਂ ਦਾ ਧਰਮ ਤਬਦੀਲ ਕਰਕੇ ਆਪਣੇ ਵਿੱਚ ਸ਼ਾਮਿਲ ਕਰ ਲਿਆ ਜਾਂਦਾ ਰਿਹਾ ਹੈ ਤੇ ਜਾਂ ਫਿਰ ਉਨ੍ਹਾਂ ਨੂੰ ਗੁਲਾਮ ਬਣਾ ਕੇ ਬਹੁ-ਗਿਣਤੀ ਦੇ ਰਹਿਮ ਤੇ ਜੀਣ ਲਈ ਮਜਬੂਰ ਕੀਤਾ ਜਾਂਦਾ ਹੈ। ਦੁਨੀਆਂ ਦੇ ਛੋਟੇ-ਵੱਡੇ ਧਾਰਮਿਕ ਫਿਰਕਿਆਂ ਦੇ ਗ੍ਰੰਥਾਂ ਵਿਚੋਂ ਇੱਕ ਦੋ ਅਜਿਹੇ ਹੋ ਸਕਦੇ ਹਨ, ਜਿਹੜੇ ਆਪਣੀ ਅਸਲ ਵਿਚਾਰਧਾਰਾ ਵਾਲੇ ਹੋਣਗੇ ਜਾਂ ਜਿਨ੍ਹਾਂ ਵਿੱਚ ਕੋਈ ਰਲ਼ਾ ਨਹੀਂ ਪਾਇਆ ਗਿਆ ਹੋਵੇਗਾ, ਨਹੀਂ ਤੇ ਕੋਈ ਵੀ ਧਰਮ ਗ੍ਰੰਥ ਪੁਜਾਰੀਆਂ, ਸ਼ਾਸਕਾਂ ਤੇ ਸਰਮਾਏਦਾਰਾਂ ਦੀ ਸਾਜ਼ਿਸ਼ ਦਾ ਸ਼ਿਕਾਰ ਹੋਣ ਤੋਂ ਨਹੀਂ ਬਚ ਸਕਿਆ। ਜੇ ਕਿਸੇ ਫਿਰਕੇ ਦੇ ਗ੍ਰੰਥ ਵਿੱਚ ਪੁਜਾਰੀ ਰਲ਼ਾ ਨਾ ਪਾ ਸਕੇ ਹੋਣ, ਉਥੇ ਉਨ੍ਹਾਂ ਹੋਰ ਕਈ ਨਕਲੀ ਗ੍ਰੰਥ ਖੜੇ ਕੀਤੇ ਹੁੰਦੇ ਹਨ ਤੇ ਅਸਲੀ ਗ੍ਰੰਥ ਨੂੰ ਸਿਰਫ ਆਪਣਾ ਧੰਦਾ ਚਲਾਉਣ ਲਈ ਵਰਤਦੇ ਹਨ ਤੇ ਪ੍ਰਚਾਰ ਨਕਲੀ ਗ੍ਰੰਥਾਂ ਦਾ ਹੀ ਕਰਦੇ ਹਨ। ਅੱਜ ਦੇ ਪ੍ਰਚਲਤ ਵੱਡੇ ਜਥੇਬੰਧਕ ਧਾਰਮਿਕ ਫਿਰਕਿਆ ਦੇ ਧਰਮ ਗ੍ਰੰਥ ਪੁਜਾਰੀਆਂ ਵਲੋਂ ਆਪਣੇ ਪੈਗੰਬਰਾਂ ਤੋਂ ਬਹੁਤ ਸਮਾਂ ਬਾਅਦ ਆਪਣੇ ਹਿੱਤਾਂ ਨੂੰ ਸੁਰੱਖਿਅਤ ਰੱਖ ਕੇ ਲਿਖੇ ਹੋਏ ਨਕਲੀ ਧਰਮ ਗ੍ਰੰਥ ਹਨ, ਜਿਨ੍ਹਾਂ ਵਿੱਚ ਕੁੱਝ ਅੰਸ਼ ਹੀ ਇਨਕਲਾਬੀ ਮਹਾਂਪੁਰਸ਼ਾਂ ਦੀ ਅਸਲੀ ਵਿਚਾਰਧਾਰਾ ਦਾ ਮਿਲਦਾ ਹੈ। ਜੇ ਆਮ ਦੁਨਿਆਵੀ ਪੱਖ ਤੋਂ ਦੇਖਿਆ ਜਾਵੇ ਤਾਂ ਧਰਮ ਗ੍ਰੰਥ ਤੇ ਆਮ ਗ੍ਰੰਥ ਜਾਂ ਕਿਤਾਬਾਂ ਵਿੱਚ ਕੋਈ ਫਰਕ ਨਹੀਂ ਹੁੰਦਾ, ਧਰਮ ਗ੍ਰੰਥ ਵੀ ਕਿਤਾਬਾਂ ਹੀ ਹੁੰਦੀਆਂ ਹਨ, ਜਿਹੜੀਆਂ ਕਿਸੇ ਵਿਅਕਤੀ ਦੀ ਵਿਚਾਰਧਾਰਾ ਜਾਂ ਨਜ਼ਰੀਏ ਨੂੰ ਸਾਡੇ ਸਾਹਮਣੇ ਰੱਖਦੀਆਂ ਹਨ। ਪਰ ਪੁਜਾਰੀਆਂ ਵਲੋਂ ਆਮ ਕਿਤਾਬ ਜਾਂ ਗ੍ਰੰਥ ਤੇ ਧਾਰਮਿਕ ਗ੍ਰੰਥ ਵਿੱਚ ਇਸ ਢੰਗ ਨਾਲ ਫਰਕ ਖੜ੍ਹਾ ਕੀਤਾ ਜਾਦਾ ਹੈ ਕਿ 'ਧਾਰਮਿਕ ਗ੍ਰੰਥ' ਦਾ ਅੱਖਰ-ਅੱਖਰ ਆਖਰੀ ਸੱਚ ਹੁੰਦਾ ਹੈ, ਜਿਸ ਤੇ ਕੋਈ ਕਿੰਤੂ ਪ੍ਰੰਤੂ ਨਹੀਂ ਹੋ ਸਕਦਾ, ਕੋਈ ਸਵਾਲ ਖੜ੍ਹਾ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਅੱਖਰ ਪੈਗੰਬਰੀ ਪੁਰਸ਼ਾਂ ਵਲੋਂ ਲਿਖੇ ਹੋਏ ਹਨ ਤੇ ਜਿਨ੍ਹਾਂ ਨੂੰ ਰੱਬ ਵਲੋਂ ਸਿੱਧੀ ਆਕਾਸ਼ਵਾਣੀ ਕਰਕੇ ਇਨ੍ਹਾਂ ਮਹਾਂਪੁਰਸ਼ਾਂ ਰਾਹੀਂ ਕਹਾਇਆ ਜਾਂ ਲਿਖਾਇਆ ਗਿਆ ਸੀ। ਇਸ ਲਈ ਉਨ੍ਹਾਂ ਅਨੁਸਾਰ ਧਾਰਮਿਕ ਗ੍ਰੰਥਾਂ ਵਿੱਚ ਅੰਕਿਤ ਵਿਚਾਰਧਾਰਾ ਆਮ ਦੁਨਿਆਵੀ ਲੋਕਾਂ ਦੀਆਂ ਲਿਖੀਆਂ ਕਿਤਾਬਾਂ ਵਿਚਲੀਆਂ ਉਨ੍ਹਾਂ ਦੇ ਦਿਮਾਗ ਦੀ ਉਪਜ ਕਵਿਤਾ, ਕਹਾਣੀ, ਲੇਖ ਵਾਂਗ ਨਹੀਂ, ਇਹ ਸਿੱਧੇ ਰੱਬ ਵਲੋਂ ਆਏ ਇਲਾਹੀ ਸੰਦੇਸ਼ ਹਨ, ਜਿਨ੍ਹਾਂ ਨੂੰ ਰੱਬ ਨੇ ਮਨੁੱਖਤਾ ਦੇ ਭਲੇ ਲਈ, ਆਪਣੇ ਵਲੋਂ ਭੇਜੇ ਹੋਏ ਪੈਗੰਬਰਾਂ ਰਾਹੀਂ ਕਹਾਇਆ ਤੇ ਧਰਮ ਗ੍ਰੰਥ ਵਿੱਚ ਅੰਕਿਤ ਕੀਤਾ। ਹੁਣ ਕਿਸੇ ਬੰਦੇ ਦੇ ਵਿਚਾਰਾਂ ਤੇ ਚਰਚਾ ਤੇ ਹੋ ਸਕਦੀ ਹੈ, ਸਰਬ ਸ਼ਕਤੀਮਾਨ ਰੱਬ ਵਲੋਂ ਭੇਜੇ ਵਿਚਾਰਾਂ ਤੇ ਕੋਈ ਚਰਚਾ ਜਾਂ ਕਿੰਤੂ ਪ੍ਰੰਤੂ ਨਹੀਂ ਹੋ ਸਕਦਾ। ਇਹ ਗੱਲ ਹਰ ਧਾਰਮਿਕ ਫਿਰਕੇ ਵਲੋਂ ਆਪਣੇ ਸ਼ਰਧਾਲੂਆਂ ਤੇ ਫਿਰ ਸ਼ਰਧਾਲੂਆਂ ਵਲੋਂ ਆਪਣੇ ਬੱਚਿਆਂ ਦੇ ਮਨਾਂ ਵਿੱਚ ਬੜੇ ਜ਼ੋਰ ਨਾਲ ਬਿਠਾਈ ਜਾਂਦੀ ਹੈ ਕਿ ਧਰਮ ਗ੍ਰੰਥ ਸਿਰਫ ਤੇ ਸਿਰਫ ਮੰਨਣ ਲਈ ਹੁੰਦੇ ਹਨ, ਇਨ੍ਹਾਂ ਦੇ ਪੂਜਾ ਪਾਠ ਹੋ ਸਕਦੇ ਹਨ, ਇਨ੍ਹਾਂ ਵਿਚਲੇ ਸ਼ਬਦਾਂ ਦੇ ਅਰਥ ਕੀਤੇ ਜਾ ਸਕਦੇ ਹਨ, ਪਰ ਇਨ੍ਹਾਂ ਤੇ ਚਰਚਾ ਨਹੀਂ ਕੀਤੀ ਜਾ ਸਕਦੀ, ਇਨ੍ਹਾਂ ਦੀ ਆਲੋਚਨਾ ਨਹੀਂ ਹੋ ਸਕਦੀ। ਇਨ੍ਹਾਂ ਦੀ ਆਮ ਕਿਤਾਬਾਂ ਵਾਂਗ ਪੁਸਤਕ ਸਮੀਖਿਆ ਜਾਂ ਰਿਵਿਊ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਇਲਾਹੀ ਸੰਦੇਸ਼ ਹਨ? ਪੁਜਾਰੀਆਂ ਦੇ ਸਦੀਆਂ ਤੋਂ ਇਸ ਪ੍ਰਚਾਰ ਨੇ ਨਾ ਸਿਰਫ ਮਨੁੱਖ ਦਾ ਹੀ, ਸਗੋਂ ਸਮਾਜ ਦਾ ਵਿਕਾਸ ਵੀ ਰੋਕਿਆ ਹੋਇਆ ਹੈ। ਵਿਦਵਾਨ ਲੋਕਾਂ ਨੂੰ ਧਰਮ ਗ੍ਰੰਥ ਵਿਚਲੀਆਂ ਸਦੀਵੀ ਸਚਾਈਆਂ ਤੇ ਮਨੁੱਖ ਨੂੰ ਇੱਕ ਚੰਗਾ ਜੀਵਨ ਜੀਉਣ ਦੀ ਵਿਚਾਰਧਾਰਾ ਅਪਨਾਉਣ ਵਾਲੀਆਂ ਸਿੱਖਿਆਵਾਂ ਤੇ ਕੋਈ ਇਤਰਾਜ਼ ਨਹੀਂ ਹੁੰਦਾ, ਸਗੋਂ ਪੁਜਾਰੀਆਂ ਵਲੋਂ ਧਰਮ ਗ੍ਰੰਥਾਂ ਜਾਂ ਧਾਰਮਿਕ ਮਰਿਯਾਦਾਵਾਂ ਰਾਹੀਂ ਆਪਣਾ ਧਰਮ ਅਧਾਰਿਤ ਧੰਦਾ ਜਾਰੀ ਰੱਖਣ ਲਈ ਸਮਾਂ ਵਿਹਾ ਚੁੱਕੀਆਂ ਰੀਤਾਂ, ਰਸਮਾਂ, ਕਰਮਕਾਂਡਾਂ, ਧਾਰਮਿਕ ਚਿੰਨ੍ਹਾਂ, ਧਾਰਮਿਕ ਦਿਖਾਵਿਆਂ, ਪਹਿਰਾਵਿਆਂ ਆਦਿ ਤੇ ਕਿੰਤੂ ਹੁੰਦਾ ਹੈ, ਲੋਕ ਸਮਾਂ ਵਿਹਾ ਚੁੱਕੀਆਂ, ਗਲ਼ੀਆਂ ਸੜ੍ਹੀਆਂ ਰੀਤਾਂ ਰਸਮਾਂ ਨੂੰ ਛੱਡ ਕੇ ਸਮੇਂ ਨਾਲ ਅੱਗੇ ਵਧਣਾ ਚਾਹੁੰਦੇ ਹੁੰਦੇ ਹਨ, ਪਰ ਪੁਜਾਰੀ ਆਪਣੇ ਮੁਫਾਦ ਲਈ ਉਨ੍ਹਾਂ ਨੂੰ ਮਰਿਯਾਦਾ ਦੀਆਂ ਜੰਜੀਰਾਂ ਵਿੱਚ ਬੰਨ੍ਹ ਕੇ ਰੱਖਣਾ ਚਾਹੁੰਦੇ ਹਨ। ਇਸੇ ਲਈ ਕਦੇ ਵੀ ਕਿਸੇ ਵੀ ਧਾਰਮਿਕ ਫਿਰਕੇ ਦਾ ਕੋਈ ਪੁਜਾਰੀ ਇਹ ਨਹੀਂ ਕਹਿੰਦਾ ਕਿ ਰੀਤਾਂ, ਰਸਮਾਂ, ਪੂਜਾ, ਪਾਠ, ਕਰਮਕਾਂਡ, ਮਰਿਯਾਦਾ, ਉਨ੍ਹਾਂ ਵਲੋਂ ਬਣਾਈ ਹੋਈ ਹੈ, ਉਹ ਇਸਨੂੰ ਆਪਣੇ ਪੈਗੰਬਰ, ਗੁਰੂ, ਰਹਿਬਰ ਆਦਿ ਨਾਲ ਜੋੜਦੇ ਹਨ ਤੇ ਉਨ੍ਹਾਂ ਨੂੰ ਅੱਗੇ ਰੱਬ ਦੇ ਦੂਤ ਦੱਸਦੇ ਤੇ ਉਨ੍ਹਾਂ ਦੇ ਬਚਨਾਂ ਜਾਂ ਵਿਚਾਰਧਾਰਾ ਨੂੰ ਰੱਬ ਵਲੋਂ ਭੇਜੀ ਸਿੱਧੀ ਤੇ ਨਿਰਮਲ ਵਿਚਾਰਧਾਰਾ ਦੱਸ ਕੇ ਆਪਣੇ ਮਾਇਆ ਜਾਲ ਵਿੱਚ ਫਸਾਈ ਰੱਖਦੇ ਹਨ। ਅੱਗੇ ਇਨ੍ਹਾਂ ਪੁਜਾਰੀਆਂ ਦੇ ਹਿੱਤ ਸ਼ਾਸਕਾਂ ਤੇ ਸਰਮਾਏਦਾਰਾਂ (ਮਲਕ ਭਾਗੋਆਂ) ਨਾਲ ਜੁੜੇ ਹੁੰਦੇ ਹਨ। ਇਸ ਤਰ੍ਹਾਂ ਪਿਛਲੇ 5 ਹਜ਼ਾਰ ਸਾਲ ਤੋਂ ਇਹ ਤਿਕੜੀ (ਹਾਕਮ, ਸਰਮਾਏਦਾਰ ਤੇ ਪੁਜਾਰੀ) ਰਲ਼ ਕੇ ਮਨੁੱਖਤਾ ਦਾ ਸੋਸ਼ਣ ਕਰਦੇ ਆ ਰਹੇ ਹਨ।

ਕੋਈ ਵੀ ਬੱਚਾ ਜੋ ਦੁਨੀਆਂ ਵਿੱਚ ਜਨਮ ਲੈਂਦਾ ਹੈ, ਉਹ ਇਸ ਦੁਨੀਆਂ ਵਿੱਚ ਆ ਕੇ ਆਪਣੇ ਪਰਿਵਾਰ, ਸਮਾਜ ਜਾਂ ਦੇਸ਼ ਅਨੁਸਾਰ ਭਾਸ਼ਾ ਬੋਲਣੀ, ਲਿਖਣੀ ਸਿੱਖਦਾ ਹੈ ਤੇ ਫਿਰ ਉਸ ਭਾਸ਼ਾ ਵਿੱਚ ਆਪਣੇ ਤੋਂ ਪਹਿਲੇ ਗ੍ਰੰਥਾਂ, ਕਿਤਾਬਾਂ, ਵਿਅਕਤੀਆਂ ਜਾਂ ਆਪਣੇ ਜੀਵਨ ਅਨੁਭਵ ਤੋਂ ਸਿੱਖ ਕੇ ਆਪਣੀ ਵਿਚਾਰਧਾਰਾ ਬਣਾਉਂਦਾ ਹੈ ਤੇ ਉਸ ਅਨੁਸਾਰ ਹੀ ਅੱਗੇ ਆਪਣੀ ਵਿਚਾਰਧਾਰਾ ਦਿੰਦਾ ਹੈ। ਦੁਨੀਆਂ ਵਿੱਚ ਕਦੇ ਕੋਈ ਅਜਿਹਾ ਚਮਤਕਾਰ ਨਹੀਂ ਵਾਪਰਿਆ ਕਿ ਪੰਜਾਬੀ ਬੋਲਣ ਵਾਲਿਆਂ ਦੇ ਘਰ ਅੰਗਰੇਜ਼ੀ ਜਾਂ ਕੋਈ ਹੋਰ ਭਾਸ਼ਾ ਬੋਲਣ ਵਾਲਾ ਬੱਚਾ ਜੰਮ ਪਿਆ ਹੋਵੇ ਜਾਂ ਕਿਸੇ ਵੀ ਭਾਸ਼ਾ ਨੂੰ ਬੋਲਣ ਵਾਲਿਆਂ ਦੇ ਘਰ ਜੰਮਦਾ ਹੀ ਬੱਚਾ ਕੋਈ ਹੋਰ ਭਾਸ਼ਾ ਬੋਲਣ ਲੱਗ ਪਿਆ ਹੋਵੇ, ਹਰ ਬੱਚੇ ਨੂੰ ਉਸਦੇ ਮਾਂ ਬਾਪ, ਪਰਿਵਾਰ ਜਾਂ ਸਮਾਜ ਵਲੋਂ ਖਾਣ-ਪੀਣ, ਤੁਰਨ, ਬੋਲਣ, ਭਾਵ ਸਭ ਕੁੱਝ ਸਿਖਾਇਆ ਜਾਂਦਾ ਹੈ ਤੇ ਥੋੜ੍ਹਾ ਵੱਡਾ ਹੋ ਕੇ ਉਹ ਆਪਣੀ ਮਰਜ਼ੀ ਨਾਲ ਸਿੱਖਣ ਲਗਦਾ ਹੈ। ਆਪਣੇ ਜੀਵਨ ਅਨੁਭਵ ਤੇ ਦੁਨੀਆਂ ਵਿੱਚ ਵਿਚਰ ਕੇ, ਪੜ੍ਹ, ਲਿਖ, ਸੁਣ ਕੇ ਇਕੱਠੇ ਕੀਤੇ ਗਿਆਨ ਨਾਲ ਹੀ ਉਹ ਆਪਣੀ ਵਿਚਾਰਧਾਰਾ ਬਣਾਉਂਦਾ ਹੈ। ਅਜਿਹਾ ਕਹਿਣਾ ਕਿ ਕਿਸੇ ਖਾਸ ਵਿਅਕਤੀ ਨੂੰ ਕਿਸੇ ਰੱਬ ਵਲੋਂ ਕਿਸੇ ਖਾਸ ਸ਼ਕਤੀ ਨਾਲ ਕੋਈ ਸਿੱਧਾ ਗਿਆਨ ਦਿੱਤਾ ਗਿਆ ਸੀ, ਸਭ ਪੁਜਾਰੀਆਂ ਦਾ ਪ੍ਰਚਾਰ ਹੈ। ਇਸਦਾ ਦੂਜਾ ਪੱਖ ਇਹ ਹੈ ਕਿ ਸਾਰੇ ਧਰਮ ਪੁਜਾਰੀਆਂ ਵਲੋਂ ਅਜਿਹਾ ਪ੍ਰਚਾਰ ਵੀ ਕੀਤਾ ਜਾਂਦਾ ਹੈ ਕਿ ਧਰਮ ਗ੍ਰੰਥਾਂ ਵਿੱਚ ਜੋ ਕੁੱਝ ਵੀ ਲਿਖ ਦਿੱਤਾ ਗਿਆ ਹੈ, ਉਹ ਸਦੀਵੀ ਤੇ ਆਖਰੀ ਸੱਚ ਹੈ, ਉਸਨੂੰ ਨਾ ਹੀ ਬਦਲਿਆ ਜਾ ਸਕਦਾ ਹੈ, ਨਾ ਹੀ ਉਸ ਤੇ ਕੋਈ ਚਰਚਾ ਹੋ ਸਕਦੀ ਹੈ, ਨਾ ਹੀ ਉਸ ਤੇ ਕੋਈ ਸਵਾਲ ਜਵਾਬ ਹੋ ਸਕਦੇ ਹਨ, ਨਾ ਹੀ ਕੋਈ ਕਿੰਤੂ ਪ੍ਰੰਤੂ ਹੋ ਸਕਦਾ ਹੈ। ਇਹ ਅਜਿਹਾ ਸੱਚ ਹੈ, ਜੋ ਨਾ ਕਿਸੇ ਨੇ ਪਹਿਲਾਂ ਕਿਹਾ ਸੀ ਤੇ ਨਾ ਹੀ ਕੋਈ ਬਾਅਦ ਵਿੱਚ ਕਹਿ ਸਕਦਾ ਹੈ। ਜਦਕਿ ਧਰਮ ਗ੍ਰੰਥਾਂ ਨੂੰ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਹਰ ਧਰਮ ਗੁਰੂ ਜਾਂ ਪੈਗੰਬਰ ਨੇ ਆਪਣੇ ਤੋਂ ਪਹਿਲੇ ਧਰਮਾਂ ਦੇ ਗੁਰੂਆਂ, ਪੈਗੰਬਰਾਂ ਦੇ ਗ੍ਰੰਥਾਂ ਜਾਂ ਉਨ੍ਹਾਂ ਦੀਆਂ ਮਰਿਯਾਦਾਵਾਂ ਤੋਂ ਨਾ ਸਿਰਫ ਵੱਖਰੀ ਤੇ ਨਵੀਂ ਗੱਲ ਕਰਨ ਦੀ ਕੋਸ਼ਿਸ਼ ਕੀਤੀ, ਸਗੋਂ ਬਹੁਤ ਜਗ੍ਹਾ ਪਹਿਲਿਆਂ ਦੀ ਗਲਤ ਵਿਚਰਧਾਰਾ ਜਾਂ ਧਾਰਨਾ ਦਾ ਖੰਡਨ ਵੀ ਕੀਤਾ। ਜੇ ਇਹ ਸਦੀਵੀ ਸੱਚ ਸੀ ਤਾਂ ਫਿਰ ਹਰ ਨਵੇਂ ਧਰਮ ਵਿੱਚ ਨਵੀਂ, ਵੱਖਰੀ ਤੇ ਵਿਰੋਧਾਭਾਸ ਵਾਲੀ ਵਿਚਾਰਧਾਰਾ ਕਿਉਂ ਸੀ ਜਾਂ ਹੈ? ਅਸਲ ਵਿੱਚ ਕਿਸੇ ਪੈਗੰਬਰ ਜਾਂ ਗੁਰੂ ਨੇ ਕਦੇ ਨਹੀਂ ਕਿਹਾ ਕਿ ਉਸਦੀ ਵਿਚਾਰਧਾਰਾ ਆਖਰੀ ਸੱਚ ਹੈ, ਨਾ ਹੀ ਅਜਿਹਾ ਦਾਅਵਾ ਕੀਤਾ ਹੀ ਜਾ ਸਕਦਾ ਹੈ? ਕੋਈ ਮੂਰਖ ਵਿਅਕਤੀ ਹੀ ਅਜਿਹੇ ਦਾਅਵੇ ਕਰ ਸਕਦਾ ਹੈ ਕਿ ਉਸਨੇ ਕੁਦਰਤ ਦਾ ਅੰਤ ਪਾ ਲਿਆ ਹੈ। ਕੁਦਰਤ ਦਾ ਇਹ ਪਸਾਰਾ ਇਤਨਾ ਬੇਅੰਤ ਹੈ ਕਿ ਅੱਜ ਤੱਕ ਦੀ ਮਨੁੱਖੀ ਸਮਝ ਅਨੁਸਾਰ ਇਸਦਾ ਅੰਤ ਪਾ ਲੈਣਾ ਨਾ ਮੁਮਕਿਨ ਹੈ, ਪਰ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਜਿਸ ਤਰ੍ਹਾਂ ਮਨੁੱਖ ਸਦੀਆਂ ਤੋਂ ਇਸਦੀ ਖੋਜ ਵਿੱਚ ਲੱਗਾ ਹੋਇਆ ਹੈ ਤੇ ਕਿਸੇ ਸਮੇਂ ਅੰਤ ਪਾ ਵੀ ਲਵੇ, ਕੁੱਝ ਕਿਹਾ ਨਹੀਂ ਜਾ ਸਕਦਾ? ਕੁਦਰਤ ਦਾ ਅੰਤ ਪਾ ਲੈਣ ਜਾਂ ਧਾਰਮਿਕ ਗ੍ਰੰਥਾਂ ਵਿੱਚ ਸਭ ਕੁੱਝ ਅੰਤਮ ਸੱਚ ਹੈ, ਦੇ ਥੋਥੇ ਦਾਅਵੇ ਪੁਜਾਰੀਆਂ ਵਲੋਂ ਹੀ ਪਾਏ ਹੋਏ ਹਨ, ਕਿਉਂਕਿ ਉਹ ਚਾਹੁੰਦੇ ਹਨ ਕਿ ਆਮ ਸ਼ਰਧਾਲੂ ਲੋਕ ਕੁੱਝ ਸੋਚਣ ਨਾ, ਵਿਚਾਰਨ ਨਾ, ਆਪਣਾ ਦਿਮਾਗ ਨਾ ਵਰਤਣ, ਉਨ੍ਹਾਂ ਨੂੰ ਪਤਾ ਹੈ ਕਿ ਜੇ ਲੋਕ ਧਰਮ ਗ੍ਰੰਥਾਂ ਜਾਂ ਪੁਜਾਰੀਆਂ ਦੀਆਂ ਬਣਾਈਆਂ ਮਰਿਯਾਦਾਵਾਂ ਬਾਰੇ ਸੋਚਣ, ਵਿਚਾਰਨ ਲੱਗ ਪਏ, ਉਨ੍ਹਾਂ ਤੇ ਸਵਾਲ ਖੜ੍ਹੇ ਕਰਨ ਲੱਗ ਪਏ, ਕਿੰਤੂ ਪ੍ਰੰਤੂ ਕਰਨ ਲੱਗ ਪਏ ਤਾਂ ਪੁਜਾਰੀਆਂ ਵਲੋਂ ਅੰਧ-ਵਿਸ਼ਵਾਸ਼ਾਂ, ਕਰਮਕਾਂਡਾਂ, ਨਕਲੀ ਮਰਿਯਾਦਾਵਾਂ, ਚਮਤਕਾਰਾਂ, ਨਕਲੀ ਅਗਲੇ ਪਿਛਲੇ ਜਨਮਾਂ ਦੇ ਲਾਰਿਆਂ, ਸਵਰਗਾਂ ਨਰਕਾਂ ਦੇ ਡਰ ਅਧਾਰਿਤ ਖੜ੍ਹੇ ਕੀਤੇ ਹੋਏ ਨਕਲੀ ਧਰਮਾਂ ਦੇ ਮਹੱਲ ਡਿਗਦਿਆਂ ਦੇਰ ਨਹੀਂ ਲੱਗਣੀ। ਇਸ ਲਈ ਧਰਮ ਆਗੂ ਤੇ ਪੁਜਾਰੀ ਹਮੇਸ਼ਾਂ ਇਹ ਰਟ ਲਗਾਈ ਰੱਖਦੇ ਹਨ ਕਿ ਧਰਮ ਸ਼ਰਧਾ ਦਾ ਵਿਸ਼ਾ ਹੈ, ਤਰਕ ਤੇ ਦਲੀਲ ਦਿਮਾਗ ਦੀਆਂ ਕਾਢਾਂ ਹਨ। ਧਰਮ ਵਿੱਚ ਦਿਮਾਗ ਨਹੀਂ, ਸੱਚੇ ਮਨ ਵਾਲੀ ਸ਼ਰਧਾ ਚਲਦੀ ਹੈ। ਮੈਨੂੰ ਇਹ ਗੱਲ ਕਦੇ ਸਮਝ ਨਹੀਂ ਆਈ ਕਿ ਜੇ ਸਾਰੇ ਧਰਮ ਗ੍ਰੰਥਾਂ ਵਿਚਲਾ ਗਿਆਨ ਇਲਾਹੀ ਹੈ, ਰੱਬ ਵਲੋਂ ਸਿੱਧਾ ਪਹੁੰਚਿਆ ਸੰਦੇਸ਼ ਹੈ, ਇਹ ਗਿਆਨ ਆਖਰੀ ਸੱਚ ਹੈ, ਇਸਨੂੰ ਝੁਠਲਾਇਆ ਨਹੀਂ ਜਾ ਸਕਦਾ, ਫਿਰ ਧਰਮ ਗ੍ਰੰਥਾਂ ਨੂੰ ਮੰਨਣ ਦੀ ਥਾਂ ਪੜ੍ਹਨ ਤੇ ਵਿਚਾਰਨ ਦਾ ਵਿਸ਼ਾ ਕਿਉਂ ਨਹੀਂ ਬਣਾਇਆ ਜਾਂਦਾ? ਫਿਰ ਸਮੇਂ ਨਾਲ ਵਾਪਰ ਰਹੀਆਂ ਤਬਦੀਲੀਆਂ ਤੇ ਸਾਇੰਸਦਾਨਾਂ ਵਲੋਂ ਮੈਟਰ (ਮਾਦੇ) ਦੀ ਕੀਤੀ ਜਾ ਰਹੀ ਖੋਜ ਰਾਹੀਂ ਪ੍ਰਗਟ ਹੋ ਰਹੀਆਂ ਕੁਦਰਤ ਦੀਆਂ ਸਚਾਈਆਂ ਦੇ ਸਨਮੁੱਖ, ਅੱਜ ਦੇ ਮਨੁੱਖ ਵਲੋਂ ਧਰਮ ਅਤੇ ਧਰਮ ਗ੍ਰੰਥਾਂ ਤੇ ਉਠਾਏ ਜਾ ਰਹੇ ਸਵਾਲਾਂ ਤੇ ਕੀਤੇ ਜਾ ਰਹੇ ਕਿੰਤੂ ਪ੍ਰੰਤੂ ਦੇ ਸੰਦਰਭ ਵਿੱਚ ਧਾਰਮਿਕ ਫਿਰਕਿਆਂ ਦੇ ਆਗੂਆਂ ਤੇ ਪੁਜਾਰੀਆਂ ਵਲੋਂ ਜਵਾਬ ਕਿਉਂ ਨਹੀਂ ਦਿੱਤੇ ਜਾ ਰਹੇ, ਕਿਉਂ ਉਹ ਕਿੰਤੂ ਪ੍ਰੰਤੂ ਤੋਂ ਡਰਦੇ ਹਨ? ਕਿਉਂ ਧਰਮ ਗ੍ਰੰਥਾਂ ਤੇ ਹੋਣ ਵਾਲੇ ਸਵਾਲਾਂ ਤੋਂ ਰੋਕਣ ਲਈ ਘਟੀਆ ਹੱਥਕੰਡੇ ਵਰਤੇ ਜਾਂਦੇ ਹਨ। ਇੱਕ ਪਾਸੇ ਦੇਸ਼ ਦੇ ਕਨੂੰਨ ਅਨੁਸਾਰ ਬਣੀਆਂ ਦੁਨਿਆਵੀ ਅਦਾਲਤਾਂ ਨੂੰ ਝੂਠੀਆਂ ਕਹਿ ਕੇ ਭੰਡਿਆ ਜਾਂਦਾ ਹੈ ਤੇ ਫਿਰ ਜਦੋਂ ਕੋਈ ਧਰਮ ਗ੍ਰੰਥਾਂ

ਜਾਂ ਅੰਧ ਵਿਸ਼ਵਾਸ਼ੀ ਮਰਿਯਾਦਾਵਾਂ ’ਤੇ ਸਵਾਲ ਖੜ੍ਹਾ ਕਰਦਾ ਹੈ ਤਾਂ ਉਨ੍ਹਾਂ ਹੀ ਅਦਾਲਤਾਂ (ਝੂਠੀਆਂ) ਵਿੱਚ ਮਾਨਹਾਨੀ ਦੇ ਕੇਸ ਕੀਤੇ ਜਾਂਦੇ ਹਨ, ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ ਆਦਿ ਕੀਤੇ ਜਾਂਦੇ ਹਨ। ਸੱਚ ਬੋਲਣ ਵਾਲਿਆਂ ਦੀ ਜ਼ੁਬਾਨ ਬੰਦ ਕਰਨ ਲਈ ਧਮਕੀਆਂ ਦਿੱਤੀਆਂ ਜਾਂਦੀਆਂ ਹਨ। ਕਈ ਜਗ੍ਹਾ ਸਰੀਰਕ ਹਮਲੇ ਵੀ ਕੀਤੇ ਗਏ ਹਨ। ਜੇ ਸਭ ਕੁੱਝ ਸੱਚੋ ਸੱਚ ਹੈ ਤਾਂ ਸੱਚ ਨੂੰ ਡਰ ਕਿਸ ਗੱਲ ਦਾ?

ਹੁਣ ਤੱਕ ਦੀ ਚਰਚਾ ਤੋਂ ਇਹ ਗੱਲ ਬਿਲਕੁਲ ਸਪੱਸ਼ਟ ਹੈ ਕਿ ਧਰਮ ਗ੍ਰੰਥ ਵੀ ਹੋਰ ਗ੍ਰੰਥਾਂ ਵਾਂਗ ਗ੍ਰੰਥ ਹਨ, ਜਿਨ੍ਹਾਂ ਵਿੱਚ ਕਈ ਕੁੱਝ ਚੰਗਾ ਤੇ ਕਈ ਕੁੱਝ ਕੁਵੇਲੇ ਦੇ ਰਾਗ ਤੋਂ ਵੱਧ ਕੁੱਝ ਨਹੀਂ। ਜਿਸ ਤਰ੍ਹਾਂ ਮਨੁੱਖ ਕੁਦਰਤ ਦੀ ਖੋਜ ਕਰਦਾ ਜਾ ਰਿਹਾ ਹੈ, ਬਹੁਤ ਕੁੱਝ ਬਦਲ ਰਿਹਾ ਹੈ, ਬਹੁਤ ਸਚਾਈਆਂ ਨਵੀਆਂ ਸਾਹਮਣੇ ਆ ਰਹੀਆਂ ਹਨ ਤੇ ਬਹੁਤ ਸਾਰੀਆਂ ਪੁਰਾਣੀਆਂ ਮਿਥਾਂ ਅਧਾਰਿਤ ਸਚਾਈਆਂ ਗਲਤ ਸਾਬਿਤ ਹੋ ਰਹੀਆਂ ਹਨ। ਧਰਮ ਜੇ ਸੱਚ ਦਾ ਮਾਰਗ ਹੈ ਤਾਂ ਸਾਨੂੰ ਸੱਚੇ ਧਰਮੀ ਹੋਣ ਦੇ ਨਾਤੇ ਸੱਚ ਦੇ ਨਾਲ ਹੀ ਖੜ੍ਹਨਾ ਚਾਹੀਦਾ ਹੈ। ਜੋ ਸੱਚ ਹੈ ਉਸਨੂੰ ਮੰਨ ਲੈਣਾ ਚਾਹੀਦਾ ਹੈ ਤੇ ਜੋ ਗਲਤ ਸਾਬਿਤ ਹੋ ਗਿਆ, ਉਸਨੂੰ ਛੱਡ ਦੇਣਾ ਚਾਹੀਦਾ ਹੈ। ਪਰ ਅਖੌਤੀ ਧਰਮੀਆਂ ਤੇ ਪੁਜਾਰੀਆਂ ਨੇ ਧਰਮ ਦੇ ਨਾਮ ’ਤੇ ਅਜਿਹੇ ਝੂਠੇ ਅਡੰਬਰ ਰਚੇ ਹੋਏ ਹਨ ਕਿ ਉਨ੍ਹਾਂ ਨੂੰ ਸੱਚ ਦਾ ਸਾਹਮਣਾ ਕਰਨ ਤੋਂ ਡਰ ਲੱਗ ਰਿਹਾ ਹੈ। ਉਨ੍ਹਾਂ ਨੂੰ ਲਗਦਾ ਹੈ ਕਿ ਜੇ ਅਸੀਂ ਸਮੇਂ ਦਾ ਸੱਚ ਕਬੂਲ ਲਿਆ ਤਾਂ ਜੋ ਦਾਅਵੇ ਹੁਣ ਤੱਕ ਧਰਮ ਗ੍ਰੰਥਾਂ ਬਾਰੇ ਕੀਤੇ ਜਾ ਰਹੇ ਸਨ, ਉਹ ਦਾਅਵੇ ਹੀ ਝੂਠੇ ਸਾਬਿਤ ਨਹੀਂ ਹੋਣਗੇ, ਲੋਕ ਸਾਨੂੰ ਵੀ ਝੂਠੇ ਜਾਣ ਧਰਮ ਮੰਦਰਾਂ ਵਿਚੋਂ ਧੱਕੇ ਮਾਰ ਕੇ ਬਾਹਰ ਕੱਢ ਦੇਣਗੇ। ਪਰ ਜੇ ਪੁਜਾਰੀ ਇਹ ਸੱਚ ਸਮਝ ਲੈਣ ਕੇ ਧਰਮ ਗੁਰੂ ਜਾਂ ਪੈਗੰਬਰ ਵੀ ਆਮ ਇਨਸਾਨਾਂ ਵਾਂਗ ਪੈਦਾ ਹੋਏ ਇਨਸਾਨ ਹੀ ਸਨ ਤੇ ਉਨ੍ਹਾਂ ਨੇ ਵੀ ਸਮਾਜ ਵਿਚੋਂ ਲਏ ਗਿਆਨ ਤੇ ਆਪਣੇ ਅਨੁਭਵ ਨਾਲ ਮਨੁੱਖਤਾ ਨੂੰ ਉਸ ਸਮੇਂ ਦੀਆਂ ਲੋੜਾਂ ਜਾਂ ਸਮੱਸਿਆਵਾਂ ਅਨੁਸਾਰ ਨਵਾਂ ਮਾਰਗ ਦਿਖਾਇਆ ਸੀ ਤਾਂ ਕਿ ਲੋਕ ਇਸ ਗਿਆਨ ਤੋਂ ਸੇਧ ਲੈ ਕੇ ਅੱਗੇ ਵਧ ਸਕਣ। ਕੋਈ ਵੀ ਸੱਚਾ ਸੁੱਚਾ ਮਨੁੱਖਤਾਵਾਦੀ ਧਰਮ ਪੁਰਸ਼ ਇਹ ਨਹੀਂ ਚਾਹੇਗਾ ਕਿ ਲੋਕ ਉਸਦੇ ਵਿਚਾਰਾਂ ਨੂੰ ਫੜ ਕੇ ਬੈਠ ਜਾਣ ਜਾਂ ਉਸਦਾ ਪੂਜਾ ਪਾਠ ਕਰਨ ਲੱਗ ਜਾਣ। ਵਿਚਾਰ ਪੜ੍ਹਨ ਲਈ ਹੁੰਦੇ ਹਨ, ਜੀਉਣ ਲਈ ਹੁੰਦੇ ਹਨ, ਜਾਨਣ ਤੇ ਅੱਗੇ ਵਧਣ ਲਈ ਹੁੰਦੇ ਹਨ, ਜੋ ਵਿਚਾਰ ਅੱਗੇ ਵਧਣ ਲਈ ਰਾਹ ਦਾ ਰੋੜਾ ਬਣ ਜਾਣ, ਉਨ੍ਹਾਂ ਨੂੰ ਛੱਡਿਆ ਹੀ ਜਾਣਾ ਚਾਹੀਦਾ ਹੈ। ਉਨ੍ਹਾਂ ਨੂੰ ਰੱਦ ਕੀਤਿਆਂ ਹੀ ਮਨੁੱਖਤਾ ਦਾ ਭਲਾ ਹੋ ਸਕਦਾ ਹੈ। ਪਰ ਪੁਜਾਰੀਆਂ ਨੂੰ ਇਸ ਗੱਲ ਦੀ ਫਿਕਰ ਨਹੀਂ ਕਿ ਧਰਮ ਜਾਂ ਗ੍ਰੰਥਾਂ ਦਾ ਕੀ ਬਣੇਗਾ, ਉਨ੍ਹਾਂ ਨੂੰ ਤਾਂ ਆਪਣੇ ਧੰਦੇ ਦਾ ਫਿਕਰ ਹੈ? ਉਨ੍ਹਾਂ ਲੋਕਾਂ ਤੇ ਤਰਸ ਹੀ ਕੀਤਾ ਜਾ ਸਕਦਾ ਹੈ, ਜੋ ਲੋਟੂ ਪੁਜਾਰੀਆਂ ਮਗਰ ਲੱਗ ਕੇ ਧਰਮ ਗ੍ਰੰਥਾਂ ਤੋਂ ਜੀਵਨ ਜਾਚ ਦੀ ਸੇਧ ਲੈਣ ਦੀ ਥਾਂ, ਉਨ੍ਹਾਂ ਦੇ ਪੂਜਾ ਪਾਠ, ਮੰਤਰ ਜਾਪ ਆਦਿ ਵਿੱਚ ਪੈ ਕੇ ਆਪਣਾ ਅਨਮੋਲ ਜੀਵਨ ਵਿਅਰਥ ਗੁਆ ਰਹੇ ਹਨ, ਸਾਨੂੰ ਇਹ ਗੱਲ ਬਿਲਕੁਲ ਸਮਝ ਲੈਣੀ ਚਾਹੀਦੀ ਹੈ ਕਿ ਸਾਡੇ ਕੋਲ ਸਿਰਫ ਇਹੀ ਜਨਮ ਹੈ ਤੇ ਉਸ ਵਿੱਚ ਜੀਣ ਲਈ ਇਹੀ ਸਮਾਂ ਹੈ, ਜਿਹੜਾ ਹੁਣ ਲੰਘ ਰਿਹਾ ਹੈ, ਜੋ ਬੀਤ ਗਿਆ, ਉਹ ਵਾਪਿਸ ਨਹੀਂ ਆ ਸਕਦਾ, ਜੋ ਆਉਣਾ ਹੈ, ਉਸ ਬਾਰੇ ਅਸੀਂ ਦਾਅਵੇ ਨਾਲ ਨਹੀਂ ਕਹਿ ਸਕਦੇ ਕਿ ਉਦੋਂ ਅਸੀਂ ਹੋਵਾਂਗੇ ਜਾਂ ਨਹੀਂ, ਇਸ ਲਈ ਵਰਤਮਾਨ ਹੀ ਸਾਡਾ ਹੈ, ਇਸਨੂੰ ਆਪਣੇ ਤੇ ਸਮਾਜ ਲਈ ਰਚਨਾਤਮਿਕ, ਆਨੰਦਮਈ, ਸਰਬਤ ਦੇ ਭਲੇ ਦੀ ਭਾਵਨਾ ਨਾਲ ਜੀਅ ਸਕੀਏ, ਇਹੀ ਜ਼ਿੰਦਗੀ ਦਾ ਮਨੋਰਥ ਹੋਣਾ ਚਾਹੀਦਾ ਹੈ। ਉਹ ਵਿਦਿਆਰਥੀ ਬੜੇ ਬਦਕਿਸਮਤ ਹੁੰਦੇ ਹਨ, ਜੋ ਸਕੂਲ ਵਿੱਚ ਕਿਤਾਬਾਂ ਪੜ੍ਹਨ ਜਾਂ ਸਮਝਣ ਦੀ ਥਾਂ ਉਨ੍ਹਾਂ ਨੂੰ ਸਾਰਾ ਸਾਲ ਮੱਥਾ ਹੀ ਟੇਕਦੇ ਰਹਿਣ, ਕਿਉਂਕਿ ਉਨ੍ਹਾਂ ਬੇਅਕਲਾਂ ਨੂੰ ਪਤਾ ਨਹੀਂ ਹੁੰਦਾ ਕਿ ਡਿਗਰੀਆਂ ਸਿਰ ਝੁਕਾ ਕੇ (ਮੱਥਾ ਟੇਕ ਕੇ) ਨਹੀਂ, ਸਿਰ ਵਰਤ ਕੇ ਮਿਲਦੀਆਂ ਹਨ। ਧਰਮ ਦੀ ਖੇਡ ਵਿੱਚ ਉਹ ਸ਼ਰਧਾਲੂ ਜੀਵਨ ਦੀ ਬਾਜੀ ਹਾਰ ਜਾਂਦੇ ਹਨ, ਜੋ ਧਰਮ ਗ੍ਰੰਥਾਂ ਨੂੰ ਪੜ੍ਹਨ, ਵਿਚਾਰਨ ਦੀ ਥਾਂ ਸਾਰੀ ਉਮਰ ਮੱਥੇ ਟੇਕਦੇ, ਪੂਜਾ ਕਰਦੇ, ਤੋਤਾ ਰਟਨ ਕਰਦੇ ਰਹਿੰਦੇ ਹਨ? ਧਰਮ ਗ੍ਰੰਥਾਂ ਵਿੱਚ ਕਿਤਨਾ ਕੁ ਗਿਆਨ ਸਦੀਵੀ ਸੱਚ ਵਾਲਾ ਹੈ, ਕਿਤਨਾ ਕੁ ਉਸ ਸਮੇਂ ਦਾ ਸੱਚ ਸੀ, ਜਦੋਂ ਗ੍ਰੰਥ ਲਿਖਿਆ ਗਿਆ ਸੀ ਤੇ ਅੱਜ ਉਸਦੀ ਕੀ ਸਾਰਥਿਕਤਾ ਹੈ, ਕਿਤਨੀ ਕੁ ਉਸ ਵਿੱਚ ਪੁਜਾਰੀਆਂ ਨੇ ਆਪਣੇ ਅਤੇ ਹਾਕਮਾਂ ਤੇ ਸਰਮਾਏਦਾਰਾਂ ਦੇ ਹਿੱਤ ਸੁਰੱਖਿਅਤ ਰੱਖਣ ਲਈ ਮਿਲਾਵਟ ਕੀਤੀ ਹੈ, ਇਹ ਸਭ ਸਾਨੂੰ ਤਾਹੀਂ ਸਮਝ ਆ ਸਕਦੀ ਹੈ, ਜਦੋਂ ਅਸੀਂ ਧਰਮ ਗ੍ਰੰਥਾਂ ਨੂੰ ਤਰਕ ਤੇ ਦਲੀਲ ਦੀ ਸਾਣ ’ਤੇ ਲਾਣ ਕੇ ਪੂਰੇ ਹੋਸ਼ੋ ਹਵਾਸ ਵਿੱਚ, ਸ਼ਰਧਾ ਦੀ ਪੱਟੀ ਉਤਾਰ ਕੇ ਪੜ੍ਹਾਂਗੇ, ਵਿਚਾਰਾਂਗੇ? ਪੜ੍ਹਨ, ਵਿਚਾਰਨ ਵੇਲੇ ਮਨ ਵਿੱਚ ਉਠ ਰਹੇ ਸਵਾਲਾਂ ਨੂੰ ਬਾਹਰ ਪ੍ਰਗਟ ਕਰਾਂਗੇ? ਕਿਸੇ ਵੀ ਕਿਤਾਬ ਨੂੰ ਪੜ੍ਹ ਕੇ ਸਮਝਣ ਦਾ ਸੌਖਾ ਤਰੀਕਾ ਇਹੀ ਹੁੰਦਾ ਹੈ ਕਿ ਪੜ੍ਹਨ ਤੋਂ ਬਾਅਦ ਜੋ ਵੀ ਸਵਾਲ ਆਉਂਦੇ ਹੋਣ, ਉਨ੍ਹਾਂ ਨੂੰ ਰੋਕਿਆ ਨਾ ਜਾਵੇ, ਉਨ੍ਹਾਂ ਦੇ ਹੱਲ ਲੱਭਣ ਦੀ ਕੋਸ਼ਿਸ਼ ਕੀਤੀ ਜਾਵੇ, ਜੇ ਸਵਾਲ ਤੁਹਾਡੇ ਤੋਂ ਆਪ ਹੱਲ ਨਾ ਹੋਣ ਤੇ ਕਿਸੇ ਤੋਂ ਉਸਦਾ ਜਵਾਬ ਪੁੱਛਿਆ ਜਾ ਸਕਦਾ ਹੈ? ਜਿਹੜਾ ਵਿਅਕਤੀ ਆਪਣੇ ਟੀਚਰ ਦੀ ਗੱਲ ਸਮਝ ਨਾ ਆਉਣ ਤੇ ਸਵਾਲ ਪੁੱਛਣ ਤੋਂ ਸ਼ਰਮਾ ਜਾਵੇ ਜਾਂ ਡਰ ਜਾਵੇ, ਉਹ ਕਦੇ ਤਰੱਕੀ ਨਹੀਂ ਕਰ ਸਕੇਗਾ? ਉਸਦੇ ਸਵਾਲ ਸਵਾਲ ਹੀ ਰਹਿ ਜਾਣਗੇ, ਉਸਨੂੰ ਕਦੇ ਜਵਾਬ ਨਹੀਂ ਮਿਲਣਗੇ?

ਧਰਮ ਗ੍ਰੰਥਾਂ ਦਾ ਇੱਕ ਪਹਿਲੂ ਇਹ ਵੀ ਹੈ ਕਿ ਪੁਜਾਰੀ ਧਰਮ ਗ੍ਰੰਥਾਂ ਬਾਰੇ ਅਜਿਹਾ ਵੀ ਪ੍ਰਚਾਰ ਕਰਦੇ ਹਨ ਕਿ ਇਸਦੇ ਸ਼ਬਦਾਂ ਵਿੱਚ ਬੜੀ ਕਰਾਮਾਤੀ ਸ਼ਕਤੀ ਹੁੰਦੀ ਹੈ। ਬੇਸ਼ਕ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਵਿਚਾਰ ਹਥਿਆਰਾਂ ਤੋਂ ਵੱਧ ਤਾਕਤਵਰ ਹੁੰਦੇ ਹਨ ਤੇ ਵਿਚਾਰ ਹਥਿਆਰਾਂ ਤੋਂ ਪਹਿਲਾਂ ਇਨਕਲਾਬ ਲਿਆਉਂਦੇ ਹਨ। ਬਾਹਰੀ ਇਨਕਲਾਬ ਬਾਅਦ ਵਿੱਚ ਵਾਪਰਦੇ ਹਨ, ਪਹਿਲਾਂ ਮਨੁੱਖੀ ਮਨ ਜਾਂ ਚੇਤੰਨਤਾ ਵਿੱਚ ਇਨਕਲਾਬ ਵਾਪਰਦਾ ਹੈ, ਬਾਹਰ ਤਾਂ ਉਸਦਾ ਸਿਰਫ ਪ੍ਰਗਟਾਵਾ ਹੀ ਹੁੰਦਾ ਹੈ। ਪਰ ਵਿਚਾਰਾਂ ਦੀ ਉਹ ਕਰਾਮਾਤ ਜਾਂ ਸ਼ਕਤੀ, ਜਿਹੜੀ ਮਨੁੱਖਾਂ, ਸਮਾਜਾਂ, ਕੌਮਾਂ ਦੇ ਇਤਿਹਾਸ ਬਦਲ ਦਿੰਦੀ ਹੈ, ਉਹ ਇੱਕ ਵੱਖਰੀ ਗੱਲ ਹੈ, ਪਰ ਵਿਚਾਰਾਂ ਦੀ ਜਿਸ ਕਰਾਮਾਤ ਦੀ ਪੁਜਾਰੀ ਗੱਲ ਕਰਦੇ ਹਨ, ਉਹ ਬਿਲਕੁਲ ਵੱਖਰੀ ਗੱਲ ਹੈ। ਪੁਜਾਰੀ ਵਿਚਾਰਾਂ ਨੂੰ ਪੜ੍ਹ ਕੇ, ਵਿਚਾਰ ਕੇ, ਜੀਵਨ ਵਿੱਚ ਅਪਨਾ ਕੇ ਤਬਦੀਲੀ ਦੀ ਨਹੀਂ, ਸਗੋਂ ਵਿਚਾਰਾਂ ਨੂੰ ਮੱਥਾ ਟੇਕ ਕੇ, ਵਿਚਾਰਾਂ ਦੀ ਪੂਜਾ ਕਰਕੇ, ਵਿਚਾਰਾਂ ਦਾ ਬਿਨਾਂ ਸੋਚੇ ਵਿਚਾਰੇ ਪਾਠ ਕਰਕੇ, ਵਿਚਾਰਾਂ ਦਾ ਤਾਬੀਤ ਬਣਾ ਕੇ ਗਲ਼ ਜਾਂ ਬਾਂਹ ਨਾਲ ਬੰਨ੍ਹ ਕੇ, ਵਿਚਾਰਾਂ ਦਾ ਤਬੀਤ ਪਾਣੀ ਵਿੱਚ ਘੋਲ ਕੇ ਪਿਲਾਉਣ, ਨਾਲ ਕਰਾਮਾਤ ਹੋਣ ਦਾ ਭਰਮ ਸ਼ਰਧਾਲੂਆਂ ਵਿੱਚ ਪਾ ਕੇ ਉਸਦੀ ਮਾਨਸਿਕ, ਸਰੀਰਕ, ਆਰਥਿਕ ਲੁੱਟ ਕਰਦੇ ਹਨ। ਪੁਜਾਰੀ ਇਹ ਲੁੱਟ ਸਦੀਆਂ ਤੋਂ ਕਰਦੇ ਆ ਰਹੇ ਹਨ। ਪੁਜਾਰੀ ਸਿਰਫ ਸ਼ਰਧਾਲੂਆਂ ਦਾ ਹੀ ਸ਼ੋਸ਼ਣ ਨਹੀਂ ਕਰਦੇ, ਬਲਕਿ ਆਪਣੇ ਹੀ ਧਰਮ ਗੁਰੂਆਂ (ਜਿਨ੍ਹਾਂ ਦੇ ਨਾਮ ’ਤੇ ਫਿਰਕਾ ਖੜ੍ਹਾ ਕਰਕੇ ਆਪਣਾ ਧੰਦਾ ਚਲਾਉਂਦੇ ਹਨ) ਦੇ ਵਿਚਾਰਾਂ ਦਾ ਵੀ ਸ਼ੋਸ਼ਣ ਕਰਦੇ ਹਨ, ਕਿਉਂਕਿ ਰਹਿਬਰਾਂ ਦੇ ਇਨਕਲਾਬੀ ਵਿਚਾਰ ਜੋ ਦੁਨੀਆਂ ਬਦਲਣ ਦੀ ਸਮਰੱਥਾ ਰੱਖਦੇ ਹੁੰਦੇ ਹਨ, ਉਨ੍ਹਾਂ ਵਿਚਾਰਾਂ ਦਾ ਪੂਜਾ ਪਾਠ ਕਰਕੇ ਹਾਕਮਾਂ ਤੇ ਸਰਮਾਏਦਾਰਾਂ ਦੇ ਹਿੱਤਾਂ ਦੀ ਪੂਰਤੀ ਲਈ ਬਲਾਤਕਾਰ ਕਰਦੇ ਹਨ। ਬੇਸ਼ਕ ਪੁਜਾਰੀਆਂ ਨੇ ਧਾਰਮਿਕ ਫਿਰਕਾ ਧਰਮ ਗੁਰੂਆਂ ਦੇ ਵਿਚਾਰਾਂ ਦੇ ਸੰਗ੍ਰਹਿ ਦੇ ਗ੍ਰੰਥ ਆਧਾਰ ’ਤੇ ਖੜ੍ਹਾ ਕੀਤਾ ਹੁੰਦਾ ਹੈ, ਪਰ ਉਹ ਆਪ ਉਨ੍ਹਾਂ ਵਿਚਾਰਾਂ ਦੇ ਵਿਰੋਧੀ ਹੁੰਦੇ ਹਨ, ਇਸੇ ਕਰਕੇ ਉਹ ਸ਼ਰਧਾਲੂਆਂ ਨੂੰ ਪੜ੍ਹਨ, ਵਿਚਾਰਨ ਤੇ ਸਵਾਲ ਕਰਨ ਤੋਂ ਰੋਕਦੇ ਹਨ ਕਿਉਂਕਿ ਉਨ੍ਹਾਂ ਨੂੰ ਇਨ੍ਹਾਂ ਵਿਚਾਰਾਂ ਵਿਚੋਂ ਇਨਕਲਾਬ ਦੀ ਬੂ ਆਉਂਦੀ ਹੈ। ਇਨਕਲਾਬ ਜਿਹੜਾ ਕਿ ਸਥਾਪਤੀ ਦੇ ਕਦੇ ਵੀ ਹੱਕ ਵਿੱਚ ਨਹੀਂ ਹੁੰਦਾ। ਇਸੇ ਲਈ ਉਹ ਜ਼ਿਆਦਾ ਜ਼ੋਰ ਪੂਜਾ, ਪਾਠ, ਸਿਮਰਨ, ਮੰਤਰ ਰਟਨ, ਨਿਤਨੇਮ, ਪ੍ਰੇਅਰ, ਨਮਾਜ਼ ਆਦਿ ’ਤੇ ਦਿੰਦੇ ਹਨ। ਇਹ ਸਭ ਕਾਢਾਂ ਪੁਜਾਰੀਆਂ ਨੇ ਸ਼ਰਧਾਲੂਆਂ ਦੀ ਸੋਚ ਨੂੰ ਖੁੰਡਾ ਕਰਨ ਦੇ ਹਥਿਆਰ ਹਨ।

ਜਿਸ ਤਰ੍ਹਾਂ ਨਕਲੀ ਧਰਮਾਂ ਦੀ ਚਰਚਾ ਵਿੱਚ ਅਸੀਂ ਇਹ ਸਵਾਲ ਹਰ ਵਾਰ ਉਠਾਉਂਦੇ ਹਾਂ ਕਿ ਸ਼ਰਧਾਲੂ ਪੁਜਾਰੀਆਂ ਦੇ ਨਕਲੀ ਧਰਮ ਵਿੱਚ ਫਸਦਾ ਕਿਉਂ ਹੈ? ਜਿਸ ਤਰ੍ਹਾਂ ਹਮੇਸ਼ਾਂ ਇਹ ਜ਼ਿਕਰ ਕਰਦੇ ਹਾਂ ਕਿ ਡਰ ਤੇ ਲਾਲਚ, ਮਨੁੱਖ ਦੀਆਂ ਦੋ ਸਭ ਤੋਂ ਵੱਡੀਆਂ ਕਮਜ਼ੋਰੀਆਂ ਹਨ। ਪੁਜਾਰੀ ਮਨੁੱਖ ਦੀਆਂ ਇਨ੍ਹਾਂ ਕਮਜ਼ੋਰੀਆਂ ਦਾ ਲਾਭ ਉਠਾਉਂਦਾ ਹੋਇਆ, ਬਚਪਨ ਤੋਂ ਧਰਮ ਗ੍ਰੰਥਾਂ ਸਬੰਧੀ ਕਈ ਤਰ੍ਹਾਂ ਦੇ ਜਿਥੇ ਡਰ ਪਾਉਂਦਾ ਹੈ, ਉਥੇ ਇਸਦੇ ਸ਼ਬਦਾਂ ਵਿੱਚ ਕਰਾਮਾਤ ਹੋਣ ਦਾ ਲਾਲਚ ਵੀ ਪਾਉਂਦਾ ਹੈ ਕਿ ਇਸਦੇ ਪੂਜਾ, ਪਾਠ, ਮੰਤਰ ਜਾਪ ਨਾਲ ਮਨੋ ਮੰਗੀਆਂ ਮੁਰਾਦਾਂ ਮਿਲਣਗੀਆਂ? ਆਪ ਪੁਜਾਰੀ ਅੰਦਰੋ ਹੱਸਦਾ ਹੈ ਕਿ ਜੇ ਇਸ ਵਿੱਚ ਇਤਨੀ ਕਰਾਮਾਤੀ ਸ਼ਕਤੀ ਹੁੰਦੀ ਤਾਂ ਕੀ ਉਹ ਘਰ ਬੈਠ ਕੇ ਮੰਤਰ ਜਾਪ ਕਰਕੇ ਜਾਂ ਪੂਜਾ ਪਾਠ ਕਰਕੇ, ਸਭ ਕੁੱਝ ਪ੍ਰਾਪਤ ਨਾ ਕਰ ਲੈਂਦਾ, ਉਹ ਕਿਉਂ ਮੰਗਤਿਆਂ ਵਾਂਗ ਸ਼ਰਧਾਲੂਆਂ ਤੋਂ ਦੋ ਦੋ ਚਾਰ ਚਾਰ ਡਾਲਰਾਂ ਦੀ ਕੁੱਤੇ ਝਾਕ ਰੱਖਦਾ? ਇਸੇ ਤਰ੍ਹਾਂ ਪੁਜਾਰੀ ਆਪਣੇ ਹੀ ਧਰਮ ਗ੍ਰੰਥਾਂ ਤੋਂ ਆਪਣੇ ਹੀ ਸ਼ਰਧਾਲੂਆਂ ਨੂੰ ਦੂਰ ਰੱਖਣ ਲਈ ਪ੍ਰਚਾਰ ਕਰਦਾ ਹੈ ਕਿ ਇਸਨੂੰ ਹੱਥ ਨਹੀਂ ਲਾਉਣਾ ਪਾਪ ਚੜ੍ਹ ਜਾਵੇਗਾ, ਕਈ ਤਰ੍ਹਾਂ ਦੇ ਹੋਰ ਕਰਮਕਾਂਡ ਨਾਲ ਜੋੜਦਾ ਹੈ ਕਿਉਂਕਿ ਉਸਨੂੰ ਡਰ ਰਹਿੰਦਾ ਹੈ ਕਿ ਜੇ ਸ਼ਰਧਾਲੂ ਆਪ ਗ੍ਰੰਥ ਪੜ੍ਹਨ ਵਿਚਾਰਨ ਲੱਗ ਪਏ ਤਾਂ ਉਨ੍ਹਾਂ ਨੂੰ ਸਮਝ ਆ ਜਾਣੀ ਹੈ, ਧਰਮ ਦਾ ਸਭ ਤੋਂ ਵੱਡਾ ਵਿਰੋਧੀ ਧਰਮ ਪੁਜਾਰੀ ਹੀ ਹੁੰਦਾ ਹੈ। ਇਸ ਲਈ ਉਹ ਹਰ ਹੀਲੇ ਸ਼ਰਧਾਲੂਆਂ ਨੂੰ ਆਪਣੇ ਹੀ ਧਰਮ ਗੁਰੂਆਂ ਦੀ ਵਿਚਾਰਧਾਰਾ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕਰਦਾ ਹੈ। ਪਰ ਸ਼ਰਧਾਲੂ ਆਪਣੇ ਮਨ ਦੇ ਡਰ ਤੇ ਲਾਲਚ ਅਧੀਨ ਇਨ੍ਹਾਂ ਦੇ ਮਾਇਆਜਾਲ ਵਿੱਚ ਫਸਦਾ ਹੈ, ਜਿਸ ਦਿਨ ਮਨੁੱਖ ਨੂੰ ਨਕਲੀ ਧਰਮਾਂ ਵਲੋਂ ਪੈਦਾ ਕੀਤੇ ਲਾਲਚ ਤੇ ਡਰ ਦੀ ਸਮਝ ਆ ਗਈ, ਨਕਲੀ ਧਰਮਾਂ ਦਾ ਭੋਗ ਪੈਂਦਿਆਂ ਦੇਰ ਨਹੀਂ ਲੱਗੇਗੀ?

ਧਰਮ ਦੇ ਨਾਮ ’ਤੇ ਹੋ ਰਹੀ ਲੁੱਟ ਤੇ ਸੋਸ਼ਣ ਤੋਂ ਬਚਿਆ ਕਿਵੇਂ ਜਾਵੇ? ਸਭ ਤੋਂ ਪਹਿਲਾਂ ਇਹ ਗੱਲ ਬਹੁਤ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ, ਕੁਦਰਤ ਦੇ ਨਿਯਮ ਵਿੱਚ ਹਰ ਇਨਸਾਨ ਦੁਨੀਆਂ ਵਿੱਚ ਪੈਦਾ ਹੁੰਦਾ ਹੈ। ਕੋਈ ਵੀ ਬੱਚਾ ਇਸ ਦੁਨੀਆਂ ਵਿੱਚ ਕਿਸੇ ਤਰ੍ਹਾਂ ਦੀਆਂ ਕੋਈ ਗੈਬੀ ਸ਼ਕਤੀਆਂ ਲੈ ਕੇ ਨਹੀਂ ਜਨਮਦਾ ਤੇ ਨਾ ਹੀ ਇਸ ਜਨਮ ਵਿੱਚ ਕੋਈ ਵਿਅਕਤੀ ਕਿਸੇ ਮੰਤਰ-ਜੰਤਰ, ਜਾਦੂ-ਟੂਣੇ, ਪੂਜਾ-ਪਾਠ, ਭਜਨ-ਬੰਦਗੀ, ਜਪ-ਤਪ ਆਦਿ ਨਾਲ ਕੋਈ ਕਰਾਮਾਤੀ ਸ਼ਕਤੀ, ਰਿੱਧੀ-ਸਿੱਧੀ, ਗੈਬੀ ਤਾਕਤ ਆਦਿ ਪ੍ਰਾਪਤ ਕਰ ਸਕਦਾ ਹੈ। ਇਹ ਸਭ ਨਕਲੀ ਪੁਜਾਰੀਆਂ (ਵੈਸੇ ਪੁਜਾਰੀ ਹੁੰਦੇ ਹੀ ਨਕਲੀ ਹਨ) ਵਲੋਂ ਧਰਮ ਦੇ ਨਾਮ ’ਤੇ ਫੈਲਾਏ ਭਰਮ ਜਾਲ ਤੋਂ ਵੱਧ ਕੁੱਝ ਨਹੀਂ ਤੇ ਪੁਜਾਰੀਆਂ ਦਾ ਇਹ ਧੰਦਾ ਸਾਡੀ ਅਗਿਆਨਤਾ ਦੇ ਸਿਰ ’ਤੇ ਚਲਦਾ ਹੈ। ਇਸੇ ਲਈ ਪੁਜਾਰੀ ਗਿਆਨ, ਦਲੀਲ ਤੇ ਤਰਕ ਤੋਂ ਬਹੁਤ ਡਰਦੇ ਹਨ। ਇਸ ਕਰਕੇ ਉਹ ਮਨੁੱਖ ਦੇ ਗਿਆਨ, ਤਰਕ, ਦਲੀਲ ਦੇ ਹਥਿਆਰ ਨੂੰ ਖੁੰਡਾ ਕਰਨ ਲਈ ਸ਼ਰਧਾ, ਪੂਜਾ, ਪਾਠ, ਬੰਦਗੀ ਆਦਿ ਦਾ ਮਿੱਠਾ ਜ਼ਹਿਰ ਸ਼ਰਧਾਲੂਆਂ ਨੂੰ ਦਿੰਦਾ ਹੈ। ਜਿਸ ਨਾਲ ਸ਼ਰਧਾਲੂ ਸਾਰੀ ਉਮਰ ਸ਼ਰਧਾ ਦੇ ਨਸ਼ੇ ਦੀ ਲੋਰ ਵਿੱਚ ਨੀਮ ਬੇਹੋਸ਼ ਹੋਇਆ, ਸਾਰੀ ਉਮਰ ਧਰਮ ਗ੍ਰੰਥਾਂ ਦੇ ਪੂਜਾ ਪਾਠ ਤੇ ਮੰਤਰ ਜਾਪਾਂ ਦਾ ਬੋਝ ਢੋਂਹਦਾ ਇਸ ਸੰਸਾਰ ਨੂੰ ਅਲਵਿਦਾ ਆਖ ਜਾਂਦਾ ਹੈ ਤੇ ਹੀਰੇ ਵਰਗਾ ਅਨਮੋਲ ਜੀਵਨ ਕੌਡੀਆਂ ਭਾਅ ਪੁਜਾਰੀਆਂ ਹੱਥੋਂ ਲੁਟਾ ਜਾਂਦਾ ਹੈ। ਇੱਕ ਨੁਕਤਾ ਇਹ ਸਮਝ ਲੈਣਾ ਬੜਾ ਜ਼ਰੂਰੀ ਹੈ ਕਿ ਹਰ ਬੱਚਾ ਇਸ ਸੰਸਾਰ ਵਿੱਚ ਪੈਦਾ ਹੋ ਕਿ ਆਪਣੇ ਮਾਂ ਬਾਪ, ਪਰਿਵਾਰ, ਸਮਾਜ, ਸਕੂਲਾਂ, ਕਾਲਜਾਂ, ਕਿਤਾਬਾਂ ’ਤੇ ਆਪਣੇ ਜੀਵਨ ਅਨੁਭਵ ਤੋਂ ਸਿੱਖ ਕੇ ਗਿਆਨਵਾਨ ਹੁੰਦਾ ਹੈ, ਕੋਈ ਵੀ ਬੱਚਾ ਮਾਂ ਦੇ ਪੇਟੋਂ ਗਿਆਨ ਲੈ ਕੇ ਨਹੀਂ ਜੰਮਦਾ, ਇਥੇ ਹੀ ਉਹ ਬੋਲਣਾ ਸਿੱਖਦਾ ਹੈ ਤੇ ਫਿਰ ਆਪਣੀ ਮਾਤ ਭਾਸ਼ਾ ਸਿੱਖਦਾ ਹੈ ਤੇ ਫਿਰ ਆਪਣੀ ਸਮਰੱਥਾ, ਸ਼ੌਕ ਜਾਂ ਲੋੜ ਅਨੁਸਾਰ ਹੋਰ ਭਾਸ਼ਾਵਾਂ ਸਿੱਖਦਾ ਹੈ। ਉਨ੍ਹਾਂ ਭਾਸ਼ਾਵਾਂ ਰਾਹੀਂ ਪ੍ਰਾਪਤ ਕੀਤੇ ਗਿਆਨ ਨਾਲ ਆਪਣੀ ਵਿਚਾਰਦਾਰਾ ਬਣਾ ਕੇ ਦੁਨੀਆਂ ਨੂੰ ਦਿੰਦਾ ਹੈ। ਇਸ ਤਰ੍ਹਾਂ ਦਾ ਕੋਈ ਰੱਬ ਨਹੀਂ ਜੋ ਕਿਸੇ ਵਿਅਕਤੀ ਨੂੰ ਕਿਸੇ ਖਾਸ ਲੁਕਵੇਂ ਢੰਗ ਨਾਲ ਸੰਦੇਸ਼ ਭੇਜ ਕੇ ਗਿਆਨ ਦਿੰਦਾ ਹੈ, ਇਹ ਸਭ ਵੀ ਪੁਜਾਰੀਆਂ ਦਾ ਮਾਇਆਜਾਲ ਹੈ। ਧਰਮ ਗ੍ਰੰਥ ਵੀ ਹੋਰ ਗ੍ਰੰਥਾਂ ਤੇ ਕਿਤਾਬਾਂ ਵਾਂਗ ਮਨੁੱਖਾਂ ਵਲੋਂ ਆਪਣੀ ਸਮਝ, ਆਪਣੀ ਸਮਰੱਥਾ, ਆਪਣੇ ਗਿਆਨ, ਆਪਣੀ ਦੂਰ-ਅੰਦੇਸ਼ੀ ਨਾਲ, ਮਨੁੱਖਾਂ ਲਈ ਹੀ ਲਿਖੇ ਹੋਏ ਹਨ। ਇਹ ਮਹਾਨ ਪੁਰਸ਼ਾਂ ਵਲੋਂ ਬਖਸ਼ਿਆ ਸਾਰੀ ਮਨੁੱਖਤਾ ਦਾ ਸਰਬ ਸਾਂਝਾ ਸਰਮਾਇਆ ਹੈ। ਇਨ੍ਹਾਂ ਨੂੰ ਬਿਨਾਂ ਕਿਸੇ ਜਾਤ, ਧਰਮ, ਨਸਲ, ਫਿਰਕੇ ਆਦਿ ਦੇ ਬੰਦਨਾਂ ਤੋਂ ਮੁਕਤ ਹੋ ਕੇ ਪੜ੍ਹਨ ਤੇ ਵਿਚਾਰਨ ਦੀ ਲੋੜ ਹੈ। ਇਨ੍ਹਾਂ ਵਿਚਲੀ ਜਿਹੜੀ ਗੱਲ ਅੱਜ ਦੇ ਸਮੇਂ ਵਿੱਚ ਫਿੱਟ ਨਹੀਂ ਆਉਂਦੀ, ਉਸਨੂੰ ਛੱਡ ਕੇ ਅੱਗੇ ਵਧਣਾ ਹੀ ਧਰਮ ਹੈ। ਲਕੀਰ ਦੇ ਫਕੀਰ ਹੋਣਾ ਅਗਿਆਨਤਾ ਤੇ ਹੋ ਸਕਦੀ ਹੈ, ਪਰ ਧਰਮ ਨਹੀਂ ਹੋ ਸਕਦਾ? ਇਸਨੂੰ ਇਉਂ ਵੀ ਸਮਝਿਆ ਜਾ ਸਕਦਾ ਹੈ ਕਿ ਜੋ ਗੱਲ ਅੱਜ ਸਹੀ ਨਹੀਂ, ਹੋ ਸਕਦਾ ਉਸ ਵਕਤ ਸਹੀ ਹੋਵੇ, ਜਦੋਂ ਕਹੀ ਗਈ ਹੋਵੇ, ਉਹ ਉਸ ਸਮੇਂ ਦਾ ਸੱਚ ਹੋ ਸਕਦਾ ਹੈ? ਇਸ ਲਈ ਉਸਨੂੰ ਛੱਡ ਕੇ, ਨਵੀਂ ਸੋਚ ਨਾਲ ਅੱਗੇ ਵਧਣਾ ਹੀ ਅਸਲੀ ਧਰਮ ਹੈ। ਨਕਲੀ ਧਰਮ ਪਿਛਾਂਹਖਿਚੂ ਸੋਚ ਦਾ ਧਾਰਨੀ ਹੋ ਸਕਦਾ ਹੈ, ਪਰ ਅਸਲੀ ਧਰਮ ਮਨੁੱਖ ਨੂੰ ਅੱਗੇ ਵਧਣ, ਕੁੱਝ ਨਵਾਂ ਕਰਨ ਲਈ ਪ੍ਰੇਰਦਾ ਹੈ। ਇਸ ਸੰਸਾਰ ਵਿੱਚ ਹਰ ਅਗਲਾ ਪਲ ਨਵਾਂ ਹੁੰਦਾ ਹੈ, ਸਾਨੂੰ ਉਸ ਨਵੇਂ ਪਲ ਵਿੱਚ ਨਵੀਂ ਤੇ ਨਰੋਈ ਸੋਚ ਲੈ ਕੇ ਅੱਗੇ ਵਧਣ ਦੀ ਲੋੜ ਹੈ। ਬਹੁਤ ਸਾਰੇ ਲੋਕ ਕਹਿੰਦੇ ਹਨ ਕਿ ਧਰਮ ਪਿਛਾਂਹਖਿਚੂ ਸੋਚ ਦੇ ਧਾਰਨੀ ਹੁੰਦੇ ਹਨ ਕਿਉਂਕਿ ਪੁਜਾਰੀ ਸਾਨੂੰ ਅੱਗੇ ਵਧਣ ਤੋਂ ਰੋਕਦੇ, ਉਨ੍ਹਾਂ ਦਾ ਧਰਮ ਅਧਾਰਿਤ ਧੰਦਾ, ਮਨੁੱਖ ਨੂੰ ਅਗਿਆਨੀ ਤੇ ਅੰਧ ਵਿਸ਼ਵਾਸ਼ੀ ਬਣਾ ਕੇ ਹੀ ਚੱਲ ਸਕਦਾ ਹੈ, ਇਸ ਲਈ ਉਹ ਸਾਨੂੰ ਪੜ੍ਹਨ, ਵਿਚਾਰਨ ਤੇ ਸਵਾਲ ਕਰਨ ਤੋਂ ਰੋਕਦੇ ਹਨ। ਕੋਈ ਵੀ ਗਿਆਨ ਕਦੇ ਸਦੀਵੀ ਨਹੀਂ ਹੋ ਸਕਦਾ, ਇਹ ਕੁਦਰਤ ਦਾ ਨਿਯਮ ਹੈ, ਕੁਦਰਤ ਹਰ ਪਲ ਬਦਲਦੀ ਹੈ। ਅਸਲੀ ਧਰਮ ਮਨੁੱਖੀ ਮਨ ਦੀ ਖੋਜ ਦਾ ਵਿਸ਼ਾ ਹੈ, ਧਰਮ ਗ੍ਰੰਥਾਂ ਵਿੱਚ ਧਰਮ ਗੁਰੂਆਂ ਨੇ ਆਪਣੇ ਮਨ ਦੀਆਂ ਖੋਜਾਂ ਦੇ ਅਨੁਭਵ ਸਾਡੇ ਲਈ ਇਸ਼ਾਰੇ ਮਾਤਰ ਦਰਜ ਕੀਤੇ ਹੋਏ ਹਨ, ਤਾਂ ਕਿ ਉਨ੍ਹਾਂ ਇਸ਼ਾਰਿਆਂ ਨੂੰ ਸਮਝ ਕੇ ਅਸੀਂ ਆਪਣੀ ਖੋਜ ਆਪ ਕਰ ਸਕੀਏ, ਪਰ ਅਸੀਂ ਪੁਜਾਰੀਆਂ ਮਗਰ ਲੱਗ ਕੇ ਉਨ੍ਹਾਂ ਦੇ ਇਸ਼ਾਰਿਆਂ ਨੂੰ ਫੜ੍ਹ ਕੇ ਬੈਠੇ ਹੋਏ ਹਾਂ, ਉਸਦੇ ਪੂਜਾ ਪਾਠਾਂ ਵਿੱਚ ਪਏ ਹੋਏ ਹਾਂ। ਧਰਮ ਹਰ ਇੱਕ ਦੀ ਆਪਣੇ ਅੰਦਰ ਦੀ ਖੋਜ ਦਾ ਨਾਮ ਹੈ, ਜਿਹੜੀ ਹਰ ਇੱਕ ਨੂੰ ਆਪ ਕਰਨੀ ਪੈਂਦੀ ਹੈ, ਅਸੀਂ ਧਰਮ ਗ੍ਰੰਥ ਤੋਂ ਕੁੱਝ ਸੇਧ ਲੈ ਸਕਦੇ ਹਾਂ। ਇਹ ਸਾਇੰਸ ਦੀਆਂ ਖੋਜਾਂ ਵਾਂਗ ਹਰ ਇੱਕ ਤੇ ਇੱਕ ਤਰ੍ਹਾਂ ਲਾਗੂ ਨਹੀਂ ਹੁੰਦੀ ਕਿਉਂਕਿ ਹਰ ਇੱਕ ਦਾ ਮਨ ਤੇ ਸੋਚਣ ਢੰਗ ਵੱਖਰਾ ਹੁੰਦਾ ਹੈ। ਮਨ ਦੀਆਂ ਖੋਜਾਂ ਨੂੰ ਸਾਇੰਸ ਦੀਆਂ ਮੈਟਰ ਤੇ ਕੀਤੀਆਂ ਖੋਜਾਂ ਵਾਂਗ ਇਕੋ ਫਾਰਮੂਲੇ ਵਿੱਚ ਫਿੱਟ ਨਹੀਂ ਕੀਤਾ ਜਾ ਸਕਦਾ। ਇਸ ਲਈ ਅਸੀਂ ਆਪਣੀ ਵਿਵੇਕ ਬੁੱਧ, ਤਰਕ ਤੇ ਦਲੀਲ ਦੀ ਕਸਵੱਟੀ ਨਾਲ ਅਸਲੀ ਧਰਮ ਨੂੰ ਲੱਭ ਕੇ ਆਪਣਾ ਰਾਹ ਆਪ ਤਲਾਸ਼ੀਏ। ਧਰਮ ਗ੍ਰੰਥਾਂ ਦੇ ਪੂਜਾ, ਪਾਠਾਂ, ਮੰਤਰ ਜਾਪਾਂ ਨਾਲ ਭਰਮ ਭੁਲੇਖਿਆਂ ਵਿੱਚ ਹੀ ਪਏ ਰਹਾਂਗੇ, ਮਨ ਦੀ ਭਟਕਣ ਹੀ ਵਧੇਗੀ, ਕੁੱਝ ਪ੍ਰਾਪਤ ਨਹੀਂ ਹੋਵੇਗਾ।

---

# 23 ਮਾਰਚ 1988 ਤੋਂ 23 ਮਾਰਚ 2026 ਤੱਕ

**ਅਜਮੇਰ ਸਿੰਘ**

ਇਨਕਲਾਬੀ ਪੰਜਾਬੀ ਕਵਿਤਾ ਦਾ ਸੂਰਜ ਅਵਤਾਰ ਸਿੰਘ ਸੰਧੂ ‘ਪਾਸ਼’ (1950-1988) ਪੰਜਾਬੀ ਸਾਹਿਤ ਦੇ ਉਹ ਹਸਤਾਖਰ ਹਨ ਜਿਨ੍ਹਾਂ ਨੇ ਕਵਿਤਾ ਨੂੰ ਮਹਿਜ਼ ਜਜ਼ਬਾਤਾਂ ਤੋਂ ਕੱਢ ਕੇ ਸੰਘਰਸ਼ ਦਾ ਹਥਿਆਰ ਬਣਾਇਆ। ਉਨ੍ਹਾਂ ਦਾ ਜਨਮ ਜਲੰਧਰ ਦੇ ਪਿੰਡ ਤਲਵੰਡੀ ਸਲੇਮ ਵਿੱਚ ਹੋਇਆ। ਪਾਸ਼ ਦੀ ਸ਼ਹਾਦਤ 23 ਮਾਰਚ 1988 ਨੂੰ ਹੋਈ, ਜੋ ਕਿ ਇਤਫ਼ਾਕਵੱਸ ਸ਼ਹੀਦ ਭਗਤ ਸਿੰਘ ਦਾ ਵੀ ਸ਼ਹੀਦੀ ਦਿਨ ਹੈ। ਇਹ ਦਿਨ ਪੰਜਾਬੀ ਚੇਤਨਾ ਵਿੱਚ ਦੋ ਇਨਕਲਾਬੀ ਰੂਹਾਂ ਦੇ ਮਿਲਣ ਦਾ ਪ੍ਰਤੀਕ ਬਣ ਗਿਆ ਹੈ।

2. **1980ਵਿਆਂ ਦਾ ਪੰਜਾਬ:** ਇੱਕ ਗੁੰਝਲਦਾਰ ਇਤਿਹਾਸ ਪਾਸ਼ ਦੀ ਸ਼ਹਾਦਤ ਨੂੰ ਸਮਝਣ ਲਈ ਉਸ ਸਮੇਂ ਦੇ ਹਾਲਾਤਾਂ ਦਾ ਵਿਸ਼ਲੇਸ਼ਣ ਜ਼ਰੂਰੀ ਹੈ। 1980ਵਿਆਂ ਵਿੱਚ ਪੰਜਾਬ ਦੋਹਰੀ ਮਾਰ ਹੇਠ ਸੀ—ਇੱਕ ਪਾਸੇ ਰਾਜਸੀ ਤਸੱਦਦ ਸੀ ਅਤੇ ਦੂਜੇ ਪਾਸੇ ਧਾਰਮਿਕ ਕੱਟੜਵਾਦ ਅਤੇ ਖਾੜਕੂ ਲਹਿਰ। ਪਾਸ਼ ਨੇ ਇਨ੍ਹਾਂ ਦੋਵਾਂ ਦਾ ਵਿਰੋਧ ਕੀਤਾ। ਉਹ ਮੰਨਦੇ ਸਨ ਕਿ ਜਿੱਥੇ ਰਾਜ-ਪ੍ਰਬੰਧ ਲੋਕਾਂ ਦਾ ਲਹੂ ਪੀ ਰਿਹਾ ਹੈ, ਉੱਥੇ ਹੀ ਫਿਰਕੂ ਰਾਜਨੀਤੀ ਲੋਕਾਂ ਦੀ ਭਾਈਚਾਰਕ ਸਾਂਝ ਨੂੰ ਖ਼ਤਮ ਕਰ ਰਹੀ ਹੈ।

3. **‘ਐਂਟੀ-47’ (Anti-47)** ਅਤੇ ਵਿਚਾਰਧਾਰਕ ਜੰਗ ਜਦੋਂ ਪਾਸ਼ ਅਮਰੀਕਾ ਗਏ, ਉਨ੍ਹਾਂ ਨੇ ਉੱਥੇ ‘ਐਂਟੀ-47’ ਨਾਮ ਦਾ ਰਸਾਲਾ ਸ਼ੁਰੂ ਕੀਤਾ। ਇਸ ਦਾ ਮੁੱਖ ਨਿਸ਼ਾਨਾ 1947 ਦੀ ਵੰਡ ਵਰਗੀ ਇੱਕ ਹੋਰ ਤ੍ਰਾਸਦੀ ਨੂੰ ਰੋਕਣਾ ਸੀ। ਉਨ੍ਹਾਂ ਨੇ ਕੱਟੜਪੰਥੀਆਂ ਨੂੰ ਸਿੱਧੀਆਂ ਚੁਣੌਤੀਆਂ ਦਿੱਤੀਆਂ ਅਤੇ ਇਹ ਦਲੀਲ ਦਿੱਤੀ ਕਿ ਧਰਮ ਦੇ ਨਾਂ ’ਤੇ ਵੱਖਰਾ ਰਾਜ ਮੰਗਣਾ ਪੰਜਾਬੀਅਤ ਦੇ ਸਰਬੱਤ ਦੇ ਭਲੇ ਵਾਲੇ ਫਲਸਫੇ ਦੇ ਉਲਟ ਹੈ।

4. **ਕਵਿਤਾ ਰਾਹੀਂ ਵਿਰੋਧ:** ‘ਸਭ ਤੋਂ ਖ਼ਤਰਨਾਕ’ ਦਾ ਵਿਸ਼ਲੇਸ਼ਣ ਇਸ ਅਧਿਆਇ ਵਿੱਚ ਤੁਸੀਂ ਉਨ੍ਹਾਂ ਦੀ ਸਭ ਤੋਂ ਮਸ਼ਹੂਰ ਕਵਿਤਾ ਦਾ ਜ਼ਿਕਰ ਕਰ ਸਕਦੇ ਹੋ। ਪਾਸ਼ ਲਿਖਦੇ ਹਨ: ‘ਮਿਹਨਤ ਦੀ ਲੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ... ਸਭ ਤੋਂ ਖ਼ਤਰਨਾਕ ਹੁੰਦਾ ਹੈ ਸਾਡੇ ਸੁਪਨਿਆਂ ਦਾ ਮਰ ਜਾਣਾ।’ ਉਨ੍ਹਾਂ ਦਾ ਮੰਨਣਾ ਸੀ ਕਿ ਜਦੋਂ ਕੋਈ ਸਮਾਜ ਜ਼ੁਲਮ ਨੂੰ ਦੇਖ ਕੇ ਵੀ ਚੁੱਪ ਹੋ ਜਾਂਦਾ ਹੈ ਅਤੇ ਉਸਦੀ ਸੰਵੇਦਨਸ਼ੀਲਤਾ ਖ਼ਤਮ ਹੋ ਜਾਂਦੀ ਹੈ, ਤਾਂ ਉਹ ਸਭ ਤੋਂ ਵੱਡੀ ਹਾਰ ਹੁੰਦੀ ਹੈ।

5. ਧਾਰਮਿਕ ਫਾਸ਼ੀਵਾਦ ਅਤੇ ‘ਧਰਮ ਦੀਖਿਆ ਲਈ ਬਿਨੈ ਪੱਤਰ’ ਪਾਸ਼ ਨੇ ਆਪਣੀ ਕਵਿਤਾ ‘ਧਰਮ ਦੀਖਿਆ ਲਈ ਬਿਨੈ ਪੱਤਰ’ ਰਾਹੀਂ ਕੱਟੜਵਾਦ ’ਤੇ ਕਰਾਰੀ ਚੋਟ ਕੀਤੀ। ਉਨ੍ਹਾਂ ਨੇ ਸਵਾਲ ਉਠਾਇਆ ਕਿ ਕੀ ਧਰਮ ਦਾ ਮਕਸਦ ਬੇਗੁਨਾਹਾਂ ਦਾ ਕਤਲ ਕਰਨਾ ਹੈ? ਉਹ ਗੁਰੂ ਨਾਨਕ ਦੇਵ ਜੀ ਦੇ ਕਿਰਤ ਕਰੋ ਅਤੇ ਵੰਡ ਛਕੋ ਦੇ ਸਿਧਾਂਤ ਨੂੰ ਫਿਰਕੂ ਹਿੰਸਾ ਤੋਂ ਕਿਤੇ ਉੱਪਰ ਰੱਖਦੇ ਸਨ।

6. ਸ਼ਹਾਦਤ ਦਾ ਦਿਨ: 23 ਮਾਰਚ 1988 ਪਾਸ਼ ਅਮਰੀਕਾ ਵਾਪਸ ਜਾਣ ਤੋਂ ਸਿਰਫ਼ ਇੱਕ ਦਿਨ ਪਹਿਲਾਂ ਆਪਣੇ ਪਿੰਡ ਦੇ ਖੂਹ ’ਤੇ ਆਪਣੇ ਦੋਸਤ ਹੰਸ ਰਾਜ ਨਾਲ ਬੈਠੇ ਸਨ। ਕੱਟੜਪੰਥੀਆਂ ਨੇ ਉਨ੍ਹਾਂ ਨੂੰ ਨਿਸ਼ਾਨਾ ਬਣਾ ਕੇ ਗੋਲੀਆਂ ਚਲਾਈਆਂ। ਪਾਸ਼ ਦੀ ਮੌਤ ਸਿਰਫ਼ ਇੱਕ ਕਵੀ ਦਾ ਕਤਲ ਨਹੀਂ ਸੀ, ਸਗੋਂ ਇਹ ਤਰਕਸ਼ੀਲ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਸੀ।

7. ਪਾਸ਼ ਦੀ ਵਿਰਾਸਤ ਅਤੇ ਅਜੋਕਾ ਸਮਾਂ ਪਾਸ਼ ਅੱਜ ਵੀ ਜ਼ਿੰਦਾ ਹਨ। ਕਿਸਾਨੀ ਅੰਦੋਲਨਾਂ ਤੋਂ ਲੈ ਕੇ ਵਿਦਿਆਰਥੀ ਲਹਿਰਾਂ ਤੱਕ, ਪਾਸ਼ ਦੇ ਨਾਅਰੇ ਗੂੰਜਦੇ ਹਨ। ਹਾਲਾਂਕਿ ਕਈ ਵਾਰ ਉਨ੍ਹਾਂ ਦੀਆਂ ਕਵਿਤਾਵਾਂ ਨੂੰ ਸਿਲੇਬਸ ਵਿੱਚੋਂ ਹਟਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਪਰ ਉਨ੍ਹਾਂ ਦੀ ਲੋਕਪ੍ਰਿਯਤਾ ਇਹ ਸਾਬਤ ਕਰਦੀ ਹੈ ਕਿ ਸੱਚਾਈ ਦੀ ਆਵਾਜ਼ ਨੂੰ ਗੋਲੀਆਂ ਨਾਲ ਨਹੀਂ ਦਬਾਇਆ ਜਾ ਸਕਦਾ। 8. ਸਿੱਟਾ ਪਾਸ਼ ਦੀ ਸ਼ਹਾਦਤ ਸਾਨੂੰ ਇਹ ਸਿਖਾਉਂਦੀ ਹੈ ਕਿ ਇੱਕ ਲੇਖਕ ਦੀ ਜ਼ਿੰਮੇਵਾਰੀ ਸਿਰਫ਼ ਸ਼ਬਦ ਲਿਖਣਾ ਨਹੀਂ, ਸਗੋਂ ਸੱਚ ਦੇ ਨਾਲ ਖੜ੍ਹਨਾ ਵੀ ਹੈ। ਉਨ੍ਹਾਂ ਦੀ ਕਵਿਤਾ ਪੰਜਾਬੀ ਸਾਹਿਤ ਵਿੱਚ ਹਮੇਸ਼ਾ ਇੱਕ ਮਸ਼ਾਲ ਵਾਂਗ ਜਲਦੀ ਰਹੇਗੀ।

# ਕਿਊਬਾ ਦੀਆਂ ਤਾਜ਼ਾ ਹਾਲਤਾਂ ਬਾਰੇ ਇਕ ਰਿਪੋਰਟ

*ਅਮਰੀਕਾ ਵਲੋਂ ਕਿਊਬਾ ਦੇ ਕੀਤੇ ਬਲੌਕੇਡ ਕਾਰਨ ਉੱਥੇ ਹਾਲਤ ਹੌਲੀ ਹੌਲੀ ਖਰਾਬ ਹੁੰਦੀ ਜਾ ਰਹੀ ਹੈ । ਇਸ ਸੋਮਵਾਰ, 16 ਮਾਰਚ ਨੂੰ ਪੂਰੇ ਕਿਊਬਾ ਵਿੱਚ ਇਸ ਦੀ ਬਿਜਲੀ ਦੀ ਗਰਿੱਡ ਫੇਲ੍ਹ ਹੋ ਗਈ । ਇਸ ਸੰਬੰਧ ਵਿੱਚ ਅਮਰੀਕਾ ਦੇ ਇਕ ਪ੍ਰੋਗਰੈਸਿਵ ਸਾਈਟ ਡੈਮਕ੍ਰੇਸੀ ਨਾਉ ਦੇ ਪੱਤਰਕਾਰਾਂ ਐਮੀ ਗੁੱਡਮੈਨ ਅਤੇ ਹੁਆਨ ਗੌਂਜ਼ਾਲੇਜ਼ ਨੇ ਕਿਊਬਾ ਦੀ ਰਾਜਧਾਨੀ ਹਵਾਨਾ ਵਿੱਚ ਰਹਿੰਦੇ ਪੱਤਰਕਾਰ ਡੈਨੀਅਲ ਮੌਨਟੇਰੋ ਅਤੇ ਸੈਨ ਡੀਆਗੋ ਸਥਿੱਤ ਯੂਨੀਵਰਸਿਟੀ ਆਫ ਕੈਲੇਫੋਰਨੀਆ ਵਿੱਚ ਇਤਿਹਾਸ ਦੀ ਅਸਿਸਟੈਂਟ ਪ੍ਰੋਫੈਸਰ ਸਾਰਾ ਕੋਜ਼ਾਮੇਹ, ਜੋ ਹਾਲ ਹੀ ਵਿੱਚ ਕਿਊਬਾ ਤੋਂ ਵਾਪਸ ਆਈ ਹੈ, ਨਾਲ ਗੱਲਬਾਤ ਕੀਤੀ ਹੈ । ਇਹ ਗੱਲਬਾਤ ਡੈਮੋਕ੍ਰੇਸੀ ਨਾਉ ਵਲੋਂ 17 ਮਾਰਚ ਨੂੰ ਬ੍ਰਾਡਕਾਸਟ ਕੀਤੀ ਗਈ ਅਤੇ ਇਸ ਗੱਲਬਾਤ ਦਾ ਉਤਾਰਾ ਵੀ ਆਪਣੇ ਸਾਈਟ 'ਤੇ ਪਬਲਿਸ਼ ਕੀਤਾ । ਪੰਜਾਬੀ ਪਾਠਕਾਂ ਲਈ ਇਸ ਗੱਲਬਾਤ ਦਾ ਸੁਖਵੰਤ ਹੁੰਦਲ ਵਲੋਂ ਕੀਤਾ ਪੰਜਾਬੀ ਅਨੁਵਾਦ ਪੇਸ਼ ਹੈ । ਉਸ ਸਮੇਂ ਹਵਾਨਾ ਤੋਂ ਇਕ ਰਿਪੋਰਟ ਜਦੋਂ ਟਰੰਪ ਕਿਊਬਾ ਨੂੰ ਆਪਣੇ 'ਅਧਿਕਾਰ ਵਿੱਚ ਲੈਣ' ਅਤੇ ਕਿਊਬਾ ਦੇ ਲੀਡਰ ਨੂੰ ਸੱਤਾ ਤੋਂ ਲਾਂਭੇ ਕਰਨ ਦੀ ਧਮਕੀ ਦੇ ਰਿਹਾ ਹੈ । – 17 ਮਾਰਚ, 2026, ਡੈਮੋਕ੍ਰੇਸੀ ਨਾਉ । ਹਵਾਨਾ ਵਿੱਚ ਰਹਿੰਦੇ ਕਿਊਬਾ ਦੇ ਰਿਪੋਰਟਰ ਡੈਨੀਅਲ ਮੌਨਟੇਰੋ ਅਤੇ ਸੈਨ ਡੀਆਗੋ ਸਥਿੱਤ ਯੂਨੀਵਰਸਿਟੀ ਆਫ ਕੈਲੇਫੋਰਨੀਆ ਵਿੱਚ ਇਤਿਹਾਸ ਦੀ ਅਸਿਸਟੈਂਟ ਪ੍ਰੋਫੈਸਰ ਸਾਰਾ ਕੋਜ਼ਾਮੇਹ ਨਾਲ ਐਮੀ ਗੁੱਡਮੈਨ ਅਤੇ ਹੁਆਨ ਗੌਂਜ਼ਾਲੇਜ਼ ਦੀ ਗੱਲਬਾਤ । ਅੰਗ੍ਰੇਜ਼ੀ ਤੋਂ ਅਨੁਵਾਦ: ਸੁਖਵੰਤ ਹੁੰਦਲ*



1. ਐਮੀ ਗੁੱਡਮੈਨ, ਡੈਮੋਕ੍ਰਸੀ ਨਾਉ 2. ਡੈਨੀਅਲ ਮੌਨਟੇਰੋ, ਕਿਊਬਾ ਦਾ ਪੱਤਰਕਾਰ 3. ਹੁਆਨ ਗੌਂਜ਼ਾਲੇਜ਼, ਡੈਮੋਕ੍ਰੇਸੀ ਨਾਉ 4. ਪ੍ਰੋਫੈਸਰ ਸਾਰਾ ਕੋਜ਼ਾਮੇਹ

ਕਿਊਬਾ ਦੀ ਬਿਜਲੀ ਦੀ ਗਰਿੱਡ ਪੂਰੀ ਤਰ੍ਹਾਂ ਫੇਲ੍ਹ ਹੋ ਗਈ ਹੈ। ਪੂਰੇ ਟਾਪੂ (ਕਿਊਬਾ) ਵਿੱਚ ਬਿਜਲੀ ਦਾ ਜਾਣਾ, ਅਮਰੀਕਾ ਦੇ ਸਖ਼ਤ ਤੇਲ ਬਲੌਕੇਡ ਅਤੇ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਹਾਲ ਹੀ ਵਿੱਚ ਕੀਤੀਆਂ ਟਿੱਪਣੀਆਂ ਦੇ ਵਿਚਕਾਰ ਹੋਇਆ ਹੈ, ਜਿਨ੍ਹਾਂ ਵਿੱਚ ਉਸ ਨੇ ਕਿਹਾ ਸੀ ਕਿ ਉਹ ਕਿਊਬਾ ਨੂੰ 'ਅਧਿਕਾਰ ਵਿੱਚ ਲੈਣਾ' ਚਾਹੁੰਦਾ ਹੈ। ਫਲੋਰੀਡਾ ਦੇ ਠੀਕ ਦੱਖਣ ਵਿੱਚ ਸਥਿਤ ਇਸ ਦੇਸ਼ ਵਿੱਚ ਤਿੰਨ ਮਹੀਨਿਆਂ ਤੋਂ ਕੋਈ ਤੇਲ ਦੀ ਸਪਲਾਈ ਨਹੀਂ ਪਹੁੰਚੀ, ਜਿਸ ਨਾਲ ਅਮਰੀਕਾ ਵਲੋਂ ਦਹਾਕਿਆਂ ਤੋਂ ਲਾਈਆਂ ਗਈਆਂ ਪਾਬੰਦੀਆਂ ਕਾਰਨ ਪੈਦਾ ਹੋਇਆ ਮਨੁੱਖੀ ਸੰਕਟ ਹੋਰ ਵੱਧ ਗਿਆ ਹੈ। 'ਬੈਲੀ ਆਫ ਦੀ ਬੀਸਟ (ਹੈਵਾਨ ਦੇ ਢਿੱਡ ਵਿੱਚ)' ਨਾਲ ਜੁੜੇ ਪੱਤਰਕਾਰ ਡੈਨੀਅਲ ਮੌਨਟੇਰੋ ਨੇ ਹਵਾਨਾ ਤੋਂ ਬੋਲਦਿਆਂ ਕਿਹਾ, 'ਪਾਬੰਦੀਆਂ ਅਸਲ ਵਿੱਚ ਹੁਣ ਲੋਕਾਂ ਨੂੰ ਮਾਰ ਰਹੀਆਂ ਹਨ। ਅਸੀਂ ਸਮਝਦੇ ਹਾਂ ਕਿ ਇਹ ਤੇਲ-ਬੰਦੀ (ਓਇਲ ਇੰਬਾਰਗੋ) ਦੇ ਕੀ ਅਰਥ ਹਨ, ਅਤੇ ਪਾਬੰਦੀਆਂ ਦੇ ਹਮੇਸ਼ਾਂ ਤੋਂ ਕੀ ਅਰਥ ਹਨ। ਇਹ ਭੁੱਖ ਨਾਲ ਰਾਜ ਬਦਲਣ ਦੀ ਕੋਸ਼ਿਸ਼ ਹੈ।' ਕਿਊਬਾ ਤੋਂ ਹਾਲ ਵਿੱਚ ਹੀ ਵਾਪਸ ਆਈ ਇਤਿਹਾਸਕਾਰ ਸਾਰਾ ਕੋਜ਼ਾਮੇਹ ਕਹਿੰਦੀ ਹੈ, 'ਕਿਊਬਾ ਦੇ ਲੋਕਾਂ ਨੇ ਪ੍ਰਭੂਸੱਤਾ (ਸੌਵਰਨਿਟੀ) ਲਈ ਕਈ ਵਾਰ ਲੜਾਈ ਲੜੀ ਹੈ। ਅਤੇ ਜਦੋਂ ਇਹ ਸਭ ਕੁੱਝ ਵਾਪਰ ਰਿਹਾ ਹੈ, ਉਸ ਸਮੇਂ ਉਹ ਚੁੱਪ ਨਹੀਂ ਬੈਠਣਗੇ।'

**ਐਮੀ ਗੁੱਡਮੈਨ**: ਇਹ ਡੈਮੋਕਰੇਸੀ ਨਾਉ ਹੈ। ਮੈਂ ਐਮੀ ਗੁੱਡਮੈਨ ਹਾਂ, ਹੁਆਨ ਗੌਂਜ਼ਾਲੇਜ਼ ਨਾਲ। ਕਿਊਬਾ ਦੇ ਪੂਰੇ ਟਾਪੂ ਵਿੱਚ ਬਿਜਲੀ ਬੰਦ ਹੋ ਗਈ ਹੈ, ਜਿਸ ਕਰਕੇ ਦਹਿ-ਲੱਖਾਂ ਲੋਕ ਬਿਜਲੀ ਤੋਂ ਵਾਂਝੇ ਹੋ ਗਏ ਹਨ, ਕਿਉਂਕਿ ਸੋਮਵਾਰ ਨੂੰ ਬਿਜਲੀ ਦੀ ਸਾਰੀ ਰਾਸ਼ਟਰੀ ਗਰਿੱਡ ਪੂਰੀ ਤਰ੍ਹਾਂ ਬੰਦ ਹੋ ਗਈ ਸੀ। ਇਹ ਪਿਛਲੇ ਲਗਭਗ ਚਾਰ ਮਹੀਨਿਆਂ ਵਿੱਚ ਕਿਊਬਾ ਦਾ ਘੱਟੋ-ਘੱਟ ਤੀਜਾ ਅਤੇ ਸਭ ਤੋਂ ਵੱਡਾ ਬਲੈਕਆਊਟ ਸੀ, ਕਿਉਂਕਿ ਅਮਰੀਕਾ ਵਲੋਂ ਲਾਏ ਐਨਰਜੀ ਬਲੌਕੇਡ ਨੇ ਕਿਊਬਾ ਨੂੰ ਬੁਰੀ ਤਰ੍ਹਾਂ ਲੋੜੀਂਦੇ ਫਿਊਲ (ਤੇਲ) ਨੂੰ ਹਾਸਲ ਕਰਨ ਤੋਂ ਅਸਮਰਥ ਬਣਾ ਦਿੱਤਾ ਹੈ। ਕਿਊਬਾ ਦੀ ਸਰਕਾਰ ਅਨੁਸਾਰ ਤਿੰਨ ਮਹੀਨਿਆਂ ਤੋਂ ਵੱਧ ਸਮੇਂ ਤੋਂ ਕਿਊਬਾ ਵਿੱਚ ਤੇਲ ਦੀ ਕੋਈ ਸਪਲਾਈ ਨਹੀਂ ਪਹੁੰਚੀ, ਜਿਸ ਨਾਲ ਅਮਰੀਕਾ ਵਲੋਂ ਦਹਾਕਿਆਂ ਤੋਂ ਲਾਈਆਂ ਗਈਆਂ ਪਾਬੰਦੀਆਂ ਕਾਰਨ ਪੈਦਾ ਹੋਇਆ ਮਨੁੱਖੀ ਸੰਕਟ ਹੋਰ ਡੂੰਘਾ ਹੋ ਗਿਆ ਹੈ।

ਇਸ ਦੌਰਾਨ, ਨਿਊਯਾਰਕ ਟਾਈਮਜ਼ ਨੇ ਸੋਮਵਾਰ ਨੂੰ ਇਕ ਰਿਪੋਰਟ ਵਿੱਚ ਕਿਹਾ ਕਿ ਟਰੰਪ ਦੇ ਗੱਲਬਾਤ ਕਰਨ ਵਾਲਿਆਂ ਨੇ ਹਾਲ ਹੀ ਵਿੱਚ ਹੋਈਆਂ ਗੱਲਬਾਤਾਂ ਦੌਰਾਨ ਆਪਣੇ ਨਾਲ ਗੱਲਬਾਤ ਕਰਨ ਵਾਲੇ ਕਿਊਬਾ ਦੇ ਅਧਿਕਾਰੀਆਂ ਨੂੰ ਕਿਹਾ ਕਿ ਕਿਊਬਾ ਦੇ ਰਾਸ਼ਟਰਪਤੀ ਮਿਗੁਇਲ ਡਿਆਜ਼-ਕੈਨੇਲ ਨੂੰ ਸੱਤਾ ਤੋਂ ਹਟਾਇਆ ਜਾਣਾ ਜ਼ਰੂਰੀ ਹੈ। ਰਾਸ਼ਟਰਪਤੀ ਟਰੰਪ ਨੇ ਸੋਮਵਾਰ ਨੂੰ ਵਾਈਟ ਹਾਊਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕੀਤੀ ਅਤੇ ਕਿਹਾ:

**ਰਾਸ਼ਟਰਪਤੀ ਡੋਨਾਲਡ ਟਰੰਪ**: ਮੈਂ ਵਿਸ਼ਵਾਸ ਕਰਦਾ ਹਾਂ ਕਿ ਮੈਨੂੰ ਇਹ ਮਾਣ ਹਾਸਲ ਹੋਵੇਗਾ — ਕਿਊਬਾ ਨੂੰ ਅਧਿਕਾਰ ਵਿੱਚ ਲੈਣ ਦਾ ਮਾਣ। ਇਹ ਇਕ ਚੰਗਾ ਮਾਣ ਹੋਵੇਗਾ। ਇਹ ਇਕ ਬਹੁਤ ਵੱਡਾ ਮਾਣ ਹੋਵੇਗਾ।

**ਰਿਪੋਰਟਰ: ਕਿਊਬਾ ਨੂੰ ਅਧਿਕਾਰ 'ਚ ਲੈਣਾ?**

**ਰਾਸ਼ਟਰਪਤੀ ਡੋਨਾਲਡ ਟਰੰਪ**: ਕਿਊਬਾ ਨੂੰ ਕਿਸੇ ਨਾ ਕਿਸੇ ਤਰ੍ਹਾਂ ਅਧਿਕਾਰ ਵਿੱਚ ਲੈਣਾ, ਹਾਂ। ਕਿਊਬਾ ਨੂੰ ਅਧਿਕਾਰ ਵਿੱਚ ਲੈਣਾ। ਮੈਂ ਕਹਿ ਰਿਹਾ ਹਾਂ ਕਿ ਭਾਵੇਂ ਮੈਂ ਇਸ ਨੂੰ ਅਜ਼ਾਦ ਕਰਾਂ ਜਾਂ ਅਧਿਕਾਰ ਵਿੱਚ ਲੈ ਲਵਾਂ — ਜੇ ਤੁਸੀਂ ਸੱਚ ਜਾਣਨਾ ਚਾਹੁੰਦੇ ਹੋ, ਤਾਂ ਮੈਂ ਸੋਚਦਾ ਹਾਂ ਕਿ ਮੈਂ ਇਸ ਨਾਲ ਜੋ ਚਾਹਾਂ ਕਰ ਸਕਦਾ ਹਾਂ।

**ਐਮੀ ਗੁੱਡਮੈਨ: "ਭਾਵੇਂ ਮੈਂ ਇਸ ਨੂੰ ਅਜ਼ਾਦ ਕਰਾਂ, ਅਧਿਕਾਰ ਵਿੱਚ ਲੈ ਲਵਾਂ" ਜਾਂ "ਇਸ ਨਾਲ ਮੈਂ ਜੋ ਚਾਹਾਂ ਕਰ ਸਕਦਾ ਹਾਂ" ਰਾਸ਼ਟਰਪਤੀ ਟਰੰਪ ਨੇ ਕਿਹਾ।**

ਹੋਰ ਜਾਣਕਾਰੀ ਲਈ ਅਸੀਂ ਦੋ ਮਹਿਮਾਨਾਂ ਨਾਲ ਗੱਲ ਕਰ ਰਹੇ ਹਾਂ। ਹਵਾਨਾ ਤੋਂ ਅਸੀਂ ਕਿਊਬਾ ਦੇ ਪੱਤਰਕਾਰ ਅਤੇ ਅਮਰੀਕਾ ਦੀਆਂ ਪਾਬੰਦੀਆਂ ਕਾਰਨ ਕਿਊਬਾ 'ਤੇ ਪੈਣ ਵਾਲੇ ਅਸਰਾਂ ਨੂੰ ਕਵਰ ਕਰਨ ਵਾਲੀ ਇਕ ਅਜ਼ਾਦ ਮੀਡੀਆ ਆਊਟ ਲੈੱਟ 'ਬੈਲੀ ਆਫ ਦੀ ਬੀਸਟ (ਹੈਵਾਨ ਦੇ ਢਿੱਡ ਵਿੱਚ)' ਦੇ ਪ੍ਰੋਡਿਊਸਰ ਡੈਨੀਅਲ ਮੌਨਟੇਰੋ ਨਾਲ ਗੱਲ ਕਰਾਂਗੇ। ਅਤੇ ਕੈਲੇਫੋਰਨੀਆ ਦੇ ਸ਼ਹਿਰ ਸੈਨ ਡੀਆਗੋ ਤੋਂ ਅਸੀਂ ਸੈਨ ਡੀਆਗੋ ਦੀ ਯੂਨੀਵਰਸਿਟੀ ਆਫ ਕੈਲੇਫੋਰਨੀਆ ਵਿੱਚ ਇਤਿਹਾਸ ਦੀ ਅਸਿਸਟੈਂਟ ਪ੍ਰੋਫੈਸਰ ਸਾਰਾ ਕੋਜ਼ਾਮੇਹ ਨਾਲ ਗੱਲ ਕਰਾਂਗੇ। ਸਾਰਾ ਕੋਜ਼ਾਮੇਹ ਹਾਲ ਹੀ ਵਿੱਚ ਕਿਊਬਾ ਤੋਂ ਵਾਪਸ ਆਈ ਹੈ ਅਤੇ ਉਹਨਾਂ ਦਾ ਇਕ ਲੇਖ ਹੁਣੇ ਜਿਹੇ ਹੀ ਗਾਰਡੀਅਨ ਵਿੱਚ ਛਪਿਆ ਹੈ, ਜਿਸ ਦਾ ਸਿਰਲੇਖ ਹੈ, 'ਇਨ ਦੀ ਅਦਰ ਯੂ ਐੱਸ ਟਾਰਗੈਟ ਆਫ ਰਿਜੀਮ ਚੇਂਜ, ਕਿਊਬਾ, ਆਈ ਸਾਅ ਰੀਅਲ ਹਾਰਡਸ਼ਿੱਪ ਐਂਡ ਰਿਜ਼ੀਲੀਐਂਸ ਭਾਵ ਅਮਰੀਕਾ ਵਲੋਂ ਸੱਤਾ ਬਦਲੀ ਦੇ ਇਕ ਹੋਰ ਨਿਸ਼ਾਨੇ ਕਿਊਬਾ ਵਿੱਚ, ਮੈਂ ਬਹੁਤ ਹੀ ਤੰਗੀ ਅਤੇ ਮਜ਼ਬੂਤੀ ਦੇਖੀ।'

ਡੈਨੀਅਲ, ਅਸੀਂ ਹੁਣ ਤੁਹਾਡੇ ਵੱਲ ਮੁੜਦੇ ਹਾਂ ਕਿਊਬਾ ਵਿੱਚ। ਇਸ ਸਭ ਤੋਂ ਵੱਡੇ ਬਲੈਕਆਊਟ ਬਾਰੇ ਦੱਸੋ, ਜੋ ਅਸੀਂ ਵੇਖਿਆ ਹੈ, ਇਸ ਦਾ ਲੋਕਾਂ ਲਈ ਕੀ ਅਰਥ ਹੈ, ਕਿਊਬਾ ਲਈ ਕੀ ਅਰਥ ਹੈ ਅਤੇ ਕੀ ਹੋ ਰਿਹਾ ਹੈ।

**ਡੈਨੀਅਲ ਮੌਨਟੇਰੋ: ਹਾਂ ਜੀ। ਮੈਨੂੰ ਸੱਦਣ ਲਈ ਧੰਨਵਾਦ।**

ਇਸ ਤਾਜ਼ਾ ਬਲੈਕਆਊਟ ਬਾਰੇ ਸਭ ਤੋਂ ਵੱਡੀ ਦਿਲ ਤੋੜਨ ਵਾਲੀ ਗੱਲ ਇਹ ਹੈ ਕਿ ਇਸ ਸਮੇਂ ਸਾਡੀ ਰੋਜ਼ਾਨਾ ਜ਼ਿੰਦਗੀ ਵਿੱਚ ਇਹ ਆਮ ਦਿਨਾਂ ਤੋਂ ਬਹੁਤ ਵੱਖਰਾ ਨਹੀਂ ਲੱਗਦਾ। ਮੈਂ ਜੋ ਕਹਿਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਕਿਉਂਕਿ ਕੋਈ ਤੇਲ ਨਹੀਂ ਆ ਰਿਹਾ, ਇਸ ਲਈ ਪਿਛਲੇ ਕੁਝ ਮਹੀਨਿਆਂ ਵਿੱਚ ਬਲੈਕਆਊਟ ਬਹੁਤ ਵਧ ਗਏ ਹਨ। ਹੁਣ ਹਵਾਨਾ ਵਿੱਚ, ਜਿੱਥੇ ਆਮ ਤੌਰ ਤੇ ਦੇਸ਼ ਦੇ ਬਾਕੀ ਹਿੱਸਿਆਂ ਨਾਲੋਂ ਹਾਲਤ ਬਹੁਤ ਬਿਹਤਰ ਹੁੰਦੀ ਹੈ, ਅਸੀਂ ਘੱਟੋ-ਘੱਟ 12 ਘੰਟੇ ਰੋਜ਼ਾਨਾ (ਦੇ ਬਲੈਕਆਊਟ ਦੀ) ਗੱਲ ਕਰ ਰਹੇ ਹਾਂ। ਜੇ ਤੁਸੀਂ ਪ੍ਰਾਂਤਾਂ ਵਿੱਚ ਜਾਉ, ਜਿਵੇਂ ਸ਼ਹਿਰ ਤੋਂ ਬਾਹਰ ਜਿੱਥੇ ਮੇਰਾ ਪਰਿਵਾਰ ਰਹਿੰਦਾ ਹੈ, ਉੱਥੇ ਤਿੰਨ, ਚਾਰ ਜਾਂ ਪੰਜ ਘੰਟੇ ਰੋਜ਼ਾਨਾ (ਬਿਜ਼ਲੀ) ਮਿਲ ਰਹੀ ਹੈ। ਬੇਸ਼ੱਕ ਰਾਸ਼ਟਰੀ ਬਲੈਕਆਊਟ ਦਾ ਪੂਰੇ ਦੇਸ਼ ਵਿੱਚ ਵੱਡਾ ਅਸਰ ਹੁੰਦਾ ਹੈ, ਪਰ ਮੈਂ ਜੋ ਸੰਦੇਸ਼ ਦੇਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਤੇਲ ਬਲੌਕੇਡ ਕਾਰਨ ਬਲੈਕਆਊਟ ਇੰਨੇ ਵਧ ਗਏ ਹਨ ਕਿ ਇਹ ਬਹੁਤ ਵੱਖਰਾ ਨਹੀਂ ਲੱਗਦਾ।

ਹੁਣ ਬਿਜਲੀ ਦੀ ਗਰਿੱਡ ਵਾਪਸ ਆ ਰਹੀ ਹੈ। ਆਮ ਤੌਰ ਤੇ ਪੂਰੇ ਦੇਸ਼ ਵਿੱਚ ਇਸ ਨੂੰ ਵਾਪਸ ਲਿਆਉਣ ਵਿੱਚ ਪੂਰਾ ਇੱਕ ਦਿਨ ਲੱਗ ਜਾਂਦਾ ਹੈ, ਅਤੇ ਅਧਿਕਾਰੀਆਂ ਨੇ ਕਿਹਾ ਹੈ ਕਿ ਤੇਲ ਘੱਟ ਹੋਣ ਕਾਰਨ ਇਸ ਨੂੰ ਵਾਪਸ ਲਿਆਉਣ ਵਿੱਚ ਵੱਧ ਸਮਾਂ ਲੱਗ ਰਿਹਾ ਹੈ। ਪਰ ਬੇਸ਼ੱਕ, ਇਸ ਦੇ ਨਤੀਜੇ, ਨਾ ਸਿਰਫ ਰਾਸ਼ਟਰੀ ਬਲੈਕਆਊਟ ਦੇ ਬਲਕਿ ਪੂਰੇ ਤੇਲ ਬਲੌਕੇਡ ਦੇ, ਬਹੁਤ ਵੱਡੇ ਹਨ। ਮੇਰੇ ਖਿਆਲ ਵਿੱਚ, ਮੇਰੀ ਜ਼ਿੰਦਗੀ ਵਿੱਚ ਮੈਨੂੰ ਪਹਿਲੀ ਵਾਰ ਮਹਿਸੂਸ ਹੋ ਰਿਹਾ ਹੈ ਕਿ ਤੁਸੀਂ ਪਾਬੰਦੀਆਂ ਤੋਂ ਬੱਚ ਨਹੀਂ ਸਕਦੇ। ਮੇਰੇ ਖਿਆਲ ਵਿੱਚ ਤੁਹਾਨੂੰ ਕਿਊਬਾ ਵਿੱਚ ਕੋਈ ਵੀ ਅਜਿਹਾ ਵਿਅਕਤੀ ਨਹੀਂ ਮਿਲੇਗਾ ਜੋ ਵਰਤਮਾਨ ਹਾਲਾਤਾਂ ਤੋਂ ਪ੍ਰਭਾਵਿਤ ਨਾ ਹੋ ਰਿਹਾ ਹੋਵੇ।

**ਹੁਆਨ ਗੌਂਜ਼ਾਲੇਜ਼**: ਅਤੇ ਡੈਨੀਅਲ, ਤੁਸੀਂ ਇਸ ਤੱਥ ਬਾਰੇ ਕੀ ਕਹਿਣਾ ਚਾਹੋਗੇ ਕਿ ਲਾਤੀਨੀ ਅਮਰੀਕਾ ਦੇ ਉਹ ਦੇਸ਼ ਵੀ, ਜਿਹਨਾਂ ਦੇ ਕਿਊਬਾ ਨਾਲ ਲੰਮੇ ਸਮੇਂ ਦੇ ਸੰਬੰਧ ਹਨ, ਜਿਹਨਾਂ ਵਿੱਚ ਪ੍ਰੋਗਰੈਸਿਵ ਸਰਕਾਰਾਂ ਹਨ ਅਤੇ ਜਿਹੜੇ ਤੇਲ ਵੀ ਨਿਰਯਾਤ ਕਰਦੇ ਹਨ, ਜਿਵੇਂ ਬ੍ਰਾਜ਼ੀਲ ਅਤੇ ਮੈਕਸੀਕੋ, ਉਹ ਕਿਊਬਾ ਦੀ ਤੇਲ ਦੇ ਮਾਮਲੇ ਵਿੱਚ ਮਦਦ ਕਰਨ ਲਈ ਹੋਰ ਤੱਕੜੇ ਹੋ ਕੇ ਅੱਗੇ ਨਹੀਂ ਆ ਰਹੇ?

**ਡੈਨੀਅਲ ਮੌਨਟੇਰੋ**: ਮੇਰੇ ਖਿਆਲ ਵਿੱਚ ਇਹ ਸਾਡੇ ਉਸ ਸੰਸਾਰ ਦਾ ਅਕਸ ਦਿਖਾਉਂਦਾ ਹੈ, ਜਿਸ ਵਿੱਚ ਅਸੀਂ ਰਹਿ ਰਹੇ ਹਾਂ। ਟਰੰਪ ਨੇ ਦੂਜੇ ਦੇਸ਼ਾਂ ਉੱਤੇ, ਉਨਾ ਦਬਾਅ ਪਾਇਆ ਹੈ, ਜਿੰਨਾ ਉਹ ਪਾ ਸਕਦਾ ਸੀ। ਅਤੇ ਅਫਸੋਸ ਹੈ ਕਿ ਇਹ ਹੁਣ ਤੱਕ ਕੰਮ ਕਰ ਰਿਹਾ ਹੈ, ਅਤੇ ਅਸੀਂ ਇਸ ਦੇ ਨਤੀਜੇ ਭੁਗਤ ਰਹੇ ਹਾਂ। ਬੇਸ਼ੱਕ ਇਹ ਮੈਨੂੰ ਦੁੱਖੀ ਕਰਦਾ ਹੈ। ਇੱਕ ਕਿਊਬਨ ਵਜੋਂ, ਮੈਂ ਇਸ ਨੂੰ ਹਰ ਰੋਜ਼ ਸਹਿੰਦਾ ਹਾਂ। ਇਹ ਮੇਰੇ ਲਈ ਕੋਈ ਅਮੂਰਤ ਜਾਂ ਸਿਧਾਂਤਕ ਗੱਲ ਨਹੀਂ ਹੈ। ਅਸੀਂ ਇਸ ਨੂੰ ਹਰ ਰੋਜ਼ ਸਹਿੰਦੇ ਹਾਂ, ਅਤੇ ਇਹ ਭਿਆਨਕ ਹੈ। ਅਸੀਂ ਗੱਲ ਕਰ ਰਹੇ ਹਾਂ — ਮੇਰੇ ਕੋਲ ਇਸ ਨੂੰ ਵਰਣਨ ਕਰਨ ਦਾ ਕੋਈ ਹੋਰ ਤਰੀਕਾ ਨਹੀਂ ਹੈ, ਪਾਬੰਦੀਆਂ ਅਸਲ ਵਿੱਚ ਹੁਣ ਲੋਕਾਂ ਨੂੰ ਮਾਰ ਰਹੀਆਂ ਹਨ, ਕਿਉਂਕਿ ਹਾਲਾਤ ਇੰਨੇ ਖਰਾਬ ਹਨ। ਅਤੇ ਇਸ ਦਾ ਪੂਰੀ ਤਰ੍ਹਾਂ, ਬਿਲਕੁਲ ਪੂਰੀ ਤਰ੍ਹਾਂ, ਉਸ ਨਾਲ ਸੰਬੰਧ ਹੈ ਜੋ ਅਮਰੀਕਾ ਵੱਲੋਂ ਮੇਰੇ ਦੇਸ਼ ਨਾਲ ਕੀਤਾ ਜਾ ਰਿਹਾ ਹੈ।

**ਹੁਆਨ ਗੌਂਜ਼ਾਲੇਜ਼**: ਅਤੇ ਕਿਊਬਾ ਦੀ ਸਰਕਾਰ ਦੇ ਇਸ ਐਲਾਨ ਬਾਰੇ ਤੁਸੀਂ ਕੀ ਕਹੋਗੇ ਕਿ ਹੁਣ ਕਿਊਬਾ ਦੀ ਸਰਕਾਰ ਕਿਊਬਨ ਅਮਰੀਕਨਾਂ ਨੂੰ ਕਿਊਬਾ ਵਿੱਚ ਵਪਾਰਾਂ ਦਾ ਮਾਲਕ ਬਣਨ ਅਤੇ ਨਿਵੇਸ਼ ਕਰਨ ਦੀ ਇਜਾਜ਼ਤ ਦੇਵੇਗੀ?

**ਡੈਨੀਅਲ ਮੌਨਟੇਰੋ**: ਮੇਰੇ ਖਿਆਲ ਵਿੱਚ ਇਹ ਖ਼ਬਰ ਕਿਊਬਾ ਵਿੱਚ ਲੋਕਾਂ ਵੱਲੋਂ ਕਾਫ਼ੀ ਸਕਾਰਾਤਮਕ (ਪੌਜ਼ੇਟਿਵ) ਤਰੀਕੇ ਨਾਲ ਲਈ ਗਈ ਹੈ। ਤੁਹਾਨੂੰ ਸਮਝਣਾ ਪਵੇਗਾ ਕਿ ਪਿਛਲੇ 15 ਸਾਲਾਂ ਦੌਰਾਨ ਦੇਸ਼ ਵਿੱਚ ਹੌਲੀ ਹੌਲੀ ਨਿਵੇਸ਼, ਦੇਸ਼ ਤੋਂ ਬਾਹਰ ਦੇ ਅਤੇ ਅੰਦਰ ਦੇ ਨਿਵੇਸ਼, ਨੂੰ ਖੁੱਲ੍ਹ ਦਿੱਤੀ ਜਾ ਰਹੀ ਹੈ ਇਸ ਲਈ ਇਹ ਖ਼ਬਰ ਸੁਣਨ ਵਾਲਿਆਂ ਨੂੰ ਜ਼ਰੂਰੀ ਤੌਰ ਤੇ ਹੈਰਾਨ ਨਹੀਂ ਕਰਦੀ, ਅਤੇ ਜ਼ਿਆਦਾਤਰ ਲੋਕਾਂ ਨੂੰ ਇਸ ਨਾਲ ਕੋਈ ਸਮੱਸਿਆ ਨਹੀਂ ਹੈ।

**ਐਮੀ ਗੁੱਡਮੈਨ**: ਅਤੇ ਡੈਨੀਅਲ ਓਵਲ ਆਫਿਸ ਤੋਂ ਰਾਸ਼ਟਰਪਤੀ ਟਰੰਪ ਨੇ ਜੋ ਕਿਹਾ ਹੈ ਕਿ ਰਾਸ਼ਟਰਪਤੀ ਟਰੰਪ ਇਸ ਨੂੰ ਅਧਿਕਾਰ ਵਿੱਚ ਲੈ ਲਵੇਗਾ ਜਾਂ ਇਸ ਨੂੰ ਅਜ਼ਾਦ ਕਰੇਗਾ ਜਾਂ ਜੋ ਕੁੱਝ ਵੀ ਕਰੇਗਾ, ਪਰ ਇਹ ਜਲਦੀ ਹੋਣ ਵਾਲਾ ਹੈ, ਅਤੇ ਮੰਗ ਕੀਤੀ ਹੈ ਕਿ ਕਿਊਬਾ ਦੇ ਪ੍ਰੈਜ਼ੀਡੈਂਟ ਡਿਆਜ਼-ਕੈਨੇਲ ਦਾ ਲਾਂਭੇ ਹੋਣਾ ਜ਼ਰੂਰੀ ਹੈ, ਕਿਊਬਾ ਵਿੱਚ ਇਸ ਨੂੰ ਕਿਵੇਂ ਲਿਆ ਜਾ ਰਿਹਾ ਹੈ?

**ਡੈਨੀਅਲ ਮੌਨਟੇਰੋ**: ਇਹ ਬਿਲਕੁਲ ਅਪਮਾਨਜਨਕ ਹੈ। ਅਸੀਂ ਦੋ ਦੇਸ਼ਾਂ ਵਿਚਕਾਰ ਗੱਲਬਾਤ ਜਾਂ ਵਾਰਤਾ ਦੇ ਵਿਚਾਰ ਬਾਰੇ ਗੱਲ ਕਰ ਰਹੇ ਹਾਂ। ਇਹ ਗੱਲਬਾਤ ਇਸ ਸ਼ਰਤ ਨਾਲ ਨਹੀਂ ਸ਼ੁਰੂ ਹੋ ਸਕਦੀ ਕਿ ਇਕ ਧਿਰ ਦਾ ਲਾਂਭੇ ਹੋਣਾ ਜ਼ਰੂਰੀ ਹੈ। ਇਸ ਲਈ ਜੇ ਟੀਚਾ ਅਸਲ ਵਿੱਚ ਕਿਸੇ ਸਮਝੌਤੇ ਤੱਕ ਪਹੁੰਚਣ ਦਾ ਹੁੰਦਾ ਅਤੇ ਕਿਊਬਾ ਦੇ ਲੋਕਾਂ ਦੀ ਜ਼ਿੰਦਗੀ ਵਿੱਚ ਸੁਧਾਰ ਕਰਨ ਦਾ ਹੁੰਦਾ ਤਾਂ ਇਹ ਸ਼ਰਤ ਨਹੀਂ ਹੋਣੀ ਚਾਹੀਦੀ ਸੀ। ਪਰ ਇਹ ਸਾਨੂੰ ਹੈਰਾਨ ਨਹੀਂ ਕਰਦਾ। ਅਸੀਂ ਸਮਝਦੇ ਹਾਂ ਕਿ ਇਹ ਤੇਲ-ਬੰਦੀ (ਓਇਲ ਇੰਬਾਰਗੋ) ਦਾ ਕੀ ਮਤਲਬ ਹੈ ਅਤੇ ਹਮੇਸ਼ਾਂ ਇਹਨਾਂ ਪਾਬੰਦੀਆਂ ਦਾ ਕੀ ਮਤਲਬ ਸੀ। ਇਹ ਭੁੱਖ ਨਾਲ ਰਾਜ ਬਦਲਣ ਦੀ ਕੋਸ਼ਿਸ਼ ਹੈ। ਉਹ ਇਹੀ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਅਤੇ ਹੁਣ ਤੇਲ ਬਲੌਕੇਡ ਨਾਲ ਹਾਲਾਤ ਪਹਿਲਾਂ ਨਾਲੋਂ ਵੀ ਵੱਧ ਖਰਾਬ ਹਨ। ਇਸ ਲਈ ਇੱਕ ਕਿਊਬਨ ਵਜੋਂ, ਇੱਥੇ ਰਹਿਣ ਵਾਲੇ ਵਜੋਂ, ਜਦੋਂ ਮੇਰਾ ਸਾਰਾ ਪਰਿਵਾਰ ਇੱਥੇ ਹੈ, ਡੋਨਾਲਡ ਟਰੰਪ ਅਤੇ ਅਮਰੀਕਾ ਦੇ ਪ੍ਰਸ਼ਾਸਨ ਨੂੰ ਇਹ ਕਹਿੰਦੇ ਸੁਣਨਾ ਬਿਲਕੁਲ ਅਪਮਾਨਜਨਕ ਹੈ ਕਿ ਉਹ ਕਿਊਬਾ ਦੀ ਮਦਦ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਕਿਊਬਾ ਨੂੰ ਅਜ਼ਾਦ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਕਿਉਂਕਿ ਉਹ ਉਸ ਕੀਮਤ ਦੀ ਗੱਲ ਨਹੀਂ ਕਰ ਰਹੇ ਜਿਹੜੀ ਉਹ ਲੋਕਾਂ ਨੂੰ ਅਦਾ ਕਰਨ ਲਈ ਕਹਿ ਰਹੇ ਹਨ।

ਹਾਂ, ਉਹ ਕਹਿ ਰਹੇ ਹਨ ਕਿ ਉਹ ਅਜ਼ਾਦੀ ਚਾਹੁੰਦੇ ਹਨ, ਲੋਕਤੰਤਰ ਚਾਹੁੰਦੇ ਹਨ, ਉਹ ਇਹਨਾਂ ਸਾਰੀਆਂ ਚੰਗੀਆਂ ਗੱਲਾਂ ਬਾਰੇ ਗੱਲ ਕਰਦੇ ਹਨ ਜੋ ਉਹ ਕਿਊਬਾ ਦੇ ਲੋਕਾਂ ਲਈ ਲਿਆਉਣ ਵਾਲੇ ਹਨ। ਪਰ ਉਨ੍ਹਾਂ ਨੂੰ ਅਸਲ ਵਿੱਚ ਉਹ ਮਾਰਗ ਸਪੱਸ਼ਟ ਕਰਨਾ ਚਾਹੀਦਾ ਹੈ ਜਿਸ ਨਾਲ ਉਹ ਉੱਥੇ ਪਹੁੰਚਣਗੇ। ਉੱਥੇ ਪਹੁੰਚਣ ਦਾ ਮਾਰਗ ਕਿਊਬਾ ਦੇ ਲੋਕਾਂ ਵਲੋਂ ਦੁੱਖ ਸਹਿਣਾ ਹੈ, ਕਿਊਬਾ ਦੇ ਲੋਕਾਂ ਦੀ ਮੌਤ ਹੈ।

**ਐਮੀ ਗੁੱਡਮੈਨ**: ਅਸੀਂ ਰਿਪੋਰਟਾਂ ਵਿੱਚ ਵੇਖਿਆ ਹੈ — ਅੱਜ ਸਵੇਰੇ ਕਿਊਬਾ ਵਿੱਚ 5.8 ਪੱਧਰ ਦਾ ਭੂਚਾਲ ਆਇਆ ਹੈ, ਦੇਸ਼ ਭਰ ਵਿੱਚ ਬਲੈਕਆਊਟ ਦੇ ਨਾਲ ਨਾਲ?

**ਡੈਨੀਅਲ ਮੌਨਟੇਰੋ**: ਹਾਂ, ਦੇਸ਼ ਦੇ ਪੂਰਬ ਵਿੱਚ ਇਹ ਭੂਚਾਲ (ਆਇਆ ਹੈ), ਇਹ ਭੂਚਾਲ ਆਉਣਾ ਬਹੁਤ ਅਸਾਧਾਰਨ ਨਹੀਂ ਹੈ। ਖ਼ੁਸ਼ਕਿਸਮਤੀ ਨਾਲ, ਉਹ ਆਮ ਤੌਰ ਤੇ ਉੱਥੇ ਬਹੁਤ ਨੁਕਸਾਨ ਨਹੀਂ ਕਰਦੇ। ਪਰ ਹੁਣ ਇਹ ਬੱਸ ਇੰਝ ਲੱਗਦਾ ਹੈ: ਹੋਰ ਕੀ ਹੋਣ ਵਾਲਾ ਹੈ?

ਮੈਂ ਪਿੱਛੇ ਵੱਲ ਦੇਖਦਾ ਹਾਂ – ਜਨਵਰੀ ਵਿੱਚ ਮੈਂ ਆਪਣੇ ਘਰ ਵਿੱਚ ਸੀ। ਮੈਡੂਰੋ ਦਾ ਅਗਵਾ ਅਜੇ ਹੋਇਆ ਹੀ ਸੀ। ਮੇਰੇ ਦਿਮਾਗ ਵਿੱਚ ਕਿਊਬਾ 'ਤੇ ਅਮਰੀਕਾ ਦੇ ਸੱਚਮੁੱਚ ਦੇ ਹਮਲੇ ਦੇ ਵਿਚਾਰ ਨੇ ਪਹਿਲੀ ਵਾਰ ਘਰ ਕੀਤਾ ਸੀ। ਅਸੀਂ ਹਵਾਨਾ ਵਿੱਚ ਇੱਕ ਫੌਜੀ ਅੱਡੇ ਨੇੜੇ ਰਹਿੰਦੇ ਹਾਂ। ਅਤੇ ਮੈਂ ਆਪਣੀ ਪਤਨੀ ਨਾਲ ਗੱਲ ਕਰ ਰਿਹਾ ਸੀ ਅਤੇ ਮੁੱਢਲੇ ਤੌਰ ਤੇ ਸੋਚ ਰਿਹਾ ਸੀ, "ਘਰ ਵਿੱਚ ਕਿਹੜੇ ਕਮਰੇ ਵਿੱਚ ਅਸੀਂ ਬੰਬਾਂ ਦੀ ਮਾਰ ਤੋਂ ਬਚ ਸਕਾਂਗੇ?" ਅਤੇ ਗੱਲਬਾਤ ਦੇ ਅੰਤ ਵਿੱਚ ਅਸੀਂ ਇੱਕ ਦੂਜੇ ਵੱਲ ਵੇਖ ਕੇ ਕਹਿ ਰਹੇ ਸੀ, "ਕੀ ਤੁਸੀਂ ਵਿਸ਼ਵਾਸ ਕਰ ਸਕਦੇ ਹੋ ਕਿ ਅਸੀਂ ਇਹ ਗੱਲ ਵੀ ਕਰ ਰਹੇ ਹਾਂ?

ਮੇਰੇ ਖਿਆਲ ਵਿੱਚ ਜੋ ਕੁੱਝ ਵਾਸ਼ਿੰਗਟਨ ਤੋਂ ਆ ਰਿਹਾ ਹੈ ਉਸ ਦੇ ਆਧਾਰ 'ਤੇ ਕਿਊਬਾ ਵਿੱਚ ਰਹਿੰਦੇ ਹੋਣ ਬਾਰੇ ਇਹ ਹੀ ਆਮ ਭਾਵਨਾ ਹੈ: ਹੋਰ ਕੀ ਵਾਪਰਨ ਵਾਲਾ ਹੈ? ਇਹ ਕਦੋਂ ਰੁਕੇਗਾ?

**ਹੁਆਨ ਗੌਂਜ਼ਾਲੇਜ਼**: ਮੈਂ ਹੁਣ ਸੈਨ ਡੀਆਗੋ ਵਿੱਚ ਯੂਨੀਵਰਸਿਟੀ ਆਫ ਕੈਲੇਫੋਰਨੀਆ ਵਿੱਚ ਇਤਿਹਾਸ ਦੀ ਅਸਿਸਟੈਂਟ ਪ੍ਰੋਫੈਸਰ, ਸਾਰਾ ਕੋਜ਼ਾਮੇਹ ਨੂੰ ਸ਼ਾਮਲ ਕਰਨਾ ਚਾਹੁੰਦਾ ਹਾਂ। ਸਾਰਾ ਤੁਸੀਂ ਸਾਲਾਂ ਤੋਂ ਕਿਊਬਾ ਵਿੱਚ ਜਾਂਦੇ ਰਹਿੰਦੇ ਹੋ, ਖਾਸ ਕਰਕੇ ਦੇਸ਼ ਦੇ ਪੇਂਡੂ ਇਲਾਕਿਆਂ ਵਿੱਚ। ਤੁਸੀਂ ਹਾਲ ਹੀ ਵਿੱਚ ਕਿਊਬਾ ਤੋਂ ਵਾਪਸ ਆਏ ਹੋ। ਕੀ ਤੁਸੀਂ ਉੱਥੇ ਵੇਖੀਆਂ ਹਾਲਤਾਂ ਬਾਰੇ ਗੱਲ ਕਰ ਸਕਦੇ ਹੋ?

**ਸਾਰਾ ਕੋਜ਼ਾਮੇਹ**: ਹਾਂ। ਮੈਨੂੰ ਸੱਦਣ ਲਈ ਧੰਨਵਾਦ।

ਅਤੇ ਮੈਂ ਬੱਸ ਇਹ ਕਹਿਣਾ ਚਾਹੁੰਦੀ ਹਾਂ ਕਿ ਮੇਰਾ ਤਜਰਬਾ, ਡੈਨੀਅਲ ਨੇ ਜੋ ਦੱਸਿਆ ਹੈ, ਉਸ ਨਾਲ ਬਹੁਤ ਮੇਲ ਖਾਂਦਾ ਹੈ। ਪੂਰਬ ਵਾਲਾ ਹਿੱਸਾ ਬੰਦਰਗਾਹਾਂ ਤੋਂ ਬਹੁਤ ਦੂਰ ਹੈ ਜਿੱਥੇ ਪੈਟਰੋਲੀਅਮ ਅਤੇ ਖਾਣਾ ਆਉਂਦਾ ਹੈ, ਇਸ ਲਈ ਉੱਥੇ ਘੱਟ ਵਸੀਲੇ ਹਨ। ਹਾਲਤ ਬਹੁਤ ਮੁਸ਼ਕਿਲ ਹੈ। ਮਹੀਨਿਆਂ ਤੋ ਲੰਮੇ ਬਲੈਕਆਊਟ ਵਾਪਰੇ ਹਨ, ਜੋ ਹਵਾਨਾ ਨਾਲੋਂ ਬਹੁਤ ਵੱਧ ਘੰਟੇ ਲੰਮੇ ਰਹੇ ਹਨ, ਪਰ ਪਿਛਲੇ ਕੁਝ ਹਫ਼ਤਿਆਂ ਵਿੱਚ ਇਹ ਬਦਤਰ ਹੋ ਗਏ ਹਨ। ਜਦੋਂ ਮੈਂ ਉੱਥੇ ਸੀ, ਉਦੋਂ ਉੱਥੇ 16-16 ਘੰਟੇ ਦੇ ਬਲੈਕਆਊਟ ਵਾਪਰ ਰਹੇ ਸਨ, ਅਤੇ ਸ਼ਾਇਦ ਦਿਨ ਵਿੱਚ ਦੋ ਵਾਰ ਤਿੰਨ ਤਿੰਨ ਘੰਟੇ ਬਿਜਲੀ ਆ ਰਹੀ ਸੀ। ਅਤੇ ਉੱਥੇ ਮੇਰੀ ਰਿਹਾਇਸ਼ ਦੌਰਾਨ ਇਹ ਘਟ ਕੇ ਸ਼ਾਇਦ ਰੋਜ਼ਾਨਾ ਤਿੰਨ ਘੰਟੇ ਲਈ ਬਿਜਲੀ ਰਹਿ ਗਈ। ਅਤੇ ਹੁਣ ਲੱਗਦਾ ਹੈ ਕਿ ਲੋਕ ਘੱਟੋ ਘੱਟ 25-26 ਘੰਟੇ ਬਿਜਲੀ ਤੋਂ ਬਿਨਾਂ ਰਹਿ ਚੁੱਕੇ ਹਨ।

**ਐਮੀ ਗੁੱਡਮੈਨ**: ਮੈਂ ਡੈਨੀਅਲ ਨੂੰ ਕਿਊਬਾ ਦੇ ਲੋਕਾਂ ਦੀ ਪ੍ਰਤੀਕਿਰਿਆ ਬਾਰੇ ਪੁੱਛਣਾ ਚਾਹੁੰਦੀ ਹਾਂ। ਸਪੱਸ਼ਟ ਤੌਰ ਤੇ, ਜਿਵੇਂ ਅਸੀਂ ਈਰਾਨ ਦੇ ਸੰਬੰਧ ਵਿੱਚ ਵੇਖਿਆ ਹੈ, ਇਜ਼ਰਾਈਲੀ ਪ੍ਰਧਾਨ ਮੰਤਰੀ ਨੇਤਨਯਾਹੂ ਲੋਕਾਂ ਨੂੰ ਈਰਾਨ ਵਿੱਚ ਉੱਠਣ ਲਈ ਉਤਸ਼ਾਹਿਤ ਕਰ ਰਿਹਾ ਹੈ। ਉਹ ਕਹਿੰਦਾ ਹੈ ਕਿ ਤੁਸੀਂ ਲੋਕਾਂ ਨੂੰ ਪਾਣੀ ਤੱਕ ਲੈ ਜਾ ਸਕਦੇ ਹੋ ਪਰ ਪੀਣ ਲਈ ਮਜਬੂਰ ਨਹੀਂ ਕਰ ਸਕਦੇ। ਰਾਸ਼ਟਰਪਤੀ ਟਰੰਪ ਵੀ ਇਹ ਹੀ ਕਰਨ ਨੂੰ ਕਹਿ ਰਿਹਾ ਸੀ। ਤੁਸੀਂ ਕੀ ਵੇਖ ਰਹੇ ਹੋ? ਲੋਕ ਹੁਣ ਅਮਰੀਕਾ ਨਾਲ ਜ਼ਿਆਦਾ ਗੁੱਸੇ ਹਨ ਜਾਂ ਕਿਊਬਾ ਦੀ ਸਰਕਾਰ ਨਾਲ?

**ਡੈਨੀਅਲ ਮੌਨਟੇਰੋ**: ਮੇਰਾ ਖਿਆਲ ਹੈ, ਜਦੋਂ ਤੁਸੀਂ ਭੁੱਖੇ ਹੁੰਦੇ ਹੋ, ਉਦੋਂ ਤੁਹਾਡੀ ਰਾਜਨੀਤੀ "ਮੈਨੂੰ ਖਾਣਾ ਚਾਹੀਦਾ ਹੈ" ਹੁੰਦੀ ਹੈ। ਜ਼ਿਆਦਾਤਰ ਲੋਕ ਇਸ ਤਰ੍ਹਾਂ ਮਹਿਸੂਸ ਕਰ ਰਹੇ ਹਨ। ਵੇਖੋ, ਜੋ ਟੀਚਾ ਅਮਰੀਕਾ ਇੱਥੇ ਹਾਸਲ ਕਰਨਾ ਚਾਹੁੰਦਾ ਹੈ, ਯਾਨੀ ਕਿ ਬਹੁਗਿਣਤੀ ਲੋਕ ਉੱਠ ਖੜ੍ਹਨ, ਇਹ ਬਿਲਕੁਲ ਨਹੀਂ ਹੋ ਰਿਹਾ। ਜਦੋਂ ਬਲੈਕਆਊਟ ਹੁੰਦੇ ਹਨ ਉਦੋਂ ਛੋਟੇ ਮੋਟੇ ਵਿਰੋਧ ਹੁੰਦੇ ਹਨ ਪਰ ਇਹ ਪਿਛਲੇ ਪੰਜ ਸਾਲਾਂ ਤੋਂ ਹੋ ਰਿਹਾ ਹੈ। ਇਸ ਵਿੱਚ ਕੁੱਝ ਨਵਾਂ ਨਹੀਂ ਹੈ। ਇਸ ਲਈ ਉਹ ਤਬਦੀਲੀ ਜੋ ਅਮਰੀਕਾ ਕਿਊਬਾ ਵਿੱਚ ਲਿਆਉਣਾ ਚਾਹੁੰਦਾ ਹੈ ਉਹ ਇਸ ਸਮੇਂ ਨਹੀਂ ਹੋ ਰਹੀ। ਮੇਰਾ ਖਿਆਲ ਹੈ ਕਿ ਲੋਕ ਚੰਗੀ ਤਰ੍ਹਾਂ ਜਾਣਦੇ ਹਨ ਕਿ ਕੀ ਹੋ ਰਿਹਾ ਹੈ। ਅਤੇ ਉਹ ਲਏ ਗਏ ਫੈਸਲਿਆਂ ਦੀ

ਕੀਮਤ ਅਦਾ ਕਰ ਰਹੇ ਹਨ। ਪਰ ਉਹ ਕਿਸੇ ਵੀ ਹੋਰ ਗੱਲ ਨਾਲੋਂ ਇਸ ਗੱਲ ਬਾਰੇ ਜ਼ਿਆਦਾ ਫਿਕਰਮੰਦ ਹਨ "ਅੱਜ ਮੈਂ ਕੀ ਕਰਾਂ? ਅੱਜ ਰਾਤ ਨੂੰ ਮੈਂ ਕੀ ਖਾਵਾਂ?" ਜਿਵੇਂ ਮੈਂ ਕਿਹਾ ਹੈ ਕਿ ਜਦੋਂ ਤੁਹਾਡੇ ਫਿਕਰ ਇਸ ਤਰ੍ਹਾਂ ਦੀਆਂ ਜ਼ਰੂਰੀ ਚੀਜ਼ਾਂ ਹੋਣ ਤਾਂ ਉਹੀ ਤੁਹਾਡੀ ਰਾਜਨੀਤੀ ਦੀ ਹੱਦ ਹੁੰਦੀ ਹੈ।

**ਹੁਆਨ ਗੋਂਜ਼ਾਲੇਜ਼:** ਅਤੇ ਮੈਂ ਪ੍ਰੋਫੈਸਰ ਕੋਜ਼ਾਮੇਹ ਨੂੰ ਵੀ ਪੁੱਛਣਾ ਚਾਹੁੰਦਾ ਹਾਂ: ਟਰੰਪ ਦਾ ਇਹ ਦਾਅਵਾ ਕਿ ਕਿਊਬਾ ਦੀ ਲੀਡਰਸ਼ਿਪ ਦਾ ਬਦਲਣਾ ਜ਼ਰੂਰੀ ਹੈ, ਕਿ ਉਹ ਫੈਸਲਾ ਕਰੇਗਾ, ਸਾਡੇ ਰਾਸ਼ਟਰਪਤੀ ਦਾ ਇਹ ਪੂਰਾ ਸਵੈ-ਮੋਹ (ਨਰਸੀਸਿਜ਼ਮ), ਕਿ ਉਹ ਫੈਸਲਾ ਕਰੇਗਾ, ਅਤੇ ਉਹ ਇਹਨਾਂ ਸਾਰੇ ਦੇਸ਼ਾਂ ਵਿੱਚ ਤਬਦੀਲੀ ਲਿਆਵੇਗਾ, ਤੁਹਾਡੇ ਖਿਆਲ ਵਿੱਚ ਕਿਊਬਾ ਦੇ ਲੋਕਾਂ ਵਲੋਂ ਇਸ ਨੂੰ ਕਿਵੇਂ ਲਿਆ ਜਾ ਰਿਹਾ ਹੈ?

**ਸਾਰਾ ਕੋਜ਼ਾਮੇਹ:** ਮੇਰਾ ਖਿਆਲ ਹੈ ਕਿ ਇਹ ਚੰਗੇ ਤਰੀਕੇ ਨਾਲ ਨਹੀਂ ਲਿਆ ਜਾ ਰਿਹਾ। ਕੁੱਝ ਹਫਤੇ ਪਹਿਲਾਂ, ਜਦੋਂ ਮੈਂ ਉੱਥੇ ਸੀ, ਮੈਂ ਬਹੁਤ ਸਾਰੇ ਲੋਕਾਂ ਨਾਲ ਗੱਲ ਕੀਤੀ ਅਤੇ ਸਿੱਧਾ ਪੁੱਛਿਆ, "ਤੁਸੀਂ ਕੀ ਚਾਹੁੰਦੇ ਹੋ ਕਿ ਕੀ ਵਾਪਰੇ? ਤੁਸੀਂ ਕੀ ਵੇਖਣਾ ਚਾਹੁੰਦੇ ਹੋ?" ਅਤੇ ਉਹਨਾਂ ਲੋਕਾਂ, ਜਿਹੜੇ ਰਾਜਨੀਤਿਕ ਸਿਸਟਮ ਦੀ ਖੁੱਲ੍ਹੇਆਮ ਆਲੋਚਨਾ ਕਰਨ ਵਾਲੇ ਸਨ ਅਤੇ ਉਹਨਾਂ ਲੋਕਾਂ ਨੇ ਵੀ ਜਿਹੜੇ ਕੁਝ ਘੱਟ ਪੱਧਰ 'ਤੇ ਆਲੋਚਨਾ ਕਰਨ ਵਾਲੇ ਸਨ, ਵਿੱਚੋਂ ਕਿਸੇ ਨੇ ਵੀ ਟਰੰਪ ਵੱਲੋਂ ਕੀਤੀ ਜਾ ਰਹੀ ਕਾਰਵਾਈ ਨਾਲ ਸਹਿਮਤੀ ਨਹੀਂ ਜਤਾਈ। ਕਿਸੇ ਨੇ ਵੀ ਨਹੀਂ।

ਮੈਂ ਸੋਚਦੀ ਹਾਂ ਕਿ ਕਿਊਬਾ ਦੇ ਲੋਕ ਬਹੁਤ ਸਿੱਖਿਅਤ ਲੋਕ ਹਨ। ਉਨ੍ਹਾਂ ਕੋਲ ਖ਼ਬਰਾਂ ਤੱਕ ਪਹੁੰਚ ਹੈ। ਉਹ ਚਾਲਾਂ ਨੂੰ ਸਮਝਦੇ ਹਨ। ਉਹ ਰਣਨੀਤੀਆਂ ਸਮਝਦੇ ਹਨ। ਅਤੇ ਮੇਰੇ ਖਿਆਲ ਵਿੱਚ ਇਸ ਸਮੇਂ ਉਹ ਬਹੁਤ ਹੈਰਾਨ ਅਤੇ ਠੱਗੇ ਹੋਏ ਮਹਿਸੂਸ ਕਰ ਰਹੇ ਹਨ। ਸ਼ੁੱਕਰਵਾਰ ਨੂੰ ਇਸ ਗੱਲ ਦੀ ਪੁਸ਼ਟੀ ਹੋਈ ਸੀ ਕਿ ਸਰਕਾਰ ਅਮਰੀਕਾ ਨਾਲ ਗੱਲਬਾਤ ਕਰ ਰਹੀ ਹੈ। ਅਤੇ ਇਸ ਨੂੰ ਸਮਝਣ ਅਤੇ ਪ੍ਰੋਸੈੱਸ ਕਰਨ ਦੀ ਪ੍ਰਕਿਰਿਆ ਕੱਲ੍ਹ, ਸੋਮਵਾਰ ਨੂੰ ਸ਼ੁਰੂ ਹੋਈ ਜਦੋਂ ਇਹ ਐਲਾਨ ਹੋਇਆ ਸੀ। ਅਤੇ ਬਹੁਤ ਸਾਰੇ ਲੋਕਾਂ ਨੇ ਮੈਨੂੰ ਗੁੱਸੇ ਭਰੀ ਆਵਾਜ਼ ਵਿੱਚ ਕਿਹਾ ਕਿ ਉਹ ਇਹ ਨਹੀਂ ਹੋਣ ਦੇਣਗੇ, ਉਹ ਵਿਰੋਧ ਕਰਨਗੇ। ਅੰਤ ਵਿੱਚ, ਕਿਊਬਾ ਦੇ ਲੋਕਾਂ ਨੇ ਪ੍ਰਭੂਸੱਤਾ (ਸੌਵਰਨਿਟੀ) ਲਈ ਕਈ ਵਾਰ ਲੜਾਈ ਲੜੀ ਹੈ, ਅਤੇ ਇਹ ਨਹੀਂ ਲੱਗਦਾ ਕਿ ਉਹ ਇਸ ਵਾਰ ਵੀ ਚੁੱਪ ਬੈਠ ਜਾਣਗੇ।

**ਐਮੀ ਗੁੱਡਮੈਨ:** ਸਾਡੇ ਕੋਲ ਬੱਸ ਇੱਕ ਮਿੰਟ ਹੈ, ਅਤੇ ਮੈਂ ਹਵਾਨਾ, ਕਿਊਬਾ ਵਿੱਚ ਡੈਨੀਅਲ ਨਾਲ ਗੱਲ ਕਰਨਾ ਚਾਹੁੰਦੀ ਹਾਂ, ਉਸ ਕਾਫਲੇ ਬਾਰੇ ਜੋ ਕਿਊਬਾ ਵੱਲ ਜਾ ਰਿਹਾ ਹੈ, ਜਿਸ ਵਿੱਚ ਪ੍ਰੋਗਰੈਸਿਵ ਇੰਟਰਨੈਸ਼ਨਲ, ਕੋਡ ਪਿੰਕ ਸਮੇਤ ਕਈ ਗਰੁੱਪ ਸ਼ਾਮਲ ਹਨ। ਇਸ ਸਮੇਂ ਅੰਤਰਰਾਸ਼ਟਰੀ ਇਕਜੁੱਟਤਾ (ਸੌਲੀਡੈਰਟੀ) ਕਿੰਨਾ ਫਰਕ ਪਾਉਂਦੀ ਹੈ ਅਤੇ ਕੀ ਅਰਥ ਰੱਖਦੀ ਹੈ?


**ਡੈਨੀਅਲ ਮੌਨਟੇਰੋ:** ਮੈਂ ਕਹਾਂਗਾ ਕਿ ਅੰਤਰਰਾਸ਼ਟਰੀ ਇਕਜੁੱਟਤਾ ਹੁਣ ਪਹਿਲਾਂ ਨਾਲੋਂ ਵੱਧ ਜ਼ਰੂਰੀ ਹੈ, ਖਾਸ ਕਰਕੇ ਅਮਰੀਕਾ ਤੋਂ ਆਉਣ ਵਾਲੀ, ਕਿਉਂਕਿ ਹਰ ਕੋਈ ਕਿਊਬਾ ਬਾਰੇ ਸਿਰਫ ਤੇਲ-ਬੰਦੀ (ਓਇਲ ਇੰਬਾਰਗੋ) ਅਤੇ ਦੇਸ਼ ਦੀ ਬੁਰੀ ਹਾਲਤ ਬਾਰੇ ਸੁਣ ਰਿਹਾ ਹੈ। ਅਮਰੀਕਾ ਤੋਂ ਲੋਕ ਆ ਕੇ ਵੱਖਰਾ ਚਿਹਰਾ ਦਿਖਾਉਣ ਅਤੇ ਦਿਖਾਉਣ ਕਿ ਅਸੀਂ ਅਜੇ ਵੀ ਇੱਕ ਦੂਜੇ ਦੀ ਮਦਦ ਕਰ ਸਕਦੇ ਹਾਂ, ਮੇਰਾ ਖਿਆਲ ਹੈ, ਮੈਂ ਕਹਾਂਗਾ ਕਿ ਕਿਊਬਾ ਨੂੰ ਕਾਫ਼ੀ ਸਮੇਂ ਤੋਂ ਇਕਜੁੱਟਤਾ ਦੀ ਲੋੜ ਸੀ, ਪਰ ਹੁਣ ਇਸ ਦੀ ਖਾਸ ਤੌਰ ਤੇ ਲੋੜ ਹੈ।

ਅਸਲ ਵਿੱਚ ਇਸ ਨਾਲ ਕੀ ਫਰਕ ਪੈ ਸਕਦਾ ਹੈ, ਇਹ ਉਹਨਾਂ ਚੀਜ਼ਾਂ 'ਤੇ ਨਿਰਭਰ ਕਰਦਾ ਹੈ ਜੋ ਉਹ ਲਿਆਉਣਗੇ। ਅਸੀਂ ਹੁਣ ਹਰ ਉਹ ਚੀਜ਼ ਚਾਹੁੰਦੇ ਹਾਂ ਜੋ ਕੋਈ ਵੀ ਲਿਆ ਸਕੇ। ਪਰ ਮੇਰਾ ਖਿਆਲ ਹੈ ਕਿ ਸਭ ਤੋਂ ਮਹੱਤਵਪੂਰਨ ਗੱਲ ਇਸ ਦੀ ਪ੍ਰਤੀਕਮਈ ਕੀਮਤ ਹੈ ਕਿ ਇੰਨੇ ਸਾਰੇ ਲੋਕ ਆ ਕੇ ਕਿਊਬਾ ਦੇ ਲੋਕਾਂ ਲਈ ਸਮਰਥਨ ਦਿਖਾਉਣ, ਉਸ ਕਹਾਣੀ ਨੂੰ ਚੁਣੌਤੀ ਦੇਣ ਲਈ ਜਿਹੜੀ ਕਹਾਣੀ ਟਰੰਪ ਪ੍ਰਸ਼ਾਸਨ ਵਲੋਂ ਦੱਸੀ ਜਾ ਰਹੀ ਹੈ।


**ਐਮੀ ਗੁੱਡਮੈਨ:** ਮੈਂ ਹਵਾਨਾ ਸਥਿੱਤ ਕਿਊਬਾ ਦੇ ਪੱਤਰਕਾਰ ਅਤੇ ਅਜ਼ਾਦ ਮੀਡੀਆ ਆਊਟਲੈੱਟ, ਬੈਲੀ ਔਫ ਦੀ ਬੀਸਟ (ਹੈਵਾਨ ਦੇ ਢਿੱਡ ਵਿੱਚੋਂ)' ਦੇ ਪ੍ਰੋਡਿਊਸਰ ਡੈਨੀਅਲ ਮੌਨਟੇਰੋ ਅਤੇ ਸੈਨ ਡੀਆਗੋ ਦੀ ਯੂਨੀਵਰਸਿਟੀ ਔਫ ਕੈਲੀਫੋਰਨੀਆ ਵਿੱਚ ਇਤਿਹਾਸ ਦੀ ਅਸਿਸਟੈਂਟ ਪ੍ਰੋਫੈਸਰ ਸਾਰਾ ਕੋਜ਼ਾਮੇਹ ਦਾ ਸਾਡੇ ਨਾਲ ਗੱਲ ਕਰਨ ਲਈ ਬਹੁਤ ਬਹੁਤ ਧੰਨਵਾਦ ਕਰਦੀ ਹਾਂ।

## ਭਗਤ ਸਿੰਘ, ਬੀ ਕੇ ਦੱਤ ਦਾ ਖ਼ਤ ਬੋਲ ਰਿਹਾ

# 31 ਮਾਰਚ ਮਗਰੋਂ ਵੀ ਧਰਤ ਗਾਏਗੀ ਇਨਕਲਾਬ ਦੇ ਗੀਤ



-ਅਮੋਲਕ ਸਿੰਘ
98778-68710





ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸ਼ਹਾਦਤ ਦਾ ਅੱਜ ਜਦੋਂ 23 ਮਾਰਚ 2026 ਨੂੰ ਸ਼ਹੀਦੀ ਦਿਹਾੜਾ ਮਨਾ ਰਹੇ ਹਾਂ ਤਾਂ ਇਸਤੋਂ ਇੱਕ ਹਫ਼ਤੇ ਉਪਰੰਤ 31 ਮਾਰਚ 2026 ਦਾ ਉਹ ਦਿਨ ਹੈ ਜਿਸ ਬਾਰੇ ਸਤਾ ਤੇ ਕਾਬਜ਼ ਜੋਰਾਵਰਾਂ ਦਾ ਸਖ਼ਤ ਫ਼ੁਰਮਾਨ ਹੈ ਕਿ 31 ਮਾਰਚ ਤੋਂ ਪਹਿਲਾਂ ਪਹਿਲਾਂ ਇਨਕਲਾਬੀਆਂ ਅਤੇ ਇਨਕਲਾਬ ਦੀ ਹਕੀਕੀ ਤੌਰ ਤੇ ਗੱਲ ਕਰਨ ਵਾਲਿਆਂ ਦਾ ਮੁਕੰਮਲ ਸਫ਼ਾਇਆ ਕਰ ਦਿੱਤਾ ਜਾਵੇਗਾ। 31 ਮਾਰਚ 2026 ਮਗਰੋਂ ਕੀ ਫਿਜ਼ਾ ਵਿਚ ਇਨਕਲਾਬ ਜ਼ਿੰਦਾਬਾਦ ਦੇ ਬੋਲ ਸੁਣਾਈ ਨਹੀਂ ਦੇਣਗੇ। ਇਤਿਹਾਸ ਬੋਲਦਾ ਹੈ ਜਦੋਂ ਤੱਕ ਇਸ ਧਰਤੀ ਤੇ ਲੁੱਟ ਖੋਹ, ਜਬਰ, ਵਿਤਕਰੇਬਾਜ਼ੀ, ਜੰਗਾਂ, ਫਿਰਕੂ ਫਾਸ਼ੀ ਹੱਲੇ ਨੇ, ਜਦੋਂ ਤੱਕ ਸਾਮਰਾਜੀ ਅਤੇ ਦੇਸੀ ਬਹੁ ਕੌਮੀ ਕੰਪਨੀਆਂ ਲੋਕਾਂ ਦੀਆਂ ਖੁਸ਼ੀਆਂ ਚਰਦੀਆਂ ਰਹਿਣਗੀਆਂ ਹਾਕਮਾਂ ਦੇ ਹੁਕਮਾਂ ਤੋਂ ਬੇਪਰਵਾਹ ਧਰਤੀ ਇਨਕਲਾਬ ਦੇ ਗੀਤ ਗਾਉਂਦੀ ਰਹੇਗੀ।

ਹੰਕਾਰੇ ਹਾਕਮ ਪਹਿਲਾਂ ਜੰਗਲ ਵਿੱਚੋਂ ਇਨਕਲਾਬੀਆਂ ਦਾ ਖੁਰਾ ਖ਼ੋਜ ਮਿਟਾ ਦੇਣ ਲਈ ਹਿੱਕ ਥਾਪੜਦੇ ਸਨ ਹੁਣ ਉਹ ਪੂਰੇ ਮੁਲਕ ਸਮੇਤ ਪੰਜਾਬ ਦੀਆਂ ਯੂਨੀਵਰਸਿਟੀਆਂ ਅਤੇ ਪਿੰਡਾਂ ਨੂੰ ਵੀ ਚੋਣਵਾਂ ਨਿਸ਼ਾਨਾ ਬਣਾ ਕੇ ਵਹਿਸ਼ੀਆਂਨਾ ਕਹਿਰ ਦਾ ਢਾਅ ਰਹੇ ਹਨ। ਮੁਲਕ ਅੰਦਰ ਫਿਰਕੂ ਫਾਸ਼ੀ ਹਨੇਰੀ ਵਗਾ ਕੇ ਸਾਮਰਾਜੀਆਂ ਖ਼ਾਸ ਕਰਕੇ ਅਮਰੀਕੀ ਸਾਮਰਾਜ ਦੀ ਚਾਕਰੀ ਕਰਦੇ ਦੇਸੀ ਬਦੇਸੀ ਕਾਰਪੋਰੇਟ ਘਰਾਣਿਆਂ ਨੂੰ ਬੇਸ਼ਕੀਮਤੀ ਮਾਲ ਖ਼ਜ਼ਾਨੇ ਅਤੇ ਕਿਰਤ ਲੁਟਾਉਣ ਲਈ ਹਰ ਹਰਬਾ ਵਰਤਿਆ ਜਾ ਰਿਹਾ ਹੈ। ਇਨਕਲਾਬੀ ਤਾਕਤਾਂ ਦੀ ਸੰਘੀ ਨੱਪਣ ਲਈ ਸ਼ਹੀਦ ਭਗਤ ਸਿੰਘ ਹੋਰਾਂ ਦੇ ਸਮਿਆਂ ਅੰਦਰ ਜ਼ੁਲਮ, ਤਸ਼ੱਦਦ, ਜੇਲ੍ਹ, ਫਾਂਸੀ ਆਦਿ ਹਰ ਤਰ੍ਹਾਂ ਦਾ ਸਿਤਮ ਝੱਖੜ ਬਣ ਵਰ੍ਹਿਆ। ਇਸਦੇ ਨਾਲ? ਹੀ ਗੁੰਮਰਾਹਕੁਨ ਕੂੜ ਪ੍ਰਚਾਰ ਦੀ ਵੀ ਕੋਈ ਕਸਰ ਨਾ ਛੱਡੀ ਗਈ। ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਵਰਗਿਆਂ ਦੀ ਅਗਵਾਈ ਵਿੱਚ ਅੰਬਰਾਂ ਤੇ ਗੂੰਜਾਏ ਜਾਂਦੇ ਇਨਕਲਾਬ ਦੇ ਨਾਅਰਿਆਂ ਨੂੰ ਲੋਕ ਮਨਾਂ ਉਪਰ ਲਿਖੇ ਜਾਣ ਤੋਂ ਰੋਕਣ ਲਈ ਬੇਹੱਦ ਭੰਡੀ ਪ੍ਰਚਾਰ ਕੀਤਾ ਗਿਆ।

ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਦੇ ਖਿਲਾਫ਼ ਉਸ ਵੇਲੇ ਛਪਦੇ ਮੈਗਜ਼ੀਨ 'ਮਾਡਰਨ ਰਿਵਿਊ' ਦੇ ਐਡੀਟਰ ਨੇ ਸ਼ਹੀਦ ਜਤਿਨ ਦਾਸ ਦੀ 63 ਦਿਨ ਲੰਮੀ ਭੁੱਖ ਹੜਤਾਲ ਤੋਂ ਬਾਅਦ ਲਾਹੌਰ ਤੇ ਕਲਕੱਤੇ ਤੱਕ ਲੱਖਾਂ ਲੋਕਾਂ ਨੇ ਸੜਕਾਂ ਤੇ ਨਿਕਲ ਕੇ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਗਾਏ ਤਾਂ ਮਾਡਰਨ ਰੀਵੀਊ ਦੇ ਸੰਪਾਦਕ ਨੇ ਇਸ ਤੇ ਤਿੱਖੀ ਨੁਕਤਾਚੀਨੀ ਕੀਤੀ।

ਉਸ ਦੇ ਜਵਾਬ ਵਿੱਚ ਇੱਕ ਖ਼ਤ ਰਾਹੀਂ ਭਗਤ ਸਿੰਘ ਤੇ ਬੀ. ਕੇ. ਦੱਤ ਨੇ ਉਸਦਾ ਜਵਾਬ ਦਿੱਤਾ।

ਦਸੰਬਰ 1930 ਨੂੰ ਲਿਖੇ ਪੱਤਰ ਵਿੱਚ ਉਹਨਾਂ ਜੋ ਲਿਖਿਆ ਉਹ ਅਜੋਕੇ ਹਾਕਮਾਂ ਵੱਲੋਂ ਇਨਕਲਾਬੀਆਂ ਅਤੇ ਇਨਕਲਾਬ ਦੇ ਸੰਕਲਪ ਨੂੰ ਤਾਰੀਖ਼ਾਂ ਤੈਅ ਕਰ ਕੇ ਖ਼ਤਮ ਕਰ ਦੇਣ ਦੀ ਦਿੱਤੀ ਜਾ ਰਹੀ ਧਮਕੀ ਦਾ ਅੱਜ ਵੀ ਬਾਦਲੀਲ ਤਿੱਖਾ ਜਵਾਬ ਹੈ ਕਿ ਉਹਨਾਂ ਨੂੰ ਇਹ ਵਹਿਮ ਮਨ ਵਿੱਚੋਂ ਕੱਢ ਕੇ ਇਤਿਹਾਸ ਦੇ ਸਫ਼ੇ ਤੇ ਲਿਖਿਆ ਜ਼ਰੂਰ ਪੜ੍ਹ ਲੈਣਾ ਚਾਹੀਦਾ ਹੈ।

ਬਰਤਾਨਵੀ ਹਕੂਮਤ, ਉਸ ਪਿੱਛੋਂ ਬਣੀਆਂ ਵੰਨ ਸੁਵੰਨੀਆਂ ਹਕੂਮਤਾਂ ਨੇ ਬਹੁਤ ਵਾਰ ਅਜਿਹਾ ਹੱਲਾ ਬੋਲਿਆ ਹੈ ਜਿਸਦਾ ਮਕਸਦ ਇਹੋ ਸੀ ਕਿ ਮੁੜ ਕੋਈ ਇਨਕਲਾਬ ਦੀ ਗੱਲ ਨਹੀਂ ਕਰੇਗਾ।

ਪਰ ਇਹ ਹੋਛੇ ਅਤੇ ਜਾਬਰਾਨਾ ਯਤਨਾਂ ਨੂੰ ਮੂੰਹ ਦੀ ਖਾਣੀ ਪਈ ਹੈ।

ਹਥਲੇ ਚੰਦ ਸ਼ਬਦਾਂ ਦੀ ਲਿਖਤ ਇਹ ਦਰਸਾਉਣ ਲਈ ਹੈ ਕਿ ਭਾਜਪਾ ਹਕੂਮਤ ਦੇ ਚੋਟੀ ਦੇ ਨੇਤਾ ਕਹਾਉਂਦੇ ਹਾਕਮਾਂ ਦੇ ਫ਼ੁਰਮਾਨ ਇਨਕਲਾਬੀ ਲਹਿਰ ਦਾ ਮੁਕੰਮਲ ਸਫਾਇਆ ਕਰਨ ਤੇ ਉਤਾਰੂ ਹੋਣ ਦਾ ਵਹਿਮ ਮਨ ਚਿਤ ਵਿੱਚੋਂ ਕੱਢ ਦੇਣ।

31 ਮਾਰਚ ਤੋਂ ਮਗਰੋਂ ਵੀ ਹੱਕ,ਸੱਚ, ਇਨਸਾਫ਼ ਦਾ ਕਾਫ਼ਲਾ ਸਫ਼ਰ ਤੇ ਰਹੇਗਾ।

**ਜ਼ੁਲਮ ਦਾ ਟਾਕਰਾ ਕਰੇਗਾ।**

**ਡਿਗੇਗਾ, ਮੁੜ ਮੁੜ ਉੱਠੇਗਾ ਅਤੇ ਜੂਝੇਗਾ।**

ਇਹ ਭਗਤ ਸਿੰਘ ਹੋਰਾਂ ਦੇ ਸਮਿਆਂ ਦਾ ਵੀ ਸੱਚ ਸੀ। ਇਹ ਅੱਜ ਦਾ ਵੀ ਸੱਚ ਹੈ। ਇਹ ਆਉਣ ਵਾਲੇ ਕੱਲ੍ਹ ਦਾ ਵੀ ਸੱਚ ਹੈ।

ਭਗਤ ਸਿੰਘ, ਬੀ. ਕੇ. ਦੱਤ ਵੱਲੋਂ ਲਿਖੇ ਖ਼ਤ ਦੀ ਇਬਾਰਤ ਦੇ ਕੁਝ ਅੰਸ਼ ਇਸ ਤਰ੍ਹਾਂ ਨੇ:

ਐਡੀਟਰ ਮਾਡਰਨ ਰਿਵਿਊ,

ਤੁਸੀਂ ਮਾਡਰਨ ਰਿਵਿਊ ਪ੍ਰਕਾਸ਼ਨਾ ਦਸੰਬਰ 1929 ਵਿੱਚ ਸਾਡੇ ਕੌਮੀ ਨਾਅਰੇ ਇਨਕਲਾਬ ਜ਼ਿੰਦਾਬਾਦ ਨੂੰ ਇੱਕ ਬੇਅਰਥ ਨਾਅਰਾ ਕਰਾਰ ਦਿੱਤਾ ਹੈ। ਸਾਡਾ ਖਿਆਲ ਹੈ ਕਿ ਤੁਸੀਂ ਇੱਕ ਪ੍ਰਸਿੱਧ ਜਰਨੇਲਿਸਟ ਹੋ ਤੁਹਾਡੇ ਖਿਆਲਾਂ ਨੂੰ ਝੁਠਲਾਉਣਾ ਸਾਡੀ ਗੁਸਤਾਖ਼ੀ ਦੇ ਬਰਾਬਰ ਹੋਵੇਗਾ ਕਿਉਂਕਿ ਤੁਹਾਨੂੰ ਹਰ ਰੌਸ਼ਨ ਦਿਮਾਗ ਭਾਰਤੀ ਇਜ਼ਤ ਦੀਆਂ ਨਜ਼ਰਾਂ ਨਾਲ ਵੇਖਦਾ ਹੈ ਪਰ ਇਸਦੇ ਬਾਵਜੂਦ ਅਸੀਂ ਆਪਣਾ ਫਰਜ਼ ਸਮਝਦੇ ਹਾਂ ਕਿ ਅਸੀਂ ਇਸ ਸਬੰਧੀ ਹਕੀਕਤ ਨੂੰ ਤੁਹਾਡੇ ਸਾਹਮਣੇ ਰੱਖੀਏ। ਇਸ ਨਾਅਰੇ ਦਾ ਮਤਲਬ ਸਾਡੇ ਦਿਮਾਗ ਵਿੱਚ ਕੀ ਹੈ ਇਹ ਫਰਜ਼ ਸਾਡੇ ਤੇ ਇਸ ਲਈ ਵੀ ਆਉਂਦਾ ਹੈ ਕਿਉਂਕਿ ਭਾਰਤੀ ਇਤਿਹਾਸ ਦੇ ਮੌਜੂਦਾ ਮੋੜ ਤੇ ਅਸੀਂ ਇਸ ਨਾਅਰੇ ਨੂੰ ਮੌਜੂਦਾ ਬੇਹੱਦ ਅਹਿਮੀਅਤ ਦਿੱਤੀ ਹੈ। ਤੁਸੀਂ ਇਸ ਖਿਆਲ ਨੂੰ ਆਪਣੇ ਦਿਮਾਗ ਵਿੱਚੋਂ ਕੱਢ ਦਿਓ ਕਿ ਇਸ ਨਾਅਰੇ ਦਾ ਮਤਲਬ ਇਹ ਹੈ ਇਹ ਹਥਿਆਰਬੰਦ ਜਦੋ ਜਹਿਦ ਸਦਾ ਹੀ ਜਾਰੀ ਰਹੇਗੀ। ਗੱਲ ਇਹ ਹੈ ਕਿ ਲਗਾਤਾਰ ਵਰਤੇ ਜਾਣ ਵਾਲੇ ਇਸ ਨਾਅਰੇ ਨੂੰ ਇਕ ਨਵੀਂ ਤੇ ਇੱਕ ਅਹਿਮ ਥਾਂ ਹਾਸਲ ਹੋ ਚੁੱਕੀ ਹੈ ਤੁਸੀਂ ਕਹਿ ਸਕਦੇ ਹੋ ਕਿ ਗਰਾਮਰ, ਜ਼ੁਬਾਨ ਅਤੇ ਡਿਕਸਨਰੀ ਦੇ ਮਿਆਰਾਂ ਤੇ ਇਹ ਨਾਅਰਾ ਨਾ ਸੱਚ ਤੇ ਨਾ ਹੀ ਠੀਕ ਹੈ ਪਰ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਤੁਸੀਂ ਇਸ ਨਾਅਰੇ ਦੇ ਪਿੱਛੇ ਕੰਮ ਕਰਨ ਵਾਲੇ ਖ਼ ?ਆਲਾਂ ਨੂੰ ਇਸ ਨਾਲੋਂ ਵੱਖ ਬਿਲਕੁਲ ਨਹੀਂ ਕਰ ਸਕਦੇ। ਇਹ ਖ਼ਿਆਲ ਇਸ ਨਾਅਰੇ ਨਾਲ ਜੁੜੇ ਹੋਏ ਹਨ। ਇਸ ਵਿੱਚ ਜਨਮ ਲੈ ਚੁੱਕੇ ਹਨ। ਅਸੀਂ ਇੱਕ ਉਦਾਹਰਨ ਦੇ ਕੇ ਇਸ ਦਾ ਸਪਸ਼ਟੀਕਰਨ ਦੇਣਾ ਚਾਹੁੰਦੇ ਹਾਂ। ਫਰਜ ਕਰੋ ਅਸੀਂ ਕਹਿੰਦੇ ਹਾਂ ਕਿ 'ਜਿੰਦਾਬਾਦ ਜਤਿਨ ਦਾਸ' ਤਾਂ ਇਸ ਦਾ ਅਰਥ ਸਾਫ਼ ਅਤੇ ਸਪਸ਼ਟ ਇਹ ਹੁੰਦਾ ਹੈ ਕਿ ਉਹ ਨਾ ਫਤਿਹ ਹੋਣ ਵਾਲੀ ਸਪਿਰਿਟ ਅਤੇ ਕਾਬਲੇ ਇੱਜਤ, ਆਦਰਸ਼ ਜਿਹੜਾ ਇਸ ਬਹਾਦਰ ਇਨਕਲਾਬੀ ਸ਼ਹੀਦ ਨੇ ਪੈਦਾ ਕੀਤਾ ਅਤੇ ਜਿਨ੍ਹਾਂ ਨੇ ਉਸ ਨੂੰ ਆਪਣੇ ਦੇਸ਼ ਤੇ ਕੌਮ ਦੀ ਖ਼ਾਤਰ ਅੱਤ ਦੀਆਂ ਤਕਲੀਫ਼ਾਂ ਸਹਿਣ ਅਤੇ ਕੁਰਬਾਨੀਆਂ ਕਰਨ ਦੇ ਯੋਗ ਬਣਾਇਆ, ਉਹ ਸਦਾ ਲਈ ਜ਼ਿੰਦਾ ਰਹੇ। ਉਹ ਸਪਿਰਿਟ, ਉਹ ਰੂਹ ਸਾਡੀ ਚਾਹ ਇਹ ਹੁੰਦੀ ਹੈ ਕਿ ਅਸੀਂ ਇਹ ਨਾਅਰਾ ਬੁਲੰਦ ਕਰਨ ਸਮੇਂ ਆਪਣੇ ਆਦਰਸ਼ਾਂ ਦੀ ਲਾਜਵਾਬ ਸਪਿਰਿਟ ਨੂੰ ਜਿਉਂਦਾ ਰੱਖੀਏ। ਇਹੀ ਉਹ ਹੈ ਜਿਸ ਦੀ ਅਸੀਂ ਇਸ ਨਾਅਰੇ ਰਾਹੀਂ ਤਾਰੀਫ਼ ਅਤੇ ਸਤਿਕਾਰ ਕਰਦੇ ਹਾਂ।

ਹੁਣ ਲਵੋ ਇਸ ਨਾਅਰੇ ਦੇ ਲਫਜ਼ ਇਨਕਲਾਬ ਨੂੰ। ਇਸ ਲਫਜ਼ ਦਾ ਇੱਕ ਅਰਥ ਸ਼ਬਦਕੋਸ਼ ਵਾਲਾ ਮਤਲਬ ਵੀ ਹੈ ਪਰ ਇਸਦੇ ਸਿਰਫ਼ ਸ਼ਬਦ ਕੋਸ਼ ਵਾਲੇ ਅਰਥ ਨੂੰ ਹੀ ਲੈਣਾ ਕਾਫੀ ਨਹੀਂ।

ਇਸ ਲਫਜ਼ ਨਾਲ ਉਹਨਾਂ ਲੋਕਾਂ ਦੀਆਂ ਜਿਹੜੇ ਇਸਨੂੰ ਪੇਸ਼ ਕਰਦੇ ਹਨ ਕੁਝ ਖਾਸ ਹਕੀਕਤਾਂ ਸਬੰਧਿਤ ਹੁੰਦੀਆਂ ਹਨ। ਸਾਡੀਆਂ ਇਨਕਲਾਬ ਪਸੰਦਾਂ ਦੀਆਂ ਨਜ਼ਰਾਂ ਵਿੱਚ ਇਹ ਇੱਕ ਪਾਕ ਅਤੇ ਇੱਜ਼ਤ ਕਰਨ ਯੋਗ ਲਫਜ਼ ਹੈ। ਅਸੀਂ ਅਦਾਲਤ ਦੇ ਸਾਹਮਣੇ ਜਿਹੜਾ ਬਿਆਨ ਦਿੱਤਾ ਸੀ ਉਸ ਪਾਕ ਲਫਜ਼ ਦੀ ਅਹਿਮੀਅਤ ਨੂੰ ਪੂਰੀ ਤਰ੍ਹਾਂ ਸਾਫ਼ ਕਰ ਦਿੱਤਾ ਹੈ। ਤੁਸੀਂ ਉਸ ਬਿਆਨ ਨੂੰ ਪੜ੍ਹੋ ਤੇ ਫਿਰ ਦੇਖੋ ਕਿ ਅਸੀਂ ਕੀ ਕਿਹਾ ਸੀ। ਅਸੀਂ ਇਨਕਲਾਬ ਨੂੰ ਸਦਾ ਤੇ ਹਰ ਮੌਕੇ ਤੇ ਹਥਿਆਰਬੰਦ ਇਨਕਲਾਬ ਦੇ ਮਤਲਬ ਨਾਲ ਨਹੀਂ ਜੋੜਦੇ। ਇਨਕਲਾਬ ਸਿਰਫ ਬੰਬਾਂ ਪਿਸਤੌਲਾਂ ਨਾਲ ਹੀ ਅਕੀਦਤ ਨਹੀਂ ਰੱਖਦਾ ਬਲਕਿ ਇਹ ਬੰਬ ਤੇ ਪਿਸਤੌਲ ਤਾਂ ਕਦੇ ਕਦਾਈ ਇਸ ਇਨਕਲਾਬ ਦੇ ਵੱਖ ਵੱਖ ਹਿੱਸਿਆਂ ਦੀ ਪੂਰਤੀ ਲਈ ਇਕ ਸਾਧਨ ਬਣਦੇ ਹਨ ਪਰ ਮੁਕੰਮਲ ਇਨਕਲਾਬ ਨਹੀਂ ਕਹਿਲਾ ਸਕਦੇ। ਸਾਨੂੰ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕਈ ਵਾਰ ਕਈ ਲਹਿਰਾਂ ਵਿੱਚ ਇਹਨਾਂ ਹਥਿਆਰਾਂ ਦਾ ਇਕ ਅਹਿਮ ਰੋਲ ਹੁੰਦਾ ਹੈ ਪਰ ਸਿਰਫ਼ ਇਹੀ ਕਾਫੀ ਨਹੀਂ ਹੁੰਦਾ। ਸਿਰਫ਼ ਬਗਾਵਤ ਨੂੰ ਇਨਕਲਾਬ ਕਹਿਣਾ ਗ਼ਲਤੀ ਹੈ। ਹਾਂ ਅਸੀਂ ਇਹ ਸਵੀਕਾਰ ਕਰਦੇ ਹਾਂ ਕਿ ਆਖ਼ਰਕਾਰ ਬਗਾਵਤਾਂ ਦਾ ਨਤੀਜਾ ਇਨਕਲਾਬ ਦੀ ਸ਼ਕਲ ਵਿੱਚ ਤਬਦੀਲ ਹੋ ਜਾਇਆ ਕਰਦਾ ਹੈ। ਅਸੀਂ ਦੇਸ਼ ਵਿੱਚ ਬਿਹਤਰ ਤਬਦੀਲੀ ਦੀ ਸਪਿਰਿਟ ਤੇ ਉੱਨਤੀ ਖ਼ਾਹਿਸ਼ ਲਈ ਇਸ ਲਫਜ਼ ਇਨਕਲਾਬ ਦੀ ਵਰਤੋਂ ਕਰ ਰਹੇ ਹਾਂ। ਹੁੰਦਾ ਇਹ ਹੈ ਕਿ ਆਮ ਤੌਰ 'ਤੇ ਇੱਕ ਖੜੋਤ ਦੀ ਹਾਲਤ ਲੋਕਾਂ ਨੂੰ ਆਪਣੇ ਸਿਕੰਜੇ ਵਿੱਚ ਕਸ ਲੈਂਦੀ ਹੈ ਅਤੇ ਕਿਸੇ ਵੀ ਕਿਸਮ ਦੀ ਤਬਦੀਲੀ ਤੋਂ ਉਹ ਹਿਚਕਚਾਉਂਦੇ ਹਨ। ਬਸ ਇਸ ਜਮੂਦ ਤੇ ਬੇਹਰਕਤੀ ਨੂੰ ਤੋੜਨ ਦੀ ਖਾਤਰ ਇੱਕ ਇਨਕਲਾਬੀ ਸਪਿਰਿਟ ਪੈਦਾ ਕਰਨ ਦੀ ਲੋੜ ਮਹਿਸੂਸ ਹੁੰਦੀ ਹੈ। ਨਹੀਂ ਤਾਂ ਇੱਕ ਗਿਰਾਵਟ ਬਰਬਾਦੀ ਦਾ ਵਾਯੂਮੰਡਲ ਕਾਬਜ਼ ਹੋ ਜਾਂਦਾ ਹੈ ਅਤੇ ਲੋਕਾਂ ਨੂੰ ਗੁੰਮਰਾਹ ਕਰਨ ਵਾਲੀਆਂ ਗੈਰ ਤਰੱਕੀ ਪਸੰਦ ਤਾਕਤਾਂ ਉਹਨਾਂ ਨੂੰ ਗਲਤ ਰਾਹ ਲੈ ਜਾਣ ਵਿੱਚ ਕਾਮਯਾਬ ਹੋ ਜਾਂਦੀਆਂ ਹਨ। ਇਸ ਨਾਲ ਇਨਕਲਾਬੀ ਤਰੱਕੀ ਰੁਕ ਜਾਂਦੀ ਹੈ ਅਤੇ ਉਸ ਵਿੱਚ ਖੜੋਤ ਆ ਜਾਂਦੀ ਹੈ। ਇਸ ਹਾਲਤ ਨੂੰ ਬਦਲਣ ਲਈ ਇਹ ਜ਼ਰੂਰੀ ਹੈ ਕਿ ਇਨਕਲਾਬ ਦੀ ਸਪਿਰਿਟ ਤਾਜ਼ਾ ਕੀਤੀ ਜਾਵੇ ਤਾਂ ਜੋ ਇਨਸਾਨੀਅਤ ਦੀ ਰੂਹ ਵਿੱਚ ਇੱਕ ਹਰਕਤ ਪੈਦਾ ਹੋ ਜਾਵੇ। ਦਹਿਸ਼ਤ ਪਸੰਦ ਤਾਕਤਾਂ ਇਨਸਾਨੀ ਉੱਨਤੀ ਦੇ ਰਾਹ ਵਿੱਚ ਰੋੜਾ ਨਾ ਅਟਕਾ ਸਕਣ ਤੇ ਨਾ ਹੀ ਇਸ ਰਾਹ ਨੂੰ ਖਤਮ ਕਰਨ ਲਈ ਇਕੱਠਿਆਂ ਅਤੇ ਮਜਬੂਤ ਹੋ ਸਕਣ। ਇਨਸਾਨੀ ਉਨਤੀ ਦਾ ਲਾਜ਼ਮੀ ਅਸੂਲ ਇਹ ਹੈ ਕਿ ਪੁਰਾਣੀ ਚੀਜ਼ ਨਵੀਂ ਚੀਜ਼ ਲਈ ਥਾਂ ਖਾਲੀ ਕਰਦੀ ਚਲੀ ਜਾਵੇ। ਹੁਣ ਤੁਸੀਂ ਚੰਗੀ ਤਰ੍ਹਾਂ ਸਮਝ ਗਏ ਹੋਵੋਗੇ ਕਿ ਇਨਕਲਾਬ ਜ਼ਿੰਦਾਬਾਦ ਦਾ ਨਾਅਰੇ ਦਾ ਜਿਸ ਤਰ੍ਹਾਂ ਤੁਸੀਂ ਮਖੌਲ ਉਡਾਇਆ ਹੈ ਕਿਹੋ ਜਿਹੀ ਸਪਿਰਟ ਰੱਖਦਾ ਹੈ। ਅਸੀਂ ਇਸਨੂੰ ਕਿਸ ਲਈ ਵਰਤਣ ਦੇ ਹੱਕ ਵਿੱਚ ਆਵਾਜ਼ ਉੱਚੀ ਕਰ ਰਹੇ ਹਾਂ'।

ਭਗਤ ਸਿੰਘ, ਬੀ. ਕੇ. ਦੱਤ
22 ਦਸੰਬਰ 1929

ਭਗਤ ਸਿੰਘ ਅਤੇ ਉਸਦੇ ਸਾਥੀ ਇਨਕਲਾਬ ਦੀ ਹੋਰ ਵਿਆਖਿਆ ਕਰਦਿਆਂ ਲਿਖਦੇ ਹਨ ਕਿ ਇਨਕਲਾਬ ਤੋਂ ਸਾਡਾ ਭਾਵ ਸਪਸ਼ਟ ਹੈ। ਇਹ ਸਦੀ ਲਈ ਇਸਦੇ ਸਿਰਫ਼ ਅਰਥ ਇੱਕ ਹੀ ਹੋ ਸਕਦੇ ਹਨ: 'ਜਨਤਾ ਲਈ ਜਨਤਾ ਦਾ ਰਾਜਨੀਤਿਕ ਤਾਕਤ ਤੇ ਕਬਜ਼ਾ' ਅਸਲ ਵਿੱਚ ਇਹ ਹੈ ਇਨਕਲਾਬ ਬਾਕੀ ਸਭ ਬਗਾਵਤਾਂ ਤਾਂ ਸਿਰਫ਼ ਮਾਲਕਾਂ ਦੀ ਤਬਦੀਲੀ ਕਰਕੇ ਪੂੰਜੀਵਾਦੀ ਸੜਿਹਾਂਦ ਨੂੰ ਅੱਗੇ ਤੋਰਦੀਆਂ ਹਨ। ਕਿਸੇ ਵੀ ਹੱਦ ਤੱਕ ਲੋਕਾਂ ਨਾਲ ਜਾ ਉਹਨਾਂ ਦੇ ਉਦੇਸ਼ ਲਈ ਦਿਖਾਈ ਹਮਦਰਦੀ ਜਨਤਾ ਤੋਂ ਅਸਲੀਅਤ ਨੂੰ ਛੁਪਾ ਨਹੀਂ ਸਕਦੀ। ਉਹ ਛਲਾਵੇ ਨੂੰ ਪਛਾਣਦੇ ਹਨ। ਭਾਰਤ ਵਿੱਚ ਵੀ ਅਸੀਂ ਭਾਰਤੀ ਕਿਰਤੀ ਦੇ ਰਾਜ ਤੋਂ ਘੱਟ ਕੁਝ ਨਹੀਂ ਚਾਹੁੰਦੇ ਭਾਰਤੀ ਕਿਰਤੀ ਨੇ ਭਾਰਤ ਅੰਦਰ ਸਾਮਰਾਜਵਾਦੀ ਅਤੇ ਉਨਾਂ ਦੇ ਮਦਦ ਗਾਰਾਂ ਨੂੰ ਜੋ ਕਿ ਉਸੇ ਆਰਥਿਕ ਸਿਸਟਮ ਜਿਸ ਦੀਆਂ ਜੜ੍ਹਾਂ ਲੁੱਟ 'ਤੇ ਅਧਾਰਤ ਹਨ ਦੇ ਪੈਰੋਕਾਰ ਹਨ। ਇਹਨਾਂ ਦਾ ਮਕਸਦ ਸਿਰਫ਼ ਇੱਕ ਦੂਜੇ ਨੂੰ ਹਟਾ ਕੇ ਆਪ ਅੱਗੇ ਆਉਣਾ ਹੈ।

ਅਸੀਂ ਚਿੱਟੀ ਬੁਰਾਈ ਦੀ ਥਾਂ ਕਾਲੀ ਬੁਰਾਈ ਨੂੰ ਲਿਆ ਕੇ ਕਸ਼ਟ ਨਹੀਂ ਝੱਲਣਾ ਚਾਹੁੰਦੇ। ਸਾਮਰਾਜੀਆਂ ਨੂੰ ਗੱਦੀਓਂ ਲਾਹੁਣ ਲਈ ਭਾਰਤ ਦਾ ਇੱਕੋ ਇੱਕ ਇਨਕਲਾਬ ਹਥਿਆਰਬੰਦ ਕਿਰਤੀ ਇਨਕਲਾਬ ਹੈ। ਕੋਈ ਹੋਰ ਚੀਜ਼ ਇਸ ਉਦੇਸ਼ ਦੀ ਪੂਰਤੀ ਨਹੀਂ ਕਰ ਸਕਦੀ। ਉਹ ਭਾਰਤੀ ਇਨਕਲਾਬ ਦੇ ਬੁਨਿਆਦੀ ਕੰਮਾਂ ਲਈ ਕਾਰਕੁਨਾਂ ਦੇ ਅੱਗੇ ਬਹੁਤ ਹੀ ਸਪੱਸ਼ਟਤਾ ਨਾਲ ਬਿਆਨ ਕਰਦੇ ਹਨ ਕਿ, 'ਇਹ ਇਨਕਲਾਬ ਦੇ ਵਿੱਚ ਜ਼ਰੂਰੀ ਹੋਏਗਾ':

- ਜਗੀਰਦਾਰੀ ਦਾ ਖਾਤਮਾ
- ਕਿਸਾਨਾਂ ਦੇ ਕਰਜੇ ਦਾ ਖਾਤਮਾ
- ਇਨਕਲਾਬੀ ਰਿਆਸਤ ਵੱਲੋਂ ਜਮੀਨ ਦਾ ਕੌਮੀ ਕਾਰਨ ਤਾਂ ਕਿ ਸੋਧੀ ਹੋਈ ਅਤੇ ਸਾਂਝੀ ਖੇਤੀ ਸਥਾਪਿਤ ਕੀਤੀ ਜਾ ਸਕੇ।
- ਰਹਿਣ ਲਈ ਹਰ ਇਕ ਨੂੰ ਘਰ ਦੀ ਗਰੰਟੀ।
- ਕਾਰਖਾਨਿਆਂ ਦਾ ਕੌਮੀ ਕਾਰਨ ਅਤੇ ਦੇਸ਼ ਵਿੱਚ ਕਾਰਖਾਨੇ ਲਗਾਉਣਾ ਆਮ ਪੜ੍ਹਾਈ ਲੋਕਾਂ ਲਈ ਯਕੀਨੀ ਬਣਾਉਣਾ ਮਜ਼ਦੂਰਾਂ ਲਈ ਕੰਮ ਕਰਨ ਦੇ ਘੰਟੇ ਜਰੂਰਤ ਮੁਤਾਬਕ ਘੱਟ ਤੋਂ ਘੱਟ ਕਰਨਾ।

ਇਹ ਤਾਂ ਬਹੁਤ ਹੀ ਸੰਖੇਪ ਕੁਝ ਨੁਕਤੇ ਨੇ। ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦਾ, ਗ਼ਦਰੀ ਬਾਬਿਆਂ ਅਤੇ ਬਬਰ ਅਕਾਲੀਆਂ ਦਾ, ਕਿਰਤੀ ਲਹਿਰ ਅਤੇ ਭਗਤ ਸਿੰਘ ਹੋਰਾਂ ਦੇ ਸੁਪਨਿਆਂ ਦੀ ਪੂਰਤੀ ਲਈ ਜੂਝ ਰਹੇ ਕਾਫ਼ਲਿਆਂ ਦਾ ਪੈਗ਼ਾਮ ਹੈ ਕਿ ਜਿਵੇਂ ਅਤੀਤ ਵਿੱਚ ਇਨਕਲਾਬੀ ਲੋਕ ਕਾਫ਼ਲੇ, ਕੂੜ ਦੇ ਮਹੱਲਾਂ ਸੰਗ ਭਿੜਦੇ ਆਏ ਨੇ ਇਉਂ ਹੀ 31 ਮਾਰਚ ਤੋਂ ਮਗਰੋਂ ਵੀ ਭਿੜਦੇ ਰਹਿਣਗੇ।

ਸਾਂਝੀਵਾਲਤਾ ਅਤੇ ਬੇਗਮਪੁਰਾ ਸਿਰਜਣ ਲਈ ਸੰਗਰਾਮ ਜਾਰੀ ਰੱਖਣਗੇ, ਪਾਸ਼ ਅਤੇ ਜੈਮਲ ਪੱਡਾ ਵਰਗਿਆਂ ਦੇ ਵਾਰਸ ਕਾਫ਼ਲੇ। ਇਨਕਲਾਬ ਜ਼ਿੰਦਾਬਾਦ ਦੇ ਗੀਤਾਂ ਦੇ ਬੋਲ ਇਸ ਫਿਜ਼ਾ ਵਿੱਚੋਂ ਕੋਈ ਨਹੀਂ ਚੁਰਾ ਸਕਦਾ।

# ਵਿਦੇਸ਼ੀ ਬੰਬ ਈਰਾਨ ਲਈ ਅਜ਼ਾਦੀ ਨਹੀਂ ਲਿਆਉਣਗੇ

**ਉਸ ਸਮੇਂ ਹਵਾਨਾ ਤੋਂ ਇਕ ਰਿਪੋਰਟ ਜਦੋਂ ਟਰੰਪ ਕਿਊਬਾ ਨੂੰ ਆਪਣੇ "ਅਧਿਕਾਰ ਵਿੱਚ ਲੈਣ" ਅਤੇ ਕਿਊਬਾ ਦੇ ਲੀਡਰ ਨੂੰ ਸੱਤਾ ਤੋਂ ਲਾਂਭੇ ਕਰਨ ਦੀ ਧਮਕੀ ਦੇ ਰਿਹਾ ਹੈ। ਹਵਾਨਾ ਵਿੱਚ ਰਹਿੰਦੇ ਕਿਊਬਾ ਦੇ ਰਿਪੋਰਟਰ ਡੈਨੀਅਲ ਮੌਨਟੇਰੋ ਅਤੇ ਸੈਨ ਡੀਆਗੋ ਸਥਿੱਤ ਯੂਨੀਵਰਸਿਟੀ ਆਫ ਕੈਲੇਫੋਰਨੀਆ ਵਿੱਚ ਇਤਿਹਾਸ ਦੀ ਅਸਿਸਟੈਂਟ ਪ੍ਰੋਫੈਸਰ ਸਾਰਾ ਕੋਜ਼ਾਮੇਹ ਨਾਲ ਐਮੀ ਗੁੱਡਮੈਨ ਅਤੇ ਹੁਆਨ ਗੋਂਜ਼ਾਲੇਜ਼ ਦੀ ਗੱਲਬਾਤ - 17 ਮਾਰਚ, 2026, ਡੈਮੋਕ੍ਰੇਸੀ ਨਾਉ।**

ਅਨੁਵਾਦ: ਸੁਖਵੰਤ ਹੁੰਦਲ

ਕਿਊਬਾ ਦੀ ਬਿਜਲੀ ਦੀ ਗਰਿੱਡ ਪੂਰੀ ਤਰ੍ਹਾਂ ਫੇਲ੍ਹ ਹੋ ਗਈ ਹੈ। ਪੂਰੇ ਟਾਪੂ (ਕਿਊਬਾ) ਵਿੱਚ ਬਿਜਲੀ ਦਾ ਜਾਣਾ, ਅਮਰੀਕਾ ਦੇ ਸਖ਼ਤ ਤੇਲ ਬਲੌਕੇਡ ਅਤੇ ਰਾਸ਼ਟਰਪਤੀ ਡੌਨਾਲਡ ਟਰੰਪ ਦੀਆਂ ਹਾਲ ਹੀ ਵਿੱਚ ਕੀਤੀਆਂ ਟਿੱਪਣੀਆਂ ਦੇ ਵਿਚਕਾਰ ਹੋਇਆ ਹੈ, ਜਿਨ੍ਹਾਂ ਵਿੱਚ ਉਸ ਨੇ ਕਿਹਾ ਸੀ ਕਿ ਉਹ ਕਿਊਬਾ ਨੂੰ "ਅਧਿਕਾਰ ਵਿੱਚ ਲੈਣਾ" ਚਾਹੁੰਦਾ ਹੈ। ਫਲੋਰੀਡਾ ਦੇ ਠੀਕ ਦੱਖਣ ਵਿੱਚ ਸਥਿਤ ਇਸ ਦੇਸ਼ ਵਿੱਚ ਤਿੰਨ ਮਹੀਨਿਆਂ ਤੋਂ ਕੋਈ ਤੇਲ ਦੀ ਸਪਲਾਈ ਨਹੀਂ ਪਹੁੰਚੀ, ਜਿਸ ਨਾਲ ਅਮਰੀਕਾ ਵਲੋਂ ਦਹਾਕਿਆਂ ਤੋਂ ਲਾਈਆਂ ਗਈਆਂ ਪਾਬੰਦੀਆਂ ਕਾਰਨ ਪੈਦਾ ਹੋਇਆ ਮਨੁੱਖੀ ਸੰਕਟ ਹੋਰ ਵੱਧ ਗਿਆ ਹੈ। "ਬੈਲੀ ਆਫ ਦੀ ਬੀਸਟ (ਹੈਵਾਨ ਦੇ ਢਿੱਡ ਵਿੱਚ)" ਨਾਲ ਜੁੜੇ ਪੱਤਰਕਾਰ ਡੈਨੀਅਲ ਮੌਨਟੇਰੋ ਨੇ ਹਵਾਨਾ ਤੋਂ ਬੋਲਦਿਆਂ ਕਿਹਾ; ਪਾਬੰਦੀਆਂ ਅਸਲ ਵਿੱਚ ਹੁਣ ਲੋਕਾਂ ਨੂੰ ਮਾਰ ਰਹੀਆਂ ਹਨ। ਅਸੀਂ ਸਮਝਦੇ ਹਾਂ ਕਿ ਇਹ ਤੇਲ-ਬੰਦੀ (ਓਇਲ ਇੰਬਾਰਗੋ) ਦੇ ਕੀ ਅਰਥ ਹਨ, ਅਤੇ ਪਾਬੰਦੀਆਂ ਦੇ ਹਮੇਸ਼ਾਂ ਤੋਂ ਕੀ ਅਰਥ ਹਨ। ਇਹ ਭੁੱਖ ਨਾਲ ਰਾਜ ਬਦਲਣ ਦੀ ਕੋਸ਼ਿਸ਼ ਹੈ।" ਕਿਊਬਾ ਤੋਂ ਹਾਲ ਵਿੱਚ ਹੀ ਵਾਪਸ ਆਈ ਇਤਿਹਾਸਕਾਰ ਸਾਰਾ ਕੋਜ਼ਾਮੇਹ ਕਹਿੰਦੀ ਹੈ, "ਕਿਊਬਾ ਦੇ ਲੋਕਾਂ ਨੇ ਪ੍ਰਭੁਸੱਤਾ (ਸੌਵਰਨਿਟੀ) ਲਈ ਕਈ ਵਾਰ ਲੜਾਈ ਲੜੀ ਹੈ। ਅਤੇ ਜਦੋਂ ਇਹ ਸਭ ਕੁੱਝ ਵਾਪਰ ਰਿਹਾ ਹੈ, ਉਸ ਸਮੇਂ ਉਹ ਚੁੱਪ ਨਹੀਂ ਬੈਠਣਗੇ।"

**ਐਮੀ ਗੁੱਡਮੈਨ:** ਇਹ ਡੈਮੋਕਰੇਸੀ ਨਾਉ ਹੈ। ਮੈਂ ਐਮੀ ਗੁੱਡਮੈਨ ਹਾਂ, ਹੁਆਨ ਗੋਂਜ਼ਾਲੇਜ਼ ਨਾਲ। ਕਿਊਬਾ ਦੇ ਪੂਰੇ ਟਾਪੂ ਵਿੱਚ ਬਿਜਲੀ ਬੰਦ ਹੋ ਗਈ ਹੈ, ਜਿਸ ਕਰਕੇ ਦਹਿ-ਲੱਖਾਂ ਲੋਕ ਬਿਜਲੀ ਤੋਂ ਵਾਂਝੇ ਹੋ ਗਏ ਹਨ, ਕਿਉਂਕਿ ਸੋਮਵਾਰ ਨੂੰ ਬਿਜਲੀ ਦੀ ਸਾਰੀ ਰਾਸ਼ਟਰੀ ਗਰਿੱਡ ਪੂਰੀ ਤਰ੍ਹਾਂ ਬੰਦ ਹੋ ਗਈ ਸੀ। ਇਹ ਪਿਛਲੇ ਲਗਭਗ ਚਾਰ ਮਹੀਨਿਆਂ ਵਿੱਚ ਕਿਊਬਾ ਦਾ ਘੱਟੋ-ਘੱਟ ਤੀਜਾ ਅਤੇ ਸਭ ਤੋਂ ਵੱਡਾ ਬਲੈਕਆਊਟ ਸੀ, ਕਿਉਂਕਿ ਅਮਰੀਕਾ ਵਲੋਂ ਲਾਏ ਐਨਰਜੀ ਬਲੌਕੇਡ ਨੇ ਕਿਊਬਾ ਨੂੰ ਬੁਰੀ ਤਰ੍ਹਾਂ ਲੋੜੀਂਦੇ ਫਿਊਲ (ਤੇਲ) ਨੂੰ ਹਾਸਲ ਕਰਨ ਤੋਂ ਅਸਮਰਥ ਬਣਾ ਦਿੱਤਾ ਹੈ। ਕਿਊਬਾ ਦੀ ਸਰਕਾਰ ਅਨੁਸਾਰ ਤਿੰਨ ਮਹੀਨਿਆਂ ਤੋਂ ਵੱਧ ਸਮੇਂ ਤੋਂ ਕਿਊਬਾ ਵਿੱਚ ਤੇਲ ਦੀ ਕੋਈ ਸਪਲਾਈ ਨਹੀਂ ਪਹੁੰਚੀ, ਜਿਸ ਨਾਲ ਅਮਰੀਕਾ ਵਲੋਂ ਦਹਾਕਿਆਂ ਤੋਂ ਲਾਈਆਂ ਗਈਆਂ ਪਾਬੰਦੀਆਂ ਕਾਰਨ ਪੈਦਾ ਹੋਇਆ ਮਨੁੱਖੀ ਸੰਕਟ ਹੋਰ ਡੂੰਘਾ ਹੋ ਗਿਆ ਹੈ।

ਇਸ ਦੌਰਾਨ, ਨਿਊਯੌਰਕ ਟਾਈਮਜ਼ ਨੇ ਸੋਮਵਾਰ ਨੂੰ ਇਕ ਰਿਪੋਰਟ ਵਿੱਚ ਕਿਹਾ ਕਿ ਟਰੰਪ ਦੇ ਗੱਲਬਾਤ ਕਰਨ ਵਾਲਿਆਂ ਨੇ ਹਾਲ ਹੀ ਵਿੱਚ ਹੋਈਆਂ ਗੱਲਬਾਤਾਂ ਦੌਰਾਨ ਆਪਣੇ ਨਾਲ ਗੱਲਬਾਤ ਕਰਨ ਵਾਲੇ ਕਿਊਬਾ ਦੇ ਅਧਿਕਾਰੀਆਂ ਨੂੰ ਕਿਹਾ ਕਿ ਕਿਊਬਾ ਦੇ ਰਾਸ਼ਟਰਪਤੀ ਮਿਗੁਏਲ ਡਿਆਜ਼-ਕੈਨੇਲ ਨੂੰ ਸੱਤਾ ਤੋਂ ਹਟਾਇਆ ਜਾਣਾ ਜ਼ਰੂਰੀ ਹੈ। ਰਾਸ਼ਟਰਪਤੀ ਟਰੰਪ ਨੇ ਸੋਮਵਾਰ ਨੂੰ ਵਾਈਟ ਹਾਊਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕੀਤੀ ਅਤੇ ਕਿਹਾ:

**ਰਾਸ਼ਟਰਪਤੀ ਡੌਨਾਲਡ ਟਰੰਪ:** ਮੈਂ ਵਿਸ਼ਵਾਸ ਕਰਦਾ ਹਾਂ ਕਿ ਮੈਨੂੰ ਇਹ ਮਾਣ ਹਾਸਲ ਹੋਵੇਗਾ — ਕਿਊਬਾ ਨੂੰ ਅਧਿਕਾਰ ਵਿੱਚ ਲੈਣ ਦਾ ਮਾਣ। ਇਹ ਇਕ ਚੰਗਾ ਮਾਣ ਹੋਵੇਗਾ। ਇਹ ਇਕ ਬਹੁਤ ਵੱਡਾ ਮਾਣ ਹੋਵੇਗਾ।

**ਰਿਪੋਰਟਰ:** ਕਿਊਬਾ ਨੂੰ ਅਧਿਕਾਰ ਵਿੱਚ ਲੈਣਾ?

**ਰਾਸ਼ਟਰਪਤੀ ਡੌਨਾਲਡ ਟਰੰਪ:** ਕਿਊਬਾ ਨੂੰ ਕਿਸੇ ਨਾ ਕਿਸੇ ਤਰ੍ਹਾਂ ਅਧਿਕਾਰ ਵਿੱਚ ਲੈਣਾ, ਹਾਂ। ਕਿਊਬਾ ਨੂੰ ਅਧਿਕਾਰ ਵਿੱਚ ਲੈਣਾ। ਮੈਂ ਕਹਿ ਰਿਹਾ ਹਾਂ ਕਿ ਭਾਵੇਂ ਮੈਂ ਇਸ ਨੂੰ ਅਜ਼ਾਦ ਕਰਾਂ ਜਾਂ ਅਧਿਕਾਰ ਵਿੱਚ ਲੈ ਲਵਾਂ — ਜੇ ਤੁਸੀਂ ਸੱਚ ਜਾਣਨਾ ਚਾਹੁੰਦੇ ਹੋ, ਤਾਂ ਮੈਂ ਸੋਚਦਾ ਹਾਂ ਕਿ ਮੈਂ ਇਸ ਨਾਲ ਜੋ ਚਾਹਾਂ ਕਰ ਸਕਦਾ ਹਾਂ।

**ਐਮੀ ਗੁੱਡਮੈਨ:** "ਭਾਵੇਂ ਮੈਂ ਇਸ ਨੂੰ ਅਜ਼ਾਦ ਕਰਾਂ, ਅਧਿਕਾਰ ਵਿੱਚ ਲੈ ਲਵਾਂ" ਜਾਂ "ਇਸ ਨਾਲ ਮੈਂ ਜੋ ਚਾਹਾਂ ਕਰ ਸਕਦਾ ਹਾਂ" ਰਾਸ਼ਟਰਪਤੀ ਟਰੰਪ ਨੇ ਕਿਹਾ।

ਹੋਰ ਜਾਣਕਾਰੀ ਲਈ ਅਸੀਂ ਦੋ ਮਹਿਮਾਨਾਂ ਨਾਲ ਗੱਲ ਕਰ ਰਹੇ ਹਾਂ। ਹਵਾਨਾ ਤੋਂ ਅਸੀਂ ਕਿਊਬਾ ਦੇ ਪੱਤਰਕਾਰ ਅਤੇ ਅਮਰੀਕਾ ਦੀਆਂ ਪਾਬੰਦੀਆਂ ਕਾਰਨ ਕਿਊਬਾ 'ਤੇ ਪੈਣ ਵਾਲੇ ਅਸਰਾਂ ਨੂੰ ਕਵਰ ਕਰਨ ਵਾਲੀ ਇਕ ਅਜ਼ਾਦ ਮੀਡੀਆ ਆਊਟ ਲੈੱਟ "ਬੈਲੀ ਆਫ ਦੀ ਬੀਸਟ (ਹੈਵਾਨ ਦੇ ਢਿੱਡ ਵਿੱਚ)" ਦੇ ਪ੍ਰੋਡਿਊਸਰ ਡੈਨੀਅਲ ਮੌਨਟੇਰੋ ਨਾਲ ਗੱਲ ਕਰਾਂਗੇ। ਅਤੇ ਕੈਲੇਫੋਰਨੀਆ ਦੇ ਸ਼ਹਿਰ ਸੈਨ ਡੀਆਗੋ ਤੋਂ ਅਸੀਂ ਸੈਨ ਡੀਆਗੋ ਦੀ ਯੂਨੀਵਰਸਿਟੀ ਆਫ ਕੈਲੇਫੋਰਨੀਆ ਵਿੱਚ ਇਤਿਹਾਸ ਦੀ ਅਸਿਸਟੈਂਟ ਪ੍ਰੋਫੈਸਰ ਸਾਰਾ ਕੋਜ਼ਾਮੇਹ ਨਾਲ ਗੱਲ ਕਰਾਂਗੇ। ਸਾਰਾ ਕੋਜ਼ਾਮੇਹ ਹਾਲ ਹੀ ਵਿੱਚ ਕਿਊਬਾ ਤੋਂ ਵਾਪਸ ਆਈ ਹੈ ਅਤੇ ਉਹਨਾਂ ਦਾ ਇਕ ਲੇਖ ਹੁਣੇ ਜਿਹੇ ਹੀ ਗਾਰਡੀਅਨ ਵਿੱਚ ਛਪਿਆ ਹੈ, ਜਿਸ ਦਾ ਸਿਰਲੇਖ ਹੈ, "ਇਨ ਦੀ ਅਦਰ ਯੂ ਐੱਸ ਟਾਰਗੇਟ ਆਫ ਰਿਜੀਮ ਚੇਂਜ, ਕਿਊਬਾ, ਆਈ ਸਾਅ ਰੀਅਲ ਹਾਰਡਸ਼ਿੱਪ ਐਂਡ ਰਿਜ਼ੀਲੀਐਂਸ ਭਾਵ ਅਮਰੀਕਾ ਵਲੋਂ ਸੱਤਾ ਬਦਲੀ ਦੇ ਇਕ ਹੋਰ ਨਿਸ਼ਾਨੇ ਕਿਊਬਾ ਵਿੱਚ, ਮੈਂ ਬਹੁਤ ਹੀ ਤੰਗੀ ਅਤੇ ਮਜ਼ਬੂਤੀ ਦੇਖੀ।"

ਡੈਨੀਅਲ, ਅਸੀਂ ਹੁਣ ਤੁਹਾਡੇ ਵੱਲ ਮੁੜਦੇ ਹਾਂ ਕਿਊਬਾ ਵਿੱਚ। ਇਸ ਸਭ ਤੋਂ ਵੱਡੇ ਬਲੈਕਆਊਟ ਬਾਰੇ ਦੱਸੋ, ਜੋ ਅਸੀਂ ਵੇਖਿਆ ਹੈ, ਇਸ ਦਾ ਲੋਕਾਂ ਲਈ ਕੀ ਅਰਥ ਹੈ, ਕਿਊਬਾ ਲਈ ਕੀ ਅਰਥ ਹੈ ਅਤੇ ਕੀ ਹੋ ਰਿਹਾ ਹੈ।

**ਡੈਨੀਅਲ ਮੌਨਟੇਰੋ:** ਹਾਂ ਜੀ। ਮੈਨੂੰ ਸੱਦਣ ਲਈ ਧੰਨਵਾਦ।

ਇਸ ਤਾਜ਼ਾ ਬਲੈਕਆਊਟ ਬਾਰੇ ਸਭ ਤੋਂ ਵੱਡੀ ਦਿਲ ਤੋੜਨ ਵਾਲੀ ਗੱਲ ਇਹ ਹੈ ਕਿ ਇਸ ਸਮੇਂ ਸਾਡੀ ਰੋਜ਼ਾਨਾ ਜ਼ਿੰਦਗੀ ਵਿੱਚ ਇਹ ਆਮ ਦਿਨਾਂ ਤੋਂ ਬਹੁਤ ਵੱਖਰਾ ਨਹੀਂ ਲੱਗਦਾ। ਮੈਂ ਜੋ ਕਹਿਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਕਿਉਂਕਿ ਕੋਈ ਤੇਲ ਨਹੀਂ ਆ ਰਿਹਾ, ਇਸ ਲਈ ਪਿਛਲੇ ਕੁਝ ਮਹੀਨਿਆਂ ਵਿੱਚ ਬਲੈਕਆਊਟ ਬਹੁਤ ਵਧ ਗਏ ਹਨ। ਹੁਣ ਹਵਾਨਾ ਵਿੱਚ, ਜਿੱਥੇ ਆਮ ਤੌਰ ਤੇ ਦੇਸ਼ ਦੇ ਬਾਕੀ ਹਿੱਸਿਆਂ ਨਾਲੋਂ ਹਾਲਤ ਬਹੁਤ ਬਿਹਤਰ ਹੁੰਦੀ ਹੈ, ਅਸੀਂ ਘੱਟੋ-ਘੱਟ 12 ਘੰਟੇ ਰੋਜ਼ਾਨਾ (ਦੇ ਬਲੈਕਆਊਟ ਦੀ) ਗੱਲ ਕਰ ਰਹੇ ਹਾਂ। ਜੇ ਤੁਸੀਂ ਪ੍ਰਾਂਤਾਂ ਵਿੱਚ ਜਾਓ, ਜਿਵੇਂ ਸ਼ਹਿਰ ਤੋਂ ਬਾਹਰ ਜਿੱਥੇ ਮੇਰਾ ਪਰਿਵਾਰ ਰਹਿੰਦਾ ਹੈ, ਉੱਥੇ ਤਿੰਨ, ਚਾਰ ਜਾਂ ਪੰਜ ਘੰਟੇ ਰੋਜ਼ਾਨਾ (ਬਿਜ਼ਲੀ) ਮਿਲ ਰਹੀ ਹੈ। ਬੇਸ਼ੱਕ ਰਾਸ਼ਟਰੀ ਬਲੈਕਆਊਟ ਦਾ ਪੂਰੇ ਦੇਸ਼ ਵਿੱਚ ਵੱਡਾ ਅਸਰ ਹੁੰਦਾ ਹੈ, ਪਰ ਮੈਂ ਜੋ ਸੰਦੇਸ਼ ਦੇਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਤੇਲ ਬਲੌਕੇਡ ਕਾਰਨ ਬਲੈਕਆਊਟ ਇੰਨੇ ਵਧ ਗਏ ਹਨ ਕਿ ਇਹ ਬਹੁਤ ਵੱਖਰਾ ਨਹੀਂ ਲੱਗਦਾ।

ਹੁਣ ਬਿਜਲੀ ਦੀ ਗਰਿੱਡ ਵਾਪਸ ਆ ਰਹੀ ਹੈ। ਆਮ ਤੌਰ 'ਤੇ ਪੂਰੇ ਦੇਸ਼ ਵਿੱਚ ਇਸ ਨੂੰ ਵਾਪਸ ਲਿਆਉਣ ਵਿੱਚ ਪੂਰਾ ਇੱਕ ਦਿਨ ਲੱਗ ਜਾਂਦਾ ਹੈ, ਅਤੇ ਅਧਿਕਾਰੀਆਂ ਨੇ ਕਿਹਾ ਹੈ ਕਿ ਤੇਲ ਘੱਟ ਹੋਣ ਕਾਰਨ ਇਸ ਨੂੰ ਵਾਪਸ ਲਿਆਉਣ ਵਿੱਚ ਵੱਧ ਸਮਾਂ ਲੱਗ ਰਿਹਾ ਹੈ। ਪਰ ਬੇਸ਼ੱਕ, ਇਸ ਦੇ ਨਤੀਜੇ, ਨਾ ਸਿਰਫ ਰਾਸ਼ਟਰੀ ਬਲੈਕਆਊਟ ਦੇ ਬਲਕਿ ਪੂਰੇ ਤੇਲ ਬਲੌਕੇਡ ਦੇ, ਬਹੁਤ ਵੱਡੇ ਹਨ। ਮੇਰੇ ਖਿਆਲ ਵਿੱਚ, ਮੇਰੀ ਜ਼ਿੰਦਗੀ ਵਿੱਚ ਮੈਨੂੰ ਪਹਿਲੀ ਵਾਰ ਮਹਿਸੂਸ ਹੋ ਰਿਹਾ ਹੈ ਕਿ ਤੁਸੀਂ ਪਾਬੰਦੀਆਂ ਤੋਂ ਬਚ ਨਹੀਂ ਸਕਦੇ। ਮੇਰੇ ਖਿਆਲ ਵਿੱਚ ਤੁਹਾਨੂੰ ਕਿਊਬਾ ਵਿੱਚ ਕੋਈ ਵੀ ਅਜਿਹਾ ਵਿਅਕਤੀ ਨਹੀਂ ਮਿਲੇਗਾ ਜੋ ਵਰਤਮਾਨ ਹਾਲਾਤਾਂ ਤੋਂ ਪ੍ਰਭਾਵਿਤ ਨਾ ਹੋ ਰਿਹਾ ਹੋਵੇ।

**ਹੁਆਨ ਗੋਂਜ਼ਾਲੇਜ਼:** ਅਤੇ ਡੈਨੀਅਲ, ਤੁਸੀਂ ਇਸ ਤੱਥ ਬਾਰੇ ਕੀ ਕਹਿਣਾ ਚਾਹੋਗੇ ਕਿ ਲਾਤੀਨੀ ਅਮਰੀਕਾ ਦੇ ਉਹ ਦੇਸ਼ ਵੀ, ਜਿਹਨਾਂ ਦੇ ਕਿਊਬਾ ਨਾਲ ਲੰਮੇ ਸਮੇਂ ਦੇ ਸੰਬੰਧ ਹਨ, ਜਿਨ੍ਹਾਂ ਵਿੱਚ ਪ੍ਰੋਗਰੈਸਿਵ ਸਰਕਾਰਾਂ ਹਨ ਅਤੇ ਜਿਹੜੇ ਤੇਲ ਵੀ ਨਿਰਯਾਤ ਕਰਦੇ ਹਨ, ਜਿਵੇਂ ਬ੍ਰਾਜ਼ੀਲ ਅਤੇ ਮੈਕਸੀਕੋ, ਉਹ ਕਿਊਬਾ ਦੀ ਤੇਲ ਦੇ ਮਾਮਲੇ ਵਿੱਚ ਮਦਦ ਕਰਨ ਲਈ ਹੋਰ ਤੱਕੜੇ ਹੋ ਕੇ ਅੱਗੇ ਨਹੀਂ ਆ ਰਹੇ?

**ਡੈਨੀਅਲ ਮੌਨਟੇਰੋ:** ਮੇਰੇ ਖਿਆਲ ਵਿੱਚ ਇਹ ਸਾਡੇ ਉਸ ਸੰਸਾਰ ਦਾ ਅਕਸ ਦਿਖਾਉਂਦਾ ਹੈ, ਜਿਸ ਵਿੱਚ ਅਸੀਂ ਰਹਿ ਰਹੇ



ਹਾਂ। ਟਰੰਪ ਨੇ ਦੂਜੇ ਦੇਸ਼ਾਂ ਉੱਤੇ, ਉਨਾ ਦਬਾਅ ਪਾਇਆ ਹੈ, ਜਿੰਨਾ ਉਹ ਪਾ ਸਕਦਾ ਸੀ। ਅਤੇ ਅਫਸੋਸ ਹੈ ਕਿ ਇਹ ਹੁਣ ਤੱਕ ਕੰਮ ਕਰ ਰਿਹਾ ਹੈ ਅਤੇ ਅਸੀਂ ਇਸ ਦੇ ਨਤੀਜੇ ਭੁਗਤ ਰਹੇ ਹਾਂ। ਬੇਸ਼ੱਕ ਇਹ ਮੈਨੂੰ ਦੁੱਖੀ ਕਰਦਾ ਹੈ। ਇੱਕ ਕਿਊਬਨ ਵਜੋਂ, ਮੈਂ ਇਸ ਨੂੰ ਹਰ ਰੋਜ਼ ਸਹਿੰਦਾ ਹਾਂ। ਇਹ ਮੇਰੇ ਲਈ ਕੋਈ ਅਮੂਰਤ ਜਾਂ ਸਿਧਾਂਤਕ ਗੱਲ ਨਹੀਂ ਹੈ। ਅਸੀਂ ਇਸ ਨੂੰ ਹਰ ਰੋਜ਼ ਸਹਿੰਦੇ ਹਾਂ, ਅਤੇ ਇਹ ਭਿਆਨਕ ਹੈ। ਅਸੀਂ ਗੱਲ ਕਰ ਰਹੇ ਹਾਂ— ਮੇਰੇ ਕੋਲ ਇਸ ਨੂੰ ਵਰਣਨ ਕਰਨ ਦਾ ਕੋਈ ਹੋਰ ਤਰੀਕਾ ਨਹੀਂ ਹੈ, ਪਾਬੰਦੀਆਂ ਅਸਲ ਵਿੱਚ ਹੁਣ ਲੋਕਾਂ ਨੂੰ ਮਾਰ ਰਹੀਆਂ ਹਨ, ਕਿਉਂਕਿ ਹਾਲਾਤ ਇੰਨੇ ਖਰਾਬ ਹਨ ਅਤੇ ਇਸ ਦਾ ਪੂਰੀ ਤਰ੍ਹਾਂ, ਬਿਲਕੁਲ ਪੂਰੀ ਤਰ੍ਹਾਂ, ਉਸ ਨਾਲ ਸੰਬੰਧ ਹੈ ਜੋ ਅਮਰੀਕਾ ਵੱਲੋਂ ਮੇਰੇ ਦੇਸ਼ ਨਾਲ ਕੀਤਾ ਜਾ ਰਿਹਾ ਹੈ।

**ਹੁਆਨ ਗੋਂਜ਼ਾਲੇਜ਼:** ਅਤੇ ਕਿਊਬਾ ਦੀ ਸਰਕਾਰ ਦੇ ਇਸ ਐਲਾਨ ਬਾਰੇ ਤੁਸੀਂ ਕੀ ਕਹੋਗੇ ਕਿ ਹੁਣ ਕਿਊਬਾ ਦੀ ਸਰਕਾਰ ਕਿਊਬਨ ਅਮਰੀਕਨਾਂ ਨੂੰ ਕਿਊਬਾ ਵਿੱਚ ਵਪਾਰਾਂ ਦਾ ਮਾਲਕ ਬਣਨ ਅਤੇ ਨਿਵੇਸ਼ ਕਰਨ ਦੀ ਇਜਾਜ਼ਤ ਦੇਵੇਗੀ?

**ਡੈਨੀਅਲ ਮੌਨਟੇਰੋ:** ਮੇਰੇ ਖਿਆਲ ਵਿੱਚ ਇਹ ਖ਼ਬਰ ਕਿਊਬਾ ਵਿੱਚ ਲੋਕਾਂ ਵੱਲੋਂ ਕਾਫ਼ੀ ਸਕਾਰਾਤਮਕ (ਪੌਜ਼ੇਟਿਵ) ਤਰੀਕੇ ਨਾਲ ਲਈ ਗਈ ਹੈ। ਤੁਹਾਨੂੰ ਸਮਝਣਾ ਪਵੇਗਾ ਕਿ ਪਿਛਲੇ 15 ਸਾਲਾਂ ਦੌਰਾਨ ਦੇਸ਼ ਵਿੱਚ ਹੌਲੀ ਹੌਲੀ ਨਿਵੇਸ਼, ਦੇਸ਼ ਤੋਂ ਬਾਹਰ ਦੇ ਅਤੇ ਅੰਦਰ ਦੇ ਨਿਵੇਸ਼, ਨੂੰ ਖੁੱਲ੍ਹ ਦਿੱਤੀ ਜਾ ਰਹੀ ਹੈ ਇਸ ਲਈ ਇਹ ਖ਼ਬਰ ਸੁਣਨ ਵਾਲਿਆਂ ਨੂੰ ਜ਼ਰੂਰੀ ਤੌਰ ਤੇ ਹੈਰਾਨ ਨਹੀਂ ਕਰਦੀ ਅਤੇ ਜ਼ਿਆਦਾਤਰ ਲੋਕਾਂ ਨੂੰ ਇਸ ਨਾਲ ਕੋਈ ਸਮੱਸਿਆ ਨਹੀਂ ਹੈ।

**ਐਮੀ ਗੁੱਡਮੈਨ:** ਅਤੇ ਡੈਨੀਅਲ ਓਵਲ ਆਫਿਸ ਤੋਂ ਰਾਸ਼ਟਰਪਤੀ ਟਰੰਪ ਨੇ ਜੋ ਕਿਹਾ ਹੈ ਕਿ ਰਾਸ਼ਟਰਪਤੀ ਟਰੰਪ ਇਸ ਨੂੰ ਅਧਿਕਾਰ ਵਿੱਚ ਲੈ ਲਵੇਗਾ ਜਾਂ ਇਸ ਨੂੰ ਅਜ਼ਾਦ ਕਰੇਗਾ ਜਾਂ ਜੋ ਕੁੱਝ ਵੀ ਕਰੇਗਾ, ਪਰ ਇਹ ਜਲਦੀ ਹੋਣ ਵਾਲਾ ਹੈ, ਅਤੇ ਮੰਗ ਕੀਤੀ ਹੈ ਕਿ ਕਿਊਬਾ ਦੇ ਪ੍ਰੈਜ਼ੀਡੈਂਟ ਡਿਆਜ਼-ਕੈਨੇਲ ਦਾ ਲਾਂਭੇ ਹੋਣਾ ਜ਼ਰੂਰੀ ਹੈ, ਕਿਊਬਾ ਵਿੱਚ ਇਸ ਨੂੰ ਕਿਵੇਂ ਲਿਆ ਜਾ ਰਿਹਾ ਹੈ?

**ਡੈਨੀਅਲ ਮੌਨਟੇਰੋ:** ਇਹ ਬਿਲਕੁਲ ਅਪਮਾਨਜਨਕ ਹੈ। ਅਸੀਂ ਦੋ ਦੇਸ਼ਾਂ ਵਿਚਕਾਰ ਗੱਲਬਾਤ ਜਾਂ ਵਾਰਤਾ ਦੇ ਵਿਚਾਰ ਬਾਰੇ ਗੱਲ ਕਰ ਰਹੇ ਹਾਂ। ਇਹ ਗੱਲਬਾਤ ਇਸ ਸ਼ਰਤ ਨਾਲ ਨਹੀਂ ਸ਼ੁਰੂ ਹੋ ਸਕਦੀ ਕਿ ਇਕ ਧਿਰ ਦਾ ਲਾਂਭੇ ਹੋਣਾ ਜ਼ਰੂਰੀ ਹੈ। ਇਸ ਲਈ ਜੇ ਟੀਚਾ ਅਸਲ ਵਿੱਚ ਕਿਸੇ ਸਮਝੌਤੇ ਤੱਕ ਪਹੁੰਚਣ ਦਾ ਹੁੰਦਾ ਅਤੇ ਕਿਊਬਾ ਦੇ ਲੋਕਾਂ ਦੀ ਜ਼ਿੰਦਗੀ ਵਿੱਚ ਸੁਧਾਰ ਕਰਨ ਦਾ ਹੁੰਦਾ ਤਾਂ ਇਹ ਸ਼ਰਤ ਨਹੀਂ ਹੋਣੀ ਚਾਹੀਦੀ ਸੀ। ਪਰ ਇਹ ਸਾਨੂੰ ਹੈਰਾਨ ਨਹੀਂ ਕਰਦਾ। ਅਸੀਂ ਸਮਝਦੇ ਹਾਂ ਕਿ ਇਹ ਤੇਲ-ਬੰਦੀ (ਓਇਲ ਇੰਬਾਰਗੋ) ਦਾ ਕੀ ਮਤਲਬ ਹੈ ਅਤੇ ਹਮੇਸ਼ਾਂ ਇਹਨਾਂ ਪਾਬੰਦੀਆਂ ਦਾ ਕੀ ਮਤਲਬ ਸੀ। ਇਹ ਭੁੱਖ ਨਾਲ ਰਾਜ ਬਦਲਣ ਦੀ ਕੋਸ਼ਿਸ਼ ਹੈ। ਉਹ ਇਹੀ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਅਤੇ ਹੁਣ ਤੇਲ ਬਲੌਕੇਡ ਨਾਲ ਹਾਲਾਤ ਪਹਿਲਾਂ ਨਾਲੋਂ ਵੀ ਵੱਧ ਖਰਾਬ ਹਨ। ਇਸ ਲਈ ਇੱਕ ਕਿਊਬਨ ਵਜੋਂ, ਇੱਥੇ ਰਹਿਣ ਵਾਲੇ ਵਜੋਂ, ਜਦੋਂ ਮੇਰਾ ਸਾਰਾ ਪਰਿਵਾਰ ਇੱਥੇ ਹੈ, ਡੌਨਾਲਡ ਟਰੰਪ ਅਤੇ ਅਮਰੀਕਾ ਦੇ ਪ੍ਰਸ਼ਾਸਨ ਨੂੰ ਇਹ ਕਹਿੰਦੇ ਸੁਣਨਾ ਬਿਲਕੁਲ ਅਪਮਾਨਜਨਕ ਹੈ ਕਿ ਉਹ ਕਿਊਬਾ ਦੀ ਮਦਦ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਕਿਊਬਾ ਨੂੰ ਅਜ਼ਾਦ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਕਿਉਂਕਿ ਉਹ ਉਸ ਕੀਮਤ ਦੀ ਗੱਲ ਨਹੀਂ ਕਰ ਰਹੇ ਜਿਹੜੀ ਉਹ ਲੋਕਾਂ ਨੂੰ ਅਦਾ ਕਰਨ ਲਈ ਕਹਿ ਰਹੇ ਹਨ।

ਹਾਂ, ਉਹ ਕਹਿ ਰਹੇ ਹਨ ਕਿ ਉਹ ਅਜ਼ਾਦੀ ਚਾਹੁੰਦੇ ਹਨ, ਲੋਕਤੰਤਰ ਚਾਹੁੰਦੇ ਹਨ, ਉਹ ਇਹਨਾਂ ਸਾਰੀਆਂ ਚੰਗੀਆਂ ਗੱਲਾਂ ਬਾਰੇ ਗੱਲ ਕਰਦੇ ਹਨ ਜੋ ਉਹ ਕਿਊਬਾ ਦੇ ਲੋਕਾਂ ਲਈ ਲਿਆਉਣ ਵਾਲੇ ਹਨ। ਪਰ ਉਨ੍ਹਾਂ ਨੂੰ ਅਸਲ ਵਿੱਚ ਉਹ ਮਾਰਗ ਸਪੱਸ਼ਟ ਕਰਨਾ ਚਾਹੀਦਾ ਹੈ ਜਿਸ ਨਾਲ ਉਹ ਉੱਥੇ ਪਹੁੰਚਣਗੇ। ਉੱਥੇ ਪਹੁੰਚਣ ਦਾ ਮਾਰਗ ਕਿਊਬਾ ਦੇ ਲੋਕਾਂ ਵਲੋਂ ਦੁੱਖ ਸਹਿਣਾ ਹੈ, ਕਿਊਬਾ ਦੇ ਲੋਕਾਂ ਦੀ ਮੌਤ ਹੈ।

**ਐਮੀ ਗੁੱਡਮੈਨ:** ਅਸੀਂ ਰਿਪੋਰਟਾਂ ਵਿੱਚ ਵੇਖਿਆ ਹੈ — ਅੱਜ ਸਵੇਰੇ ਕਿਊਬਾ ਵਿੱਚ 5.8 ਪੱਧਰ ਦਾ ਭੂਚਾਲ ਆਇਆ ਹੈ, ਦੇਸ਼ ਭਰ ਵਿੱਚ ਬਲੈਕਆਊਟ ਦੇ ਨਾਲ ਨਾਲ?

**ਡੈਨੀਅਲ ਮੌਨਟੇਰੋ:** ਹਾਂ, ਦੇਸ਼ ਦੇ ਪੂਰਬ ਵਿੱਚ ਇਹ ਭੂਚਾਲ (ਆਇਆ ਹੈ), ਇਹ ਭੂਚਾਲ ਆਉਣਾ ਬਹੁਤ ਅਸਾਧਾਰਨ ਨਹੀਂ ਹੈ। ਖੁਸ਼ਕਿਸਮਤੀ ਨਾਲ, ਉਹ ਆਮ ਤੌਰ ਤੇ ਉੱਥੇ ਬਹੁਤ ਨੁਕਸਾਨ ਨਹੀਂ ਕਰਦੇ। ਪਰ ਹੁਣ ਇਹ ਬੱਸ ਇੰਝ ਲੱਗਦਾ ਹੈ: ਹੋਰ ਕੀ ਹੋਣ ਵਾਲਾ ਹੈ?

ਮੈਂ ਪਿੱਛੇ ਵੱਲ ਦੇਖਦਾ ਹਾਂ - ਜਨਵਰੀ ਵਿੱਚ ਮੈਂ ਆਪਣੇ ਘਰ ਵਿੱਚ ਸੀ। ਮੇਡੂਰੋ ਦਾ ਅਗਵਾ ਅਜੇ ਹੋਇਆ ਹੀ ਸੀ। ਮੇਰੇ ਦਿਮਾਗ ਵਿੱਚ ਕਿਊਬਾ 'ਤੇ ਅਮਰੀਕਾ ਦੇ ਸੱਚਮੁੱਚ ਦੇ ਹਮਲੇ ਦੇ ਵਿਚਾਰ ਨੇ ਪਹਿਲੀ ਵਾਰ ਘਰ ਕੀਤਾ ਸੀ। ਅਸੀਂ ਹਵਾਨਾ ਵਿੱਚ ਇੱਕ ਫੌਜੀ ਅੱਡੇ ਨੇੜੇ ਰਹਿੰਦੇ ਹਾਂ। ਅਤੇ ਮੈਂ ਆਪਣੀ ਪਤਨੀ ਨਾਲ ਗੱਲ ਕਰ ਰਿਹਾ ਸੀ ਅਤੇ ਮੁੱਢਲੇ ਤੌਰ ਤੇ ਸੋਚ ਰਿਹਾ ਸੀ, "ਘਰ ਵਿੱਚ ਕਿਹੜੇ ਕਮਰੇ ਵਿੱਚ ਅਸੀਂ ਬੰਬਾਂ ਦੀ ਮਾਰ ਤੋਂ ਬਚ ਸਕਾਂਗੇ?" ਅਤੇ ਗੱਲਬਾਤ ਦੇ ਅੰਤ ਵਿੱਚ ਅਸੀਂ ਇੱਕ ਦੂਜੇ ਵੱਲ ਵੇਖ ਕੇ ਕਹਿ ਰਹੇ ਸੀ, "ਕੀ ਤੁਸੀਂ ਵਿਸ਼ਵਾਸ ਕਰ ਸਕਦੇ ਹੋ ਕਿ ਅਸੀਂ ਇਹ ਗੱਲ ਵੀ ਕਰ ਰਹੇ ਹਾਂ?

ਮੇਰੇ ਖਿਆਲ ਵਿੱਚ ਜੋ ਕੁੱਝ ਵਸ਼ਿੰਗਟਨ ਤੋਂ ਆ ਰਿਹਾ ਹੈ ਉਸ ਦੇ ਆਧਾਰ 'ਤੇ ਕਿਊਬਾ ਵਿੱਚ ਰਹਿੰਦੇ ਹੋਣ ਬਾਰੇ ਇਹ ਹੀ ਆਮ ਭਾਵਨਾ ਹੈ: ਹੋਰ ਕੀ ਵਾਪਰਨ ਵਾਲਾ ਹੈ? ਇਹ ਕਦੋਂ ਰੁਕੇਗਾ?

**ਹੁਆਨ ਗੋਂਜ਼ਾਲੇਜ਼:** ਮੈਂ ਹੁਣ ਸੈਨ ਡੀਆਗੋ ਵਿੱਚ ਯੂਨੀਵਰਸਿਟੀ ਆਫ ਕੈਲੇਫੋਰਨੀਆ ਵਿੱਚ ਇਤਿਹਾਸ ਦੀ ਅਸਿਸਟੈਂਟ ਪ੍ਰੋਫੈਸਰ, ਸਾਰਾ ਕੋਜ਼ਾਮੇਹ ਨੂੰ ਸ਼ਾਮਲ ਕਰਨਾ ਚਾਹੁੰਦਾ ਹਾਂ। ਸਾਰਾ ਤੁਸੀਂ ਸਾਲਾਂ ਤੋਂ ਕਿਊਬਾ ਵਿੱਚ ਜਾਂਦੇ ਰਹਿੰਦੇ ਹੋ, ਖਾਸ ਕਰਕੇ ਦੇਸ਼ ਦੇ ਪੇਂਡੂ ਇਲਾਕਿਆਂ ਵਿੱਚ। ਤੁਸੀਂ ਹਾਲ ਹੀ ਵਿੱਚ ਕਿਊਬਾ ਤੋਂ ਵਾਪਸ ਆਏ ਹੋ। ਕੀ ਤੁਸੀਂ ਉੱਥੇ ਵੇਖੀਆਂ ਹਾਲਤਾਂ ਬਾਰੇ ਗੱਲ ਕਰ ਸਕਦੇ ਹੋ?

**ਸਾਰਾ ਕੋਜ਼ਾਮੇਹ:** ਹਾਂ। ਮੈਨੂੰ ਸੱਦਣ ਲਈ ਧੰਨਵਾਦ।

ਅਤੇ ਮੈਂ ਬੱਸ ਇਹ ਕਹਿਣਾ ਚਾਹੁੰਦੀ ਹਾਂ ਕਿ ਮੇਰਾ ਤਜਰਬਾ, ਡੈਨੀਅਲ ਨੇ ਜੋ ਦੱਸਿਆ ਹੈ, ਉਸ ਨਾਲ ਬਹੁਤ ਮੇਲ ਖਾਂਦਾ ਹੈ। ਪੂਰਬ ਵਾਲਾ ਹਿੱਸਾ ਬੰਦਰਗਾਹਾਂ ਤੋਂ ਬਹੁਤ ਦੂਰ ਹੈ ਜਿੱਥੇ ਪੈਟਰੋਲੀਅਮ ਅਤੇ ਖਾਣਾ ਆਉਂਦਾ ਹੈ, ਇਸ ਲਈ ਉੱਥੇ ਘੱਟ ਵਸੀਲੇ ਹਨ। ਹਾਲਤ ਬਹੁਤ ਮੁਸ਼ਕਿਲ ਹੈ। ਮਹੀਨਿਆਂ ਤੋਂ ਲੰਮੇ ਬਲੈਕਆਊਟ ਵਾਪਰੇ ਹਨ, ਜੋ ਹਵਾਨਾ ਨਾਲੋਂ ਬਹੁਤ ਵੱਧ ਘੰਟੇ ਲੰਮੇ ਰਹੇ ਹਨ, ਪਰ ਪਿਛਲੇ ਕੁਝ ਹਫ਼ਤਿਆਂ ਵਿੱਚ ਇਹ ਬਦਤਰ ਹੋ ਗਏ ਹਨ। ਜਦੋਂ ਮੈਂ ਉੱਥੇ ਸੀ, ਉਦੋਂ ਉੱਥੇ 16-16 ਘੰਟੇ ਦੇ ਬਲੈਕਆਊਟ ਵਾਪਰ ਰਹੇ ਸਨ, ਅਤੇ ਸ਼ਾਇਦ ਦਿਨ ਵਿੱਚ ਦੋ ਵਾਰ ਤਿੰਨ ਤਿੰਨ ਘੰਟੇ ਬਿਜਲੀ ਆ ਰਹੀ ਸੀ। ਅਤੇ ਉੱਥੇ ਮੇਰੀ ਰਿਹਾਇਸ਼ ਦੌਰਾਨ ਇਹ ਘਟ ਕੇ ਸ਼ਾਇਦ ਰੋਜ਼ਾਨਾ ਤਿੰਨ ਘੰਟੇ ਲਈ ਬਿਜਲੀ ਰਹਿ ਗਈ। ਅਤੇ ਹੁਣ ਲੱਗਦਾ ਹੈ ਕਿ ਲੋਕ ਘੱਟੋ ਘੱਟ 25-26 ਘੰਟੇ ਬਿਜਲੀ ਤੋਂ ਬਿਨਾਂ ਰਹਿ ਚੁੱਕੇ ਹਨ।

**ਐਮੀ ਗੁੱਡਮੈਨ:** ਮੈਂ ਡੈਨੀਅਲ ਨੂੰ ਕਿਊਬਾ ਦੇ ਲੋਕਾਂ ਦੀ ਪ੍ਰਤੀਕਿਰਿਆ ਬਾਰੇ ਪੁੱਛਣਾ ਚਾਹੁੰਦੀ ਹਾਂ। ਸਪੱਸ਼ਟ ਤੌਰ ਤੇ, ਜਿਵੇਂ ਅਸੀਂ ਈਰਾਨ ਦੇ ਸੰਬੰਧ ਵਿੱਚ ਵੇਖਿਆ ਹੈ, ਇਜ਼ਰਾਈਲੀ ਪ੍ਰਧਾਨ ਮੰਤਰੀ ਨੇਤਨਯਾਹੂ ਲੋਕਾਂ ਨੂੰ ਈਰਾਨ ਵਿੱਚ ਉੱਠਣ ਲਈ ਉਤਸ਼ਾਹਿਤ ਕਰ ਰਿਹਾ ਹੈ। ਉਹ ਕਹਿੰਦਾ ਹੈ ਕਿ ਤੁਸੀਂ ਲੋਕਾਂ ਨੂੰ ਪਾਣੀ ਤੱਕ ਲੈ ਜਾ ਸਕਦੇ ਹੋ ਪਰ ਪੀਣ ਲਈ ਮਜਬੂਰ ਨਹੀਂ ਕਰ ਸਕਦੇ। ਰਾਸ਼ਟਰਪਤੀ ਟਰੰਪ ਵੀ ਇਹ ਹੀ ਕਰਨ ਨੂੰ ਕਹਿ ਰਿਹਾ ਸੀ। ਤੁਸੀਂ ਕੀ ਵੇਖ ਰਹੇ ਹੋ? ਲੋਕ ਹੁਣ ਅਮਰੀਕਾ ਨਾਲ ਜ਼ਿਆਦਾ ਗੁੱਸੇ ਹਨ ਜਾਂ ਕਿਊਬਾ ਦੀ ਸਰਕਾਰ ਨਾਲ?

**ਡੈਨੀਅਲ ਮੌਨਟੇਰੋ:** ਮੇਰਾ ਖਿਆਲ ਹੈ, ਜਦੋਂ ਤੁਸੀਂ ਭੁੱਖੇ ਹੁੰਦੇ ਹੋ, ਉਦੋਂ ਤੁਹਾਡੀ ਰਾਜਨੀਤੀ "ਮੈਨੂੰ ਖਾਣਾ ਚਾਹੀਦਾ ਹੈ" ਹੁੰਦੀ ਹੈ। ਜ਼ਿਆਦਾਤਰ ਲੋਕ ਇਸ ਤਰ੍ਹਾਂ ਮਹਿਸੂਸ ਕਰ ਰਹੇ ਹਨ। ਵੇਖੋ, ਜੋ ਟੀਚਾ ਅਮਰੀਕਾ ਇੱਥੇ ਹਾਸਲ ਕਰਨਾ ਚਾਹੁੰਦਾ ਹੈ, ਯਾਨੀ ਕਿ ਬਹੁਗਿਣਤੀ ਲੋਕ ਉੱਠ ਖੜ੍ਹਨ, ਇਹ ਬਿਲਕੁਲ ਨਹੀਂ ਹੋ ਰਿਹਾ। ਜਦੋਂ ਬਲੈਕਆਊਟ ਹੁੰਦੇ ਹਨ ਉਦੋਂ ਛੋਟੇ ਮੋਟੇ ਵਿਰੋਧ ਹੁੰਦੇ ਹਨ ਪਰ ਇਹ ਪਿਛਲੇ ਪੰਜ ਸਾਲਾਂ ਤੋਂ ਹੋ ਰਿਹਾ ਹੈ। ਇਸ ਵਿੱਚ ਕੁੱਝ ਨਵਾਂ ਨਹੀਂ ਹੈ। ਇਸ ਲਈ ਉਹ ਤਬਦੀਲੀ ਜੋ ਅਮਰੀਕਾ ਕਿਊਬਾ ਵਿੱਚ ਲਿਆਉਣਾ ਚਾਹੁੰਦਾ ਹੈ ਉਹ ਇਸ ਸਮੇਂ ਨਹੀਂ ਹੋ ਰਹੀ। ਮੇਰਾ ਖਿਆਲ ਹੈ ਕਿ ਲੋਕ ਚੰਗੀ ਤਰ੍ਹਾਂ ਜਾਣਦੇ ਹਨ ਕਿ ਕੀ ਹੋ ਰਿਹਾ ਹੈ। ਅਤੇ ਉਹ ਲਏ ਗਏ ਫੈਸਲਿਆਂ ਦੀ ਕੀਮਤ ਅਦਾ ਕਰ ਰਹੇ ਹਨ। ਪਰ ਉਹ ਕਿਸੇ ਵੀ ਹੋਰ ਗੱਲ ਨਾਲੋਂ ਇਸ ਗੱਲ ਬਾਰੇ ਜ਼ਿਆਦਾ ਫਿਕਰਮੰਦ ਹਨ "ਅੱਜ ਮੈਂ ਕੀ ਕਰਾਂ? ਅੱਜ ਰਾਤ ਨੂੰ ਮੈਂ ਕੀ ਖਾਵਾਂ?" ਜਿਵੇਂ ਮੈਂ ਕਿਹਾ ਹੈ ਕਿ ਜਦੋਂ ਤੁਹਾਡੇ ਫਿਕਰ ਇਸ ਤਰ੍ਹਾਂ ਦੀਆਂ ਜ਼ਰੂਰੀ ਚੀਜ਼ਾਂ ਹੋਣ ਤਾਂ ਉਹੀ ਤੁਹਾਡੀ ਰਾਜਨੀਤੀ ਦੀ ਹੱਦ ਹੁੰਦੀ ਹੈ।

**ਹੁਆਨ ਗੋਂਜ਼ਾਲੇਜ਼:** ਅਤੇ ਮੈਂ ਪ੍ਰੋਫੈਸਰ ਕੋਜ਼ਾਮੇਹ ਨੂੰ ਵੀ ਪੁੱਛਣਾ ਚਾਹੁੰਦਾ ਹਾਂ: ਟਰੰਪ

ਦਾ ਇਹ ਦਾਅਵਾ ਕਿ ਕਿਊਬਾ ਦੀ ਲੀਡਰਸ਼ਿਪ ਦਾ ਬਦਲਨਾ ਜ਼ਰੂਰੀ ਹੈ, ਕਿ ਉਹ ਫੈਸਲਾ ਕਰੇਗਾ, ਸਾਡੇ ਰਾਸ਼ਟਰਪਤੀ ਦਾ ਇਹ ਪੂਰਾ ਸਵੈ-ਮੋਹ (ਨਰਸੀਸਿਜ਼ਮ), ਕਿ ਉਹ ਫੈਸਲਾ ਕਰੇਗਾ, ਅਤੇ ਉਹ ਇਹਨਾਂ ਸਾਰੇ ਦੇਸ਼ਾਂ ਵਿੱਚ ਤਬਦੀਲੀ ਲਿਆਵੇਗਾ, ਤੁਹਾਡੇ ਖਿਆਲ ਵਿੱਚ ਕਿਊਬਾ ਦੇ ਲੋਕਾਂ ਵਲੋਂ ਇਸ ਨੂੰ ਕਿਵੇਂ ਲਿਆ ਜਾ ਰਿਹਾ ਹੈ?

**ਸਾਰਾ ਕੋਜ਼ਾਮੇਹ:** ਮੇਰਾ ਖਿਆਲ ਹੈ ਕਿ ਇਹ ਚੰਗੇ ਤਰੀਕੇ ਨਾਲ ਨਹੀਂ ਲਿਆ ਜਾ ਰਿਹਾ। ਕੁੱਝ ਹਫਤੇ ਪਹਿਲਾਂ, ਜਦੋਂ ਮੈਂ ਉੱਥੇ ਸੀ, ਮੈਂ ਬਹੁਤ ਸਾਰੇ ਲੋਕਾਂ ਨਾਲ ਗੱਲ ਕੀਤੀ, ਅਤੇ ਸਿੱਧਾ ਪੁੱਛਿਆ, "ਤੁਸੀਂ ਕੀ ਚਾਹੁੰਦੇ ਹੋ ਕਿ ਕੀ ਵਾਪਰੇ? ਤੁਸੀਂ ਕੀ ਵੇਖਣਾ ਚਾਹੁੰਦੇ ਹੋ?" ਅਤੇ ਉਹਨਾਂ ਲੋਕਾਂ, ਜਿਹੜੇ ਰਾਜਨੀਤਿਕ ਸਿਸਟਮ ਦੀ ਖੁੱਲ੍ਹੇਆਮ ਆਲੋਚਨਾ ਕਰਨ ਵਾਲੇ ਸਨ ਅਤੇ ਉਹਨਾਂ ਲੋਕਾਂ ਨੇ ਵੀ ਜਿਹੜੇ ਕੁਝ ਘੱਟ ਪੱਧਰ 'ਤੇ ਆਲੋਚਨਾ ਕਰਨ ਵਾਲੇ ਸਨ, ਵਿੱਚੋਂ ਕਿਸੇ ਨੇ ਵੀ ਟਰੰਪ ਵੱਲੋਂ ਕੀਤੀ ਜਾ ਰਹੀ ਕਾਰਵਾਈ ਨਾਲ ਸਹਿਮਤੀ ਨਹੀਂ ਜਤਾਈ। ਕਿਸੇ ਨੇ ਵੀ ਨਹੀਂ।

ਮੈਂ ਸੋਚਦੀ ਹਾਂ ਕਿ ਕਿਊਬਾ ਦੇ ਲੋਕ ਬਹੁਤ ਸਿੱਖਿਅਤ ਲੋਕ ਹਨ। ਉਨ੍ਹਾਂ ਕੋਲ ਖ਼ਬਰਾਂ ਤੱਕ ਪਹੁੰਚ ਹੈ। ਉਹ ਚਾਲਾਂ ਨੂੰ ਸਮਝਦੇ ਹਨ। ਉਹ ਰਣਨੀਤੀਆਂ ਸਮਝਦੇ ਹਨ। ਅਤੇ ਮੇਰੇ ਖਿਆਲ ਵਿੱਚ ਇਸ ਸਮੇਂ ਉਹ ਬਹੁਤ ਹੈਰਾਨ ਅਤੇ ਠੱਗੇ ਹੋਏ ਮਹਿਸੂਸ ਕਰ ਰਹੇ ਹਨ। ਸ਼ੁੱਕਰਵਾਰ ਨੂੰ ਇਸ ਗੱਲ ਦੀ ਪੁਸ਼ਟੀ ਹੋਈ ਸੀ ਕਿ ਸਰਕਾਰ ਅਮਰੀਕਾ ਨਾਲ ਗੱਲਬਾਤ ਕਰ ਰਹੀ ਹੈ। ਅਤੇ ਇਸ ਨੂੰ ਸਮਝਣ ਅਤੇ ਪ੍ਰੋਸੈੱਸ ਕਰਨ ਦੀ ਪ੍ਰਕਿਰਿਆ ਕੱਲ੍ਹ, ਸੋਮਵਾਰ ਨੂੰ ਸ਼ੁਰੂ ਹੋਈ ਜਦੋਂ ਇਹ ਐਲਾਨ ਹੋਇਆ ਸੀ। ਅਤੇ ਬਹੁਤ ਸਾਰੇ ਲੋਕਾਂ ਨੇ ਮੈਨੂੰ ਗੁੱਸੇ ਭਰੀ ਆਵਾਜ਼ ਵਿੱਚ ਕਿਹਾ ਕਿ ਉਹ ਇਹ ਨਹੀਂ ਹੋਣ ਦੇਣਗੇ, ਉਹ ਵਿਰੋਧ ਕਰਨਗੇ। ਅੰਤ ਵਿੱਚ, ਕਿਊਬਾ ਦੇ ਲੋਕਾਂ ਨੇ ਪ੍ਰਭੂਸੱਤਾ (ਸੌਵਰਨਿਟੀ) ਲਈ ਕਈ ਵਾਰ ਲੜਾਈ ਲੜੀ ਹੈ, ਅਤੇ ਇਹ ਨਹੀਂ ਲੱਗਦਾ ਕਿ ਉਹ ਇਸ ਵਾਰ ਵੀ ਚੁੱਪ ਬੈਠ ਜਾਣਗੇ।

**ਐਮੀ ਗੁੱਡਮੈਨ:** ਸਾਡੇ ਕੋਲ ਬੱਸ ਇੱਕ ਮਿੰਟ ਹੈ, ਅਤੇ ਮੈਂ ਹਵਾਨਾ, ਕਿਊਬਾ ਵਿੱਚ ਡੈਨੀਅਲ ਨਾਲ ਗੱਲ ਕਰਨਾ ਚਾਹੁੰਦੀ ਹਾਂ, ਉਸ ਕਾਫਲੇ ਬਾਰੇ ਜੋ ਕਿਊਬਾ ਵੱਲ ਜਾ ਰਿਹਾ ਹੈ, ਜਿਸ ਵਿੱਚ ਪ੍ਰੋਗਰੈਸਿਵ ਇੰਟਰਨੈਸ਼ਨਲ, ਕੋਡ ਪਿੰਕ ਸਮੇਤ ਕਈ ਗਰੁੱਪ ਸ਼ਾਮਲ ਹਨ। ਇਸ ਸਮੇਂ ਅੰਤਰਰਾਸ਼ਟਰੀ ਇਕਜੁੱਟਤਾ (ਸੌਲੀਡੈਰਿਟੀ) ਕਿੰਨਾ ਫਰਕ ਪਾਉਂਦੀ ਹੈ ਅਤੇ ਕੀ ਅਰਥ ਰੱਖਦੀ ਹੈ?

**ਡੈਨੀਅਲ ਮੌਨਟੇਰੋ:** ਮੈਂ ਕਹਾਂਗਾ ਕਿ ਅੰਤਰਰਾਸ਼ਟਰੀ ਇਕਜੁੱਟਤਾ ਹੁਣ ਪਹਿਲਾਂ ਨਾਲੋਂ ਵੱਧ ਜ਼ਰੂਰੀ ਹੈ, ਖਾਸ ਕਰਕੇ ਅਮਰੀਕਾ ਤੋਂ ਆਉਣ ਵਾਲੀ, ਕਿਉਂਕਿ ਹਰ ਕੋਈ ਕਿਊਬਾ ਬਾਰੇ ਸਿਰਫ ਤੇਲ-ਬੰਦੀ (ਓਇਲ ਇਬਾਰਗੋ) ਅਤੇ ਦੇਸ਼ ਦੀ ਬੁਰੀ ਹਾਲਤ ਬਾਰੇ ਸੁਣ ਰਿਹਾ ਹੈ। ਅਮਰੀਕਾ ਤੋਂ ਲੋਕ ਆ ਕੇ ਵੱਖਰਾ ਚਿਹਰਾ ਦਿਖਾਉਣ ਅਤੇ ਦਿਖਾਉਣ ਕਿ ਅਸੀਂ ਅਜੇ ਵੀ ਇੱਕ ਦੂਜੇ ਦੀ ਮਦਦ ਕਰ ਸਕਦੇ ਹਾਂ, ਮੇਰਾ ਖਿਆਲ ਹੈ, ਮੈਂ ਕਹਾਂਗਾ ਕਿ ਕਿਊਬਾ ਨੂੰ ਕਾਫ਼ੀ ਸਮੇਂ ਤੋਂ ਇਕਜੁੱਟਤਾ ਦੀ ਲੋੜ ਸੀ, ਪਰ ਹੁਣ ਇਸ ਦੀ ਖਾਸ ਤੌਰ ਤੇ ਲੋੜ ਹੈ।

ਅਸਲ ਵਿੱਚ ਇਸ ਨਾਲ ਕੀ ਫਰਕ ਪੈ ਸਕਦਾ ਹੈ, ਇਹ ਉਹਨਾਂ ਚੀਜ਼ਾਂ 'ਤੇ ਨਿਰਭਰ ਕਰਦਾ ਹੈ ਜੋ ਉਹ ਲਿਆਉਣਗੇ। ਅਸੀਂ ਹੁਣ ਹਰ ਉਹ ਚੀਜ਼ ਚਾਹੁੰਦੇ ਹਾਂ ਜੋ ਕੋਈ ਵੀ ਲਿਆ ਸਕੇ। ਪਰ ਮੇਰਾ ਖਿਆਲ ਹੈ ਕਿ ਸਭ ਤੋਂ ਮਹੱਤਵਪੂਰਨ ਗੱਲ ਇਸ ਦੀ ਪ੍ਰਤੀਕਮਈ ਕੀਮਤ ਹੈ ਕਿ ਇੰਨੇ ਸਾਰੇ ਲੋਕ ਆ ਕੇ ਕਿਊਬਾ ਦੇ ਲੋਕਾਂ ਲਈ ਸਮਰਥਨ ਦਿਖਾਉਣ, ਉਸ ਕਹਾਣੀ ਨੂੰ ਚੁਣੌਤੀ ਦੇਣ ਲਈ ਜਿਹੜੀ ਕਹਾਣੀ ਟਰੰਪ ਪ੍ਰਸ਼ਾਸਨ ਵਲੋਂ ਦੱਸੀ ਜਾ ਰਹੀ ਹੈ।

**ਐਮੀ ਗੁੱਡਮੈਨ:** ਮੈਂ ਹਵਾਨਾ ਸਥਿੱਤ ਕਿਊਬਾ ਦੇ ਪੱਤਰਕਾਰ ਅਤੇ ਅਜ਼ਾਦ ਮੀਡੀਆ ਆਊਟਲੈੱਟ, ਬੈਲੀ ਔਫ ਦੀ ਬੀਸਟ (ਹੈਵਾਨ ਦੇ ਢਿੱਡ ਵਿੱਚੋਂ)' ਦੇ ਪ੍ਰੋਡਿਊਸਰ ਡੈਨੀਅਲ ਮੌਨਟੇਰੋ ਅਤੇ ਸੈਨ ਡੀਆਗੋ ਦੀ ਯੂਨੀਵਰਸਿਟੀ ਔਫ ਕੈਲੀਫੋਰਨੀਆ ਵਿੱਚ ਇਤਿਹਾਸ ਦੀ ਅਸਿਸਟੈਂਟ ਪ੍ਰੋਫੈਸਰ ਸਾਰਾ ਕੋਜ਼ਾਮੇਹ ਦਾ ਸਾਡੇ ਨਾਲ ਗੱਲ ਕਰਨ ਲਈ ਬਹੁਤ ਬਹੁਤ ਧੰਨਵਾਦ ਕਰਦੀ ਹਾਂ।

# ਪੰਜਾਬ ਦੇ ਨੌਜਵਾਨਾਂ ਨੂੰ ਬੰਦੂਕਾਂ ਨਾਲ ਕੌਣ ਭਰਮਾ ਰਿਹਾ ਹੈ?

# ਗੈਂਗਵਾਰ ਕਤਲਾਂ ਦੀ ਅੰਦਰੂਨੀ ਕਹਾਣੀ

*ਸੂਹੀ ਸਵੇਰ ਆਨਲਾਈਨ ਮੀਡੀਆ ਦੇ ਬਾਨੀ ਅਤੇ ਮੁੱਖ ਸੰਪਾਦਕ ਸ਼ਿਵ ਇੰਦਰ ਸਿੰਘ ਦੀ ਕਾਰਵਾਂ, ਦੀ ਵਾਇਰ, ਦੀ ਮਿੰਟ ਤੋਂ ਇਲਾਵਾ ਭਾਰਤ ਦੇ ਆਨਲਾਈਨ ਪੋਰਟਲਾਂ ਲਈ ਪੰਜਾਬ ਦੇ ਰਾਜਨੀਤਕ, ਸਮਾਜਿਕ ਅਤੇ ਸੱਭਿਆਚਾਰਕ ਸਰੋਕਾਰਾਂ ਬਾਰੇ ਬੇਬਾਕੀ ਨਾਲ ਲਿਖਣ ਵਾਲੇ ਸੁਤੰਤਰ ਖੋਜੀ ਪੱਤਰਕਾਰ ਹਨ। ਇਸ ਲੇਖ ਵਿਚ ਪੰਜਾਬ ਨੂੰ ਦਰਪੇਸ਼ ਗੈਂਗਸਟਰ ਵਰਤਾਰੇ ਦੀਆਂ ਰਾਜਨੀਤਕ, ਸਮਾਜਿਕ ਅਤੇ ਸੱਭਿਆਚਾਰਕ ਜੜ੍ਹਾਂ, ਹਾਕਮ ਜਮਾਤੀ ਸਿਆਸਤ ਵੱਲੋਂ ਆਪਣੇ ਸੌੜੇ ਸਵਾਰਥਾਂ ਲਈ ਇਸ ਵਰਤਾਰੇ ਦੀ ਰਾਜਨੀਤਕ ਪੁਸ਼ਤਪਨਾਹੀ ਆਦਿ ਪੱਖਾਂ ਬਾਰੇ ਚਰਚਾ ਕੀਤੀ ਗਈ ਹੈ। ਵਿਸ਼ੇ ਦੇ ਮਹੱਤਵ ਦੇ ਮੱਦੇਨਜ਼ਰ ਇਹ ਲੇਖ ਧੰਨਵਾਦ ਸਹਿਤ ਪਾਠਕਾਂ ਨਾਲ ਸਾਂਝਾ ਕਰ ਰਹੇ ਹਨ। - ਸੰਪਾਦਕ*



-ਸ਼ਿਵ ਇੰਦਰ ਸਿੰਘ

ਅਸੀਂ ਅਕਸਰ ਪੰਜਾਬ ਵਿੱਚ ਗੈਂਗਸਟਰਾਂ ਅਤੇ ਬੰਦੂਕ ਸਭਿਆਚਾਰ ਬਾਰੇ ਚਰਚਾਵਾਂ ਸੁਣਦੇ ਅਤੇ ਦੇਖਦੇ ਹਾਂ। ਇਹ ਗੀਤਾਂ, ਸੰਗੀਤ ਅਤੇ ਸਿਨੇਮਾ ਵਿੱਚ ਝਲਕਦਾ ਹੈ। ਵਿਆਹਾਂ ਵਿੱਚ ਲੋਕਾਂ ਵੱਲੋਂ ਸੋਸ਼ਲ ਮੀਡੀਆ 'ਤੇ ਹਥਿਆਰਾਂ ਨਾਲ ਫੋਟੋਆਂ ਪੋਸਟ ਕਰਨ ਅਤੇ ਲਾਇਸੈਂਸੀ ਹਥਿਆਰ ਲਹਿਰਾਉਣ ਦੇ ਮਾਮਲੇ ਵੀ ਸਾਹਮਣੇ ਆਏ ਹਨ। ਪਹਿਲਾਂ ਵੀ ਵਿਆਹਾਂ ਵਿੱਚ ਗੋਲੀਬਾਰੀ ਕਾਰਨ ਹੋਈਆਂ ਮੌਤਾਂ ਸੁਰਖੀਆਂ ਵਿੱਚ ਆਈਆਂ ਹਨ।

ਹਾਲਾਂਕਿ, ਸਰਕਾਰ ਹੁਣ ਇਸ ਪ੍ਰਥਾ ਨੂੰ ਸਖ਼ਤੀ ਨਾਲ ਰੋਕਣ ਦਾ ਦਾਅਵਾ ਕਰ ਰਹੀ ਹੈ। ਇਸੇ ਤਰ੍ਹਾਂ, ਪੰਜਾਬ ਵਿੱਚ ਗੈਂਗ ਨਾਲ ਸਬੰਧਤ ਘਟਨਾਵਾਂ ਨੇ ਇੱਕ ਹਿੰਸਕ ਮਾਹੌਲ ਪੈਦਾ ਕੀਤਾ ਹੈ। ਇਨ੍ਹਾਂ ਦੀਆਂ ਜੜ੍ਹਾਂ ਕਿੱਥੇ ਹਨ?

ਪੰਜਾਬ ਵਿੱਚ ਪਹਿਲਾਂ ਵੀ ਗੈਂਗ ਵਾਰਾਂ ਹੋਈਆਂ ਹਨ। ਗੈਂਗਸਟਰ ਸਭਿਆਚਾਰ ਪੰਜਾਬ ਦੇ ਪ੍ਰਾਚੀਨ "ਵੈਲੀ" (ਅਪਰਾਧੀ ਜਾਂ ਬਦਮਾਸ਼) ਦਾ ਇੱਕ ਆਧੁਨਿਕ ਰੂਪ ਹੈ। ਉਹਨਾਂ ਨੂੰ ਰਾਜਨੀਤਿਕ ਪਾਰਟੀਆਂ ਅਤੇ ਸਿਆਸਤਦਾਨਾਂ ਦਾ ਪੂਰਾ ਸਮਰਥਨ ਮਿਲਿਆ ਹੈ। ਗੁੰਡਿਆਂ, ਸਿਆਸਤਦਾਨਾਂ ਅਤੇ ਪੁਲਿਸ ਵਿਚਕਾਰ ਇਹ ਗੱਠਜੋੜ ਇੰਨਾ ਮਜ਼ਬੂਤ ਹੈ ਕਿ ਗੈਂਗਸਟਰ ਜੇਲ੍ਹ ਦੇ ਅੰਦਰੋਂ ਹੀ ਆਪਣੇ ਗੈਂਗ ਚਲਾਉਂਦੇ ਹਨ। ਪੰਜਾਬ ਦੇ ਲੋਕਾਂ ਵਿੱਚ ਇੱਕ ਆਮ ਧਾਰਨਾ ਹੈ ਕਿ ਵੱਡੀਆਂ ਰਾਜਨੀਤਿਕ ਪਾਰਟੀਆਂ ਨੇ ਆਪਣੇ ਗੁੰਡਿਆਂ ਦੇ ਗੈਂਗ ਪਾਲੇ ਹਨ, ਜੋ ਆਪਣੇ ਸਵਾਰਥੀ ਉਦੇਸ਼ਾਂ ਲਈ ਨੌਜਵਾਨਾਂ ਦਾ ਸ਼ੋਸ਼ਣ ਕਰਦੇ ਹਨ; ਅਤੇ ਇੱਕ ਵਾਰ ਜਦੋਂ ਉਹਨਾਂ ਦੀਆਂ ਜ਼ਰੂਰਤਾਂ ਪੂਰੀਆਂ ਹੋ ਜਾਂਦੀਆਂ ਹਨ, ਤਾਂ ਇਹਨਾਂ ਨੌਜਵਾਨਾਂ ਨੂੰ ਛੱਡ ਦਿੱਤਾ ਜਾਂਦਾ ਹੈ ਜਾਂ ਕਤਲ ਵੀ ਕਰ ਦਿੱਤਾ ਜਾਂਦਾ ਹੈ। ਸਾਬਕਾ ਗੈਂਗਸਟਰ ਲੱਖਾ ਸਿਧਾਣਾ ਅਕਸਰ ਆਪਣੇ ਭਾਸ਼ਣਾਂ ਅਤੇ ਇੰਟਰਵਿਊਆਂ ਵਿੱਚ ਕਹਿੰਦੇ ਹਨ ਕਿ ਉਹਨਾਂ ਨੇ ਕਈ ਪ੍ਰਮੁੱਖ ਸਿਆਸਤਦਾਨਾਂ ਲਈ ਕੰਮ ਕੀਤਾ ਤੇ ਉਹਨਾਂ ਨੇਤਾਵਾਂ ਨੇ ਆਪਣੀਆਂ ਜ਼ਰੂਰਤਾਂ ਪੂਰੀਆਂ ਹੋਣ 'ਤੇ ਉਹਨਾਂ ਨੂੰ ਛੱਡ ਦਿੱਤਾ। ਇਹ ਦੋਸ਼ ਲਗਾਇਆ ਜਾਂਦਾ ਹੈ ਕਿ ਰਾਜਨੀਤਿਕ ਆਗੂ ਇਹਨਾਂ ਗੈਂਗਾਂ ਦੀ ਵਰਤੋਂ ਗੈਰ-ਕਾਨੂੰਨੀ ਕਾਰੋਬਾਰ ਚਲਾਉਣ, ਪੈਸੇ ਵਸੂਲਣ ਅਤੇ ਨਸ਼ਿਆਂ ਦੀ ਤਸਕਰੀ ਕਰਨ, ਆਪਣੇ ਵਿਰੋਧੀਆਂ ਨੂੰ ਹਾਸ਼ੀਏ 'ਤੇ ਧੱਕਣ, ਸਮਾਜਿਕ ਕਾਰਕੁਨਾਂ ਨੂੰ ਕੁੱਟਣ ਅਤੇ ਜਨਤਕ ਅੰਦੋਲਨਾਂ ਨੂੰ ਦਬਾਉਣ ਲਈ ਕਰਦੇ ਹਨ।

2002 ਤੋਂ 2007 ਤੱਕ ਕਾਂਗਰਸ ਸਰਕਾਰ ਦੌਰਾਨ, ਇਹ ਆਮ ਚਰਚਾ ਸੀ ਕਿ ਕੁਝ ਕਾਂਗਰਸੀ ਨੇਤਾ ਆਪਣੀਆਂ ਗੈਰ-ਕਾਨੂੰਨੀ ਗਤੀਵਿਧੀਆਂ ਲਈ ਗੈਂਗਸਟਰਾਂ ਨੂੰ ਪਾਲਦੇ ਸਨ। 2007 ਤੋਂ 2017 ਤੱਕ ਅਕਾਲੀ-ਭਾਜਪਾ ਸ਼ਾਸਨ ਦੌਰਾਨ ਸਥਿਤੀ ਇਸ ਤੋਂ ਵੱਖਰੀ ਨਹੀਂ ਸੀ, ਕਿਉਂਕਿ ਗੈਂਗਾਂ ਦੀ ਗਿਣਤੀ ਵੱਧਦੀ ਰਹੀ। ਇਹ ਗੱਲ ਕਿਸੇ ਤੋਂ ਲੁਕੀ ਨਹੀਂ ਕਿ ਅਕਾਲੀ ਦਲ ਦੇ ਕਿਹੜੇ ਨੇਤਾ ਆਪਣੀਆਂ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਗੈਂਗਸਟਰਾਂ ਦੀ ਵਰਤੋਂ ਕਰਦੇ ਸਨ। 2017 ਤੋਂ 2022 ਤੱਕ ਕਾਂਗਰਸ ਸਰਕਾਰ ਦੌਰਾਨ ਵੀ, ਗੈਂਗਸਟਰ ਗਤੀਵਿਧੀਆਂ ਬੇਰੋਕ ਰਹੀਆਂ। ਮੌਜੂਦਾ 'ਆਪ' ਸਰਕਾਰ ਦੇ ਅਧੀਨ ਵੀ ਗੈਂਗ ਨਾਲ ਸਬੰਧਤ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਭਾਵੇਂ ਪੰਜਾਬ ਸਰਕਾਰ ਨੇ ਗੈਂਗਾਂ ਵਿਰੁੱਧ ਪੁਲਿਸ ਕਾਰਵਾਈ ਕੀਤੀ ਹੈ, ਪਰ ਇਸ ਨੇ ਸਮੱਸਿਆ ਦੀ ਜੜ੍ਹ ਤੱਕ ਪਹੁੰਚਣ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਕਾਰਨ, ਪੁਲਿਸ 'ਤੇ ਗੈਰ-ਕਾਨੂੰਨੀ ਮੁਕਾਬਲਿਆਂ ਦੇ ਦੋਸ਼ ਲੱਗ ਰਹੇ ਹਨ। ਆਲੋਚਕਾਂ ਦਾ ਕਹਿਣਾ ਹੈ ਕਿ ਪੁਲਿਸ ਕਾਰਵਾਈ ਸਵਾਗਤਯੋਗ ਹੈ, ਪਰ ਫਰਜ਼ੀ ਮੁਕਾਬਲੇ ਲੋਕਤੰਤਰ ਵਿਰੋਧੀ ਹਨ।

ਪੰਜਾਬੀ ਵਿਦਵਾਨ ਅਤੇ ਲੇਖਕ, ਮਰਹੂਮ ਪ੍ਰਿੰਸੀਪਲ ਸੰਤ ਸਿੰਘ ਸੇਖੋਂ, ਆਪਣੇ ਕਈ ਭਾਸ਼ਣਾਂ ਵਿੱਚ ਕਿਹਾ ਕਰਦੇ ਸਨ, "ਜੋ ਲੋਕ ਵਿਦਿਅਕ ਸੰਸਥਾਵਾਂ ਵਿੱਚ ਖੱਬੇ-ਪੱਖੀ ਵਿਦਿਆਰਥੀ ਸੰਗਠਨਾਂ ਦੇ ਕਾਰਕੁਨਾਂ ਨਾਲ ਲੜਦੇ ਹਨ, ਉਹ ਬਾਅਦ ਵਿੱਚ ਪੰਜਾਬ 'ਤੇ ਰਾਜ ਕਰਦੇ ਹਨ।"ਵੱਡੀਆਂ ਪਾਰਟੀਆਂ ਦੇ ਵਿਦਿਆਰਥੀ ਅਤੇ ਯੁਵਾ ਸੰਗਠਨ ਹੁਣ ਗੈਂਗਸਟਰ ਗੈਂਗਾਂ ਦੀ ਭਰਤੀ ਲਈ ਕੋਚਿੰਗ ਸੈਂਟਰ ਬਣ ਗਏ ਹਨ। ਪੰਜਾਬ ਵਿੱਚ "ਬੰਦੂਕ ਸਭਿਆਚਾਰ" ਬਾਰੇ ਬੋਲਦੇ ਹੋਏ, ਪ੍ਰਸਿੱਧ ਸਮਾਜ ਸ਼ਾਸਤਰੀ ਪ੍ਰੋਫੈਸਰ ਬਾਵਾ ਸਿੰਘ ਕਹਿੰਦੇ ਹਨ, "ਜਗੀਰੂ ਪ੍ਰਣਾਲੀ ਅਤੇ ਸਮਾਜ ਇੱਕ ਤਰ੍ਹਾਂ ਦਾ 'ਗੈਂਗਸਟਰ ਸਮਾਜ' ਸੀ, ਜਿਸਨੂੰ ਜਗੀਰੂ ਪ੍ਰਭੂਆਂ ਨੇ ਆਪਣੀ ਬਾਹਰੀ ਧਾਰਮਿਕਤਾ ਅਤੇ ਘੱਟ ਜਾਂ ਘੱਟ ਦਿਆਲੂ ਦਿੱਖ ਨਾਲ ਬਣਾਈ ਰੱਖਿਆ, 'ਸਤਿਕਾਰਯੋਗ' ਹੋਣ ਦਾ ਦਾਅਵਾ ਕੀਤਾ। ਜਗੀਰੂ ਪ੍ਰਣਾਲੀ ਦੇ ਅੰਤ ਤੋਂ ਬਾਅਦ, ਗੈਂਗ ਉੱਭਰਨੇ ਸ਼ੁਰੂ ਹੋਏ ਜਿਨ੍ਹਾਂ ਨੇ ਅਪਰਾਧ ਦੀ ਦੁਨੀਆ ਰਾਹੀਂ ਸ਼ਕਤੀ ਅਤੇ ਦੌਲਤ ਹਾਸਲ ਕੀਤੀ। ਪੰਜਾਬ ਵਿੱਚ ਮੌਜੂਦਾ ਗੈਂਗ ਬੀਤੇ ਸਮੇਂ ਦੇ ਡਾਕੂਆਂ ਅਤੇ ਫਿਰੌਤੀ ਗਿਰੋਹਾਂ ਦਾ ਇੱਕ ਸੋਧਿਆ ਹੋਇਆ ਰੂਪ ਹਨ। ਉਹ ਉੱਤਰ ਪ੍ਰਦੇਸ਼ ਦੇ ਫਿਰੌਤੀ ਗਿਰੋਹਾਂ ਰਾਹੀਂ ਪੰਜਾਬ ਵਿੱਚ ਪਹੁੰਚੇ।" ਬਾਵਾ ਸਿੰਘ ਅੱਗੇ ਕਹਿੰਦੇ ਹਨ, "ਪੰਜਾਬ ਵਿੱਚ ਗੈਂਗਾਂ ਦਾ ਉਭਾਰ 2004-05 ਵਿੱਚ ਸ਼ੁਰੂ ਹੋਇਆ ਸੀ ਅਤੇ 2010 ਤੱਕ ਸਿਖਰ 'ਤੇ ਪਹੁੰਚ ਗਿਆ।" ਇਸ ਵਰਤਾਰੇ ਬਾਰੇ ਦੱਸਦੇ ਹੋਏ, ਬਾਵਾ ਕਹਿੰਦੇ ਹਨ ਕਿ ਇੱਕ ਵੱਡੀ ਰਾਜਨੀਤਿਕ ਪਾਰਟੀ ਦਾ ਵਿਦਿਆਰਥੀ ਸੰਗਠਨ ਇਨ੍ਹਾਂ ਗੈਂਗਾਂ ਲਈ ਭਰਤੀ ਦਾ ਕੇਂਦਰ ਬਣ ਗਿਆ। ਉਹ ਅੱਗੇ ਕਹਿੰਦੇ ਹਨ ਕਿ ਇਸ ਵਿਦਿਆਰਥੀ ਸੰਗਠਨ ਤੋਂ ਹੀ ਕਈ ਗੈਂਗ ਉੱਭਰੇ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਅੱਜ ਵੀ ਪੰਜਾਬ ਵਿੱਚ ਸਰਗਰਮ ਹਨ। "ਜਦੋਂ ਇਹ ਗੈਂਗ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਕੰਮ ਕਰਨ ਲੱਗੇ, ਤਾਂ ਉਨ੍ਹਾਂ ਦੀਆਂ ਫੋਟੋਆਂ ਪ੍ਰਮੁੱਖ ਸਿਆਸਤਦਾਨਾਂ ਨਾਲ ਆਉਣ ਲੱਗੀਆਂ, ਅਤੇ ਉਨ੍ਹਾਂ ਤੋਂ ਪੁਲਿਸ ਥਾਣਿਆਂ ਵਿੱਚ ਪੁੱਛਗਿੱਛ ਕੀਤੀ ਗਈ। ਇਹ ਉਦੋਂ ਹੋਇਆ ਜਦੋਂ ਇਹ ਗੈਂਗ ਅਤੇ ਉਨ੍ਹਾਂ ਦੇ ਆਗੂ 18-19 ਸਾਲ ਦੇ ਕਾਲਜ ਵਿਦਿਆਰਥੀਆਂ ਦੀਆਂ ਨਜ਼ਰਾਂ ਵਿੱਚ ਮਸ਼ਹੂਰ ਹਸਤੀਆਂ ਬਣ ਗਏ। ਕਿਸੇ ਕਾਰਨ ਕਰਕੇ, ਹੀਣ ਭਾਵਨਾ ਤੋਂ ਪੀੜਤ ਨੌਜਵਾਨ ਵੀ ਇਹ ਮੰਨਣ ਲੱਗ ਪਏ ਕਿ ਇਹ ਉਨ੍ਹਾਂ ਨੂੰ ਲੋਕਾਂ ਦਾ ਧਿਆਨ ਖਿੱਚੇਗਾ ਅਤੇ ਕੁੜੀਆਂ ਨੂੰ ਆਕਰਸ਼ਿਤ ਕਰੇਗਾ" ਬਾਵਾ ਇਨ੍ਹਾਂ ਗੈਂਗਾਂ ਵਿੱਚ ਸ਼ਾਮਲ ਹੋਣ ਵਾਲੇ ਨੌਜਵਾਨਾਂ ਦੀ ਵੱਧਦੀ ਗਿਣਤੀ ਦਾ ਕਾਰਨ ਦੱਸਦੇ ਹੋਏ।



ਬਾਵਾ ਸਿੰਘ ਕਹਿੰਦੇ ਹਨ, "ਸ਼ੁਰੂ ਵਿੱਚ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਅਤੇ ਚੰਡੀਗੜ੍ਹ ਦੇ ਕਾਲਜ ਇਨ੍ਹਾਂ ਗੈਂਗਾਂ ਦਾ ਕੇਂਦਰ ਬਣ ਗਏ। ਫਿਰ, ਜਿਸ ਵਿਦਿਆਰਥੀ ਸੰਗਠਨ ਦੀ ਗੱਲ ਹੋ ਰਹੀ ਹੈ, ਉਸ ਨੇ ਪੰਜਾਬ ਯੂਨੀਵਰਸਿਟੀ ਵਿਦਿਆਰਥੀ ਯੂਨੀਅਨ ਚੋਣਾਂ ਵਿੱਚ ਪੈਰ ਜਮਾ ਲਏ। ਬਾਵਾ ਅੱਗੇ ਕਹਿੰਦੇ ਹਨ ਕਿ ਇਹ ਉਹ ਸਮਾਂ ਸੀ ਜਦੋਂ ਵਿਦਿਆਰਥੀ ਸੰਗਠਨ ਜਿਸ ਪਾਰਟੀ ਨਾਲ ਸਬੰਧਤ ਸੀ, ਉਹ ਸੱਤਾ ਵਿੱਚ ਸੀ ਅਤੇ ਆਪਣੇ ਵਿਦਿਆਰਥੀ ਵਿੰਗ ਨੂੰ ਪੂਰਾ ਸਮਰਥਨ ਦਿੰਦੀ ਸੀ; ਇਸ ਤੋਂ ਇਲਾਵਾ, ਇੱਕ ਚੋਟੀ ਦਾ ਨੇਤਾ ਅਕਸਰ ਇਨ੍ਹਾਂ ਵਿਦਿਅਕ ਸੰਸਥਾਵਾਂ ਦਾ ਦੌਰਾ ਕਰਦਾ ਸੀ ਅਤੇ ਸੰਗਠਨ ਦੀਆਂ ਮੀਟਿੰਗਾਂ ਨੂੰ ਸੰਬੋਧਨ ਕਰਦਾ ਸੀ। "ਪੰਜਾਬ ਦੀਆਂ ਬਾਕੀ ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚ ਕਈ ਸਾਲਾਂ ਤੋਂ ਵਿਦਿਆਰਥੀ ਚੋਣਾਂ ਨਹੀਂ ਹੋਈਆਂ ਹਨ, ਅਤੇ ਸੱਤਾਧਾਰੀ ਪਾਰਟੀ ਦੇ ਸਮਰਥਨ ਵਾਲੇ ਗਿਰੋਹਾਂ ਨੇ ਖੁਦ ਕਾਲਜ ਪ੍ਰਧਾਨ ਚੁਣਨੇ ਸ਼ੁਰੂ ਕਰ ਦਿੱਤੇ ਹਨ। ਇਸ ਨਾਲ ਪੰਜਾਬ ਦੇ ਪੇਂਡੂ ਨੌਜਵਾਨਾਂ ਦਾ ਇੱਕ ਹਿੱਸਾ ਇਨ੍ਹਾਂ ਗਿਰੋਹਾਂ ਵੱਲ ਆਕਰਸ਼ਿਤ ਹੋਇਆ ਹੈ। ਪੰਜਾਬ ਦੀ ਵਿਰਾਸਤ ਵਿੱਚ, ਹਥਿਆਰਾਂ ਨੂੰ ਬਹਾਦਰੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਹ ਪੰਜਾਬ ਦੇ ਭੂਗੋਲਿਕ ਮਾਹੌਲ ਦੇ ਕਾਰਨ ਵੀ ਹੈ। ਇਹੀ ਕਾਰਨ ਹੈ ਕਿ ਹਥਿਆਰ ਪੰਜਾਬ ਦੇ ਨੌਜਵਾਨਾਂ ਨੂੰ ਪਸੰਦ ਆਉਂਦੇ ਹਨ। ਮੇਰਾ ਨਿੱਜੀ ਤੌਰ 'ਤੇ ਮੰਨਣਾ ਹੈ ਕਿ ਭਾਵੇਂ ਸੰਤ ਭਿੰਡਰਾਂਵਾਲੇ ਪੰਜਾਬ ਦੇ ਨੌਜਵਾਨਾਂ ਨੂੰ ਹਥਿਆਰ ਸੌਂਪਦੇ ਹਨ, ਜਾਂ ਨਕਸਲੀ ਜਾਂ ਗੈਂਗਸਟਰ ਉਨ੍ਹਾਂ ਨੂੰ ਹਥਿਆਰ ਦਿੰਦੇ ਹਨ, ਨੌਜਵਾਨ ਉਨ੍ਹਾਂ ਵੱਲ ਖਿੱਚੇ ਜਾਂਦੇ ਹਨ। ਪੂੰਜੀਵਾਦੀ ਯੁੱਗ ਦਾ ਮਾਨਸਿਕ ਤਣਾਅ, ਬੇਰੁਜ਼ਗਾਰੀ ਅਤੇ ਸਿਸਟਮ ਪ੍ਰਤੀ ਉਦਾਸੀਨਤਾ ਵੀ ਨੌਜਵਾਨਾਂ ਨੂੰ ਇਸ ਰਸਤੇ 'ਤੇ ਚੱਲਣ ਲਈ ਮਜਬੂਰ ਕਰਦੀ ਹੈ", ਬਾਵਾ ਮੌਜੂਦਾ ਸਥਿਤੀ ਦੇ ਆਪਣੇ ਵਿਸ਼ਲੇਸ਼ਣ ਵਿੱਚ ਕਹਿੰਦੇ ਹਨ। ਗੈਂਗ ਅਕਸਰ ਆਪਸ ਵਿਚ ਹੀ ਲੜਦੇ ਰਹਿੰਦੇ ਹਨ, ਇੱਕ-ਦੂਜੇ ਨੂੰ ਧਮਕੀਆਂ ਦਿੰਦੇ ਹਨ, ਅਤੇ ਇੱਕ ਦੂਜੇ ਨੂੰ ਮਾਰ ਵੀ ਦਿੰਦੇ ਹਨ। ਹਾਲ ਹੀ ਦੇ ਸਾਲਾਂ ਵਿੱਚ, ਜ਼ਿਆਦਾਤਰ ਗੈਂਗ ਕਤਲ ਦੁਸ਼ਮਣੀਆਂ ਜਾਂ ਧੜੇਬੰਦੀਆਂ ਦੇ ਟਕਰਾਅ ਦਾ ਨਤੀਜਾ ਰਹੇ ਹਨ। ਇਨ੍ਹਾਂ ਗੈਂਗਾਂ ਦੇ ਪ੍ਰਭਾਵ ਨੇ ਪੰਜਾਬੀ ਸੰਗੀਤ ਅਤੇ ਫਿਲਮ ਉਦਯੋਗਾਂ ਨੂੰ ਵੀ ਪ੍ਰਭਾਵਿਤ ਕੀਤਾ ਹੈ। 1990 ਦੇ ਦਹਾਕੇ ਅਤੇ 21ਵੀਂ ਸਦੀ ਦੇ ਸ਼ੁਰੂ ਵਿੱਚ, ਪੰਜਾਬੀ ਗੀਤਾਂ ਦੀ ਸ਼ੈਲੀ ਅਤੇ ਤਕਨੀਕ ਵਿੱਚ ਮਹੱਤਵਪੂਰਨ ਬਦਲਾਅ ਆਏ, ਪਰ ਉਨ੍ਹਾਂ ਦੇ ਬੁਨਿਆਦੀ ਵਿਸ਼ੇ ਉਹੀ ਰਹੇ-ਜਗੀਰੂ ਸੱਭਿਆਚਾਰ, ਜਗੀਰੂ ਕਦਰਾਂ-ਕੀਮਤਾਂ ਦੀ ਪਾਲਣਾ, ਹਥਿਆਰ, ਔਰਤ-ਨਫ਼ਰਤ ਵਾਲੀ ਮਾਨਸਿਕਤਾ, ਦੌਲਤ ਦਾ ਦਿਖਾਵਾ, ਹਿੰਸਾ, ਆਦਿ।

21ਵੀਂ ਸਦੀ ਵਿੱਚ, ਪੰਜਾਬੀ ਗੀਤਾਂ ਵਿਚ ਹਥਿਆਰ, ਹਥਿਆਰਾਂ ਜ਼ਰੀਏ ਕੁੜੀਆਂ ਨੂੰ ਭਰਮਾਉਣਾ, ਹਿੰਸਾ ਅਤੇ ਗੈਂਗਸਟਰ ਸਭਿਆਚਾਰ ਨੂੰ ਇਸ ਤਰ੍ਹਾਂ ਦਰਸਾਇਆ ਜਾਂਦਾ ਹੈ ਕਿ ਕੁੜੀ ਖੁਦ ਆਪਣੇ ਪ੍ਰੇਮੀ ਨੂੰ ਵੈਲੀ (ਗੈਂਗਸਟਰ) ਬਣਨ ਲਈ ਕਹਿੰਦੀ ਹੈ। ਅਜਿਹਾ ਹੀ ਇੱਕ ਗੀਤ ਮਿਸ ਪੂਜਾ ਅਤੇ ਪ੍ਰੀਤ ਬਰਾੜ ਦਾ ਹੈ:

ਹੁਣ ਤੱਕ ਨੀਵੇ ਰਹਿ ਰਹਿ ਕੇ ਅਸੀਂ ਘੁੱਟ ਸਬਰ ਦੇ ਭਰਲੇ।

ਬਰੀ ਕਰਵਾ ਲਵਾਂ ਤੈਨੂੰ ਆਪੇ ਵੇਚ ਕੇ 5-7 ਮਰਲੇ

ਵੈਲੀ ਬਣ ਮਿੱਤਰਾਂ ਬੜੇ ਡਰਾਵੇ ਜਾਰ ਲਏ

ਅਜਿਹੇ ਗੀਤਾਂ ਦੀਆਂ ਕੁਝ ਉਦਾਹਰਣਾਂ ਵਿੱਚ ਸ਼ਾਮਲ ਹਨ:

ਵੈਲੀ ਦੀ ਅੱਖ ਅੱਜ ਲਾਲ ਏ ਕੋਈ ਬੰਦਾ ਬੁੰਦਾ ਮਾਰਨਾ ਤਾਂ ਦੱਸ (ਗਾਇਕ ਬਾਲੀ ਰਿਆੜ)

ਕੱਢ ਕੇ ਦੇ ਦੇ ਰਫਲ ਦੁਨਾਲੀ ਨੀ ਅੱਜ ਬੰਦਾ ਮਾਰਨ ਨੂੰ ਜੀਅ ਕਰਦਾ (ਹਰਜੀਤ ਹਰਮਨ)

1980 ਦਾ ਦਹਾਕਾ ਅੱਤਵਾਦ ਦਾ ਦੌਰ ਸੀ, ਜਦੋਂ ਪੁਲਿਸ ਅਤੇ ਅੱਤਵਾਦੀਆਂ ਦੋਵਾਂ ਨੇ ਪੰਜਾਬ ਦੇ ਪਿੰਡਾਂ 'ਤੇ ਹਮਲਾ ਕੀਤਾ, ਜਿਸ ਨਾਲ ਪੰਜਾਬ ਨੂੰ ਕਾਫ਼ੀ ਨੁਕਸਾਨ ਹੋਇਆ। ਉਸ ਸਮੇਂ ਤੋਂ ਬਾਅਦ ਪੈਦਾ ਹੋਈ ਨੌਜਵਾਨ ਪੀੜ੍ਹੀ ਦਾ ਇੱਕ ਵੱਡਾ ਹਿੱਸਾ ਰਾਜਨੀਤਿਕ ਚੇਤਨਾ ਤੋਂ ਸੱਖਣਾ ਹੈ। 1990 ਦੇ ਦਹਾਕੇ ਦੇ ਅਖੀਰ ਵਿੱਚ ਅਤੇ 21ਵੀਂ ਸਦੀ ਵਿੱਚ ਪੈਦਾ ਹੋਈ ਪੀੜ੍ਹੀ ਦੇ ਇੱਕ ਵੱਡੇ ਹਿੱਸੇ ਨੂੰ ਜਾਂ ਤਾਂ ਪੰਜਾਬ ਦੇ ਪ੍ਰਾਚੀਨ ਇਤਿਹਾਸ, ਸਿੱਖ ਇਤਿਹਾਸ, ਗੁਰਬਾਣੀ, ਸੂਫ਼ੀ ਪਰੰਪਰਾ, ਪ੍ਰਾਚੀਨ ਮਹਾਨ ਸਾਹਿਤ, ਆਜ਼ਾਦੀ ਅੰਦੋਲਨ, ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਗ਼ਦਰ ਲਹਿਰ, ਪੱਗੜੀ ਸੰਭਾਲ ਜੱਟਾ ਲਹਿਰ, ਕੂਕਾ ਲਹਿਰ, ਬੱਬਰ ਅਕਾਲੀ ਲਹਿਰ, ਵੰਡ, ਅਤੇ ਆਜ਼ਾਦੀ ਤੋਂ ਬਾਅਦ ਪੰਜਾਬ ਦੇ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਹਾਲਾਤਾਂ ਦਾ ਕੋਈ ਗਿਆਨ ਨਹੀਂ ਹੈ; ਅਤੇ ਜੇ ਹੈ ਵੀ, ਤਾਂ ਉਹ ਸੁਣੀਆਂ-ਸੁਣਾਈਆਂ ਅਤੇ ਅਧੂਰੀਆਂ ਜਾਣਕਾਰੀਆਂ 'ਤੇ ਆਧਾਰਿਤ ਹੈ। ਪੰਜਾਬ ਦੀ ਵਿਰਾਸਤ ਅਤੇ ਹਕੀਕਤ ਤੋਂ ਟੁੱਟੀ ਹੋਈ ਇਸ ਨੌਜਵਾਨ ਪੀੜ੍ਹੀ ਲਈ, ਭਗਤ ਸਿੰਘ ਵੀ ਇੱਕ ਨਾਇਕ ਹੈ, ਅਤੇ ਭਿੰਡਰਾਂਵਾਲਾ ਵੀ। ਉਹ ਕੇਜਰੀਵਾਲ ਦੇ ਝਾੜੂ ਨੂੰ ਵੀ ਫੜ ਲੈਂਦੇ ਹਨ, ਉਨ੍ਹਾਂ ਨੂੰ ਭਗਵੰਤ ਮਾਨ ਦੇ ਸ਼ਬਦ ਵੀ ਪਸੰਦ ਆਉਂਦੇ ਹਨ, ਅਤੇ ਉਹ ਦੀਪ ਸਿੱਧੂ ਅਤੇ ਸਿੱਧੂ ਮੂਸੇਵਾਲਾ ਵਿੱਚ "ਰਾਸ਼ਟਰੀ ਹੀਰੋ" ਵੀ ਦੇਖਦੇ ਹਨ।

ਪੰਜਾਬ ਦੀ ਨੌਜਵਾਨਾਂ ਦੇ ਸੰਕਟ ਬਾਰੇ, ਪੰਜਾਬੀ ਨਾਟਕਕਾਰ ਡਾ. ਸਾਹਿਬ ਸਿੰਘ ਕਹਿੰਦੇ ਹਨ, "ਪੰਜਾਬ ਦਾ ਨੌਜਵਾਨ ਇਸ ਸਮੇਂ ਇੱਕ ਵਿਸ਼ਾਲ ਖਲਾਅ ਵਿੱਚ ਭਟਕ ਰਿਹਾ ਹੈ। ਆਪਣੀਆਂ ਜੜ੍ਹਾਂ ਅਤੇ ਇਤਿਹਾਸ ਤੋਂ ਕੱਟਿਆ ਹੋਇਆ ਉਹ ਨੌਜਵਾਨ, ਜਿਸ ਵੀ ਵਿਚਾਰ ਨੂੰ ਦਿਲਚਸਪ ਪਾਉਂਦਾ ਹੈ ਉਸ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੰਦਾ ਹੈ। ਬਾਅਦ ਵਿੱਚ, ਜਦੋਂ ਉਸ ਨੂੰ ਉਸ ਵਿਚਾਰ ਦੀ ਅਸਲੀਅਤ ਦਾ ਅਹਿਸਾਸ ਹੁੰਦਾ ਹੈ, ਤਾਂ ਉਹ ਨਿਰਾਸ਼ਾ ਵਿੱਚ ਡੁੱਬ ਜਾਂਦਾ ਹੈ।

## ਭਗਤ ਸਿੰਘ ਨੂੰ

ਜਦੋਂ ਵੀ 23 ਮਾਰਚ ਦਾ
ਦਿਨ ਆਉਂਦਾ ਹੈ
ਤਾਂ ਹਿਕ ਦਮ ਯਾਦ ਆ ਜਾਂਦੀ ਹੈ
ਤੇਰੀ ਜਵਾਨੀ ਜੋ ਹੱਸਕੇ ਮੌਤ ਨੂੰ
ਗਲੇ ਲਗਾ ਗਈ
ਆਪਣਾ ਦੇਸ਼ ਅਜ਼ਾਦ ਕਰਵਾਉਣ ਲਈ
ਦੇਸ਼ ਅਜ਼ਾਦ ਤਾਂ ਹੋਇਆ ਪਰ
ਉਹ ਸੁਪਨੇ ਅਜੇ ਵੀ ਅਧੂਰੇ ਹਨ
ਜੋ ਤੂੰ ਦੇਖੇ ਸਨ, ਭਾਰਤ ਦੇਸ਼ ਲਈ,
ਗਰੀਬੀ ਨਾਲ ਘੁਲਦੀ ਜਨਤਾ ਲਈ
ਨਿਆਂ ਪ੍ਰਣਾਲੀ ਲਈ ਤੇ
ਸੁਚੱਜੇ ਅਤੇ ਇਮਾਨਦਾਰ ਰਾਜ-ਭਾਗ ਲਈ
ਤੇਰੀ ਸੋਚ ਵੱਲ ਦੇਖੀਏ ਤਾਂ
ਦੇਸ਼ ਅਜੇ ਵੀ ਗੁਲਾਮ ਹੈ
ਕਿਉਂਕਿ ਹੱਥੀਂ ਕੰਮ ਕਰਨ ਵਾਲੇ
ਅੱਜ ਵੀ ਭੁੱਖੇ ਸਾਉਂਦੇ ਨੇ
ਤੇ ਉਨ੍ਹਾਂ ਦੀ ਕਮਾਈ
ਦਫ਼ਤਰਾਂ ਵਿਚ ਕੰਮ ਲਟਕਾਉਣ ਵਾਲੇ ਤੇ
ਸਾਰਾ ਦਿਨ ਉਬਾਸੀਆਂ ਮਾਰਨ ਵਾਲੇ
ਅਫ਼ਸਰਾਂ ਦੇ ਬੈਂਕ ਖਾਤੇ ਸਮੇਟ ਲੈਂਦੇ ਹਨ
ਦੇਸ਼ ਦੀ ਤਰੱਕੀ ਏਨੀ ਹੋ ਗਈ ਹੈ ਕਿ
ਸਾਡੀਆਂ ਸਰਕਾਰਾਂ ਅੱਜ ਵੀ
ਅੰਗਰੇਜ਼ਾਂ ਦੇ ਬਣਾਏ ਪੁਲਾਂ 'ਤੇ ਹੀ
ਸਪੀਡ ਬਰੇਕਰ ਲਾ ਰਹੀਆਂ ਨੇ
ਦੇਸ਼ ਦਾ ਸੋਨਾ ਜੋ ਕਿ ਕਿਸੇ ਦੇਸ਼ ਦੀ
ਮੁਦਰਾ ਦਾ ਅਹਿਮ ਅੰਗ ਹੈ
ਦੇਸ਼ ਦੇ ਗੁਰਦੁਆਰਿਆਂ ਤੇ ਮੰਦਰਾਂ ਦੇ
ਗੁੰਬਦਾਂ ਤੇ ਲੇਪਿਆ
ਸਾਰਾ ਦਿਨ ਧੁੱਪ ਸੇਕਦਾ ਰਹਿੰਦਾ ਹੈ
ਤੇ ਤੇਰੀ ਸੋਚ ਦੀ ਰਤਾ ਵੀ ਪਰਵਾਹ ਨਹੀਂ ਕਰਦਾ
ਤੇ ਇਸਦੇ ਅਸਲੀ ਹੱਕਦਾਰ ਅੱਜ ਵੀ
ਹੱਥਾਂ ਵਿਚ ਪਿੱਤਲ ਦੇ ਕੜ੍ਹੇ ਪਾ ਕੇ
ਘੋੜੀ ਚੜ੍ਹਦੇ ਹਨ
ਉਹ ਜਵਾਨੀ ਜਿਸਨੂੰ ਕਦੇ ਤੂੰ
ਦੇਸ਼ ਦੀ ਤਾਕਤ ਆਖਦਾ ਸੀ
ਸਮੇਂ ਦੀ ਸਰਕਾਰ ਸਿਰਫ਼ ਵੋਟਾਂ ਲੈਣ ਲਈ
ਨਸ਼ੇ ਵੱਲ ਧੱਕ ਰਹੀ ਹੈ
ਦੇਸ਼ ਗਰੀਬੀ ਵੱਲ ਵੱਧ ਰਿਹਾ ਹੈ
ਤੇ ਇਹ ਤੂੰ ਚੰਗੀ ਤਰ੍ਹਾਂ ਜਾਣਦਾ ਸੀ ਕਿ
ਧਰਮ ਹਮੇਸ਼ਾ ਗਰੀਬੀ ਵਿਚ ਹੀ ਪਲਦੇ ਹਨ
ਇਸੇ ਕਰਕੇ ਸਵੇਰ ਵੇਲੇ
ਸੈਂਕੜੇ ਟੀ.ਵੀ. ਚੈਨਲ ਮਿਹਨਤ ਦੀ ਥਾਂ
ਮੁਕਤੀ ਦਾ ਰਾਹ ਦੱਸਦੇ ਹਨ
ਨੇਤਾ ਲਾਲਚੀ ਬਿਰਤੀ ਵਿਚ ਗ੍ਰਸਤ ਹਨ
ਤੇ ਸਿਰਾਂ 'ਤੇ ਪੈਸੇ ਦੀਆਂ ਪੰਡਾਂ ਚੁੱਕੀ
ਬੈਂਕਾਂ ਵੱਲ ਭੱਜ ਰਹੇ ਹਨ
ਜਨਤਾ ਨੂੰ ਅਰਦਾਸਾਂ ਕਰਨ ਤੇ
ਰੱਬ ਅੱਗੇ ਹੱਡ-ਗੋਡੇ
ਰਗੜਨ ਤੋਂ ਵਿਹਲ ਨਹੀਂ
ਹੜਤਾਲਾਂ, ਘੁਟਾਲਿਆਂ,
ਟੋਲ ਟੈਕਸਾਂ, ਚੁੰਗੀਆਂ ਤੇ ਸਪੀਡ ਬਰੇਕਰਾਂ ਨੇ
ਦੇਸ਼ ਦੀ ਰਫ਼ਤਾਰ ਬਿਲਕੁਲ ਰੋਕ ਦਿੱਤੀ ਹੈ
ਤੇ ਇਸੇ ਕਰਕੇ ਨੌਜਵਾਨੀ ਨੂੰ
ਤੇਰੀ ਸੋਚ ਦੇ ਹਾਣ ਦਾ
ਹੋਣ ਦੀ ਲੋੜ ਅੱਜ ਵੀ ਹੈ
ਦੇਸ਼ ਦੀ ਵਾਗਡੋਰ ਸੰਭਾਲਣ ਲਈ
ਕਿਉਂਕਿ ਦੇਸ਼ ਦੇ ਰਖਵਾਲੇ ਹੁਣ
ਆਪਣੇ ਘਰਾਂ ਦੀ ਵਾਗਡੋਰ ਸੰਭਾਲਣਾ ਹੀ
ਆਪਣਾ ਫਰਜ਼ ਸਮਝਦੇ ਹਨ



ਬਲਜਿੰਦਰ ਸੰਘਾ

## ਤਿੰਨ ਪੈਸੇ ਦਾ ਰੰਗ ਲਿਆਵਾਂ

ਤਿੰਨ ਪੈਸੇ ਦਾ ਰੰਗ ਲਿਆਵਾਂ
ਦੋ ਪੈਸੇ ਦੀ ਅੱਟੀ
ਮੱਥੇ ਉਤੇ ਤਿਲਕ ਲਗਾਵਾਂ
ਧੋਤੀ ਪਹਿਨਾਂ ਖੱਟੀ
ਮੂੰਹ ਰੰਗ ਚੌਰਾਹੇ ਬੈਠਾਂ
ਸ਼ਾਮਲਾਤ ਜਾਂ ਹੱਟੀ
ਆਪੇ ਰਾਮ ਬਣਾ ਜਾਂ ਲਛਮਣ
ਪੂਜਣ ਜੱਟਾ ਜੱਟੀ
ਮੇਲੇ ਭੀੜਾਂ ਵਿਚ ਗੁਆਚਾਂ
ਦੌਲਤ ਹੋਏ ਇਕੱਠੀ
ਏਨੀ ਦੌਲਤ ਏਨੀ ਦੌਲਤ
ਜਿਉਂ ਪਾਰਸ ਦੀ ਵੱਟੀ
ਦਾਖ ਨਰੇਲ ਨਾਰੀਅਲ ਚੋਖਾ
ਤੇ ਦਾਰੂ ਦੀ ਮੱਟੀ
ਤਿੰਨ ਪੈਸੇ ਦਾ ਰੰਗ ਲਿਆਵਾਂ
ਦੋ ਪੈਸੇ ਦੀ ਅੱਟੀ

-ਲਾਲ ਸਿੰਘ ਦਿਲ

## ਪਤਾ ਨਹੀਂ ਗੁਰੂ ਜੀ

ਪਤਾ ਨਹੀਂ ਗੁਰੂ ਜੀ
ਤੁਹਾਡੀ ਮੌਜ ਸੀ ਕਿ ਮਜਬੂਰੀ
ਚਾਰ ਸਿੰਘ ਬੁਲਾ ਲੈਂਦੇ
ਗੈਰ ਮਜ਼ਹਬ ਗਨੀ ਨਬੀ ਖਾਨਾਂ ਨੂੰ
ਕਾਹਨੂੰ ਚੁਕਾ ਤੁਰੇ ਮੰਜੀ
ਜਿਸ ਤੇ ਆਪ ਦੀ ਪਾਵਨ ਹਜ਼ੂਰੀ
ਪਰ ਤੁਸੀਂ ਤਾਂ ਦਰਬਾਰ ਵਿੱਚ ਵੀ
ਵੰਨ ਸੁਵੱਨੇ ਕਵੀ ਕਵੀਸ਼ਰਾਂ ਨੂੰ
ਚਮਲਾਈ ਰਖਦੇ ਸੀ
ਏਧਰ ਉਧਰ ਦੇ ਗੈਰ ਮਜਹਬਾਂ ਨੂੰ ਵੀ
ਗਾਉਣ ਲਾਈ ਰੱਖਦੇ ਸੀ
ਪਰ ਸਾਡੀ ਮਰਿਆਦਾ ਪੱਕੀ
ਬੈਠ ਕੇ ਗੁਰੂ ਦੇ ਕੋਲ
ਗਾਉਣ ਲਈ ਬਾਣੀ ਦੇ ਬੋਲ
ਮਰਦਾਨੇ-ਪੁੱਤਰ ਹੱਥ ਰਬਾਬ ਨਹੀਂ
ਗਾਤਰੇ-ਕਿਰਪਾਨ ਜ਼ਰੂਰੀ
ਅਸੀਂ ਰਹਿਤ ਪੱਕੀ ਰੱਖਦੇ
ਰਹਿਤੀ ਹੱਥੋਂ ਹੀ ਛੱਕਦੇ
ਪੂਰਾ ਪਰਹੇਜ਼ ਕਰਦੇ ਹਾਂ
ਪਰ ਤੁਹਾਡੇ ਸਾਹਿਬਜਾਦਿਆਂ ਦਾ
ਲਿਹਾਜ਼ ਤੇ ਹੇਜ਼ ਕਰਦੇ ਹਾਂ
ਆਖਦੇ ਹਾਂ ਕਿ ਉਹਨਾਂ ਦੀ ਸਿੱਖੀ
ਵਜੀਦੇ ਦੇ ਦਰਬਾਰ ਵਿੱਚ
ਸਰਹੰਦ ਦੀ ਦੀਵਾਰ ਵਿੱਚ
ਵੀ ਨਹੀਂ ਸੀ ਟੁੱਟੀ
ਪਰ ਸੱਚ ਪੁਛੋ ਉਹ ਸਿੱਖੀ ਤਾਂ
ਠੰਡੇ ਬੁਰਜ ਵਿੱਚ ਹੀ
ਮੋਤੀ ਮਹਿਰੇ ਬੇਅਮ੍ਰਿਤੀਏ ਹੱਥੋਂ
ਦੁੱਧ ਪੀਣ ਨਾਲ ਗਈ ਸੀ ਭਿੱਟੀ
ਤੁਹਾਡੇ ਮੂੰਹ ਨੂੰ ਅਜਿਹਾ ਕਹਿਣ ਤੋਂ
ਗੁਰੇਜ ਕਰਦੇ ਹਾਂ
ਤੁਸੀਂ ਬੜੀ ਘੌਲ ਕੀਤੀ
ਅਸੀਂ ਮਰਿਆਦਾ ਅਨੁਸਾਰ
ਉਚੇਚੀ ਗੌਰ ਕੀਤੀ
ਮਾਤਾ ਗੁਜਰੀ ਦਾ ਨਾਂ ਗੁੱਜਰ ਕੌਰ ਕੀਤਾ
ਮਾਤਾ ਸੁੰਦਰੀ ਸੁੰਦਰ ਕੌਰ ਕੀਤੀ
ਗੁੱਸਾ ਨਾ ਕਰਨਾ
ਅਸੀਂ ਵਕਤ ਨੂੰ
ਪੁੱਠਾ ਗੇੜ ਚੜ੍ਹਾਉਣਾ ਹੈ
1699 ਨੂੰ ਧੱਕ ਕੇ
1469 ਤੇ ਪਹੁੰਚਾਉਣਾ ਹੈ
ਮਰਦਾਨੇ, ਰਾਏ ਬੁਲਾਰ, ਬਾਬੇ ਬੁੱਢੇ
ਮੀਆਂ ਮੀਰ, ਭਾਈ ਗੁਰਦਾਸ ਨੂੰ
ਗੁਰੂ ਵਾਲੇ ਬਣਾਉਣਾ ਹੈ
ਪਹਿਲਾਂ 24 ਸਾਲਾ ਵਕਫਾ ਮਿਟਾਵਾਂਗੇ
ਮਤੀ ਸਤੀ ਦਾਸ,
ਦਿਆਲੇ ਨੂੰ ਸਿੰਘ ਸਜਾਵਾਂਗੇ
ਬੁੱਧੂ ਸ਼ਾਹ, ਘਨੱਈਏ, ਟੋਡਰ ਮੱਲ,
ਨੂਰੇ ਮਾਹੀ ਦੀ ਵੀ
ਗੱਲ ਸਿਰੇ ਲਾ ਕੇ ਛੱਡਾਂਗੇ
ਭਾਈ ਨੰਦ ਲਾਲ ਸਣੇ 52 ਕਵੀਆਂ ਨੂੰ
ਅੰਮ੍ਰਿਤ ਛਕਾ ਕੇ ਛੱਡਾਂਗੇ
ਦੇਖੀਂ, ਪੰਥ ਤੇਰੇ ਦੀਆਂ ਗੂੰਜਾਂ

-ਜਸਵੰਤ ਜ਼ਫ਼ਰ

## ਔਰਤ ਦਾ ਦਿਲ

ਔਰਤ ਦਾ ਦਿਲ
ਮੈਨੂੰ ਪਾਣ ਲਈ
ਉਹ ਮੇਰੇ ਹੁਸਨ ਦੀਆਂ ਸਿਫ਼ਤਾਂ
ਕਰਦਾ ਨਹੀਂ ਸੀ ਥੱਕਦਾ।
ਕਦੇ ਉਹ ਮੇਰੇ ਲਈ
ਅਰਸ਼ੋਂ ਤਾਰੇ
ਤੋੜਨ ਦੀ ਗੱਲ ਕਰਦਾ,
ਕਦੇ ਉਹ ਮੇਰੇ ਲਈ
ਇਸ ਸਮਾਜ ਨੂੰ
ਠੋਕਰ ਮਾਰਨ ਦੀ ਗੱਲ ਕਰਦਾ
ਤੇ ਕਦੇ ਉਹ ਮੇਰੇ ਤੋਂ
ਜਾਨ ਨਿਛਾਵਰ ਕਰਨ ਦੀ
ਗੱਲ ਕਰਦਾ
ਪਰ ਮੈਨੂੰ ਪਾਣ ਪਿੱਛੋਂ
ਉਹ ਸਭ ਕੁਝ ਭੁੱਲ ਗਿਆ
ਕਿਉਂ ਕਿ ਹੁਣ ਉਹ
ਮੇਰੇ ਤਨ ਨਾਲ
ਮਨ ਆਈਆਂ ਕਰ ਸਕਦਾ ਸੀ
ਪਰ ਉਸ ਨੂੰ ਸ਼ਾਇਦ ਪਤਾ ਨਹੀਂ ਸੀ
ਕਿ ਔਰਤ ਵਿੱਚ
ਇਕ ਦਿਲ ਵੀ ਹੁੰਦਾ ਹੈ
ਜੋ ਉਸ ਦਾ ਹੀ ਹੁੰਦਾ ਹੈ
ਜਿਸ ਨੂੰ ਉਹ
ਦੇਣ ਦੀ ਇੱਛਾ ਰੱਖਦੀ ਹੈ।

ਮਹਿੰਦਰ ਸਿੰਘ ਮਾਨ
9915803554

## ਡਰ ਲਗਦਾ ਹੈ

ਜ਼ੁਲਮ ਵਿਰੁੱਧ ਬੋਲਾਂ ਤਾਂ
ਨਿਜ਼ਾਮ ਤੋਂ ਡਰ ਲਗਦਾ ਹੈ।
ਚੁੱਪ ਕਰਕੇ ਘਰ ਬੈਠਾਂ
ਤਾਂ ਖ਼ੁਦ ਤੋਂ ਡਰ ਲਗਦਾ ਹੈ।

ਰੰਗ-ਬਰੰਗੇ ਫੁੱਲਾਂ ਨਾਲ
ਸਜਿਆ ਹੈ ਚਮਨ ਮੇਰਾ,
ਪਰ ਇਸ ਦੇ ਫੁੱਲਾਂ ਨੂੰ
ਮਾਲੀ ਤੋਂ ਡਰ ਲਗਦਾ ਹੈ।

ਜ਼ਮੀਰ ਮਾਰ ਕੇ ਜੋ ਸਾਮਰਾਜੀਆਂ ਦਾ
ਦਮ ਭਰਦੇ ਨੇ,
ਮੈਨੂੰ ਨਕਲੀ ਰਾਸ਼ਟਰਵਾਦੀਆਂ
ਤੋਂ ਡਰ ਲਗਦਾ ਹੈ।

ਜੰਗਲ, ਪਹਾੜ ਖਾ ਗਿਆ
ਸਾਗਰ ਪਲੀਤ ਕਰ ਗਿਆ,
ਮੈਨੂੰ ਦੁਨੀਆ ਦੇ ਐਸੇ
ਵਿਕਾਸ ਤੋਂ ਡਰ ਲਗਦਾ ਹੈ।

ਮਜ਼ਹਬ ਤਾਂ ਨਹੀਂ ਸਿਖਾਉਂਦੇ
ਆਪਸ 'ਚ ਵੈਰ ਰੱਖਣਾ,
ਪਰ ਮੈਨੂੰ ਮਜ਼ਹਬਾਂ ਦੇ ਠੇਕੇਦਾਰਾਂ
ਤੋਂ ਡਰ ਲਗਦਾ ਹੈ।

-ਸਤਨਾਮ ਸਿੰਘ ਮਾਣਕ

## ਚੁੱਪ ਬਨਾਮ ਸੱਤ੍ਹਾ

ਚੁੱਪ ਅਸ਼ਬਦ, ਅਬੋਲ, ਅਲਫ਼ਜ਼ ਬੇਜਾਨ ਨਹੀਂ
ਇਹ ਪੁੱਛਾਂ-ਦੱਸਾਂ ਦੇ, ਸੁਆਲਾਂ-ਜੁਆਬਾਂ ਦੇ
ਕਸ਼ਮਕਸ਼ ਦਾ ਅੰਦਰੇ-ਅੰਦਰ ਧਦਕਦਾ ਹੈ ਲਾਵਾ,
ਖ਼ਾਮੋਸ਼ੀ ਮਹਿਜ਼ ਇੱਕ ਓਹਲਾ, ਇੱਕ ਓਟਾ ਜਿਹਾ।

ਸੱਤ੍ਹਾ ਤੇ ਕਾਬਜ਼ ਗਲੋਬਲੀ ਸੱਤ੍ਹਾ
ਥਾਵਾਂ, ਗਰਾਵਾਂ, ਸ਼ਹਿਰਾਂ ਦੇਸ਼ਾਂ ਨੂੰ
ਡਰਾਉਂਦੀ ਧਮਕਾਉਂਦੀ ਇਹ ਸੱਤ੍ਹਾ,
ਮਾੜੇ ਨੂੰ ਡਰਾ, ਤਕੜੇ ਨੂੰ ਨਾਲ ਰਲਾ
ਨਵੇਕਲਾ ਵਰਗੀਕਰਨ ਸਜਾਉਂਦੀ ਸੱਤ੍ਹਾ,
ਹਿੱਕ ਸਾਗਰ ਦੀ ਚੀਰਦੇ ਜੰਗੀ ਬੇੜਿਆਂ ਦੀ ਸੱਤ੍ਹਾ
ਟੈਰਿਫ਼ਾਂ, ਐਪਸਟੀਨਾਂ, ਗੇਟਾਂ, ਸੇਠਾਂ ਦੀ ਸੱਤ੍ਹਾ
ਹਿੱਕ ਤੇ ਗੋਡਾ ਰੱਖ ਡਰਾਉਂਦੀ ਇਹ ਸੱਤ੍ਹਾ।

ਹੁਣ ਚੁੱਪ ਦਾ ਓਟਾ ਹਟਾਉਣ ਦਾ ਵੇਲਾ
ਪੁੱਛਣ-ਦੱਸਣ, ਸੁਆਲ-ਜੁਆਬ ਦਾ ਵੇਲਾ
ਹੁਣ ਤੇ ਕੇਵਲ ਹੁਣ, ਜਾਂ ਫਿਰ ਕਦੇ ਨਹੀਂ...

ਹੱਥਕੜੀਆਂ, ਬੇੜੀਆਂ ਨਾਲ ਦੇਸ਼ ਨਿਕਾਲਾ ਕਿਉਂ?
ਭੁੱਲ ਗਏ ਅਤੀਤ ਕਿ ਆਏ ਤਾਂ ਤੁਸੀਂ ਵੀ ਸੀ
ਕੀ ਮੱਲਿਆ ਨਹੀਂ ਸੀ ਧੱਕੇ ਨਾਲ ਇਹ ਥਾਂ?
ਇੰਜ ਹੀ ਤਾਂ ਬਣੇ ਸੀ ਤੁਸੀਂ ਵੀ ਬਾਸ਼ਿੰਦੇ
ਫਿਰ ਸਾਡੇ ਲਈ ਕਿਉਂ ਨਹੀਂ ਇੱਥੇ ਥਾਂ?
ਤੁਹਾਨੂੰ ਹੱਕ-ਸਹੂਲਤਾਂ ਤੇ ਸਾਡੇ ਲਈ ਰਿਫਰੈਂਡਮ
ਭਲਾ ਦੱਸੋ ਖਾਂ ਸਾਨੂੰ ਸੱਦਿਆ ਗਿਆ ਸੀ ਕਿਉਂ?
ਅਸੀਂ ਕਿਰਤੀ, ਕਾਮੇ, ਮਿਹਨਤਕਸ਼
ਧਰਤੀ ਦੀ ਹਿੱਕ ਫਰੋਲ ਉਗਾਉਂਦੇ ਅੰਨ
ਉਪਜਾਉਂਦੇ ਖਣਿਜ ਵੰਨ-ਸੁਵੰਨ,
ਅਸੀਂ ਕਾਰਖਾਨਿਆਂ ਦੀ ਘੂੰ ਘੂੰ
ਅਸੀਂ ਦਫ਼ਤਰਾਂ ਦੀ ਚਹਿਲ ਪਹਿਲ
ਫਿਰ ਵੀ ਅੱਧ-ਰੱਜੇ, ਅੱਧ-ਕੱਜੇ, ਛੱਤਹੀਣ,
ਤੁਸੀਂ ਖਾਂਦੇ ਉਡਾਉਂਦੇ, ਮਹਿਲਾਂ ਦੇ ਵਾਸੀ
ਸਾਡੇ ਹਿੱਸੇ ਆਉਂਦੀ ਹੈ ਰੋਟੀ ਬਾਸੀ
ਇਹ ਵਿਤਕਰਾ, ਚਲਾਕੀਆਂ, ਚਾਲਬਾਜ਼ੀਆਂ
ਮਹਿੰਗੀ ਹੈ ਰੋਟੀ, ਕਿਉਂ ਟੈਕਨਾਲੋਜੀ ਸਸਤੀ?

ਦੁਨੀਆਂ ਭਰ ਦੇ ਮਿਹਨਤਕਸ਼ੋ!
ਉਠੋ! ਹੈ ਹੁਣ ਉੱਠਣ ਦਾ ਵੇਲਾ
ਨਹੀਂ ਡਰ ਅੰਦਰ ਬਹਿਣ ਦਾ ਵੇਲਾ,
ਚੁੱਪ ਦਾ ਲਬਾਦਾ ਹਟਾਉਣ ਦਾ ਵੇਲਾ
ਸੱਤ੍ਹਾ ਨਾਲ ਮੱਥਾ ਲਾਉਣ ਦਾ ਵੇਲਾ,
ਦਹਿਸ਼ਤ ਦਾ ਜ਼ਹਿਰ ਥੁੱਕਣ ਦਾ ਵੇਲਾ
ਡੱਟ ਖੜੋ, 'ਕੱਠੇ ਹੋ ਬੁੱਕਣ ਦਾ ਵੇਲਾ,
ਹੁਣ ਤੇ ਕੇਵਲ ਹੁਣ, ਜਾਂ ਫਿਰ ਕਦੇ ਨਹੀਂ...

ਸੁਣੋ ਓ ਸੱਤਾਧਾਰੀਓ!
ਚੁੱਪ ਦਾ ਇਹ ਓਹਲਾ ਜਦ ਹਟ ਗਿਆ
ਅੰਦਰ ਧਦਕਦਾ ਲਾਵਾ ਜਦ ਫਟ ਗਿਆ
ਅੱਗ ਦੇ ਇਹ ਅਲੰਬੇ ਭਸਮ ਕਰ ਦੇਣਗੇ
ਲੋਕਾਂ ਨੂੰ ਟਿੱਚ ਸਮਝਣ ਵਾਲਿਓ
ਇਹ ਤੁਹਾਨੂੰ ਜਿੱਚ ਕਰ ਦੇਣਗੇ।
ਸੰਭਲੋ! ਹੈ ਸੰਭਲਣ ਦਾ ਵੇਲਾ
ਹੁਣ ਤੇ ਕੇਵਲ ਹੁਣ, ਜਾਂ ਫਿਰ ਕਦੇ ਨਹੀਂ..

ਗੁਰਚਰਨ ਕੌਰ ਥਿੰਦ
403-402-9635

## ਜਾਗੋ !

ਉਹ ਕਹਿੰਦੇ ਨੇ
ਜਾਗੋ!
ਮੈਂ ਕਰ ਦਿੰਦਾ ਹਾਂ
ਅਣਸੁਣਿਆ
ਉਹ ਫਿਰ ਕਹਿੰਦੇ ਨੇ
ਜਾਗੋ!
ਮੈਂ ਫਿਰ ਵੀ
ਰਹਿੰਦਾ ਹਾਂ
ਖਾਮੋਸ਼

ਪਹਿਲਾਂ ਉਹ
ਆਉਂਦੇ ਸਨ
ਇੱਕਾ-ਦੁੱਕਾ
ਹੁਣ ਆਉਂਦੇ ਨੇ
ਝੁੰਡ ਬਣਾਕੇ
ਤੇ ਜੋਰ ਨਾਲ
ਕਹਿੰਦੇ ਨੇ
ਜਾਗੋ! ਜਾਗੋ!

ਉਨ੍ਹਾਂ ਦੀ ਆਵਾਜ਼
ਹੁੰਦੀ ਜਾਂਦੀ ਹੈ
ਹੋਰ ਤੇਜ
ਹੋਰ ਤੇਜ

ਉਹ
ਘੇਰ ਕੇ
ਸੁਰ ਮਿਲਾਕੇ
ਕਹਿੰਦੇ ਨੇ
ਜਾਗੋ !ਜਾਗੋ!
ਅਸੀਂ ਖ਼ਤਰੇ 'ਚ ਹਾਂ
ਆਪਾਂ ਸਾਰੇ
ਖ਼ਤਰੇ 'ਚ ਹਾਂ
ਵਧਦਾ ਜਾ ਰਿਹਾ ਹੈ
ਖ਼ਤਰਾ

ਮੈਂ ਪੁਛਦਾ ਹਾਂ
ਕਿੱਥੇ ਹੈ ਖ਼ਤਰਾ?
ਕਿਹੜਾ ਖ਼ਤਰਾ?

ਉਹ
ਦਿਖਾਉਂਦੇ ਨੇ
ਇੱਕ ਤਸਵੀਰ
ਮੈ
ਕਹਿੰਦਾ ਹਾਂ
ਇਹ ਚਿਹਰਾ ਤਾਂ
ਮੇਰੇ
ਗੁਆਂਢੀ ਦਾ ਹੈ

ਉਹ
ਕਹਿੰਦੇ ਨੇ
ਹੈਰਾਨੀ ਦੀ ਗੱਲ ਐ
ਤੁਸੀਂ
ਅਜੇ ਤੱਕ ਨਹੀਂ ਜਾਗੇ
ਖ਼ਤਰਾ
ਇੰਨਾ ਨੇੜੇ ਹੁੰਦੇ ਹੋਏ ਵੀ

ਮੈਂ
ਕਹਿੰਦਾ ਹਾਂ
ਮੈਂ ਪੂਰੀ ਤਰ੍ਹਾਂ
ਚੌਂਕਸ ਹਾਂ

ਮੈਂ ਜਾਣਦਾ ਹਾਂ
ਬਚਪਨ ਤੋਂ
ਆਪਣੇ ਗੁਆਂਢੀ ਨੂੰ
ਮੈਂ ਸਭ ਜਾਣੂੰ ਹਾਂ
ਉਸ ਬਾਰੇ
ਮੈਨੂੰ ਗਿਆਨ ਹੈ
ਦੇਸ਼-ਦੁਨੀਆਂ ਦਾ
ਮੈਨੂੰ ਧਿਆਨ ਹੈ
ਸਭ ਦਿਸ਼ਾਵਾਂ ਦਾ
ਮੈਨੂੰ ਪਤਾ ਹੈ
ਕਿੱਧਰ ਲਿਜਾਂਦਾ ਹੈ
ਕਿਹੜਾ ਰਸਤਾ

ਉਹ ਕਹਿੰਦੇ ਨੇ
ਨਹੀਂ
ਤੁਸੀਂ ਜਾਗੇ ਨਹੀਂ ਹੋ
ਅਜੇ

ਤਰਕ ਤੇ ਵਿਚਾਰ
ਖਿਚਦੇ ਰਹਿੰਦੇ ਨੇ
ਤੁਹਾਨੂੰ
ਤੁਸੀਂ ਉਲਝ ਜਾਂਦੇ ਹੋ
ਬਹਿਸ 'ਚ
ਪੈ ਜਾਂਦੇ ਹੋ
ਦੁਵਿਧਾ 'ਚ
ਡਰ ਜਾਂਦੇ ਹੋ
ਦੇਖ ਕੇ
ਇਨਸਾਨੀ ਖ਼ੂਨ

ਜਾਗੋ!

ਮੈਂ ਕਹਿੰਦਾ ਹਾਂ
ਜਾਗਣ ਤੋਂ ਕੀ ਭਾਵ ਹੈ?
ਕੋਈ ਹੈ
ਜਿਸਨੂੰ ਜਾਗਿਆ ਹੋਇਆ
ਕਹਿ ਸਕੀਏ?

ਉਹ ਇਸ਼ਾਰਾ ਕਰਦੇ ਨੇ
ਇੱਕ ਭੀੜ ਵੱਲ
ਮੈਂ ਦੇਖਦਾ ਹਾਂ
ਭੀੜ ਵੱਲ ਜਾਕੇ

ਸਭਦੇ ਹੱਥ 'ਚ ਹੈ
ਕੋਈ ਨਾ ਕੋਈ
ਹਥਿਆਰ
ਕਿਸੇ-ਕਿਸੇ ਦੇ ਹੱਥ 'ਚ
ਹੈ ਅਖ਼ਬਾਰ

ਸਭ ਦੀਆਂ ਅੱਖਾਂ 'ਚ
ਹਨ ਚਿੰਗਿਆਰੀਆਂ
ਚਿਹਰੇ 'ਤੇ
ਨਫ਼ਰਤ ਦਾ ਨਸ਼ਾ
ਮੁੱਠੀਆਂ
ਕਸੀਆਂ ਹੋਈਆਂ
ਇਸ ਅੰਦਾਜ਼ 'ਚ
ਜਾਣੋ
ਧੌਣ ਦਬੋਚ ਰੱਖੀ ਹੋਵੇ
ਉਨ੍ਹਾਂ ਨੇ
ਕਿਸੇ ਦੁਸ਼ਮਣ ਦੀ

ਉਹ ਜੋਰ ਜੋਰ ਦੀ
ਲਗਾ ਰਹੇ ਨੇ ਨਾਹਰੇ
ਆਪਣੇ
ਗੁਆਂਢੀਆਂ ਦੇ ਖ਼ਿਲਾਫ਼

ਮਿੱਤਰੋ!
ਜੇ ਇਹੀ ਅਰਥ ਹੈ
ਜਾਗਣ ਦਾ
ਤਾਂ ਮੈਂ ਇੱਕ ਵਾਰ
ਫਿਰ ਤੋਂ ਕਹਿੰਦਾ ਹਾਂ

ਮੈਂ ਨਹੀਂ ਹਾਂ
ਜਾਗਿਆ ਹੋਇਆ
ਨਾ ਮੈਂ
ਜਾਗਣਾ ਹੈ

ਮੂਲ: ਰਾਜੇਂਦਰ ਰਾਜਨ
ਅਨੁਵਾਦ : ਯਸ਼ ਪਾਲ
(98145 35005)

ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਅਨੁਵਾਦਕ ਇਨਕਲਾਬੀ, ਤਰਕਸ਼ੀਲ, ਵਿਗਿਆਨਕ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ ਸਿੰਘ 403-455-4220,
ਟੋਰਾਂਟੋ : ਹਰਬੰਸ ਸਿੰਘ 416-817-7142,
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਕਾਕੋਰੀ ਦੇ ਸ਼ਹੀਦਾਂ ਦੇ ਬੁੱਤ ਫਿਰ ਉੱਠ ਖੜ੍ਹੇ ਹੋਏ

## *ਸਾਡੇ ਵਿੱਚ ਕੁੱਝ ਅਜਿਹਾ ਹੈ ਜੋ ਇਹ ਯਕੀਨੀ ਬਣਾਉਂਦਾ ਹੈ ਕਿ ਸਾਡੀ ਹੋਂਦ ਕਦੇ ਵੀ ਮਿਟ ਨਾ ਜਾਵੇ*








ਸੱਤਾ ਦੀ ਬੇਸ਼ਰਮੀ ਵਾਲੀ ਰਾਜਨੀਤੀ ਅਤੇ ਸਰਕਾਰੀ ਨੌਕਰਸ਼ਾਹੀ ਮਸ਼ੀਨਰੀ ਦੀਆਂ ਚਾਲਾਂ ਦੁਆਰਾ ਕੀਤੇ ਗਏ 'ਚਮਤਕਾਰ' ਨੂੰ ਵੇਖੋ: ਸ਼ਾਹਜਹਾਂਪੁਰ ਦੀ ਧਰਤੀ 'ਤੇ ਅਮਰ ਕਾਕੋਰੀ ਸ਼ਹੀਦਾਂ-ਰਾਮ ਪ੍ਰਸਾਦ ਬਿਸਮਿਲ, ਅਸ਼ਫਾਕੁੱਲਾ ਖਾਨ ਅਤੇ ਰੋਸ਼ਨ ਸਿੰਘ ਦੇ ਬੁੱਤ ਖੜ੍ਹੇ ਹਨ। ਇਹ ਉਹੀ ਆਦਮੀ ਸਨ ਜਿਨ੍ਹਾਂ ਨੂੰ ਬ੍ਰਿਟਿਸ਼ ਸਾਮਰਾਜਵਾਦ ਨੇ 19 ਦਸੰਬਰ, 1927 ਨੂੰ ਫ਼ਾਂਸੀ ਦੇ ਤਖ਼ਤੇ 'ਤੇ ਭੇਜ ਕੇ ਗੁਮਨਾਮੀ ਵਿੱਚ ਭੇਜਣ ਦੀ ਉਮੀਦ ਕੀਤੀ ਸੀ -ਇੱਕ ਸੁਪਨਾ ਜੋ ਅੰਤ ਵਿੱਚ 15 ਅਗਸਤ, 1947 ਦੀ ਸਵੇਰ ਨੂੰ ਭਾਰਤ ਦੀ ਆਜ਼ਾਦੀ ਦੇ ਸਵੇਰ ਦੇ ਨਾਲ ਚਕਨਾਚੂਰ ਹੋ ਗਿਆ। ਅਸੀਂ ਇੱਕ ਆਜ਼ਾਦ ਰਾਸ਼ਟਰ ਬਣ ਗਏ।

ਅਤੇ ਫਿਰ, 23 ਮਾਰਚ, 2026 ਦੀ ਰਾਤ ਨੂੰ -1972 ਵਿੱਚ ਆਜ਼ਾਦੀ ਦੇ ਸਿਲਵਰ ਜੁਬਲੀ ਸਾਲ ਦੌਰਾਨ ਇਸ ਸ਼ਹਿਰ ਦੀ ਧਰਤੀ 'ਤੇ ਉਨ੍ਹਾਂ ਦੇ ਬੇਜਾਨ ਬੁੱਤਾਂ ਨੂੰ ਪਹਿਲੀ ਵਾਰ ਸਥਾਪਿਤ ਕੀਤੇ ਜਾਣ ਤੋਂ ਕਈ ਦਹਾਕਿਆਂ ਬਾਅਦ-ਪ੍ਰਸ਼ਾਸਨ ਨੇ 'ਬੁਲਡੋਜ਼ਰ ਸ਼ਕਤੀ' ਦੇ ਇੱਕ ਬੇਰਹਿਮ, ਅੰਨ੍ਹੇ ਅਤੇ ਅਸੰਵੇਦਨਸ਼ੀਲ ਪ੍ਰਦਰਸ਼ਨ ਵਿੱਚ, ਉਨ੍ਹਾਂ ਨੂੰ ਆਪਣੇ ਤਿੱਖੇ ਪੰਜਿਆਂ ਨਾਲ ਇੱਕ ਵਾਰ ਫਿਰ ਜ਼ਮੀਨ 'ਤੇ ਢਾਹ ਦੇਣ ਦੀ ਇੱਕ ਗੁਪਤ ਸਾਜ਼ਿਸ਼ ਰਚੀ। ਫਿਰ ਵੀ, ਤਬਾਹੀ ਦਾ ਇਹ ਅਸਫ਼ਲ 'ਨਾਟਕ' ਸਿਰਫ਼ ਕੁੱਝ (ਚਾਰ) ਦਿਨਾਂ ਦੇ ਅੰਦਰ ਪੂਰੀ ਤਰ੍ਹਾਂ ਢਾਹ ਦਿੱਤਾ ਗਿਆ, ਜਿਸ ਨਾਲ ਅਧਿਕਾਰੀਆਂ ਨੂੰ ਸ਼ਹੀਦਾਂ ਨੂੰ ਉਨ੍ਹਾਂ ਦੀ ਆਪਣੀ ਜੱਦੀ ਧਰਤੀ 'ਤੇ ਬਹਾਲ ਕਰਨ ਲਈ ਮਜ਼ਬੂਰ ਹੋਣਾ ਪਿਆ।

**ਕਾਕੋਰੀ ਸ਼ਹੀਦਾਂ ਦੇ ਮਲਬੇ ਨੇ ਆਪਣੀ ਆਵਾਜ਼ ਲੱਭੀ** : ਸੱਚ ਵਿੱਚ, ਜਦੋਂ ਇਨ੍ਹਾਂ ਕਾਕੋਰੀ ਸ਼ਹੀਦਾਂ ਦੇ ਬੁੱਤਾਂ ਨੂੰ ਬੁਲਡੋਜ਼ਰਾਂ ਦੁਆਰਾ ਢਾਹ ਦਿੱਤਾ ਗਿਆ, ਮਲਬੇ ਵਿੱਚ ਬਦਲ ਦਿੱਤਾ ਗਿਆ ਅਤੇ ਉਨ੍ਹਾਂ ਦੇ ਅਵਸ਼ੇਸ਼-ਜਾਂ 'ਮਲਬਾ,' ਜਿਵੇਂ ਕਿ ਪ੍ਰਸ਼ਾਸਨ ਨੇ ਇਸਨੂੰ ਕਿਹਾ ਸੀ-ਨੂੰ ਸ਼ਹਿਰ ਤੋਂ ਬਾਹਰ ਕਿਸੇ ਜਗ੍ਹਾ 'ਤੇ ਬੇਰਹਿਮੀ ਨਾਲ ਸੁੱਟ ਦਿੱਤਾ ਗਿਆ, ਤਾਂ ਜਨਤਾ ਨੂੰ ਅਗਲੀ ਸਵੇਰ ਹੀ ਅਧਿਕਾਰੀਆਂ ਦੇ ਇਸ 'ਇਨਕਲਾਬੀ ਕਾਰਨਾਮੇ' ਬਾਰੇ ਪਤਾ ਲੱਗਾ। ਖੁਸ਼ਕਿਸਮਤੀ ਨਾਲ, ਅਸੀਂ ਵੀ ਸਮੇਂ ਸਿਰ ਜਾਗ ਪਏ।

ਸ਼ਹਿਰਾਂ ਅਤੇ ਕਸਬਿਆਂ ਵਿੱਚ, ਲੋਕ ਵਿਰੋਧ ਵਿੱਚ ਉੱਠੇ। ਸਿਰਫ਼ ਸ਼ਾਹਜਹਾਂਪੁਰ ਵਿੱਚ ਹੀ ਨਹੀਂ, ਸਗੋਂ ਇਲਾਹਾਬਾਦ, ਲਖੀਮਪੁਰ ਖੇੜੀ, ਲਖਨਊ, ਸੰਗਰੂਰ, ਜਲੰਧਰ, ਬਰੇਲੀ, ਰੁਦਰਪੁਰ, ਮੇਰਠ, ਮੁਰਾਦਾਬਾਦ, ਉਦੈਪੁਰ ਅਤੇ ਦੇਸ਼ ਦੇ ਕਈ ਹੋਰ ਦੂਰ-ਦੁਰਾਡੇ ਕੋਨਿਆਂ ਵਿੱਚ, ਇੱਕਜੁੱਟ ਹੋ ਕੇ ਆਵਾਜ਼ਾਂ ਉੱਠੀਆਂ—'ਕਾਕੋਰੀ ਦੇ ਸ਼ਹੀਦ ਜ਼ਿੰਦਾਬਾਦ!', 'ਉੱਤਰ ਪ੍ਰਦੇਸ਼ ਸਰਕਾਰ ਮੁਰਦਾਬਾਦ!', 'ਜ਼ਿਲ੍ਹਾ ਪ੍ਰਸ਼ਾਸਨ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਸ਼ਰਮ ਆਵੇ!'

ਇਹ ਆਵਾਜ਼ਾਂ ਹਰ ਗਲੇ ਤੋਂ ਨਿਕਲ ਰਹੀਆਂ ਸਨ, ਸਿਵਾਏ ਸ਼ਾਸਨ ਦੇ ਚਾਪਲੂਸਾਂ ਦੇ। ਇਸ ਨਾਅਰੇ ਦੀ ਗੂੰਜ ਵਿਦੇਸ਼ੀ ਕਿਨਾਰਿਆਂ ਤੱਕ ਵੀ ਪਹੁੰਚ ਗਈ-ਕੈਨੇਡਾ, ਕੈਲੀਫੋਰਨੀਆ, ਜਰਮਨੀ, ਅਤੇ ਲਾਹੌਰ ਤੱਕ।

**ਸ਼ਹੀਦ ਇੱਕ ਬੇਲਗਾਮ ਸਿਸਟਮ ਦੇ ਦਿਲ 'ਤੇ ਵਾਰ ਕਰਦੇ ਰਹਿਣਗੇ**

ਪ੍ਰਸ਼ਾਸਨ, ਜਿਵੇਂ ਨੀਂਦ ਤੋਂ ਜਾਗਿਆ ਹੋਵੇ, ਪੂਰੀ ਤਰ੍ਹਾਂ ਬੇਚੈਨ ਜਾਪਦਾ ਸੀ। ਆਪ-ਘੋਸ਼ਿਤ ਜ਼ਿਲ੍ਹਾ ਮੈਜਿਸਟ੍ਰੇਟ, ਘਬਰਾਹਟ ਦੀ ਸਥਿਤੀ ਵਿੱਚ, ਗਲਤੀ ਨਾਲ ਜ਼ਿਲ੍ਹੇ ਦੇ ਕਾਕੋਰੀ ਸ਼ਹੀਦਾਂ ਦੀ ਗਿਣਤੀ ਤਿੰਨ ਤੋਂ ਵਧਾ ਕੇ ਚਾਰ ਕਰ ਰਿਹਾ ਸੀ; ਮਾਣਯੋਗ ਮੇਅਰ ਨੇ ਪੂਰੀ ਤਰ੍ਹਾਂ ਅਣਜਾਣਤਾ ਦਾ ਦਾਅਵਾ ਕਰਦੇ ਹੋਏ ਕਿਹਾ ਕਿ ਉਹ ਆਪਣੇ ਨਵਰਾਤਰੀ ਵਰਤ ਵਿੱਚ ਪੂਰੀ ਤਰ੍ਹਾਂ ਡੁੱਬੀ ਹੋਈ ਸੀ; ਨਗਰ ਨਿਗਮ ਕਮਿਸ਼ਨਰ ਵੀ ਆਪਣੀ ਜਲਦਬਾਜ਼ੀ ਵਿੱਚ ਕਿਸੇ ਵੀ ਜ਼ਿੰਮੇਵਾਰੀ ਤੋਂ ਪੂਰੀ ਤਰ੍ਹਾਂ ਹੱਥ ਧੋ ਰਿਹਾ ਸੀ; ਅਤੇ ਜਿੱਥੋਂ ਤੱਕ ਰਾਜ ਸਰਕਾਰ ਵਿੱਚ ਸ਼ਹਿਰ ਦੇ ਪ੍ਰਤੀਨਿਧੀ-ਇੱਕ ਕੈਬਨਿਟ ਮੰਤਰੀ-ਦਾ ਸਵਾਲ ਹੈ, ਇਹ ਇਸ ਤਰ੍ਹਾਂ ਸੀ ਜਿਵੇਂ ਉਸਦੇ ਮੂੰਹ 'ਤੇ ਇੱਕ ਮਜ਼ਬੂਤ ਚਿਪਕਣ ਵਾਲੀ ਟੇਪ ਲਗਾਈ ਗਈ ਹੋਵੇ।

ਵਿਸ਼ੇਸ਼ ਤੌਰ 'ਤੇ, ਜਦੋਂ ਅਧਿਕਾਰੀ ਠੇਕੇਦਾਰ 'ਤੇ ਦੋਸ਼ ਮੜ੍ਹਨ ਵਿੱਚ ਰੁੱਝੇ ਹੋਏ ਸਨ, ਤਾਂ ਠੇਕੇਦਾਰ, ਬਦਲੇ ਵਿੱਚ, ਮਜ਼ਦੂਰਾਂ ਨਾਲ ਦੋਸ਼ੀਆਂ ਵਾਂਗ ਪੇਸ਼ ਆ ਰਿਹਾ ਸੀ। ਮੈਂ ਟਿੱਪਣੀ ਕੀਤੀ ਕਿ, ਸ਼ਾਇਦ, ਇਸ ਪੂਰੇ ਘਟਨਾਕ੍ਰਮ ਦਾ ਅਸਲ ਦੋਸ਼ੀ ਕੋਈ ਹੋਰ ਨਹੀਂ ਸਗੋਂ ਬੁਲਡੋਜ਼ਰ ਸੀ-ਜੋ ਕਿ ਰਾਤ ਦੇ ਹਨੇਰੇ ਵਿੱਚ, ਸ਼ਹੀਦਾਂ ਦੇ ਬੁੱਤਾਂ ਨੂੰ ਢਾਹੁਣ ਲਈ ਆਪਣੀ ਮਰਜ਼ੀ ਨਾਲ ਚੱਲਿਆ ਸੀ।

**ਸ਼ਹੀਦਾਂ ਦਾ ਵਿਸਥਾਪਨ ਅਸੰਭਵ ਹੈ**

25 ਮਾਰਚ ਦੀ ਦੁਪਹਿਰ ਨੂੰ, ਸ਼ਹਿਰ ਵਿੱਚ ਸਾਡੀ ਨਿਰਧਾਰਤ ਪ੍ਰੈਸ ਕਾਨਫਰੰਸ ਤੋਂ ਪਹਿਲਾਂ, ਨਗਰ ਨਿਗਮ ਕਮਿਸ਼ਨਰ ਨੇ ਮੀਟਿੰਗ ਦੀ ਬੇਨਤੀ ਕਰਨ ਲਈ ਬੁਲਾਇਆ, ਇਹ ਕਹਿੰਦੇ ਹੋਏ ਕਿ ਉਹ ਨਿੱਜੀ ਤੌਰ 'ਤੇ ਕਿਸੇ ਮਾਮਲੇ 'ਤੇ ਚਰਚਾ ਕਰਨਾ ਚਾਹੁੰਦੇ ਹਨ। ਮੈਂ ਦੋ ਘੰਟੇ ਬਾਅਦ ਸਮਾਂ ਨਿਰਧਾਰਤ ਕੀਤਾ। ਉਹ ਮੀਟਿੰਗ ਲਈ ਹੋਟਲ ਪਹੁੰਚੇ; ਹਾਲਾਂਕਿ, ਇਹ ਵੀ ਸੱਚ ਹੈ ਕਿ-ਵਧਦੇ ਜਨਤਕ ਰੋਸ ਦੇ ਵਿਚਕਾਰ-ਪ੍ਰਸ਼ਾਸਨ ਪਹਿਲਾਂ ਹੀ, ਤਿੰਨ ਦਿਨਾਂ ਦੇ ਅੰਦਰ, ਗੁਪਤ ਰੂਪ ਵਿੱਚ ਇੱਕ ਫ਼ੈਸਲੇ 'ਤੇ ਪਹੁੰਚ ਗਿਆ ਸੀ: ਸ਼ਹੀਦਾਂ ਦੇ ਬੁੱਤਾਂ ਦੇ ਟੁੱਟੇ ਹੋਏ ਟੁਕੜਿਆਂ ਨੂੰ ਇਕੱਠਾ ਕਰਨਾ, ਉਨ੍ਹਾਂ ਨੂੰ ਤਾਜ਼ਾ ਪੇਂਟ ਨਾਲ ਛੂਹਣਾ, ਅਤੇ ਉਨ੍ਹਾਂ ਨੂੰ ਬਹਾਲ ਕਰਨਾ। ਇਹੀ ਉਹੀ ਹੈ ਜੋ ਉਸਨੇ ਮੈਨੂੰ ਦੱਸਿਆ। ਉਸਨੇ ਅੱਗੇ ਆਪਣਾ ਡੂੰਘਾ ਅਫ਼ਸੋਸ ਅਤੇ ਸ਼ਰਮ ਪ੍ਰਗਟ ਕੀਤੀ ਕਿ ਇਸ ਤਰ੍ਹਾਂ ਦੇ ਦਾਗ਼ ਨੇ ਉਸਦੇ ਕਾਰਜਕਾਲ ਨੂੰ ਦਾਗ਼ਦਾਰ ਕਰ ਦਿੱਤਾ ਹੈ। ਉਸਨੇ ਮੈਨੂੰ ਇਹ ਵੀ ਦੱਸਿਆ ਕਿ ਦੋਸ਼ੀਆਂ ਵਿਰੁੱਧ ਐਫਆਈਆਰ ਦਰਜ ਕੀਤੀ ਗਈ ਹੈ, ਕਈ ਮੁਅੱਤਲ ਕੀਤੇ ਗਏ ਹਨ, ਅਤੇ ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ। ਰਾਤੋ-ਰਾਤ, ਮੂਰਤੀਆਂ ਲਈ ਨਵੇਂ 'ਅਧਾਰ' ਤਿਆਰ ਕੀਤੇ ਗਏ ਸਨ; ਫਿਰ, 26 ਮਾਰਚ ਦੀ ਸਵੇਰ ਨੂੰ ਬਹੁਤ ਜਲਦੀ-ਸ਼ਹੀਦਾਂ ਦੇ 'ਜ਼ਖ਼ਮਾਂ' ਅਤੇ ਉਨ੍ਹਾਂ ਦੇ ਟੁੱਟੇ ਹੋਏ ਬੁੱਤਾਂ ਦੇ ਟੁਕੜਿਆਂ 'ਤੇ ਕਾਹਲੀ ਨਾਲ ਪਾਲਿਸ਼ ਲਗਾਉਣ ਤੋਂ ਬਾਅਦ -ਉਨ੍ਹਾਂ ਨੂੰ ਬੇਸ਼ਰਮੀ ਨਾਲ ਦੁਬਾਰਾ ਖੜ੍ਹਾ ਕੀਤਾ ਗਿਆ।

ਇਸ ਤੋਂ ਬਾਅਦ, ਮਾਣਯੋਗ ਮਿਊਂਸਪਲ ਕਮਿਸ਼ਨਰ ਨੇ ਮੈਨੂੰ ਵਟਸਐਪ ਰਾਹੀਂ ਦੁਬਾਰਾ ਸਥਾਪਿਤ ਮੂਰਤੀਆਂ ਦੀਆਂ ਫ਼ੋਟੋਆਂ ਭੇਜੀਆਂ। ਫਿਰ ਮੈਂ ਸ਼ਹੀਦ ਅਸ਼ਫਾਕਉੱਲਾ ਦੇ ਪੋਤੇ ਨੂੰ ਉੱਥੇ ਥੋੜ੍ਹੀ ਦੇਰ ਬਾਅਦ ਹੋਣ ਵਾਲੇ 'ਜਸ਼ਨ' ਵਿੱਚ ਸ਼ਾਮਲ ਹੋਣ ਤੋਂ ਰੋਕਿਆ-ਇੱਕ ਬੇਸ਼ਰਮ ਸ਼ਾਸਨ ਦੁਆਰਾ ਆਯੋਜਿਤ ਇੱਕ ਸਮਾਗਮ-ਜਿੱਥੇ ਮਾਣਯੋਗ ਮੇਅਰ, ਜਿਸ ਚਿਹਰੇ ਨਾਲ ਕੋਈ ਹੈਰਾਨ ਹੋ ਸਕਦਾ ਹੈ, ਨੂੰ ਇੱਕ ਵਾਰ ਫਿਰ 'ਕਾਕੋਰੀ ਸ਼ਹੀਦਾਂ ਦੀ ਜਿੱਤ!' ਅਤੇ 'ਭਾਰਤ ਮਾਤਾ ਦੀ ਜਿੱਤ!' ਦੇ ਖੋਖਲੇ ਨਾਅਰੇ ਲਗਾਉਣੇ ਪਏ, ਇੱਕ ਸੱਚਮੁੱਚ ਅਜੀਬ ਤਮਾਸ਼ਾ ਅਤੇ ਬੇਸ਼ਰਮੀ ਦਾ ਇੱਕ ਬੇਮਿਸਾਲ ਪ੍ਰਦਰਸ਼ਨ! ਇਸ ਮੌਕੇ 'ਤੇ, ਅਣਗਿਣਤ ਵਿਅਕਤੀ-ਜੋ ਸਿਰਫ਼ ਚਾਰ ਦਿਨ ਪਹਿਲਾਂ ਸ਼ਹੀਦਾਂ ਦੇ ਇਸ 'ਕਤਲੇਆਮ' ਵਿੱਚ ਸ਼ਾਮਲ ਸਨ-ਉਸ ਜਗ੍ਹਾ 'ਤੇ ਮੌਜੂਦ ਸਨ, ਆਪਣੀ ਹਾਜ਼ਰੀ ਨੂੰ ਦਰਸਾਉਂਦੇ ਹੋਏ ਅਤੇ ਫੋਟੋਆਂ ਲਈ ਪੋਜ਼ ਦਿੰਦੇ ਹੋਏ।

**ਸ਼ਹੀਦ ਇੱਕ ਵਾਰ ਫਿਰ ਉੱਚੇ ਖੜ੍ਹੇ ਹਨ**

ਇਨਕਲਾਬੀ ਜੋ ਆਪਣੇ ਦੇਸ਼ ਅਤੇ ਮਨੁੱਖਤਾ ਦੀ ਖ਼ਾਤਰ ਆਪਣੀਆਂ ਜਾਨਾਂ ਕੁਰਬਾਨ ਕਰਦੇ ਹਨ, ਉਹ 'ਖ਼ੂਨ ਦੇ ਬੀਜਾਂ' ਵਾਂਗ ਹਨ। ਉਨ੍ਹਾਂ ਨੂੰ ਧਰਤੀ ਵਿੱਚ ਦੱਬ ਦਿਓ, ਅਤੇ ਉਹ ਦੁਬਾਰਾ ਉੱਠਣਗੇ, ਛਾਤੀਆਂ ਉੱਚੀਆਂ ਰੱਖ ਕੇ।

ਸਾਮਰਾਜੀ ਸ਼ਾਸਨ ਮੁਰਦਾਬਾਦ!

ਅਮਰ ਸ਼ਹੀਦ ਜ਼ਿੰਦਾਬਾਦ!!

**-ਸੁਧੀਰ ਵਿਦਿਆਰਥੀ ਦੀ ਕੰਧ ਤੋਂ**

# ਐਪਸੋ ਵੱਲੋਂ ਚੰਡੀਗੜ੍ਹ ਵਿਖੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸਮਰਪਿਤ 'ਸਾਮਰਾਜ ਵਿਰੋਧੀ ਦਿਵਸ' ਸੈਮੀਨਾਰ

## *ਪ੍ਰੋ. ਮੁਹੰਮਦ ਖਾਲਿਦ ਅਤੇ ਹੋਰ ਬੁਲਾਰਿਆਂ ਨੇ ਭਗਤ ਸਿੰਘ ਦੇ ਵਿਚਾਰਾਂ ਦੀ ਮੌਜੂਦਾ ਪ੍ਰਸੰਗਿਕਤਾ 'ਤੇ ਪਾਇਆ ਚਾਨਣਾ*





ਚੰਡੀਗੜ੍ਹ, (ਬਲਜਿੰਦਰ ਸਿੰਘ ਪਟਿਆਲਾ) : ਵਿਸ਼ਵ ਭਰ ਦੇ 100 ਤੋਂ ਵੱਧ ਦੇਸ਼ਾਂ ਵਿੱਚ ਸ਼ਾਂਤੀ ਲਈ ਕਾਰਜਸ਼ੀਲ ਸੰਸਥਾ 'ਵਰਲਡ ਪੀਸ ਕੌਂਸਲ' ਦੀ ਭਾਰਤੀ ਇਕਾਈ 'ਆਲ ਇੰਡੀਆ ਪੀਸ ਐਂਡ ਸੋਲੀਡੈਰਿਟੀ ਆਰਗਨਾਈਜੇਸ਼ਨ' (ਐਪਸੋ) ਦੇ ਪੰਜਾਬ ਯੂਨਿਟ ਵੱਲੋਂ ਅੱਜ ਚੰਡੀਗੜ੍ਹ ਦੇ ਚੀਮਾ ਭਵਨ ਵਿਖੇ ਇੱਕ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇਸ ਸਮਾਗਮ ਨੂੰ 'ਸਾਮਰਾਜ ਵਿਰੋਧੀ ਦਿਵਸ' ਵਜੋਂ ਮਨਾਉਂਦਿਆਂ ਬੁਲਾਰਿਆਂ ਨੇ ਅਜੋਕੇ ਦੌਰ ਦੀਆਂ ਚੁਣੌਤੀਆਂ ਵਿਰੁੱਧ ਆਵਾਜ਼ ਬੁਲੰਦ ਕੀਤੀ।

ਸੈਮੀਨਾਰ ਦੇ ਮੁੱਖ ਬੁਲਾਰੇ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪੋਲੀਟੀਕਲ ਸਾਇੰਸ ਵਿਭਾਗ ਦੇ ਸਾਬਕਾ ਮੁਖੀ ਪ੍ਰੋਫੈਸਰ ਮੁਹੰਮਦ ਖਾਲਿਦ ਨੇ ਆਪਣੇ ਸੰਬੋਧਨ ਵਿੱਚ ਬਸਤੀਵਾਦ ਅਤੇ ਸਾਮਰਾਜਵਾਦ ਦੇ ਖ਼ਤਰਨਾਕ ਪ੍ਰਭਾਵਾਂ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ। ਉਨ੍ਹਾਂ ਕਿਹਾ, "ਅਮਰੀਕੀ ਸਾਮਰਾਜਵਾਦ ਨੇ ਇਰਾਕ, ਲੀਬੀਆ ਅਤੇ ਈਰਾਨ ਵਰਗੇ ਮੁਲਕਾਂ ਨੂੰ ਨਿਸ਼ਾਨਾ ਬਣਾ ਕੇ ਜੋ ਲੁੱਟਤੰਤਰ ਸਥਾਪਿਤ ਕੀਤਾ ਹੈ, ਉਸ ਵਿਰੁੱਧ ਵਿਸ਼ਵ ਪੱਧਰ 'ਤੇ ਜਾਗਰੂਕਤਾ ਪੈਦਾ ਕਰਨਾ ਸਮੇਂ ਦੀ ਅਹਿਮ ਲੋੜ ਹੈ। ਭਗਤ ਸਿੰਘ ਦੇ ਵਿਚਾਰ ਅੱਜ ਵੀ ਸਾਨੂੰ ਇਸ ਆਰਥਿਕ ਗੁਲਾਮੀ ਵਿਰੁੱਧ ਲੜਨ ਦੀ ਰਾਹ ਦਿਖਾਉਂਦੇ ਹਨ।

ਸਮਾਗਮ ਦੀ ਪ੍ਰਧਾਨਗੀ ਐਪਸੋ ਦੇ ਪੈਟਰਨ ਪ੍ਰੋਫੈਸਰ ਰਵਿੰਦਰ ਸ਼ਰਮਾ ਨੇ ਕੀਤੀ ਅਤੇ ਸਟੇਜ ਸੰਚਾਲਨ ਜਰਨਲ ਸਕੱਤਰ ਪੰਜਾਬ ਸ੍ਰੀ ਰੌਸ਼ਨ ਲਾਲ ਮੋਦਗਿਲ ਨੇ ਕੀਤਾ। ਮੁੱਖ ਬੁਲਾਰੇ ਨੇ ਦੇਸ਼ ਵਿੱਚ ਵਧ ਰਹੀ ਫਿਰਕਾਪ੍ਰਸਤੀ ਅਤੇ ਪੂੰਜੀਵਾਦੀ ਹਮਲਿਆਂ ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਸਿਰਫ਼ ਤਰਕਸ਼ੀਲਤਾ ਅਤੇ ਧਰਮ-ਨਿਰਪੱਖਤਾ ਨਾਲ ਹੀ ਬਣਾਇਆ ਜਾ ਸਕਦਾ ਹੈ।

ਇਸ ਮੌਕੇ ਐਪਸੋ ਦੇ ਨੈਸ਼ਨਲ ਜਰਨਲ ਸਕੱਤਰ ਹਰਚੰਦ ਸਿੰਘ ਬਾਠ, ਜਰਨਲ ਸਕੱਤਰ ਪੰਜਾਬ ਸ੍ਰੀ ਰੌਸ਼ਨ ਲਾਲ ਮੋਦਗਿਲ, ਪ੍ਰੋ. ਬਲਵਿੰਦਰ ਸਿੰਘ ਟਿਵਾਣਾ, ਜਨਰਲ ਸਕੱਤਰ ਐਡਵੋਕੇਟ ਜਸਪਾਲ ਸਿੰਘ ਦੱਪਰ ਅਤੇ ਸਕੱਤਰ ਐਪਸੋ ਪੰਜਾਬ ਐਡਵੋਕੇਟ ਲਵਨੀਤ ਠਾਕੁਰ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਬੁਲਾਰਿਆਂ ਨੇ ਇੱਕਸੁਰ ਵਿੱਚ ਕਿਹਾ ਕਿ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਅਸੀਂ ਆਮ ਲੋਕਾਂ ਨੂੰ ਉਨ੍ਹਾਂ ਦੇ ਇਨਕਲਾਬੀ ਵਿਚਾਰਾਂ ਨਾਲ ਜੋੜੀਏ ਅਤੇ ਦੇਸ਼ ਦੀ ਅਸਲ ਆਰਥਿਕ ਤੇ ਸਮਾਜਿਕ ਆਜ਼ਾਦੀ ਦੀ ਲੜਾਈ ਨੂੰ ਤੇਜ਼ ਕਰੀਏ।

ਸਮਾਗਮ ਦੇ ਅੰਤ ਵਿੱਚ ਸਮੂਹ ਹਾਜ਼ਰੀਨ ਵੱਲੋਂ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਦੇਸ਼ ਦੀ ਏਕਤਾ, ਅਖੰਡਤਾ ਤੇ ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖਣ ਦਾ ਅਹਿਦ ਲਿਆ ਗਿਆ।

# ਭਗਤ ਸਿੰਘ ਤੇ ਸਾਥੀਆਂ ਦੇ ਵਿਚਾਰਾਂ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਉਣਾ ਸਮੇਂ ਦੀ ਲੋੜ

ਸੁਨਾਮ, (ਬਲਜਿੰਦਰ ਸਿੰਘ ਪਟਿਆਲਾ) : ਇਨਕਲਾਬੀ ਵਿਰਾਸਤ ਪ੍ਰਚਾਰ ਮੰਚ ਪੰਜਾਬ ਵੱਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਅਗਾਮੀ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਮਨਾਏ ਜਾ ਰਹੇ ਸ਼ਹੀਦੀ ਪੰਦਰਵਾੜੇ ਤਹਿਤ ਅੱਜ ਸੂਬਾ ਪ੍ਰਧਾਨ ਬਲਬੀਰ ਲੌਂਗੋਵਾਲ ਤੇ ਸੂਬਾ ਜਨਰਲ ਸਕੱਤਰ ਰਾਕੇਸ਼ ਕੁਮਾਰ ਇਤਿਹਾਸਕਾਰ ਨੇ ਸ਼ਹੀਦ ਊਧਮ ਸਿੰਘ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ (ਮੁੰਡੇ) ਸੁਨਾਮ ਊਧਮ ਸਿੰਘ ਵਾਲਾ ਵਿਖੇ ਵਿਦਿਆਰਥੀਆਂ ਨਾਲ ਸ਼ਹੀਦਾਂ ਦੇ ਵਿਚਾਰਾਂ ਦੀ ਸਾਂਝ ਪਾਈ। ਬਲਬੀਰ ਲੌਂਗੋਵਾਲ ਨੇ ਸ਼ਹੀਦ ਭਗਤ ਸਿੰਘ ਤੇ ਉਸਦੇ ਸਾਥੀਆਂ ਦੀ ਵਿਚਾਰਧਾਰਾ, ਉਹਨਾਂ ਦੇ ਡੂੰਘੇ ਅਧਿਐਨ, ਉਹਨਾਂ ਦੇ ਸੁਪਨਿਆਂ ਦੀ ਅਜ਼ਾਦੀ ਤੇ ਛੋਟੀ ਉਮਰ ਵਿੱਚ ਸ਼ਹੀਦੀ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ। ਰਾਕੇਸ਼ ਕੁਮਾਰ ਨੇ ਫਿਰੋਜ਼ਪੁਰ ਸਥਿਤ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦੇ ਗੁਪਤ ਟਿਕਾਣੇ,ਉੱਥੇ ਆਉਣ ਵਾਲੇ ਦੇਸ ਭਗਤਾਂ ਤੇ ਉਹਨਾਂ ਦੀਆਂ ਸਰਗਰਮੀਆਂ ਬਾਰੇ ਜਾਣਕਾਰੀ ਦਿੱਤੀ। ਇਸੇ ਟਿਕਾਣੇ ਵਿਖੇ ਭਗਤ ਸਿੰਘ ਨੇ ਆਪਣੀ ਪਾਰਟੀ ਦੀਆਂ ਲੋੜਾਂ ਮੁਤਾਬਕ ਕੇਸ ਦੇ ਦਾੜ੍ਹੀ ਕਟਵਾਏ, ਨਿਸ਼ਾਨੇਬਾਜ਼ੀ ਦਾ ਅਭਿਆਸ ਕੀਤਾ ਤੇ 'ਚਾਂਦ' ਫਾਂਸੀ ਅੰਕ ਲਈ ਕਈ ਸ਼ਹੀਦਾਂ ਦੀਆਂ ਜੀਵਨੀਆਂ ਵੀ ਇੱਥੇ ਹੀ ਸ਼ਿਵ ਵਰਮਾ ਨੇ ਲਿਖੀਆਂ ਸਨ। ਇੱਥੇ ਉਹ ਸਾਰੇ ਆਪਣਾ ਨਾਮ ਬਦਲ ਕੇ ਰਹਿੰਦੇ ਸੀ। ਉਹਨਾਂ ਮੰਗ ਕੀਤੀ ਕਿ ਸਰਕਾਰ ਨੂੰ ਇਸ ਗੁਪਤ ਟਿਕਾਣੇ ਨੂੰ ਜਲਦੀ ਮਿਊਜ਼ੀਅਮ ਤੇ ਲਾਇਬਰੇਰੀ ਵਿੱਚ ਬਦਲੇ। ਮੰਚ ਦੇ ਆਗੂ ਲਾਭ ਛਾਜਲਾ, ਪਵਨ ਸ਼ਰਮਾ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਸ਼ਹੀਦਾਂ ਦੀਆ ਕੁਰਬਾਨੀਆ ਬਾਰੇ ਜਾਣੂ ਕਰਵਾਉਣਾ ਸਮੇਂ ਦੀ ਲੋੜ ਹੈ। ਮੰਚ ਵੱਲੋਂ ਭਗਤ ਸਿੰਘ ਤੇ ਸਾਥੀਆਂ ਦੇ ਵਿਚਾਰਾਂ ਬਾਰੇ ਛਪਿਆ ਪਰਚਾ ਵੀ ਵਿਦਿਆਰਥੀਆਂ ਨੂੰ ਵੰਡਿਆ ਗਿਆ।



## ਸਭਿਆਚਾਰਕ ਨਾਟਕ ਸਮਾਗਮ 6 ਜੂਨ ਨੂੰ

**ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ (ਰਜਿ.) ਸਵ. ਸੋਹਣ ਮਾਨ ਯਾਦਗਾਰੀ 15ਵਾਂ ਸਲਾਨਾ ਅਗਾਂਹਵਧੂ ਸਭਿਆਚਾਰਕ ਨਾਟਕ 6 ਜੂਨ 2026 ਦਿਨ ਸ਼ਨੀਵਾਰ ਨੂੰ ਬਾ. ਦੁਪਹਿਰ Hop Events Centre, 5 Red Stone Heights NE Calgary AB T3N 9T6 ਵਿਖੇ ਕਰਵਾਇਆ ਜਾ ਰਿਹਾ ਹੈ। ਹੋਰ ਜਾਣਕਾਰੀ ਲਈ ਮਾਸਟਰ ਭਜਨ 403-455-3220 ਅਤੇ ਕਮਲਪ੍ਰੀਤ ਪੰਧੇਰ 403-479-4220 ਨਾਲ ਸੰਪਰਕ ਕਰੋ।**

**ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਕੈਲਗਰੀ ਵਲੋਂ ਸਾਲ 2026 ਦੇ ਪੁਸਤਕ ਮੇਲਾ ਅਪ੍ਰੈਲ ਦੇ ਆਖਰੀ ਐਤਵਾਰ ਜਾਂ ਮਈ ਦੇ ਪਹਿਲੇ ਐਤਵਾਰ ਲੱਗੇਗਾ। ਇਸ ਸਬੰਧੀ ਹੋਰ ਜਾਣਕਾਰੀ ਲਈ ਮਾਸਟਰ ਭਜਨ 403-455-4220 ਅਤੇ ਹਰਚਰਨ ਪਰਹਾਰ ਨਾਲ 403-681-8689 ਨਾਲ ਸੰਪਰਕ ਕਰੋ।**

# ਭਗਵੰਤ ਮਾਨ ਸਰਕਾਰ ਮੋਦੀ ਦੇ ਨਕਸ਼-ਏ-ਕਦਮ ’ਤੇ

*ਪੰਜਾਬ ਦੀ ਜ਼ਾਬਰ ਭਗਵੰਤ ਮਾਨ ਸਰਕਾਰ ਨੇ 'ਟੈਟ ਦੀ ਸ਼ਰਤ ਰੱਦ ਕਰਨ' ਦੀ ਮੰਗ ਕਰਦੇ ਸਮੂਹ ਅਧਿਆਪਕ ਜਥੇਬੰਦੀਆਂ ਦੇ ਸਾਂਝੇ ਚੰਡੀਗੜ੍ਹ ਮਾਰਚ ’ਤੇ ਮੁੜ ਲਾਠੀਚਾਰਜ ਕੀਤਾ, ਜਲ ਤੋਪਾਂ ਦੀਆਂ ਬੁਛਾੜਾਂ ਤੇ ਅੱਥਰੂ ਗੈਸ ਦੇ ਗੋਲੇ ਦਾਗੇ। ਅਧਿਆਪਕਾਂ ਦੀਆ ਪੱਗਾਂ ਵੀ ਲਹੀਆਂ, ਅਧਿਆਪਕਾਵਾਂ ਦੀਆਂ ਚੁੰਨੀਆਂ ਵੀ ਰੁਲੀਆਂ। ਮਾਨ ਸਰਕਾਰ ਦਾ ਹੀਜ-ਪਿਆਜ ਤੇ ਦੰਭੀ ਚਿਹਰਾ ਪੂਰੀ ਤਰ੍ਹਾਂ ਨੰਗਾ ਹੋ ਗਿਆ ਹੈ। ਕਾਰਪੋਰਟ ਪੱਖੀ ਨੀਤੀਆਂ ਲਾਗੂ ਕਰਨ ਲਈ ਅੰਦਰ-ਖਾਤੇ ਕੇਂਦਰ ਦੀ ਮੋਦੀ ਸਰਕਾਰ ਨਾਲ ਕੀਤਾ ਗੱਠਜੋੜ ਹੋਇਆ ਉਜਾਗਰ।-ਸੰਪਾਦਕ*



ਯਸ਼ ਪਾਲ
98145 35005



ਆਪਣੀਆਂ 4 ਸਾਲਾਂ ਤੋਂ ਲਟਕਦੀਆਂ ਆ ਰਹੀਆਂ ਤੇ ਪੰਜਾਬ ਦੀ ਮਾਨ ਸਰਕਾਰ ਵੱਲੋਂ ਆਪਣੇ ਚੋਣ ਵਾਅਦਿਆਂ ’ਤੇ ਮਿੱਟੀ ਪਾ ਕੇ ਟਾਲੀਆਂ ਜਾ ਰਹੀਆਂ, ਜਾਇਜ਼ ਮੰਗਾਂ ਨੂੰ ਲੈਕੇ, ਸਮੂਹ ਵਰਗਾਂ ਦੇ ਹਜ਼ਾਰਾਂ ਦੀ ਗਿਣਤੀ ’ਚ ਮੋਹਾਲੀ ਵਿਖੇ ਵਿਧਾਨ ਸਭਾ ਵੱਲ ਸਾਂਝਾ ਮਾਰਚ ਕਰ ਰਹੇ ਮੁਲਾਜ਼ਮਾਂ, ਅਧਿਆਪਕਾਂ, ਪੈਨਸ਼ਨਰਾਂ, ਮਿਡ-ਡੇਅ-ਮੀਲ ਔਰਤ ਕਾਮਿਆਂ, ਆਸ਼ਾ ਵਰਕਰਾਂ, ਆਂਗਣਵਾੜੀ ਦੀਆਂ ਔਰਤ ਮੁਲਾਜ਼ਮਾਂ ਉੱਪਰ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਕੀਤੇ ਗਏ ਲਾਠੀਚਾਰਜ, ਜਲ ਤੋਪਾਂ ਰਾਹੀਂ ਮਾਰੀਆਂ ਗਈਆਂ ਪਾਣੀ ਦੀਆਂ ਬੁਛਾੜਾਂ, ਦਾਗੇ ਗਏ ਜ਼ਹਿਰੀਲੀ ਅੱਥਰੂ ਗੈਸ ਦੇ ਗੋਲਿਆਂ ਨੇ, ਭਗਤ ਸਿੰਘ ਦੀ ਪੀਲੀ ਪੱਗ ਦੇ ਲਬਾਦੇ ਹੇਠ ਛੁਪੇ ਜ਼ਾਬਰ ਚਿਹਰੇ ਅਤੇ ਝੂਠ-ਤੂਫਾਨ ਦੀ ਜ਼ੁਮਲੇਬਾਜ਼ੀ ਰਾਹੀਂ ਲੋਕਾਂ ਨਾਲ ਕੀਤੇ ਜਾ ਰਹੇ ਦੰਭ ਨੂੰ ਪੂਰੀ ਤਰ੍ਹਾਂ ਨੰਗਾ ਕਰ ਦਿੱਤਾ ਹੈ।

‘ਆਪ’ ਦੀ ਭਗਵੰਤ ਮਾਨ ਸਰਕਾਰ ਵੱਲੋਂ ਇਹ ਘਟੀਆ-ਨਿੰਦਣਯੋਗ ਕਾਰਾ (ਕੌਮਾਂਤਰੀ ਔਰਤ ਦਿਵਸ ਮੌਕੇ) ਕੀਤਾ ਵੀ ਉਸ ਸਮੇਂ ਗਿਆ ਜਦ ਵਿਧਾਨ ਸਭਾ ਦੇ ਚੱਲ ਰਹੇ ਬਜਟ ਇਜਲਾਸ ’ਚ ਉਨ੍ਹਾਂ ਵੱਲੋਂ, ਆਉਣ ਵਾਲੀਆਂ ਚੋਣਾਂ ਅੰਦਰ, ਔਰਤਾਂ ਦੀਆਂ ਵੋਟਾਂ ਮੁੱਛਣ ਲਈ, ਉਨ੍ਹਾਂ ਨੂੰ ‘ਮਾਵਾਂ-ਧੀਆਂ ਸਤਿਕਾਰ ਯੋਜਨਾ’ ਦੇ ਪ੍ਰਪੰਚ ਤਹਿਤ, 1000-1500 ਰੁਪਏ ਦੀ ਖ਼ੈਰਾਤ ਦਾ ਐਲਾਨ ਕੀਤਾ ਜਾ ਰਿਹਾ ਸੀ।

**ਮਾਨ ਸਰਕਾਰ ਲਾਗੂ ਕਰ ਰਹੀ ਮੋਦੀ ਸਰਕਾਰ ਦਾ ਕਾਰਪੋਰੇਟ ਵਿਕਾਸ ਮਾਡਲ ਏਜੰਡਾ**

ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ, ਪਿਛਲੀਆਂ ਸਰਕਾਰਾਂ ਦੇ ਵੀ ਸਭ ਹੱਦਾਂ-ਬੰਨੇ ਟੱਪ ਕੇ, ਕੇਂਦਰ ਦੀ ਮੋਦੀ ਸਰਕਾਰ ਦੀ ਪੈੜ ’ਚ ਪੈੜ ਧਰਦਿਆਂ, ਉਸ ਵੱਲੋਂ ਲਾਗੂ ਕੀਤੇ ਜਾ ਰਹੇ ‘ਸੰਸਾਰ ਬੈਂਕ-ਮੁੱਦਰਾ ਕੋਸ਼’ ਨਿਰਦੇਸ਼ਤ ‘ਕਾਰਪੋਰੇਟ ਵਿਕਾਸ ਮਾਡਲ’ ਦੇ ਏਜੰਡੇ ਨੂੰ ਹੀ ਬੜੀ ਬੇਸ਼ਰਮੀ ਨਾਲ ਲਾਗੂ ਕੀਤਾ ਜਾ ਰਿਹਾ ਹੈ।

ਤੇ ਇਸ ਏਜੰਡੇ ਦੀ ਮਾਰ ਹੇਠ ਆਏ, ਇਸਦੇ ਰਾਹ ’ਚ ਰੋੜਾ ਬਣਨ ਵਾਲੇ ਸੰਘਰਸ਼ਸ਼ੀਲ ਕਿਸਾਨਾਂ-ਮਜ਼ਦੂਰਾਂ, ਅਧਿਆਪਕਾਂ-ਮੁਲਾਜ਼ਮਾਂ, ਕੱਚੇ, ਠੇਕਾ/ਆਊਟਸੋਰਸਿੰਗ ਕਾਮਿਆਂ ਅਤੇ ਪੱਤਰਕਾਰਾਂ, ਲੇਖਕਾਂ, ਬੁੱਧੀਜੀਵੀਆਂ ਆਦਿ ਨੂੰ ਚੁਣਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਲਗਾਤਾਰ 4 ਸਾਲਾਂ ਤੋਂ, ਕਾਰਪੋਰੇਟਾਂ ਦੇ ਹਿੱਤ-ਪੂਰਤੀ ਵਾਲੀ ਕੌਮੀ ਪੈਨਸ਼ਨ ਪ੍ਰਣਾਲੀ (NPS) ਨੂੰ ਰੱਦ ਕਰਕੇ ਪੁਰਾਣੀ ਪੈਨਸ਼ਨ ਪ੍ਰਣਾਲੀ (OPS)ਲਾਗੂ ਕਰਨ ਤੋਂ ਟਾਲਾ ਵੱਟਣਾ, ਉਕਤ ਏਜੰਡੇ ਦੀ ਮੂਲ ਚੂਲ, ਨਿਗੂਣੀ ਤਨਖ਼ਾਹ ’ਤੇ ਠੇਕਾ/ਆਊਟਸੋਰਸਿੰਗ/ਪ੍ਰੋਬੇਸ਼ਨ/ਮਾਣ ਭੱਤਾ ਭਰਤੀ ਵਾਲੇ ਕਾਮਿਆਂ/ਕਰਮਚਾਰੀਆਂ ਨੂੰ, ਆਪਣੇ ਚੋਣ ਵਾਅਦੇ ਅਨੁਸਾਰ ਵਿਭਾਗਾਂ ’ਚ ਰੈਗੂਲਰ ਕਰਨ ਦੀ ਬਜਾਇ, ਇਸੇ ਭਰਤੀ ਨੂੰ ਹੀ ਜਾਰੀ ਰੱਖਣਾ ਤੇ ਅਦਾਲਤਾਂ ’ਚ ਉਸੇ ਦੀ ਹੀ ਪੈਰਵੀ ਕਰਨੀ, ਸਿੱਖਿਆ ਦੇ ਕੇਂਦਰੀ ਕਰਨ, ਕਾਰਪੋਰੇਟੀਕਰਨ ਤੇ ਫਿਰਕੂਕਰਨ ਕਰਨ ਵਾਲੀ, ਪਾਰਲੀਮੈਂਟ ’ਚ ਪਾਸ ਕਰਾਏ ਬਗੈਰ ਹੀ, ਮੋਦੀ ਸਰਕਾਰ ਵੱਲੋਂ ਲਾਗੂ ਕੀਤੀ ਜਾ ਰਹੀ ਕੌਮੀ ਸਿੱਖਿਆ ਨੀਤੀ (NEP-2020) ਨੂੰ ਹੂ-ਬਹੂ ਅਪਨਾਉਣਾ, ਬਿਜਲੀ ਦੇ ਨਿੱਜੀਕਰਨ/ਕੇਂਦਰੀਕਰਨ ਵਾਲੇ ‘ਬਿਜਲੀ ਸੋਧ ਬਿੱਲ-2025’ ਦਾ ਵਿਰੋਧ ਨਾ ਕਰਨਾ, ਮੋਦੀ ਵਾਲੇ ਲੇਬਰ ਕੋਡ ਲਾਗੂ ਕਰਨੇ, ਆਪਣੀ ਜ਼ਮੀਨ ਦੀ ਰਾਖੀ ਲਈ ਸੰਘਰਸ਼ਸ਼ੀਲ ਕਿਸਾਨਾਂ-ਮਜ਼ਦੂਰਾਂ ਦੇ ਸੰਘਰਸ਼ਾਂ ਨੂੰ ਕੁਚਲਣ ਦੇ ਰਾਹ ਪੈਣਾ ਤੇ ਪਿੰਡ ਜਿਉਂਦ (ਬਠਿੰਡਾ) ਵਰਗਾ ਜ਼ਬਰ ਢਾਉਣਾ, ਇਸ ਸਰਕਾਰ ਦੀ ਖ਼ਸਲਤ ਬਣ ਚੁੱਕੀ ਹੈ।

ਆਪਣੇ ਇਨ੍ਹਾਂ ਕੁਕਰਮਾਂ ਨੂੰ ਢਕਣ ਲਈ ਤੇ ਆਪਣੀ ਘਟੀਆ ਚੋਣ-ਰਣਨੀਤੀ ਤਹਿਤ ਲੋਕਾਂ ਨੂੰ ਭਰਮਾਉਣ ਲਈ, 100% ਝੂਠੀ ਇਸ਼ਤਿਹਾਰਬਾਜ਼ੀ ’ਤੇ ਸਰਕਾਰੀ ਖਜਾਨੇ ’ਚੋਂ ਅਰਬਾਂ-ਖ਼ਰਬਾਂ ਰੁਪਏ ਲੁਟਾਏ ਜਾ ਰਹੇ ਹਨ

‘ਸਿੱਖਿਆ ਕ੍ਰਾਂਤੀ, ਸਿਹਤ ਕ੍ਰਾਂਤੀ, ਵਪਾਰ ਕ੍ਰਾਂਤੀ, ਖੇਡ ਕ੍ਰਾਂਤੀ, ਰੰਗਲਾ ਪੰਜਾਬ, ਨਸ਼ਾ-ਮੁਕਤ ਪੰਜਾਬ’ ਵਰਗੀ ਜ਼ੁਮਲੇਬਾਜ਼ੀ ਕੀਤੀ ਜਾ ਰਹੀ ਹੈ। ਆਪਣੀ ਨਕਲੀ-ਪੈਂਠ ਬਣਾਉਣ ਲਈ ਜੋਗੀ-ਮਾਰਕਾ ਝੂਠੇ ਪੁਲਸ ਮੁਕਾਬਲੇ ਤੇ ਗੈਰ ਕਾਨੂੰਨੀ ਬੁਲਡੋਜਰ ਨੀਤੀ ਅਪਣਾਈ ਜਾ ਰਹੀ ਹੈ, ਧਾਰਮਿਕ ਭਾਵਨਾਵਾਂ ਦਾ ਲਾਹਾ ਲੈਣ ਲਈ ਤੀਰਥ-ਯਾਤਰਾਵਾਂ ਦੇ ਪ੍ਰਪੰਚ ’ਤੇ ਕਰੋੜਾਂ ਰੁਪਏ ਲੋਕਾਂ ਦੇ ਟੈਕਸਾਂ ’ਚੋਂ ਉਡਾਏ ਜਾ ਰਹੇ ਹਨ।

**26-27 ਦਾ ਪੇਸ਼ ਬਜਟ**
**ਮੂੰਹ-ਬੋਲਦੀ ਤਸਵੀਰ !**

ਭਗਵੰਤ ਮਾਨ ਸਰਕਾਰ ਵੱਲੋਂ 8 ਮਾਰਚ, 26 ਨੂੰ ਵਿਧਾਨ ਸਭਾ ’ਚ ਪੇਸ਼ ਕੀਤੇ ਗਏ ਆਪਣੇ ਅੰਤਿਮ ਬਜਟ ’ਚ ਸਮੁੱਚੇ ਮੁਲਾਜ਼ਮ ਵਰਗ ਤੇ ਪੈਨਸ਼ਨਰਾਂ ਦਾ ਜਿੱਥੇ ਜਿਕਰ ਤੱਕ ਨਹੀਂ ਹੈ। ਉੱਥੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਹੁੱਬ-ਹੁੱਬ ਕੇ ਇਹ ਐਲਾਨ ਕਰਦੇ ਨੂੰ ਭੋਰਾ-ਭਰ ਵੀ ਸ਼ਰਮ ਨਹੀਂ ਆ ਰਹੀ ਕਿ ‘ਅਸੀਂ ਸਾਰੀਆਂ ਗਰੰਟੀਆਂ ਪੂਰੀਆਂ ਕਰ ਦਿੱਤੀ ਹਨ।’ ਪੁਰਾਣੀ ਪੈਨਸ਼ਨ ਬਹਾਲ ਕਰਨ, ਕੱਚੇ/ਠੇਕਾ/ਆਉਟਸੋਰਸਿੰਗ/ ਮਾਣ ਭੱਤੇ ਵਾਲੇ ਅਧਿਆਪਕਾਂ/ਮੁਲਾਜ਼ਮਾਂ ਨੂੰ ਵਿਭਾਗਾਂ ਅੰਦਰ ਲਿਆ ਕੇ ਪੱਕੇ ਕਰਨ, ਕੰਪਿਊਟਰ ਅਧਿਆਪਕਾਂ ਤੇ ਐਸ.ਐਸ..ਏ/ਰਮਸਾ ਤਹਿਤ ਨਿਯੁਕਤ ਨਾਨ-ਟੀਚਿੰਗ ਕਰਮਚਾਰੀਆਂ ਨੂੰ ਸਰਕਾਰੀ ਮੁਲਾਜ਼ਮਾਂ ਵਾਲੀਆਂ ਸਾਰੀਆਂ ਸਹੂਲਤਾਂ ਦੇਣ, ਮੁਲਾਜ਼ਮਾਂ ਦੇ ਰਹਿੰਦੇ ਡੀ.ਏ ਦੇ ਕਰੋੜਾਂ ਰੁਪਏ ਦੇ ਬਕਾਏ ਅਦਾ ਕਰਨ, ਪੈਨਸ਼ਨਰਾਂ ਦੀ ਤਨਖ਼ਾਹ ਕਮਿਸ਼ਨ ਦੀ ਸਿਫ਼ਾਰਿਸ਼ ਤਹਿਤ 2.59 ਫੈਕਟਰ ਰਾਹੀਂ ਪੈਨਸ਼ਨ ਦੁਹਰਾਈ ਕਰਨ, ਜੁਲਾਈ, 2020 ਬਾਅਦ ਦੀ ਭਰਤੀ ਵਾਲੇ ਮੁਲਾਜ਼ਮਾਂ ’ਤੇ ਪੰਜਾਬ ਸਕੇਲ ਲਾਗੂ ਕਰਨ ਵਾਲੇ ਕੋਰਟਾਂ ਦੇ ਫੈਸਲੇ ਨੂੰ ਲਾਗੂ ਕਰਨ ਆਦਿ, ਲਿਖਤੀ ਜਾਰੀ ਕੀਤੀਆਂ ਗਈਆਂ ਗਰੰਟੀਆਂ ਵਾਲੇ ਛਾਪ ਕੇ ਵੰਡੇ ਇਸ਼ਤਿਹਾਰ ਲਗਦੈ ਪਾੜ ਦਿੱਤੇ ਗਏ ਹਨ।

ਹਾਂ ਮਾਨ ਸਰਕਾਰ ਦੇ ਲੰਘੇ ਪਿਛਲੇ 4 ਸਾਲਾਂ ਦੌਰਾਨ ਆਪਣੀ ਮੰਗ ਮੰਨਵਾਉਣ ਲਈ ਇਕੱਠੇ ਹੋਏ ਸਭਨਾਂ ਵਰਗਾਂ ਦੇ ਮੁਲਾਜ਼ਮਾਂ ਨੂੰ ਖਦੇੜਣ ਲਈ ਪੁਲਿਸ ਦੀਆਂ ਲਗਾਮਾਂ ਖੁਲ੍ਹੀਆਂ ਛੱਡੀਆਂ ਰੱਖੀਆਂ ਹੋਈਆਂ ਸਨ। ਕੀ ਕੱਚੇ/ਵਿਸ਼ੇਸ਼ ਅਧਿਆਪਕ, ਕੀ TET ਪਾਸ ਕਰਨ ਦੀ ਸ਼ਰਤ ਵਾਪਿਸ ਕਰਨ ਦੀ ਮੰਗ ਕਰਦੇ ਅਧਿਆਪਕ, ਕੀ ਮੈਰੀਟੋਰੀਅਸ ਸਕੂਲ ਅਧਿਆਪਕ,ਕੀ ਕੰਪਿਊਟਰ ਅਧਿਆਪਕ, ਕੀ ਠੇਕੇ ਵਾਲੇ ਟਰਾਂਸਪੋਰਟ/ਬਿਜਲੀ/ਜਲ ਸਪਲਾਈ ਕਾਮੇ, ਕੀ ਪੈਨਸ਼ਨਰ, ਸਭਨਾਂ ਨੇ ਬਦਲਾਅ ਵਾਲੀ ਇਸ ‘ਇਨਕਲਾਬੀ’ ਸਰਕਾਰ ਦੀ ਪੁਲਸ ਦੀਆਂ ਡਾਂਗਾਂ ਦਾ ਸੇਕ ਜਰੂਰ ਝੱਲਿਆ ਹੈ।

ਜਿਨ੍ਹਾਂ ਅਧਿਆਪਕਾਂ/ ਮੁਲਾਜ਼ਮਾਂ/ ਮਜ਼ਦੂਰਾਂ/ ਕਿਸਾਨਾਂ ਦਾ ਹੱਕ ਬਣਦਾ ਹੈ ਉਨ੍ਹਾਂ ਨੂੰ ਬਜਟ ’ਚ ਮੂਲੋਂ ਹੀ ਵਿਸਾਰ ਦਿੱਤਾ ਗਿਆ ਹੈ ਪਰ ਬਿਨ ਮੰਗੇ, ਵੋਟ-ਵਟੋਰੂ ਰਣਨੀਤੀ ਤਹਿਤ, ਕਰੋੜਾਂ-ਅਰਬਾਂ ਰੁਪਏ ਬਜਟ ’ਚ ਰੱਖੇ ਗਏ ਹਨ।

ਮੁਫਤ ਬੱਸ ਸਫ਼ਰ ਲਈ: 600 ਕਰੋੜ, ਮੁਫ਼ਤ ਤੀਰਥ ਯਾਤਰਾ ਲਈ: 312 ਕਰੋੜ, ਮੁਫ਼ਤ ਰਸੋਈ ਰਾਸ਼ਨ ਲਈ: 900 ਕਰੋੜ, ਮਾਵਾਂ-ਧੀਆਂ ਸਤਿਕਾਰ ਯੋਜਨਾ ਲਈ: 9300 ਕਰੋੜ, ਮੁਫ਼ਤ ਬਿਜਲੀ ਲਈ: 15550 ਕਰੋੜ ਰੁਪਏ। ਇਨ੍ਹਾਂ ਸਭਨਾਂ ਮੁਫ਼ਤ ਯੋਜਨਾਵਾਂ ਲਈ ਕੁੱਲ ਮਿਲਾਕੇ 25762 ਕਰੋੜ ਰੁਪਏ ਬਣਦੇ ਹਨ।

ਇਸ ਜ਼ੁਮਲੇਬਾਜ਼ ਸਰਕਾਰ ਨੂੰ ਇਹ ਪੁੱਛਿਆ ਜਾਵੇ : ਭਲਾ, ਕਿਸ ਮਾਂ-ਧੀ ਨੇ ਸਤਿਕਾਰ ਲਈ 1000 ਰੁਪਏ ਲਈ ਭਗਵੰਤ ਮਾਨ ਨੂੰ ਅਰਜੀ ਦਿੱਤੀ ਸੀ, ਕਿਸ ਬਜ਼ੁਰਗ ਨੇ ਤੀਰਥ ਯਾਤਰਾ ਦੀ ਮੰਗ ਕੀਤੀ ਸੀ, ਕਿਸ ਔਰਤ ਨੇ ਮੁਫ਼ਤ ਸਫ਼ਰ ਮੰਗਿਆ ਸੀ, ਮੁਫ਼ਤ ਬਿਜਲੀ ਲਈ ਕਿਸ ਘਰ ਨੇ ਹੱਥ ਅੱਡੇ ਸਨ, ਮੁਫ਼ਤ ਹਲਦੀ-ਤੇਲ ਵਾਲੇ ‘ਰਸੋਈ-ਰਾਸ਼ਨ’ ਲਈ ਕੌਣ ਬੇਨਤੀ ਕਰਨ ਆਇਆ ਸੀ ?

**ਮਾਨ ਸਰਕਾਰ ਦੀ ਨੀਅਤ..?**

ਹਾਂ, ਇੱਕ ਗੱਲ ਹੋਰ, ਬਜਟ ਪੇਸ਼ ਕਰਨ ਵਾਲੇ ਦਿਨ ਮੁੱਖ ਮੰਤਰੀ ਭਗਵੰਤ ਮਾਨ ਨੇ ਇੱਕ ਇਹ ਬਿਆਨ ਵੀ ਜਾਰੀ ਕੀਤਾ ਸੀ ਕਿ ‘ਸਰਕਾਰ ਦੀ ਨੀਅਤ ਸਾਫ ਹੋਵੇ ਤਾਂ ਫੰਡਾਂ ਦੀ ਕਮੀ ਨਹੀਂ ਹੁੰਦੀ..’ ਤੇ ਮੁਲਾਜ਼ਮਾਂ-ਮਜ਼ਦੂਰਾਂ ਨੂੰ ਬਜਟ ’ਚੋਂ ਮੂਲੋਂ ਹੀ ਨਜ਼ਰ- ਅੰਦਾਜ਼ ਕਰਕੇ ਉਨ੍ਹਾਂ ਦੀਆਂ ਮੰਗਾਂ ਲਈ ਫੰਡ ਨਾ ਰੱਖਣ ਦਾ ਮਤਲਬ ਤਾਂ ਫਿਰ ਇਹੋ ਬਣਦਾ ਹੈ ਕਿ ਮਜ਼ਦੂਰਾਂ-ਮੁਲਾਜ਼ਮਾਂ ਪ੍ਰਤੀ ਮਾਨ ਸਰਕਾਰ ਦੀ ‘ਨੀਅਤ ਸਾਫ ਨਹੀਂ ਹੈ, ਨੀਅਤ ’ਚ ਖੋਟ ਹੈ।’

ਪਰ ਹਾਂ, ਇਹ ਗੱਲ ਵੀ ਸਹੀ ਹੈ ਕਿ ਬਦਲਾਅ ਲਿਆਉਣ ਲਈ ਤਹੂ ਹਿੱਸਿਆਂ ਦਾ ਭੁਲੇਖਾ ਤਾਂ ਦੂਰ ਹੋ ਹੀ ਗਿਆ ਹੋਵੇਗਾ ਅਤੇ ਚੋਣਾਂ ਤੋਂ ਪਹਿਲਾਂ ਭਗਵੰਤ ਮਾਨ ਵੱਲੋਂ ਦਿੱਤੀ ਇਸ ‘ਗਰੰਟੀ’ ਦਾ ਅਸਲ ਮਤਲਬ ਵੀ ਸਮਝ ਆ ਗਿਆ ਹੋਵੇਗਾ ਕਿ ‘ਉਨ੍ਹਾਂ ਦੀ ਸਰਕਾਰ ਬਣਨ ’ਤੇ ਧਰਨਾ ਨਹੀਂ ਲੱਗੇਗਾ’ ਹਾਂ ਇਸ ਗਰੰਟੀ ਨੂੰ ਪੂਰਾ ਕਰਨ ਲਈ ਜਰੂਰ ਸਾਰੇ ਬੀਤੇ ਸਮੇਂ ’ਚ ਉਸ ਨੇ ਪੂਰਾ ਤਾਣ ਲਾਇਆ ਹੈ। ਪਰ ਇਹ ਖਦਸ਼ਾ ਵੀ ਦੂਰ ਕਰਨ ਦੀ ਲੋੜ ਹੈ ਕਿ ਸਮੂਹ ਵਰਗਾਂ ਦੇ ਆਪਣੇ ਸਾਂਝੇ ਸੰਘਰਸ਼ਾਂ ਦੀ ਸ਼ਕਤੀ ’ਤੋਂ ਟੇਕ ਛੱਡ ਕੇ ਮੁੜ ਉਹੋ-ਜਿਹੇ ਹੀ ਕਿਸੇ ਹੋਰ ਬਦਲਾਅ ਦੀ ਤਾਂਘ ਨਾ ਭਾਰੂ ਹੋ ਜਾਏ। ਲੜਾਈ ਕਾਰਪੋਰੇਟ-ਪੱਖੀ ਨੀਤੀਆਂ ਨੂੰ ਪੁੱਠਾ ਮੋੜਣ ’ਤੇ ਕੇਂਦਰਿਤ ਕਰਨੀ ਦਰਪੇਸ਼ ਹੈ ਜਿਨ੍ਹਾਂ ’ਤੇ ਸਭ ਹਕੂਮਤੀ ਪਾਰਟੀਆਂ ਦੀ ਸਹਿਮਤੀ ਹੈ। ਇਸ ਲਈ ਇਹ ਕਾਰਜ ਸਰਕਾਰਾਂ ਬਦਲ ਕੇ ਪੂਰਾ ਨਹੀਂ ਹੋ ਸਕੇਗਾ। ਕਾਰਪੋਰੇਟੀ ਏਜੰਡੇ ਦੀ ਮਾਰ ਹੇਠ ਆਏ ਸਮੂਹ ਵਰਗਾਂ-ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਵਿਦਿਆਰਥੀਆਂ, ਔਰਤਾਂ, ਛੋਟੇ ਕਾਰੋਬਾਰੀਆਂ ਦੇ ਸਾਂਝੇ ਵਿਸ਼ਾਲ ਸਿਰੜੀ ਸੰਘਰਸ਼ਾਂ ਰਾਹੀਂ ਹੀ ਸੰਭਵ ਹੋ ਸਕੇਗਾ। ਮਹਾਨ ਇਤਿਹਾਸਕ ਕਿਸਾਨ ਅੰਦੋਲਨ ਨੇ ਸਾਨੂੰ ਇਹੋ ਸਬਕ ਸਿਖਾਇਆ ਹੈ, ਇਹੋ ਰਾਹ ਦਿਖਾਇਆ ਹੈ।




Galaxy Kitchen Cabinets Ltd.
Residential & Commercial
• Custom Cabinets • Countertops
• Vanities Bars • Entertainment Units
Call for Free Estimate :
Sarbjit S. Mangat
778-549-4740
# 12-13325 - 76 Ave. Surrey BC V2W 2V8 | F: 604-503-0058


Hans
Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Ph : 604-240-8002
or : 604-250-3834
Free Estimates
3822 Marine Way
Burnaby, B.C. V5J 3H4


THE HARP GREWAL
ਹਰਪ ਗਰੇਵਾਲ REAL ESTATE TEAM
416.722.3500 (Direct)
905.913.8500 (Office) 905.913.8585 (Fax)
Email: harpgrewals@gmail.com
www.HarpGrewal.ca
HOMELIFE SILVERCITY
REALTY INC. BROKERAGE
HIGHER STANDARDS


Baljinder Singh
Graphic Designer
All types of Newspaper Advts. Newspaper
Planning, Designing of Catalogues, Brochures etc.
ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ,
ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ
ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ
+91-92167-29598
E-mail : akashdeep.1064@gmail.com | baljinderpta1@gmail.com


Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program,
Modeling Picture, Concert, Community Event Etc.
We can Also Arrange
Decoration
Party Rentals
Customer satisfaction is our pride!
VIDEO
Video film with single, double & multiple camera system (Broadcast Quality)
PHOTOGRAPHY
Digital Photography (Coloured, black and white) digital enhancement
MUSIC
DJ, Lighting, screen Projector live sound etc.
403-835-2762 or 29 DREAM (37326)
Special Packages Available For All Occasions in Calgary


Punjabi Rang Radio
CHLO AM530
(TORONTO)
11PM-12AM
(SATURDAY)
Producer/Host
Chamkaur Singh Phulewala
Email punjabirang13@hotmail.com
Cell : 416 662 1313


ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com
202-895 Lawrence Ave E, North York, ON M3C 3L2


Hiring Drivers/Owners/Operators
GALAXY
Frightline inc.
We Offer:
*Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
SAFETY : PHONE 416-644-8881 ext# 111
CELL : 437-429-1300
FAX: 416-644-8882
EMAIL: dispatch@galaxyfreightline.com
www.galaxyfreightline.com
* 1580 Britannia Road East * Mississauga * ON * L4W 1J2

# ਗਗਨਦੀਪ ਸਿੰਘ ਰੰਧਾਵਾ ਦੀ ਖੁਦਕੁਸ਼ੀ ਨੇ ਖੋਲ੍ਹੀਆਂ ਹਕੂਮਤੀ ਭ੍ਰਿਸ਼ਟਾਚਾਰ ਦੀਆਂ ਪਰਤਾਂ

**ਨਵਕਿਰਨ ਸਿੰਘ ਪੱਤੀ**
**98885-44001**

ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੀਆਂ ਵਧੀਕੀਆਂ ਤੰਗ ਆ ਕੇ ਲੰਘੇ ਸ਼ਨੀਵਾਰ ਅੰਮ੍ਰਿਤਸਰ ਸਾਹਿਬ ਵਿੱਚ ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਦੇ ਡੀਐੱਮ (ਡਿਸਟ੍ਰਿਕਟ ਮੈਨੇਜਰ) ਗਗਨਦੀਪ ਸਿੰਘ ਰੰਧਾਵਾ ਵੱਲੋਂ ਕੀਤੀ ਖ਼ੁਦਕੁਸ਼ੀ ਨੇ ਜਿੱਥੇ ਪੂਰੇ ਸੂਬੇ ਨੂੰ ਝੰਜੋੜ ਕੇ ਰੱਖ ਦਿੱਤਾ ਹੈ ਉੱਥੇ ਹੀ ਇਸ ਮਾਮਲੇ ਨੇ ਭਗਵੰਤ ਮਾਨ ਸਰਕਾਰ ਦੀ 'ਜ਼ੀਰੋ-ਟਾਲਰੇਂਸ' ਨੀਤੀ ਦੀਆਂ ਪਰਤਾਂ ਉਧੇੜ ਕੇ ਅਸਲ ਹਕੀਕਤ ਜੱਗ ਜ਼ਾਹਰ ਕਰ ਦਿੱਤੀ ਹੈ।

ਗਗਨਦੀਪ ਸਿੰਘ ਰੰਧਾਵਾ ਦੇ ਆਖ਼ਰੀ ਪਲਾਂ ਦੀ ਵਾਇਰਲ ਹੋਈ 12 ਸੈਕਿੰਡ ਦੀ ਵੀਡੀਓ ਨੇ ਇਹ ਸਾਬਤ ਕਰ ਦਿੱਤਾ ਸੀ ਕਿ 'ਸੱਤਾ' ਦੇ ਗ਼ਰੂਰ ਵਿੱਚ ਮੰਤਰੀ ਲਾਲਜੀਤ ਨੇ ਇਕ ਅਫ਼ਸਰ ਨੂੰ ਕਿਸ ਕਦਰ ਤੰਗ ਪ੍ਰੇਸ਼ਾਨ ਕੀਤਾ ਹੈ। ਦਰਅਸਲ, ਕਈ ਅਧਿਕਾਰੀ ਭਾਵੇਂ ਅਜੇ ਖੁੱਲ੍ਹ ਕੇ ਨਹੀਂ ਬੋਲ ਰਹੇ ਪਰ ਆਮ ਆਦਮੀ ਆਗੂਆਂ ਦੇ ਧੌਂਸਬਾਜ਼ ਰਵੱਈਏ ਤੋਂ ਬੁਰੀ ਤਰ੍ਹਾਂ ਸਤਾਏ ਹੋਏ ਹਨ। ਗਗਨਦੀਪ ਸਿੰਘ ਦੇ ਮਾਮਲੇ ਵਿਚ ਸਥਿਤੀ ਇਹ ਬਣੀ ਕਿ ਸ਼ੋਸ਼ਲ ਮੀਡੀਆ ਉੱਪਰ ਵੀਡੀਓ ਵਾਇਰਲ ਹੋਣ ਦੇ ਕੁੱਝ ਹੀ ਘੰਟਿਆਂ ਵਿੱਚ ਸਰਕਾਰ ਦੇ ਪੈਰ ਹਿੱਲਣ ਲੱਗ ਗਏ ਸਨ। ਉਸੇ ਦਿਨ ਸੂਬੇ ਦੀਆਂ ਸਾਰੀਆਂ ਖ਼ਰੀਦ ਏਜੰਸੀਆਂ ਦੇ ਮੁਲਾਜ਼ਮਾਂ ਵੱਲੋਂ ਹੜਤਾਲ ਕਰਕੇ ਪਰਿਵਾਰ ਦੇ ਪੱਖ ਵਿੱਚ ਲਏ ਸਟੈਂਡ ਨੇ ਸਰਕਾਰ ਨੂੰ ਪਿਛਾਂਹ ਹਟਣ ਲਈ ਮਜਬੂਰ ਕੀਤਾ।

ਆਮ ਆਦਮੀ ਪਾਰਟੀ ਦਾ ਸ਼ੋਸ਼ਲ ਮੀਡੀਆ ਵਿੰਗ ਹਮੇਸ਼ਾ ਦੀ ਤਰ੍ਹਾਂ ਸਰਕਾਰ ਦੇ ਪੱਖ ਵਿੱਚ ਝੂਠੇ ਬਿਰਤਾਂਤ ਸਿਰਜਣ ਲੱਗਿਆ ਰਿਹਾ ਪਰ ਲੋਕਾਂ ਦੇ ਰੋਹ ਅੱਗੇ ਉਸ ਦੀ ਇਕ ਨਾ ਚੱਲੀ। ਅਸਲ ਵਿੱਚ ਸ਼ੋਸ਼ਲ ਮੀਡੀਆ ਤੋਂ ਲੋਕਾਂ ਨੂੰ ਇਹ ਤੱਥ ਮਿਲ ਗਿਆ ਸੀ ਕਿ ਲਾਲਜੀਤ ਭੁੱਲਰ ਆਪਣੇ ਬਾਪ ਸੁਖਦੇਵ ਸਿੰਘ ਭੁੱਲਰ ਦੇ ਨਾਮ ਉੱਪਰ ਧੱਕੇ ਨਾਲ ਗੁਦਾਮਾਂ ਦੀ ਉਸਾਰੀ ਦਾ ਟੈਂਡਰ ਲੈਣਾ ਚਾਹੁੰਦਾ ਸੀ ਅਤੇ ਨਾ ਮਿਲਣ ਕਾਰਨ ਉਹ ਗਗਨਦੀਪ ਸਿੰਘ 'ਤੇ ਮਾਨਸਿਕ ਅਤੇ ਸਰੀਰਕ ਤਸ਼ੱਦਦ ਕਰ ਰਿਹਾ ਸੀ। ਸਰਕਾਰ ਖ਼ਿਲਾਫ਼ ਲੋਕ ਰੋਹ ਨੂੰ ਭਾਂਪਦਿਆਂ ਸੂਬੇ ਦੀਆਂ ਅਕਾਲੀ ਦਲ, ਕਾਂਗਰਸ, ਭਾਜਪਾ ਵਰਗੀਆਂ ਹਾਕਮ ਜਮਾਤ ਪਾਰਟੀਆਂ ਵੀ ਪਰਿਵਾਰ ਦੇ ਪੱਖ ਵਿੱਚ ਆ ਖੜ੍ਹੀਆਂ ਹੋਈਆ। ਆਖ਼ਿਰ ਸਰਕਾਰ ਨੂੰ ਅੱਧੀ ਰਾਤ ਨੂੰ ਇਸ ਮਾਮਲੇ ਵਿੱਚ ਐੱਫਆਈਆਰ ਦਰਜ ਕਰਕੇ ਮੁੱਖ ਮੁਲਜ਼ਮ ਵਜੋਂ ਸਾਬਕਾ ਟਰਾਂਸਪੋਰਟ ਮੰਤਰੀ ਲਾਲਜੀਤ ਭੁੱਲਰ, ਉਸ ਦੇ ਪਿਤਾ ਸੁਖਦੇਵ ਸਿੰਘ ਭੁੱਲਰ ਅਤੇ ਪੀਏ ਦਿਲਬਾਗ ਸਿੰਘ ਨੂੰ ਨਾਮਜ਼ਦ ਕਰਨਾ ਪਿਆ।

ਮ੍ਰਿਤਕ ਗਗਨਦੀਪ ਸਿੰਘ ਦੀ ਪਤਨੀ ਵੱਲੋਂ ਦਰਜ ਕਰਵਾਈ ਗਈ ਇਸ ਐੱਫਆਈਆਰ ਵਿੱਚ ਦਰਜ ਹੈ ਕਿ ਲਾਲਜੀਤ ਸਿੰਘ ਭੁੱਲਰ ਵੱਲੋਂ ਉਨ੍ਹਾਂ ਦੇ ਪਤੀ 'ਤੇ ਦਬਾਅ ਬਣਾਇਆ ਜਾ ਰਿਹਾ ਸੀ ਕਿ ਵਿਭਾਗੀ ਪ੍ਰਕਿਰਿਆ ਨੂੰ ਦਰਕਿਨਾਰ ਕਰਕੇ ਗੋਦਾਮਾਂ ਦੀ ਉਸਾਰੀ ਦਾ ਟੈਂਡਰ ਸੁਖਦੇਵ ਸਿੰਘ ਭੁੱਲਰ ਦੇ ਨਾਮ ਮਨਜ਼ੂਰ ਕੀਤੇ ਜਾਣ।

ਹੁਣ ਭੁੱਲਰ ਦੀ ਗ੍ਰਿਫ਼ਤਾਰੀ ਵੀ

ਇਕ ਪਾਸੇ ਮੁੱਖ ਮੰਤਰੀ ਭਗਵੰਤ ਮਾਨ ਆਪਣੀ ਲਿਫ਼ਾਫ਼ੇਬਾਜ ਪਹੁੰਚ ਨਾਲ 'ਮੰਤਰੀ-ਸੰਤਰੀ' ਲਈ ਬਰਾਬਰ ਕਾਨੂੰਨ ਦੇ ਦਾਅਵੇ ਕਰ ਰਿਹਾ ਹੈ। ਭਗਵੰਤ ਮਾਨ ਨੇ ਲਿਖਿਆ ਕਿ 'ਮੇਰੇ ਲਈ ਸਾਰਾ ਪੰਜਾਬ ਹੀ ਇੱਕ ਪਰਿਵਾਰ ਹੈ। ਪੰਜਾਬ 'ਚ ਕੋਈ ਵੀ ਜੇਕਰ ਕਾਨੂੰਨ ਦੀ ਉਲੰਘਣਾ ਕਰੇਗਾ ਉਸ ਵਿਰੁੱਧ ਸਖ਼ਤ ਕਾਰਵਾਈ ਹੋਵੇਗੀ, ਭਾਵੇਂ ਉਹ ਕਿਸੇ ਵੀ ਅਹੁਦੇ ਉੱਤੇ ਜਾਂ ਮੇਰਾ ਕੋਈ ਸਕਾ-ਸੰਬੰਧੀ ਜਾਂ ਰਸੂਖ਼ਦਾਰ ਕਿਉਂ ਨਾ ਹੋਵੇ। ਕਿਸੇ ਦੀ ਪੁਸ਼ਤ ਪਨਾਹੀ ਕਰਨੀ ਸਾਡੀ ਪਾਰਟੀ ਦਾ ਏਜੰਡਾ ਨਹੀਂ ਹੈ। ਕੈਸ਼ ਅਤੇ ਫਰਮਾਇਸ਼ ਦੀ ਸਖ਼ਤ ਮਨਾਹੀ ਹੈ'। ਇਸੇ ਤਰ੍ਹਾਂ ਪੁਲਿਸ ਦਾਅਵਾ ਕਰ ਰਹੀ ਹੈ ਕਿ ਉਨ੍ਹਾਂ ਨੇ ਭੁੱਲਰ ਨੂੰ ਮੰਡੀ ਗੋਬਿੰਦਗੜ੍ਹ ਤੋਂ ਗ੍ਰਿਫ਼ਤਾਰ ਕੀਤਾ ਹੈ। ਦੂਜੇ ਪਾਸੇ ਗ੍ਰਿਫ਼ਤਾਰੀ ਸਮੇਂ ਲਾਲਜੀਤ ਭੁੱਲਰ ਨੇ ਸੋਸ਼ਲ ਮੀਡੀਆ ਉੱਤੇ ਪੋਸਟ ਕਰਕੇ ਕਿਹਾ, "ਸੱਚਾਈ ਅਤੇ ਇਨਸਾਫ਼ 'ਤੇ ਯਕੀਨ ਰੱਖਦਿਆਂ, ਮੈਂ ਖੁਦ ਮੰਡੀ ਗੋਬਿੰਦਗੜ੍ਹ ਵਿਖੇ ਆਤਮ ਸਮਰਪਣ ਕਰ ਰਿਹਾ ਹਾਂ।" ਭੁੱਲਰ ਨੇ ਫੇਸਬੁੱਕ ਪੋਸਟ ਪਾ ਕੇ ਆਤਮ-ਸਮਰਪਣ ਦੀ ਗੱਲ ਤੋਂ ਅੱਗੇ ਲਿਖਿਆ ਕਿ ਮੈਂ ਕਿਤੇ ਵੀ ਨਹੀਂ ਭੱਜਿਆ, ਮੈਂ ਆਪਣੇ ਪੰਜਾਬ ਵਿੱਚ ਹੀ ਹਾਂ। ਸੱਚਾਈ ਅਤੇ ਇਨਸਾਫ਼ 'ਤੇ ਯਕੀਨ ਰੱਖਦਿਆਂ, ਮੈਂ ਖੁਦ ਮੰਡੀ ਗੋਬਿੰਦਗੜ੍ਹ ਵਿਖੇ ਆਤਮ ਸਮਰਪਣ ਕਰ ਰਿਹਾ ਹਾਂ।

ਬਦਲਾਅ ਦੇ ਦਾਅਵੇ ਕਰਨ ਵਾਲਾ ਮੁੱਖ ਮੰਤਰੀ ਜਾਂ ਖੁਦ ਭੁੱਲਰ ਜੋ ਮਰਜ਼ੀ ਝੂਠ ਬੋਲਣ ਤੇ ਜਿੰਨੀ ਮਰਜ਼ੀ ਨੈਤਿਕਤਾ ਵਿਖਾਉਣ ਪਰ ਹਕੀਕਤ ਇਹ ਹੈ ਕਿ ਭੁੱਲਰ ਦੀ ਗ੍ਰਿਫ਼ਤਾਰੀ ਪਿੱਛੇ ਵੱਡਾ ਕਾਰਨ ਲੋਕਾਂ ਦਾ ਖ਼ਾਸਕਰ ਮ੍ਰਿਤਕ



ਦੇ ਪਰਿਵਾਰ ਦਾ ਦਬਾਅ ਹੈ। ਮ੍ਰਿਤਕ ਦਾ ਪਰਿਵਾਰ ਐੱਫਆਈਆਰ ਵਿੱਚ ਦਰਜ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਦੀ ਮੰਗ 'ਤੇ ਅੜਿਆ ਰਿਹਾ। ਮ੍ਰਿਤਕ ਦੀ ਪਤਨੀ ਉਪਿੰਦਰ ਕੌਰ ਨੇ ਦੋ ਟੁੱਕ ਕਿਹਾ ਕਿ ਜਦੋਂ ਤੱਕ ਗ੍ਰਿਫ਼ਤਾਰੀ ਨਹੀਂ ਹੁੰਦੀ, ਨਾ ਤਾਂ ਪੋਸਟਮਾਰਟਮ ਕਰਵਾਇਆ ਜਾਵੇਗਾ ਅਤੇ ਨਾ ਹੀ ਅੰਤਿਮ ਸਸਕਾਰ ਕੀਤਾ ਜਾਵੇਗਾ। ਉਸਨੇ ਸਾਰੀਆਂ ਜਥੇਬੰਦੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਨਿਆਂ ਲਈ ਉਨ੍ਹਾਂ ਦਾ ਸਾਥ ਦੇਣ। ਇਹ ਸਥਿਤੀ ਦੇਖਕੇ ਸਰਕਾਰ ਨੂੰ ਹੱਥਾਂ ਪੈਰਾਂ ਦੀ ਪੈ ਗਈ। ਮ੍ਰਿਤਕ ਦੀ ਪਤਨੀ ਵੱਲੋਂ ਜਦ ਪ੍ਰੈਸ ਕਾਨਫਰੰਸ ਕਰਕੇ ਕਿਹਾ ਗਿਆ ਕਿ ਜੇ ਪੁਲੀਸ ਪੰਜਾਬ ਦੇ ਸਾਬਕਾ ਮੰਤਰੀ ਲਾਲਜੀਤ ਭੁੱਲਰ ਨੂੰ 24 ਘੰਟਿਆਂ ਦੇ ਅੰਦਰ ਗ੍ਰਿਫ਼ਤਾਰ ਨਹੀਂ ਕਰਦੀ ਤਾਂ ਉਹ ਆਪਣੇ ਬੱਚਿਆਂ ਨਾਲ ਸੜਕਾਂ 'ਤੇ ਬੈਠ ਜਾਵੇਗੀ ਤਾਂ ਅਰਵਿੰਦ ਕੇਜਰੀਵਾਲ ਲਾਣੇ ਨੂੰ ਭੁੱਲਰ ਦੇ ਜੇਲ੍ਹ ਭੇਜਣ ਤੋਂ ਬਿਨਾਂ ਹੋਰ ਕੋਈ ਹੱਲ ਨਜ਼ਰ ਨਾ ਆਇਆ।

ਉਸੇ ਦਿਨ ਸੰਸਦ ਵਿੱਚ ਕਾਂਗਰਸ ਅਤੇ ਅਕਾਲੀ ਦਲ ਦੇ ਸੰਸਦ ਮੈਂਬਰਾਂ ਵੱਲੋਂ ਇਹ ਮਾਮਲਾ ਸੰਸਦ ਵਿੱਚ ਚੁੱਕਿਆ ਗਿਆ ਤਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਜੇਕਰ ਪੰਜਾਬ ਦੇ ਸਾਰੇ ਸੰਸਦ ਮੈਂਬਰ ਮੈਨੂੰ ਇਹ ਲਿਖ ਕੇ ਦੇਣ ਕਿ ਮਾਮਲਾ ਸੀਬੀਆਈ ਨੂੰ ਟਰਾਂਸਫਰ ਕੀਤਾ ਜਾਵੇ, ਤਾਂ ਮੈਂ ਤੁਰੰਤ ਇਹ ਕਾਰਵਾਈ ਕਰ ਦਿਆਂਗਾ। ਇਸੇ ਤਰ੍ਹਾਂ ਰਾਜ ਸਭਾ ਵਿੱਚ ਕੈਬਨਿਟ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਮਾਮਲਾ ਉਠਾਉਂਦਿਆ ਕਿਹਾ ਕਿ ਇਹ ਪਹਿਲੀ ਵਾਰ ਸਾਹਮਣੇ ਆਇਆ ਹੈ ਕਿ ਕਿਸੇ ਮੰਤਰੀ ਵੱਲੋਂ ਆਪਣੇ ਪਿਤਾ ਦੇ ਨਾਮ 'ਤੇ ਟੈਂਡਰ ਲੈਣ ਲਈ ਡੀਐੱਮ 'ਤੇ ਦਬਾਅ ਬਣਾਇਆ ਗਿਆ ਹੋਵੇ। ਸ਼ਾਇਦ ਸੰਸਦ ਮੈਂਬਰਾਂ ਹਰਮਿਸਰਤ ਕੌਰ ਬਾਦਲ, ਚਰਨਜੀਤ ਸਿੰਘ ਚੰਨੀ, ਗੁਰਜੀਤ ਸਿੰਘ ਔਜਲਾ, ਸੁਖਜਿੰਦਰ ਸਿੰਘ ਰੰਧਾਵਾ ਅਤੇ ਧਰਮਵੀਰ ਗਾਂਧੀ ਵੱਲੋਂ ਸੀਬੀਆਈ ਨੂੰ ਜਾਂਚ ਸੌਂਪਣ ਲਈ ਚਿੱਠੀ ਲਿਖਣ ਤੋਂ ਬਾਅਦ ਆਮ ਆਦਮੀ ਪਾਰਟੀ ਨੂੰ ਇਹ ਵੀ ਲੱਗਿਆ ਹੋਵੇਗਾ ਕਿ ਇਸ ਤੋਂ ਪਹਿਲਾਂ ਕਿ ਮਾਮਲਾ ਕੇਂਦਰ ਸਰਕਾਰ ਦੇ ਹੱਥ ਵਿਚ ਚਲਿਆ ਜਾਵੇ, ਇਸ ਦੀ ਬਜਾਏ ਕਿਉਂ ਨਾ ਭੁੱਲਰ ਨੂੰ ਪੇਸ਼ ਕਰਕੇ ਇੱਥੇ ਹੀ ਨਿਪਟਾ ਦੇਈਏ। ਮਤਲਬ ਸਾਫ਼ ਹੈ ਕਿ ਭਗਵੰਤ ਮਾਨ, ਕੇਜਰੀਵਾਲ ਤੇ ਭੁੱਲਰ ਤਿੰਨੋਂ ਹੀ ਨੈਤਿਕਤਾ ਦੀ ਫੋਕੀ ਦੁਹਾਈ ਦੇ ਰਹੇ ਹਨ ਜਦਕਿ ਹਕੀਕਤ ਵਿੱਚ ਇਹਨਾਂ ਮਾਮਲੇ ਨੂੰ ਰੋਲਣ ਦੀ ਪੂਰੀ ਕੋਸ਼ਿਸ਼ ਕੀਤੀ। ਇਹੀ ਕਾਰਨ ਹੈ ਕਿ ਖੁਦਕੁਸ਼ੀ ਤੋਂ ਬਾਅਦ ਵੀ ਤੁਰੰਤ ਪਰਚਾ ਦਰਜ ਨਹੀਂ ਕੀਤਾ ਗਿਆ ਅਤੇ ਲਗਭਗ 18 ਘੰਟਿਆਂ ਦੀ ਮੁਸ਼ੱਕਤ ਮਗਰੋਂ ਐੱਫਆਈਆਰ ਦਰਜ ਹੋਈ ਹੈ ਤੇ ਇਸਤੋਂ ਕਈ ਘੰਟੇ ਮਗਰੋਂ ਗ੍ਰਿਫ਼ਤਾਰੀ ਕੀਤੀ ਗਈ। ਲਾਲਜੀਤ ਭੁੱਲਰ ਦੇ ਪਿਓ ਸੁਖਦੇਵ ਸਿੰਘ ਭੁੱਲਰ ਦੀ ਤਾਂ ਅਜੇ ਤੱਕ ਗ੍ਰਿਫ਼ਤਾਰੀ ਵੀ ਨਹੀਂ ਕੀਤੀ ਗਈ ਹੈ।

ਜਦ ਮੁੱਢਲੇ ਤੌਰ 'ਤੇ ਹੀ ਇਹ ਸਾਬਤ ਹੋ ਚੁੱਕਾ ਹੈ ਕਿ ਲਾਲਜੀਤ ਭੁੱਲਰ ਨੇ ਆਪਣੇ ਪਿਤਾ ਦੇ ਹੱਕ ਵਿੱਚ ਟੈਂਡਰ ਪਾਸ ਕਰਨ ਲਈ ਗਗਨਦੀਪ ਸਿੰਘ ਉੱਪਰ ਦਬਾਅ ਬਣਾਇਆ ਤੇ ਜਦੋਂ ਟੈਂਡਰ ਭੁੱਲਰ ਦੀ ਮਰਜ਼ੀ ਅਨੁਸਾਰ ਨਹੀਂ ਦਿੱਤਾ ਗਿਆ ਤਾਂ ਗਗਨਦੀਪ ਸਿੰਘ ਦੀ ਕੁੱਟਮਾਰ ਅਤੇ ਮਾਨਸਿਕ ਸ਼ੋਸ਼ਣ ਕੀਤਾ ਗਿਆ ਤਾਂ ਇਸ ਕੱਟੜ ਇਮਾਨਦਾਰ ਹੋਣ ਦੇ ਦਾਅਵੇ ਕਰਨ ਵਾਲੀ ਪਾਰਟੀ ਨੇ ਲਾਲਜੀਤ ਭੁੱਲਰ ਨੂੰ ਪਾਰਟੀ ਵਿੱਚੋਂ ਕਿਉਂ ਨਹੀਂ ਕੱਢਿਆ। ਅਸਲ ਵਿੱਚ ਇਹ ਭੁੱਲਰ ਕੇਜਰੀਵਾਲ ਜੁੰਡਲੀ ਦਾ ਚਹੇਤਾ ਮੰਤਰੀ ਇਸ ਕਰਕੇ ਸੀ ਕਿਉਂਕਿ ਉਹ ਕੇਜਰੀਵਾਲ ਦਾ ਕਮਾਊ ਪੁੱਤ ਸੀ। ਭੁੱਲਰ ਆਪਣੇ ਦਿੱਲੀ ਵਾਲੇ ਆਕਾਵਾਂ ਦਾ ਇਸ ਕਦਰ ਚਹੇਤਾ ਸੀ ਕਿ ਉਹ ਉਹਨਾਂ ਚੰਦ ਮੰਤਰੀਆਂ ਵਿੱਚੋਂ ਇਕ ਹੈ ਜੋ ਸ਼ੁਰੂ ਤੋਂ ਹੀ ਕੈਬਨਿਟ ਦਾ ਹਿੱਸਾ ਹਨ ਤੇ ਉਸ ਕੋਲ ਟਰਾਂਸਪੋਰਟ, ਜੇਲ੍ਹ ਵਿਭਾਗ ਤੇ ਪੇਂਡੂ ਵਿਕਾਸ ਵਰਗੇ ਅਹਿਮ ਮਹਿਕਮੇ ਹਨ।

ਹੁਣ "ਕੈਸ਼ ਤੇ ਫਰਮਾਇਸ਼"ਦੀ ਸਖ਼ਤ ਮਨਾਹੀ ਦਾ ਢੰਡੋਰਾ ਪਿੱਟਣ ਵਾਲਾ ਮੁੱਖ ਮੰਤਰੀ ਭਗਵੰਤ ਮਾਨ ਜਦ ਅੱਜ ਸ਼ੋਸ਼ਲ ਮੀਡੀਆ ਪੋਸਟਾਂ ਵਿੱਚ ਲਿਖ ਰਿਹਾ ਹੈ ਕਿ ਸਾਡੀ ਸਰਕਾਰ ਕਿਸੇ ਦੀ ਪੁਸ਼ਤਪਨਾਹੀ ਨਹੀਂ ਕਰਦੀ ਤਾਂ ਉਸ ਨੂੰ ਸਵਾਲ ਤਾਂ ਇਹ ਪੁੱਛਿਆ ਜਾਣਾ ਚਾਹੀਦਾ ਹੈ ਕਿ ਇਸੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਾਬਕਾ ਸਿਹਤ ਮੰਤਰੀ ਵਿਜੇ ਸਿੰਗਲਾ ਦੀ ਗ੍ਰਿਫ਼ਤਾਰੀ ਸਮੇਂ ਵੀ ਇਸੇ ਤਰ੍ਹਾਂ ਦੀ ਲਫ਼ਾਜ਼ੀ ਵਰਤੀ ਸੀ ਤੇ ਹੁਣ ਉਸੇ ਵਿਜੇ ਸਿੰਗਲਾ ਨਾਲ ਸਟੇਜਾਂ ਸਾਂਝੀਆਂ ਕਰਨ ਵਿਚ ਇਨ੍ਹਾਂ ਨੂੰ ਕੋਈ ਗੁਰੇਜ਼ ਨਹੀਂ ਹੈ। ਇਹਨਾਂ ਦੇ ਕਈ ਵਿਧਾਇਕਾਂ ਉੱਪਰ ਕੋਠੀਆਂ ਉੱਪਰ ਨਜਾਇਜ਼ ਕਬਜ਼ਿਆਂ ਦੇ ਮਾਮਲੇ ਸਾਹਮਣੇ ਆ ਚੁੱਕੇ ਹਨ ਪਰ ਕੀ ਮਜਾਲ ਹੈ ਕਿ ਇਨ੍ਹਾਂ ਨੇ ਕੋਈ ਕਾਰਵਾਈ ਕੀਤੀ ਹੋਵੇ।

ਇਹ ਠੀਕ ਹੈ ਕਿ ਖੁਦਕੁਸ਼ੀ ਕਿਸੇ ਮਸਲੇ ਦਾ ਹੱਲ ਨਹੀਂ ਹੈ ਪਰ ਜਦ 'ਸੱਤਾ' ਆਪਣੇ ਮੁਫ਼ਾਦਾਂ ਲਈ ਇਕ ਆਮ ਮੁਲਾਜ਼ਮ ਨੂੰ ਮਾਨਸਿਕ ਤੌਰ 'ਤੇ ਸ਼ਿਕਾਰ ਬਣਾਉਂਦੀ ਹੈ ਤਾਂ ਸ਼ਾਇਦ ਉਸ ਨੂੰ ਹੋਰ ਕੋਈ ਰਾਸਤਾ ਨਜ਼ਰ ਨਹੀਂ ਆਇਆ ਹੋਵੇਗਾ। ਗਗਨਦੀਪ ਸਿੰਘ ਪੀਐਚਡੀ ਤੱਕ ਪੜ੍ਹਿਆ ਹੋਇਆ ਹੋਣਹਾਰ ਨੌਜਵਾਨ ਸੀ ਜਿਸਨੂੰ 'ਸੱਤਾ' ਦੇ ਨਸ਼ੇ ਵਿੱਚ ਇਸ ਮੰਤਰੀ ਨੇ ਇਸ ਕਦਰ ਦਰੜਿਆ ਕਿ ਉਸਨੂੰ ਉਸਦੀਆਂ ਧੀਆਂ ਤੇ ਪਤਨੀ ਤੱਕ ਦੀਆਂ ਧਮਕੀਆਂ ਦਿੱਤੀਆਂ ਗਈਆਂ। ਇਕ ਪਾਸੇ ਮੁੱਖ ਮੰਤਰੀ ਕਹਿੰਦਾ ਸੀ ਕਿ ਅੰਗਰੇਜ਼ ਇੱਥੇ ਆ ਕੇ ਨੌਕਰੀਆਂ ਕਰਿਆ ਕਰਨਗੇ ਪਰ ਸਥਿਤੀ ਇਹ ਹੈ ਕਿ ਇਸੇ ਮੁੱਖ ਮੰਤਰੀ ਦੇ ਕਾਰਜਕਾਲ ਵਿੱਚ ਹੀ ਗਗਨਦੀਪ ਸਿੰਘ ਵਰਗੇ ਨੌਜਵਾਨਾਂ ਦਾ ਹਸ਼ਰ ਵੇਖ ਕੇ ਸ਼ਾਇਦ ਇੱਥੇ ਨੌਕਰੀਆ ਕਰ ਰਹੇ ਨੌਜਵਾਨਾਂ ਦੇ ਮਾਪੇ ਆਪਣੇ ਬੱਚਿਆਂ ਦੀ ਜ਼ਿੰਦਗੀ ਇਸ ਰਾਜਨੀਤਕ ਮਾਫ਼ੀਆ ਤੋਂ ਅਸੁਰੱਖਿਅਤ ਮਹਿਸੂਸ ਕਰਨਗੇ।

ਪੰਜਾਬੀਆਂ ਨੂੰ ਇਸ ਸਰਕਾਰ ਨੇ 'ਬਦਲਾਅ' ਦੇ ਨਾਮ ਉੱਪਰ ਇਸ ਕਦਰ ਗੁੰਮਰਾਹ ਕੀਤਾ ਕਿ ਹੁਣ ਇਕ ਤਰ੍ਹਾਂ ਨਾਲ ਪੂਰਾ ਸੂਬਾ ਹੀ ਪੁਲਿਸ ਰਾਜ ਦੇ ਰੂਪ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ। ਕਿੰਨੇ ਨੌਜਵਾਨਾਂ ਨੂੰ ਗੈਂਗਸਟਰਾਂ ਨੂੰ ਖ਼ਤਮ ਕਰਨ ਦੇ ਨਾਮ ਹੇਠ ਕਥਿਤ ਮੁਕਾਬਲਿਆਂ ਵਿਚ ਮਾਰ ਦਿੱਤਾ ਗਿਆ ਹੈ। 'ਸੱਤਾ' ਦੇ ਜਬਰ ਦਾ ਸ਼ਿਕਾਰ ਬਣਿਆ ਗਗਨਦੀਪ ਸਿੰਘ ਪਹਿਲਾ ਨੌਜਵਾਨ ਨਹੀਂ ਹੈ ਬਲਕਿ ਇਸ ਤੋਂ ਪਹਿਲਾਂ ਵੀ ਦਰਜਨਾਂ ਨੌਜਵਾਨ ਇਸੇ ਤਰ੍ਹਾਂ ਮਾਰੇ ਜਾ ਚੁੱਕੇ ਹਨ।

ਗਗਨਦੀਪ ਸਿੰਘ ਨੂੰ ਇਨਸਾਫ਼ ਦਿਵਾਉਣ ਲਈ ਲੜ ਰਹੀਆਂ ਤਾਕਤਾਂ ਨੂੰ, ਪਰਿਵਾਰ ਨੂੰ ਅਤੇ ਪੰਜਾਬ ਦੇ ਲੋਕਾਂ ਨੂੰ ਚੌਕਸ ਰਹਿਣ ਦੀ ਲੋੜ ਹੈ ਕਿ ਭਗਵੰਤ ਮਾਨ-ਕੇਜਰੀਵਾਲ ਜੁੰਡਲੀ ਵਿਜੈ ਸਿੰਗਲੇ ਵਾਂਗ ਇਸ ਕਾਤਲ ਮੰਤਰੀ ਨੂੰ ਜੇਲ੍ਹ ਵਿੱਚੋਂ ਬਾਹਰ ਲਿਆਉਣ ਵਿਚ ਕਾਮਯਾਬ ਨਾ ਹੋ ਜਾਵੇ। ਪੰਜਾਬ ਦੇ ਲੋਕਾਂ ਨੂੰ ਸੱਤਾ ਉੱਪਰ ਮੁੜ ਕਾਬਜ਼ ਹੋਣ ਲਈ ਤਾਹੂ ਵਿਰੋਧੀ ਧਿਰ ਦੀਆਂ ਮੌਕਾਪ੍ਰਸਤ ਪਾਰਟੀਆਂ ਦੇ ਰਾਜਨੀਤਕ ਜਾਲ ਵਿਚ ਨਹੀਂ ਫਸਣਾ ਚਾਹੀਦਾ ਜੋ ਇਸ ਘਟਨਾ ਉੱਪਰ ਰਾਜਨੀਤਕ ਰੋਟੀਆਂ ਸੇਕ ਰਹੀਆਂ ਹਨ। ਸਭ ਤੋਂ ਵੱਧ ਇਹ ਜ਼ਰੂਰੀ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਉੱਪਰ ਜਨਤਕ ਦਬਾਅ ਬਣਾ ਕੇ ਰੱਖਿਆ ਜਾਵੇ ਤਾਂ ਜੋ ਪਰਿਵਾਰ ਨੂੰ ਇਨਸਾਫ਼ ਮਿਲ ਸਕੇ।

## ਕੈਨੇਡਾ ਦੇ ਹਾਊਸ ਆਫ਼ ਕਾਮਨਜ਼ ਵਿੱਚ ਬਿਲ ਸੀ-9 (BILL C-9) ਹੋਇਆ ਪਾਸ, ਨਫ਼ਰਤੀ ਅਪਰਾਧਾਂ ਨੂੰ ਠੱਲ੍ਹ ਪਾਉਣ ਦੀ ਸਰਕਾਰ ਵੱਲੋਂ ਕੋਸ਼ਿਸ਼

ਕੈਨੇਡਾ ਦੀ ਫੈਡਰਲ ਲਿਬਰਲ ਸਰਕਾਰ ਵੱਲੋਂ ਪਿਛਲੇ ਸਾਲ ਸਤੰਬਰ ਮਹੀਨੇ ਦੌਰਾਨ ਲਿਆਂਦਾ ਗਿਆ ਬਿਲ ਸੀ-9, ਜਿਸ ਨੂੰ Combatting Hate Act (ਨਫ਼ਰਤ ਰੋਕਥਾਮ ਐਕਟ) ਵੀ ਕਿਹਾ ਜਾਂਦਾ ਹੈ, ਲੰਘੀ 25 ਮਾਰਚ 2026 ਨੂੰ ਹਾਊਸ ਆਫ਼ ਕਾਮਨਜ਼ ਵਿਚ ਤੀਜੀ ਰੀਡਿੰਗ ਤੋਂ ਬਾਅਦ ਪਾਸ ਹੋ ਗਿਆ ਹੈ। ਇਹ ਬਿਲ ਲਿਬਰਲ ਪਾਰਟੀ ਅਤੇ ਬਲਾਕ ਕਿਊਬੈਕਵਾ ਦੇ ਸਾਂਝੇ ਸਮਰਥਨ ਨਾਲ 186 ਵੋਟਾਂ ਨਾਲ ਪਾਸ ਹੋਇਆ ਹੈ ਜਦਕਿ 137 ਵੋਟਾਂ ਇਸਦੇ ਵਿਰੋਧ ਵਿੱਚ ਪਈਆਂ ਹਨ। ਕੰਜ਼ਰਵੇਟਿਵ ਪਾਰਟੀ ਆਫ ਕੈਨੇਡਾ ਅਤੇ ਐੱਨਡੀਪੀ ਨੇ ਇਸ ਬਿਲ ਦੇ ਵਿਰੋਧ ਵਿਚ ਵੋਟ ਪਾਈ ਹੈ। ਹੁਣ ਇਹ ਬਿਲ ਸੈਨੇਟ ਵਿਚ ਜਾ ਰਿਹਾ ਹੈ, ਜਿੱਥੇ ਇਸ ਤੇ ਹੋਰ ਵਧੇਰੇ ਚਰਚਾ ਹੋਵੇਗੀ।

ਇਸ ਬਿਲ ਦਾ ਮੁੱਖ ਉਦੇਸ਼ ਕੈਨੇਡੀਅਨ ਫੌਜਦਾਰੀ ਕਾਨੂੰਨ (Criminal Code) ਵਿੱਚ ਸੋਧਾਂ ਕਰਕੇ ਨਫ਼ਰਤ ਭਰੀਆਂ ਗਤੀਵਿਧੀਆਂ ਨੂੰ ਰੋਕਣਾ ਅਤੇ ਧਾਰਮਿਕ ਤੇ ਸਭਿਆਚਾਰਕ ਥਾਵਾਂ ਦੀ ਰੱਖਿਆ ਕਰਨਾ ਹੈ। ਇਸ ਵਿੱਚ ਕੁੱਝ ਨਵੀਆਂ ਅਪਰਾਧਿਕ ਧਾਰਾਵਾਂ ਸ਼ਾਮਲ ਕੀਤੀਆਂ ਗਈਆਂ ਹਨ:

**ਧਮਕੀ ਭਰੀ ਗਤੀਵਿਧੀ (Intimidation Offence)**: ਅਗਰ ਕੋਈ ਵੀ ਸ਼ਖ਼ਸ ਜਾਂ ਜੱਥੇਬੰਦੀ ਕਿਸੇ ਨੂੰ ਡਰਾਉਣ ਜਾ ਨਫ਼ਰਤ ਫੈਲਾਉਣ ਲਈ ਕੋਈ ਗਤੀਵਿਧੀਆਂ ਕਰਦੀ ਹੈ ਤਾਂ ਉਸ ਖ਼ ?ਲਾਫ਼ ਕਾਰਵਾਈ ਕੀਤੀ ਜਾ ਸਕਦੀ ਹੈ। ਕੈਨੇਡਾ ਵਿੱਚ ਹਾਲ ਹੀ ਦੌਰਾਨ ਬਹੁਤ ਸਾਰੇ ਮਾਮਲੇ ਸਾਹਮਣੇ ਆਏ ਹਨ ਜਿਸ ਵਿੱਚ ਖ਼ਾਸ ਵਿਚਾਰਧਾਰਾ ਨਾਲ ਸਬੰਧਤ ਲੋਕਾਂ ਨੂੰ ਧਮਕੀਆਂ ਦਿੱਤੀਆਂ ਜਾਂਦੀਆਂ ਰਹੀਆਂ ਹਨ ਅਤੇ ਡਰਾਇਆ ਧਮਕਾਇਆ ਵੀ ਜਾਂਦਾ ਰਿਹਾ ਹੈ।

**ਰੋਕਥਾਮ ਅਪਰਾਧ (Obstruction Offence)**: ਧਾਰਮਿਕ, ਸਭਿਆਚਾਰਕ ਜਾਂ ਹੋਰ ਜਨਤਕ ਥਾਵਾਂ ਤੱਕ ਕਾਨੂੰਨੀ ਪਹੁੰਚ ਰੋਕਣਾ ਗੈਰ-ਕਾਨੂੰਨੀ ਹੋਵੇਗਾ। ਕਿਸੇ ਵੀ ਸ਼ਖ਼ਸ ਨੂੰ ਆਪਣੇ ਧਾਰਮਿਕ ਜਾਂ ਸਭਿਆਚਾਰਕ ਥਾਵਾਂ ਤੱਕ ਪਹੁੰਚਣ ਤੋਂ ਰੋਕਨਾ ਨਫ਼ਰਤੀ ਅਪਰਾਧ ਦੀ ਸ਼੍ਰੇਣੀ ਵਿੱਚ ਆਵੇਗਾ ਇਸ ਲਈ 10 ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ। ਅਗਰ ਕਿਸੇ ਨੂੰ ਚਰਚ, ਮਸਜਿਦ, ਮੰਦਰ ਜਾਂ ਗੁਰਦੁਆਰੇ ਤੱਕ ਪਹੁੰਚਣ ਤੋਂ ਰੋਕਿਆ ਜਾਂਦਾ ਹੈ ਜਾਂ ਫਿਰ ਉਸਨੂੰ ਆਪਣੀ ਆਸਥਾ ਪ੍ਰਗਟ ਕਰਨ ਨਹੀਂ ਦਿੱਤੀ ਜਾਂਦੀ ਤਾਂ ਇਸਨੂੰ ਨਫ਼ਰਤੀ ਅਪਰਾਧ ਦੀ ਸ਼੍ਰੇਣੀ ਵਿੱਚ ਗਿਣਿਆ ਜਾਵੇਗਾ। ਕੈਨੇਡਾ ਵਿੱਚ ਬਹੁਤ ਸਾਰੇ ਮਾਮਲੇ ਸਾਹਮਣੇ ਆਏ ਸਨ ਜਿਸ ਵਿੱਚ ਕੁੱਝ ਫਿਰਕਿਆਂ ਨਾਲ ਸਬੰਧਤ ਲੋਕਾਂ ਨੂੰ ਉਨ੍ਹਾਂ ਦੇ ਧਾਰਮਿਕ ਸਥਾਨਾਂ ਅੰਦਰ ਦਾਖਲ ਹੋਣ ਤੋਂ ਰੋਕਣ ਦੀ ਕੋਸ਼ਿਸ਼ ਹੋਈ ਸੀ ਜਾਂ ਉੱਥੇ ਮਾਹੌਲ ਖ਼ਰਾਬ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ।

**ਨਫ਼ਰਤੀ ਅਪਰਾਧ (Hate Crime Offence)**: ਆਮ ਜਾਂ ਗੰਭੀਰ ਅਪਰਾਧਾਂ ਨੂੰ ਨਫ਼ਰਤ ਦੀ ਭਾਵਨਾ ਨਾਲ ਕੀਤੇ ਗਏ ਹੋਣ ਤੇ ਵਧੇਰੇ ਸਖ਼ਤ ਸਜ਼ਾ ਲਗਾਉਣ ਲਈ ਨਵੀਂ ਧਾਰਾ ਬਣਾਈ ਗਈ ਹੈ। ਇਸ ਨਾਲ ਨਫ਼ਰਤ-ਪ੍ਰੇਰਿਤ ਅਪਰਾਧਾਂ ਨੂੰ ਵਧੇਰੇ ਸਪੱਸ਼ਟ ਤੌਰ 'ਤੇ ਨਿਸ਼ਾਨਬੱਧ ਕੀਤਾ ਜਾ ਸਕਦਾ ਹੈ। ਪੁਲਿਸ ਕੋਲ ਅਧਿਕਾਰ ਹੋਵੇਗਾ ਕਿ ਉਹ ਬਿਨਾਂ ਅਟਾਰਨੀ ਜਨਰਲ ਦੀ ਸਹਿਮਤੀ ਤੋਂ ਵੀ ਨਫ਼ਰਤ ਨਾਲ ਸਬੰਧਤ ਚਾਰਜ਼ ਲਗਾ ਸਕਦੀ ਹੈ। ਕੈਨੇਡਾ ਵਿੱਚ ਪਿਛਲੇ ਸਮੇਂ ਦੌਰਾਨ ਬਹੁਤ ਸਾਰੇ ਅਪਰਾਧ ਨਸਲੀ ਨਫ਼ਰਤ ਵਜੋਂ ਹੋਏ ਹਨ ਜਿਸ ਵਿੱਚ ਕਤਲ ਤੱਕ ਕਰ ਦਿੱਤੇ ਗਏ ਸਨ।

**ਨਫ਼ਰਤ ਨੂੰ ਹੱਲਾਸ਼ੇਰੀ ਦਿੰਦੇ ਚਿੰਨ੍ਹਾਂ ਦੇ ਪ੍ਰਚਾਰ ਨੂੰ ਰੋਕਣਾ (Preventing the promotion of symbols that promote hatred)** : ਜਨਤਕ ਥਾਵਾਂ ਤੇ ਨਫ਼ਰਤ ਭਰੇ ਜਾਂ ਆਤੰਕਵਾਦੀ ਚਿੰਨ੍ਹਾਂ (ਜਿਵੇਂ ਨਾਜ਼ੀ ਸਵਾਸਤਿਕ, ਆਈਐੱਸਆਈਐੱਸ ਜਾਂ ਹਮਾਸ ਵਰਗੇ ਗਰੁੱਪਾਂ ਦੇ ਚਿੰਨ੍ਹ) ਨੂੰ ਵਿਖਾਉਣਾ ਗੈਰ-ਕਾਨੂੰਨੀ ਹੋਵੇਗਾ, ਇਹ ਚਿੰਨ੍ਹ ਨਫ਼ਰਤ ਨੂੰ ਹੱਲਾਸ਼ੇਰੀ ਦਿੰਦੇ ਹਨ ਇਹ ਕਾਨੂੰਨ ਵਿੱਚ ਮੰਨਿਆ ਗਿਆ ਹੈ। ਕੈਨੇਡਾ ਵਿੱਚ ਕੁੱਲ 87 ਜੱਥੇਬੰਦੀਆਂ ਨੂੰ ਦਹਿਸ਼ਤਗਰਦ ਸੰਗਠਨਾਂ ਵਜੋਂ ਬੈਨ ਕੀਤਾ ਗਿਆ ਹੈ। ਇੰਨਾ ਸੰਗਠਨਾਂ ਨਾਲ ਸਬੰਧਤ ਚਿੰਨ੍ਹਾਂ ਜਾਂ ਝੰਡਿਆਂ ਨੂੰ ਪ੍ਰਦਰਸ਼ਿਤ ਕਰਨ ਤੇ ਰੋਕ ਲਗਾਈ ਗਈ ਹੈ। ਇਹ ਬਿਲ ਨਫ਼ਰਤ ਭਰੇ ਭਾਸ਼ਣਾਂ (hate propaganda) ਲਈ ਐਟਾਰਨੀ ਜਨਰਲ ਦੀ ਇਜਾਜ਼ਤ ਦੀ ਲੋੜ ਨੂੰ ਖਤਮ ਕਰਦਾ ਹੈ ਅਤੇ ਨਫ਼ਰਤ ਦੀ ਦੀ ਪਰਿਭਾਸ਼ਾ ਨੂੰ ਵਧੇਰੇ ਸਪੱਸ਼ਟ ਕਰਦਾ ਹੈ।

**ਵਿਵਾਦ ਅਤੇ ਵਿਰੋਧ**: ਬਿਲ ਸੀ-9 ਦਾ ਜਿੱਥੇ ਸਮਰਥਨ ਵੀ ਹੋਇਆ ਹੈ ਉੱਥੇ ਹੀ ਇਸ ਉੱਤੇ ਵਿਵਾਦ ਅਤੇ ਇਤਰਾਜ਼ ਵੀ ਹਨ ਹੈ। ਇਸ ਦੇ ਸਮਰਥਕਾਂ, ਖਾਸ ਕਰਕੇ ਯਹੂਦੀ ਭਾਈਚਾਰੇ ਅਤੇ ਕੁਝ ਹੋਰ ਧਾਰਮਿਕ ਗਰੁੱਪਾਂ ਨੇ ਇਸ ਨੂੰ ਨਫ਼ਰਤ ਵਾਲੀਆਂ ਘਟਨਾਵਾਂ (ਜਿਵੇਂ ਐਂਟੀਸੈਮੀਟਿਜ਼ਮ ਅਤੇ ਇਸਲਾਮੋਫੋਬੀਆ) ਵਧਣ ਤੋਂ ਰੋਕਣ ਲਈ ਲਾਜ਼ਮੀ ਦੱਸਿਆ ਹੈ। ਉਨ੍ਹਾਂ ਅਨੁਸਾਰ ਇਸ ਨਾਲ ਧਾਰਮਿਕ ਥਾਵਾਂ ਤੇ ਹਮਲਿਆਂ ਅਤੇ ਨਫ਼ਰਤ ਭਰੀਆਂ ਘਟਨਾਵਾਂ ਨੂੰ ਰੋਕਣ ਵਿੱਚ ਮੱਦਦ ਮਿਲੇਗੀ। ਦੂਜੇ ਪਾਸੇ, ਵਿਰੋਧੀਆਂ (ਖਾਸ ਕਰਕੇ ਕੰਜ਼ਰਵੇਟਿਵ ਪਾਰਟੀ, ਐੱਨਡੀਪੀ ਅਤੇ ਕਈ ਸਿਵਲ ਲਿਬਰਟੀਜ਼ ਗਰੁੱਪਾਂ) ਨੇ ਚਿੰਤਾ ਜਤਾਈ ਹੈ ਕਿ ਇਸ ਬਿਲ ਨਾਲ ਬੋਲਣ ਦੀ ਆਜ਼ਾਦੀ (freedom of expression) ਅਤੇ ਧਰਮ ਦੀ ਆਜ਼ਾਦੀ (religious freedom) ਤੇ ਅਸਰ ਪੈ ਸਕਦਾ ਹੈ। ਖਾਸ ਤੌਰ 'ਤੇ ਬਿਲ ਵਿਚ ਪੁਰਾਣੀ ਧਾਰਾ ਨੂੰ ਹਟਾਇਆ ਗਿਆ ਹੈ ਜਿਸ ਵਿਚ ਧਾਰਮਿਕ ਗ੍ਰੰਥਾਂ ਤੋਂ ਉਦਾਹਰਣ ਦੇਣ ਜਾਂ ਧਾਰਮਿਕ ਵਿਸ਼ਿਆਂ ਤੇ ਚੰਗੀ ਨੀਅਤ ਨਾਲ ਗੱਲ ਕਰਨ ਵਾਲਿਆਂ ਲਈ ਵੀ ਬਚਾਅ ਸੀ। ਇਸ ਨੂੰ ਹਟਾਉਣ ਨਾਲ ਧਾਰਮਿਕ ਲੋਕਾਂ ਲਈ ਆਪਣੇ ਧਰਮ ਬਾਰੇ ਚਰਚਾ ਕਰਨਾ ਖਤਰਨਾਕ ਹੋ ਸਕਦਾ ਹੈ।

ਕਈ ਫੈਥ ਗਰੁੱਪਾਂ ਖ਼ਾਸਕਰ ਕੈਨੇਡੀਅਨ ਸਿਵਲ ਲਿਬਰਟੀਜ਼ ਐਸੋਸੀਏਸ਼ਨ, ਕੈਥੋਲਿਕ ਚਰਚਾਂ ਤੇ ਵੱਖ-ਵੱਖ ਧਾਰਮਿਕ ਸੰਗਠਨਾਂ ਅਤੇ 300 ਤੋਂ ਵੱਧ ਸੰਸਥਾਵਾਂ ਨੇ ਬਿਲ ਦੇ ਵਿਰੋਧ ਵਿਚ ਆਵਾਜ਼ ਉਠਾਈ ਹੈ। ਉਨ੍ਹਾਂ ਅਨੁਸਾਰ ਇਸ ਦੀ ਭਾਸ਼ਾ ਬਹੁਤ ਅਸਪੱਸ਼ਟ ਹੈ ਅਤੇ ਇਸ ਨਾਲ ਸ਼ਾਂਤੀਪੂਰਵਕ ਪ੍ਰਦਰਸ਼ਨ ਵੀ ਅਪਰਾਧ ਵਜੋਂ ਗਿਣੇ ਜਾ ਸਕਦੇ ਹਨ। ਕੈਨੇਡਾ ਦੀ ਪ੍ਰਮੁੱਖ ਵਿਰੋਧੀ ਪਾਰਟੀ ਕੰਜ਼ਰਵੇਟਿਵ ਪਾਰਟੀ ਆਫ ਕੈਨੇਡਾ ਵੱਲੋਂ ਵੀ ਇਸ ਬਿਲ ਦੇ ਵਿਰੋਧ ਵਿੱਚ ਹਾਉਸ ਆਫ਼ ਕਾਮਨਜ਼ ਵਿੱਚ ਵੋਟਿੰਗ ਕੀਤੀ ਗਈ ਹੈ। ਹਾਉਸ ਆਫ਼ ਕਾਮਨਜ਼ ਵਿੱਚ ਪਾਸ ਹੋਣ ਤੋਂ ਬਾਅਦ ਇਹ ਬਿਲ ਸੈਨੇਟ ਵਿੱਚ ਗਿਆ ਹੈ, ਜਿੱਥੇ ਸੈਨੇਟਰ ਇਸ ਦੀ ਹੋਰ ਸਮੀਖਿਆ ਕਰਨਗੇ ਅਤੇ ਸੰਭਵ ਤੌਰ 'ਤੇ ਕੁੱਝ ਸੋਧਾਂ ਸੁਝਾ ਸਕਦੇ ਹਨ। ਜੇਕਰ ਸੈਨੇਟ ਵੀ ਇਸ ਨੂੰ ਪਾਸ ਕਰ ਦਿੰਦਾ ਹੈ ਤਾਂ ਰਾਇਲ ਐਸੈਂਟ ਤੋਂ ਬਾਅਦ ਇਹ ਕਾਨੂੰਨ ਬਣ ਜਾਵੇਗਾ। ਇਹ ਬਿਲ ਕੈਨੇਡਾ ਵਿਚ ਵਧਦੀਆਂ ਨਫ਼ਰਤ ਭਰੀਆਂ ਘਟਨਾਵਾਂ (ਖਾਸ ਕਰਕੇ ਯਹੂਦੀ, ਮੁਸਲਿਮ ਅਤੇ ਹੋਰ ਭਾਈਚਾਰਿਆਂ ਤੇ ਹਮਲੇ) ਦੇ ਪਿਛੋਕੜ ਦੇ ਸੰਦਰਭ ਵਿੱਚ ਲਿਆਂਦਾ ਗਿਆ ਸੀ। ਕੈਨੇਡਾ ਵਾਸੀਆਂ ਲਈ ਇਹ ਬਿਲ ਇੱਕ ਮਹੱਤਵਪੂਰਨ ਵਿਸ਼ਾ ਅਤੇ ਚਰਚਾ ਦਾ ਮੁੱਦਾ ਬਣਿਆ ਹੋਇਆ ਹੈ। ਇੱਥੇ ਧਿਆਨ ਦੇਣ ਦੀ ਲੋੜ ਹੈ ਕਿ ਇਹ ਬਿਲ ਸਰਕਾਰ ਵੱਲੋਂ ਕਿਸੇ ਵੀ ਧਰਮ ਜਾਂ ਕਿਸੇ ਵੀ ਖ਼ਾਸ ਵਿਚਾਰਧਾਰਾ ਨੂੰ ਨਿਸ਼ਾਨਾ ਬਣਾਕੇ ਨਹੀਂ ਲਿਆਂਦਾ ਗਿਆ ਹੈ ਬਲਕਿ ਇਹ ਬਿਲ ਸਾਰੇ ਹੀ ਕੈਨੇਡੀਅਨ ਭਾਈਚਾਰਿਆਂ ਲਈ ਇੱਕੋ ਹੀ ਢੰਗ ਨਾਲ ਪੇਸ਼ ਆਵੇਗਾ।

**- Kultaran Singh Padhiana**

# ਤਰਕਸ਼ੀਲ ਸੋਸਾਇਟੀ ਵੱਲੋਂ ਸ਼ਹੀਦ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦੀ ਯਾਦ ਵਿੱਚ ਬਰੈਂਪਟਨ ਵਿਖੇ ਪ੍ਰੋਗਰਾਮ

## ਕੈਨੇਡਾ ਤਰਕਸ਼ੀਲ ਆਗੂ ਬਾਈ ਅਵਤਾਰ ਗਿੱਲ ਸਰੀ ਨੂੰ ਸ਼ਰਧਾਂਜਲੀ









ਬਰੈਂਪਟਨ, (ਸਰੋਕਾਰਾਂ ਦੀ ਆਵਾਜ਼ ਬਿਊਰੋ) : ਬਰੈਂਪਟਨ ਵਿਖੇ 29 ਮਾਰਚ ਨੂੰ ਤਰਕਸ਼ੀਲ (ਰੈਸ਼ਨਲੀਸਟ) ਸੁਸਾਇਟੀ ਨੇ ਮਾਰਚ 1931 ਨੂੰ ਬ੍ਰਿਟਿਸ਼-ਭਾਰਤ ਬਸਤੀਵਾਦੀ ਰਾਜ ਵਿੱਚ ਫਾਂਸੀ ਦੀਆਂ ਰੱਸੇਆਂ ਨੂੰ ਚੁੰਮਣ ਵਾਲੇ ਇਨਕਲਾਬੀ ਸ਼ਹੀਦ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦੇ ਸ਼ਹੀਦੀ ਦਿਨ ਦਾ ਆਯੋਜਨ ਕੀਤਾ। ਭਗਤ ਸਿੰਘ ਦੀ ਇਨਕਲਾਬੀ ਵਿਚਾਰਧਾਰਾ ਦੀਆਂ ਲਿਖਤਾਂ 'ਤੇ ਆਧਾਰਿਤ ਦਸਤਾਵੇਜ਼ੀ ਫਿਲਮਾਂ ਵੀ ਚਲਾਈਆਂ ਗਈਆਂ। ਲੇਖਕ ਡਾ. ਹਰਦੀਪ ਸਿੰਘ ਨੇ 'ਹਾਲ ਹੀ ਦੀਆਂ ਭੂ-ਰਾਜਨੀਤਿਕ ਜੰਗਾਂ ਵਿੱਚ ਭਗਤ ਸਿੰਘ ਅਤੇ ਮਜ਼ਦੂਰ ਜਮਾਤ ਦੀ ਵਿਚਾਰਧਾਰਾ ਦੀ ਸਾਰਥਕਤਾ' ਵਿਸ਼ੇ 'ਤੇ ਮੁੱਖ ਭਾਸ਼ਣ ਦਿੱਤਾ। ਕੈਨੇਡਾ ਦੇ ਤਰਕਸ਼ੀਲ ਸੁਸਾਇਟੀ ਦੇ ਰਾਸ਼ਟਰੀ ਪ੍ਰਧਾਨ ਬਲਦੇਵ ਰਹਿਪਾ ਨੇ ਮਰਹੂਮ ਅਵਤਾਰ ਗਿੱਲ ਦੇ ਯੋਗਦਾਨ ਬਾਰੇ ਗੱਲ ਕੀਤੀ। ਸਾਰੇ ਮੈਂਬਰਾਂ ਨੇ ਸਰੀ ਦੇ ਬਾਈ ਅਵਤਾਰ ਗਿੱਲ ਦੀ ਯਾਦ ਵਿੱਚ ਮੌਨ ਧਾਰਨ ਕੀਤਾ, ਜੋ ਕਿ ਰੈਸ਼ਨਲਿਸਟ ਸੁਸਾਇਟੀ ਕੈਨੇਡਾ ਦੇ ਸਰਪ੍ਰਸਤ ਅਤੇ ਸਰੀਰ ਦਾਨੀ ਸਨ। ਤਰਕਸ਼ੀਲ ਸੁਸਾਇਟੀ ਬਰੈਂਪਟਨ ਦੇ ਸਕੱਤਰ ਅਮਰਦੀਪ ਮੰਡੇਰ ਨੇ ਸਮਾਗਮ ਲਈ ਸਟੇਜ਼ ਸੰਚਾਲਨ ਕੀਤਾ। ਇਸ ਮੌਕੇ ਭਾਈਚਾਰੇ ਦੇ ਸਤਿਕਾਰਯੋਗ ਮੈਂਬਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਆਪਣੇ ਮੁੱਖ ਭਾਸ਼ਣ ਵਿੱਚ ਸਮਾਜ ਕਾਰਕੁਨ ਅਤੇ ਲੇਖਕ ਡਾ. ਹਰਦੀਪ ਸਿੰਘ ਨੇ ਭਗਤ ਸਿੰਘ ਦੀ ਵਿਚਾਰਧਾਰਾ ਦੇ ਵਿਸ਼ੇਸ਼ ਸੰਦਰਭ ਵਿੱਚ ਮੌਜੂਦਾ ਭੂ-ਰਾਜਨੀਤੀ ਵਿੱਚ ਸਾਮਰਾਜੀ ਵਿਸ਼ਵ ਸ਼ਕਤੀਆਂ ਦੇ ਬਦਲਦੇ ਦ੍ਰਿਸ਼ ਅਤੇ ਮਜ਼ਦੂਰ ਜਮਾਤ ਦੀ ਚਿੰਤਾ ਬਾਰੇ ਗੱਲ ਕੀਤੀ। ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਬ੍ਰਿਟਿਸ਼ ਸਾਮਰਾਜ ਦੇ ਬਸਤੀਵਾਦੀ ਸ਼ਾਸਨ ਦੇ ਵਿਰੁੱਧ ਭਾਰਤ ਦੀ ਆਜ਼ਾਦੀ ਲਈ ਲੜਦਿਆਂ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਭਾਰਤੀ ਮਿਹਨਤਕਸ਼ ਜਮਾਤ 'ਤੇ ਹਰ ਕਿਸਮ ਦੇ ਜ਼ੁਲਮ ਤੋਂ ਮੁਕਤ ਭਵਿੱਖ ਲਈ ਸਮਾਜਵਾਦੀ ਗਣਤੰਤਰ ਸਮਾਜ ਦੇ ਉਦੇਸ਼ ਨਾਲ ਬਣਾਈ ਪਾਰਟੀ 'ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ' ਦੀ ਅਗਵਾਈ ਕਰਦੇ ਹੋਏ ਕੁਰਬਾਨੀਆਂ ਦਿੱਤੀਆਂ ਹਨ। ਉਹ ਸਾਮਰਾਜੀ ਸਰਮਾਏਦਾਰੀ ਪ੍ਰਬੰਧ ਦੇ ਜ਼ੁਲਮ ਤੋਂ ਮੁਕਤ ਬਰਾਬਰੀ ਵਾਲੇ ਆਰਥਿਕ-ਸਮਾਜਿਕ ਪ੍ਰਬੰਧ ਦਾ ਉਦੇਸ਼ ਰੱਖਦੇ ਸਨ। ਅਜੇ ਵੀ ਸੰਸਾਰ ਅੰਦਰ ਮੱਧਵਰਗੀ ਦੇਸ਼ਾਂ, ਮਨੁੱਖਤਾ ਅਤੇ ਆਮ ਲੋਕਾਂ ਵਿਰੁੱਧ ਬਹੁਤ ਸਾਰੇ ਜ਼ੁਲਮ ਜਾਰੀ ਹਨ। ਭਗਤ ਸਿੰਘ ਦੀ ਵਿਚਾਰਧਾਰਾ ਜ਼ੁਲਮ ਮੁਕਤੀ, ਬਰਾਬਰੀ ਅਤੇ ਆਜ਼ਾਦੀ 'ਤੇ ਆਧਾਰਿਤ ਸਮਾਜ ਬਣਾਉਣ ਲਈ ਅੱਜ ਵੀ ਢੁਕਵੀਂ ਹੈ। ਮੌਜੂਦਾ ਭੂ-ਰਾਜਨੀਤੀ ਵਿੱਚ ਸਾਮਰਾਜੀ ਦਬਦਬਾ ਅਤੇ ਫੌਜੀ ਜ਼ੰਗਾਂ ਕੋਈ ਹੱਲ ਨਹੀਂ ਹਨ, ਹਰ ਦੇਸ਼ ਦੀ ਪ੍ਰਭੂਸੱਤਾ ਅਤੇ ਆਜ਼ਾਦੀ ਦੀ ਰੱਖਿਆ ਕਰਨੀ ਪਵੇਗੀ। ਮੌਜੂਦਾ ਸੰਸਾਰ ਦਾ "ਰੂਲ ਬੇਸਡ ਆਡਰ" ਅਤੇ ਅੰਤਰ-ਰਾਸ਼ਟਰੀ ਸੰਸਥਾਵਾਂ ਅੱਖੋ ਪਰੋਖੇ ਕੀਤੀਆਂ ਜਾ ਰਹੀਆਂ ਹਨ ਅਤੇ ਨਵੀਂ ਵਿਸ਼ਵ ਵਿਵਸਥਾ ਵਿੱਚ ਨਵੀਆਂ ਮਹਾਸ਼ਕਤੀਆਂ ਉਭਰ ਰਹੀਆਂ ਹਨ। ਮੌਜੂਦਾ ਸਮਾਜਿਕ ਸ਼ਾਸਨ ਵਿੱਚ ਮਜ਼ਦੂਰ ਜਮਾਤ ਦੇ ਹਿੱਤਾਂ ਦੀ ਰੱਖਿਆ ਅਤੇ ਜੰਗਾਂ ਨੂੰ ਰੋਕਣ ਲਈ ਆਵਾਜ਼ ਉਠਾਉਣੀ ਚਾਹੀਦੀ ਹੈ।


ਇਸ ਮੌਕੇ, ਸ਼ਹੀਦ ਭਗਤ ਸਿੰਘ ਦੀਆਂ ਸਿੱਖਿਆਵਾਂ 'ਤੇ ਇੱਕ ਵਿਸ਼ੇਸ਼ ਵੀਡੀਓ ਡਾਕੂਮੈਂਟਰੀ ਦਿਖਾਈ ਗਈ। ਅਮਰਦੀਪ ਅਤੇ ਬੇਬੀ ਚੇਤਨ ਸਿੰਘ ਮੰਡੇਰ ਨੇ ਇਸ ਵੀਡੀਓ ਨੂੰ ਬਣਾਇਆ ਹੈ ਅਤੇ ਦਰਸ਼ਕਾਂ ਨੇ ਇਸ ਦੀ ਚੰਗੀ ਪ੍ਰਸ਼ੰਸਾ ਕੀਤੀ। ਹਰਮੇਸ਼ ਜਿੰਦੋਵਾਲ ਅਤੇ ਬੌਬੀ ਪੰਧੇਰ ਨੇ ਭਗਤ ਸਿੰਘ ਬਾਰੇ ਇੱਕ ਗੀਤ ਗਾਇਆ। ਇਸ ਮੌਕੇ ਨਛੱਤਰ ਸਿੰਘ ਬਦੇਸ਼ਾ, ਦਵਿੰਦਰ ਤੂਰ, ਸਰੋਕਾਰਾਂ ਦੀ ਆਵਾਜ਼ ਦੇ ਮੁੱਖ ਸੰਪਾਦਕ ਹਰਬੰਸ ਸਿੰਘ, ਬਲਰਾਜ ਸ਼ੋਕਰ, ਜਗਮੋਹਨ ਸਿੰਘ ਢੁੱਡੀਕੇ, ਪਰਮਜੀਤ ਸੰਧੂ, ਤਰਕਸ਼ੀਲ ਆਗੂ ਨਿਰਮਲ ਸੰਧੂ, ਮਾਇਸੋ ਦੇ ਆਗੂ ਮਨਦੀਪ, ਖੁਸ਼ਪਾਲ ਗਰੇਵਾਲ, ਬਲਜਿੰਦਰ ਭੁੱਲਰ, ਸੁਰਜੀਤ ਸਹੋਤਾ, ਹਰਬੰਸ ਮੱਲ੍ਹੀ, ਬਲਬੀਰ ਮੱਲੀ, ਅੰਮ੍ਰਿਤ ਢਿੱਲੋਂ, ਇੰਦਰਜੀਤ ਢਿੱਲੋਂ, ਅਮਨ ਸ਼ਰਮਾ, ਮਲੂਕ ਸਿੰਘ ਕਾਹਲੋਂ, ਭਰਪੂਰ ਸਿੰਘ, ਹਰਜੀਤ ਬਾਜਵਾ, ਰਵਿੰਦਰ ਕੌਰ ਬਦੇਸ਼ਾ, ਮਨਦੀਪ ਬਦੇਸ਼ਾ ਸਮੇਤ ਭਾਈਚਾਰੇ ਦੇ ਮੈਂਬਰਾਂ ਨੇ ਸ਼ਿਰਕਤ ਕੀਤੀ। ਜਗਦੀਸ਼ ਜਾਂਗਰਾ, ਪਾਲ ਦੁਸਾਂਝ ਅਤੇ ਹੋਰ। ਅਖੀਰ ਵਿੱਚ, ਤਰਕਸ਼ੀਲ ਆਗੂ ਜਸਬੀਰ ਚਾਹਲ ਨੇ ਦਰਸ਼ਕਾਂ ਦਾ ਧੰਨਵਾਦ ਕੀਤਾ। ਇਸ ਮੌਕੇ ਤਰਕਸ਼ੀਲ ਸੁਸਾਇਟੀ ਵੱਲੋਂ ਅਗਾਂਹਵਧੂ ਉਸਾਰੂ ਕਿਤਾਬਾਂ ਦੀ ਸਟਾਲ ਵੀ ਲਗਾਈ ਗਈ।

# ਪੰਜਾਬੀ ਪਿਛੋਕੜ ਦਾ ਅੰਗਰੇਜ਼ੀ ਡਰਾਮਾ 'ਦ ਅੰਬਰ ਗ੍ਰੇ ਸਕਾਈ'













ਬਰੈਂਪਟਨ, (ਸਰੋਕਾਰਾਂ ਦੀ ਆਵਾਜ਼ ਬਿਊਰੋ) : (The Amber Grey Sky) ਸੱਚੀ ਕੈਨੇਡੀਅਨ ਕਹਾਣੀ ਦੀ ਇੱਕ ਬਹੁਤ ਹੀ ਡੂੰਘੀ ਅਤੇ ਦਿਲ ਨੂੰ ਧੂਹ ਪਾਉਣ ਵਾਲੀ ਗਵਾਹੀ ਪੇਸ਼ ਕਰਦਾ ਹੈ। ਸਰਬਜੀਤ ਅਰੋੜਾ ਵੱਲੋਂ ਲਿਖਿਆ ਤੇ ਨਿਰਦੇਸ਼ਿਤ ਕੀਤਾ ਗਿਆ ਇਹ ਨਾਟਕ ਕਿਸੇ ਸਿਆਸੀ ਜਾਂ ਵਿਚਾਰਧਾਰਕ ਪੱਖਪਾਤ ਤੋਂ ਉੱਪਰ ਉੱਠ ਕੇ, ਸਿਰਫ਼ ਇੱਕ ਤਰਾਸਦੀ ਦੇ ਮਨੁੱਖੀ ਪੱਖ 'ਤੇ ਧਿਆਨ ਕੇਂਦਰਿਤ ਕਰਦਾ ਹੈ। ਇਹ ਇੱਕ ਬਹੁਤ ਹੀ ਪ੍ਰਭਾਵਸ਼ਾਲੀ ਸਕ੍ਰਿਪਟ ਹੈ ਜੋ ਇਤਿਹਾਸਕ ਤੱਥਾਂ ਨੂੰ ਇੱਕ ਨਿੱਜੀ ਤੇ ਰੂਹਾਨੀ ਅਹਿਸਾਸ ਵਿੱਚ ਬਦਲ ਦਿੰਦੀ ਹੈ।

27 ਮਾਰਚ, 2026, ਵਰਲਡ ਥੀਏਟਰ ਡੇ ਵਾਲੇ ਦਿਨ ਪੰਜਾਬੀ ਆਰਟਸ ਐਸੋਸੀਏਸ਼ਨ ਦੇ ਸਹਿਯੋਗ ਨਾਲ ਪੇਸ਼ ਕੀਤੇ ਗਏ ਇਸ ਪ੍ਰਦਰਸ਼ਨ ਦੀ ਖ਼ਾਸ ਗੱਲ ਇਹ ਰਹੀ ਕਿ ਸਰਬਜੀਤ ਅਰੋੜਾ ਨੇ ਇੱਕ ਆਮ ਜਿਹੇ ਹਾਲ (recreational space) ਨੂੰ ਇੱਕ ਜਿਉਂਦੇ-ਜਾਗਦੇ ਥੀਏਟਰ ਵਿੱਚ ਬਦਲ ਦਿੱਤਾ। ਇਸ 'ਇੰਟੀਮੇਟ ਥੀਏਟਰ' (Intimate theatre) ਦੇ ਮਾਹੌਲ ਨੇ ਦਰਸ਼ਕਾਂ ਤੇ ਕਲਾਕਾਰ ਵਿਚਲੀ ਦੂਰੀ ਖ਼ਤਮ ਕਰ ਦਿੱਤੀ, ਜਿਸ ਕਰਕੇ ਹਰ ਕੋਈ ਕਹਾਣੀ ਨੂੰ ਸਿਰਫ਼ ਵੇਖ ਨਹੀਂ ਰਿਹਾ ਸੀ, ਸਗੋਂ ਹੰਢਾ ਰਿਹਾ ਸੀ। ਇਹੀ ਕਾਰਨ ਸੀ ਕਿ ਹਾਲ ਵਿੱਚ ਕੋਈ ਵੀ ਅੱਖ ਅਜਿਹੀ ਨਹੀਂ ਸੀ ਜੋ ਨਮ ਨਾ ਹੋਵੇ, ਕਿਉਂਕਿ ਪਾਤਰਾਂ ਦਾ ਦੁੱਖ ਸਾਰੇ ਹਾਲ ਦਾ ਸਾਂਝਾ ਦਰਦ ਬਣ ਗਿਆ ਸੀ। ਸ਼ਾਇਦ ਇਸੇ ਲਈ ਇਸ ਪੇਸ਼ਕਾਰੀ ਦੇ ਸਮਾਪਤ ਹੋ ਜਾਣ ਤੋਂ ਬਾਅਦ ਵੀ ਖਾਸੀ ਦੇਰ ਤੱਕ ਦਰਸ਼ਕ ਆਪਣੇ ਆਪਣੇ ਦਿਲ ਦੀ ਗੱਲ ਕਹਿਣ ਲਈ ਹਾਲ ਵਿੱਚ ਬੈਠੇ ਰਹੇ। ਇੰਝ ਲੱਗਦਾ ਸੀ ਕਿ ਜਿਵੇਂ ਕਿਸੇ ਨੂੰ ਘਰ ਜਾਣ ਦੀ ਕੋਈ ਕਾਹਲੀ ਨਹੀਂ ਸੀ ਅਤੇ ਹਰ ਬੰਦਾ ਆਪਣੇ ਦਿਲ ਦੀ ਸਾਂਝ ਪਾਉਂਦਾ ਚਾਹੁੰਦਾ ਸੀ।

ਸਰਬਜੀਤ ਅਰੋੜਾ, ਬਰੈਂਪਟਨ ਵਿੱਚ ਇੱਕ ਮੋਹਰੀ ਰਚਨਾਤਮਕ ਸ਼ਖ਼ਸੀਅਤ ਵਜੋਂ ਜਾਣੇ ਜਾਂਦੇ ਹਨ, ਜਿਨ੍ਹਾਂ ਨੇ ਪਹਿਲਾਂ ਵੀ 'ਵਤਨਾਂ ਵੱਲ ਫੇਰਾ' ਅਤੇ 'ਹਿੰਦ ਦੀ ਚਾਦਰ' ਵਰਗੀਆਂ ਕਈ ਹੋਰ ਪ੍ਰਭਾਵਸ਼ਾਲੀ ਪੇਸ਼ਕਾਰੀਆਂ ਦਿੱਤੀਆਂ ਹਨ। ਪਿਛਲੇ 25 ਵਰ੍ਹਿਆਂ ਵਿੱਚ ਨਾ ਸਿਰਫ਼ ਉਹਨਾਂ ਨੇ ਨਾ ਸਿਰਫ਼ ਆਪ ਕਹਾਣੀਆਂ ਸੁਣਾਈਆਂ, ਸਗੋਂ ਕਈ ਨਵੇਂ ਕਲਾਕਾਰਾਂ ਦੇ ਕੈਰੀਅਰ ਨੂੰ ਵੀ ਨਵੀਂ ਦਿਸ਼ਾ ਦਿੱਤੀ ਹੈ। ਸਰਬਜੀਤ ਨੇ ਬਹੁਤ ਸਾਰੇ ਸ਼ੌਕੀਆ ਕਲਾਕਾਰਾਂ ਨੂੰ ਮੰਚ ਪ੍ਰਦਾਨ ਕਰਕੇ ਉਨ੍ਹਾਂ ਅੰਦਰ ਕਲਾ ਦੀ ਡੂੰਘੀ ਸਮਝ ਪੈਦਾ ਕੀਤੀ ਹੈ ਅਤੇ ਇਲਾਕੇ ਵਿੱਚ ਥੀਏਟਰ ਦੇ ਮਿਆਰ ਨੂੰ ਉੱਚਾ ਚੁੱਕਿਆ ਹੈ।

ਨਾਟਕ ਦੀ ਰੂਹ ਨੂੰ ਹੋਰ ਗੂੜ੍ਹਾ ਕਰਨ ਵਿੱਚ ਜਗਵਿੰਦਰ ਜੱਜ ਦੀ ਲਾਈਟਿੰਗ ਡਿਜ਼ਾਈਨ ਦਾ ਬਹੁਤ ਵੱਡਾ ਹੱਥ ਸੀ। ਇਹ ਰੌਸ਼ਨੀਆਂ ਸਿਰਫ਼ ਮੰਚ ਨੂੰ ਚਮਕਾ ਨਹੀਂ ਰਹੀਆਂ ਸਨ, ਸਗੋਂ ਇੱਕ ਚੁੱਪ ਕਹਾਣੀਕਾਰ ਵਜੋਂ ਕੰਮ ਕਰ ਰਹੀਆਂ ਸਨ। ਕਦੇ ਕਾਨਪੁਰ ਦੀਆਂ ਸੁਖਾਵੀਆਂ ਯਾਦਾਂ ਦੀ 'ਸੁਨਹਿਰੀ' ਰੰਗਤ ਵਿਖਾਉਂਦੀਆਂ ਤੇ ਕਦੇ ਕੋਠੇ ਉੱਤੇ ਛਾਈ 'ਅੰਬਰ ਗ੍ਰੇ' ਉਦਾਸੀ।

ਇਸ ਸਾਰੀ ਪੇਸ਼ਕਾਰੀ ਦਾ ਕੇਂਦਰ ਬਿੰਦੂ ਤਰਨ ਬਮਰਾ ਸੀ, ਜਿਸਦੀ ਸੋਲੋ ਪਰਫਾਰਮੈਂਸ ਬੇਮਿਸਾਲ ਸੀ। ਉਸਨੇ ਬੜੀ ਸਹਿਜਤਾ ਨਾਲ ਕਈ ਕਿਰਦਾਰਾਂ ਨੂੰ ਜੀਵਿਆ। ਇੱਕ ਪਾਸੇ ਉਹ ਖ਼ੁਸ਼ਮਿਜ਼ਾਜ ਨੌਜਵਾਨ ਔਰਤ ਸੀ ਤੇ ਦੂਜੇ ਪਾਸੇ ਆਪਣੇ ਪੁੱਤ ਦੀ ਰਾਖੀ ਲਈ ਡਟਣ ਵਾਲੀ ਨਿਡਰ ਮਾਂ। ਉਸਦੀ ਅਦਾਕਾਰੀ ਇੰਨੀ ਜ਼ੋਰਦਾਰ ਸੀ ਕਿ ਦਰਸ਼ਕ ਸ਼ੁਰੂ ਤੋਂ ਅੰਤ ਤੱਕ ਉਸ ਨਾਲ ਬੱਝੇ ਰਹੇ।

ਤਕਨੀਕੀ ਪੱਖ ਤੋਂ ਵੀ ਇਹ ਸ਼ੋਅ ਕਮਾਲ ਸੀ। ਨਵਜੋਤ ਸਿੰਘ ਨਰੂਲਾ ਵੱਲੋਂ ਤਿਆਰ ਕੀਤਾ ਸੰਗੀਤ ਅਤੇ ਸਪੈਸ਼ਲ ਇਫੈਕਟਸ ਨੇ ਕਹਾਣੀ ਦੇ ਜਜ਼ਬਾਤਾਂ ਨੂੰ ਸਿਖਰਾਂ 'ਤੇ ਪਹੁੰਚਾ ਦਿੱਤਾ। ਗਲੀਆਂ ਦੇ ਸ਼ੋਰ-ਸ਼ਰਾਬੇ ਤੋਂ ਲੈ ਕੇ ਕਿਰਪਾਨ ਦੀ ਸਾਨ੍ਹ ਲਗਾਉਣ ਦੀ ਆਵਾਜ਼ ਤੱਕ, ਹਰ ਚੀਜ਼ ਬਹੁਤ ਹੀ ਬਾਰੀਕੀ ਨਾਲ ਘੜੀ ਗਈ ਸੀ।

ਸੱਚੀਆਂ ਘਟਨਾਵਾਂ 'ਤੇ ਅਧਾਰਿਤ ਇਹ ਨਾਟਕ ਨਵੰਬਰ 1984 ਦੇ ਕਾਲੇ ਦੌਰ ਦੌਰਾਨ ਇੱਕ ਪਰਿਵਾਰ ਦੇ ਨਾ-ਸਹਿਣ ਯੋਗ ਘਾਟੇ ਦੀ ਦਾਸਤਾਨ ਬਿਆਨ ਕਰਦਾ ਹੈ। ਇਹ ਪੇਸ਼ਕਾਰੀ ਹਰ ਇੱਕ ਲਈ ਵੇਖਣੀ ਲਾਜ਼ਮੀ ਹੈ, ਚਾਹੇ ਉਹ ਜਿਨ੍ਹਾਂ ਨੇ 84 ਨੂੰ ਹੰਢਾਇਆ ਹੈ ਜਾਂ ਉਹ ਨਵੀਂ ਪੀੜ੍ਹੀ ਜਿਨ੍ਹਾਂ ਨੇ ਸਿਰਫ਼ ਸੁਣਿਆ ਹੈ। ਇਹ ਸਿਰਫ਼ ਇੱਕ ਕਹਾਣੀ ਨਹੀਂ ਸੁਣਾਉਂਦਾ, ਸਗੋਂ ਤੁਹਾਨੂੰ ਉਸ ਦਰਦ ਨੂੰ ਮਹਿਸੂਸ ਕਰਨ ਅਤੇ ਪਿਆਰ ਦੇ ਉਸ 'ਅਣਬੁਝੇ ਦੀਵੇ' ਦੀ ਵਿਰਾਸਤ ਨੂੰ ਅੱਗੇ ਲਿਜਾਣ ਲਈ ਪ੍ਰੇਰਦਾ ਹੈ।

DM TRANSPORT
ace ACI US & Canada Bonded
Bob Dhaliwal
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8
Email : bob@dmtransport.ca
Web : www.dmtransport.ca

Hiring AZ drivers and owner operator







Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

# ਪੰਜਾਬ 'ਚ 3 ਮਹੀਨਿਆਂ ਵਿੱਚ 34 ਮੁਕਾਬਲੇ, ਇੱਕ ਤਿਹਾਈ ਪੁਲਿਸ ਹਿਰਾਸਤ ਵਿੱਚ

*[ਗੁਰਦਾਸਪੁਰ ਜ਼ਿਲ੍ਹੇ ਵਿੱਚ ਰਣਜੀਤ ਸਿੰਘ ਦੇ ਪੁਲਿਸ ਮੁਕਾਬਲੇ ਦੌਰਾਨ ਹੋਏ ਕਤਲ ਨੇ ਪੰਜਾਬ ਅੰਦਰ ਝੂਠੇ ਪੁਲਿਸ ਮੁਕਾਬਲਿਆਂ ਦੇ ਵਰਤਾਰੇ ਨੂੰ ਮੁੜ ਚਰਚਾ 'ਚ ਲਿਆ ਦਿੱਤਾ ਹੈ। ਪੰਜਾਬ ਅੰਦਰ ਨਸ਼ਾ ਤਸਕਰਾਂ ਜਾਂ ਗੈਂਗਸਟਰਾਂ ਦੇ ਖਾਤਮੇ ਦੇ ਦਾਅਵਿਆਂ ਦਰਮਿਆਨ ਪੁਲੀਸ ਨੂੰ ਇਉਂ ਕਤਲਾਂ ਦੀਆਂ ਦਿੱਤੀਆਂ ਛੋਟਾਂ ਗੰਭੀਰ ਚਿੰਤਾਜਨਕ ਵਰਤਾਰਾ ਹੈ। ਇਹ ਲੋਕਾਂ ਦੇ ਕਾਨੂੰਨੀ ਤੇ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਹੈ। ਝੂਠੇ ਪੁਲਿਸ ਮੁਕਾਬਲਿਆਂ ਦੀ ਇਹ ਨੀਤੀ ਪੰਜਾਬ ਸਰਕਾਰ ਵੱਲੋਂ ਲੋਕਾਂ ਦੇ ਮਨੁੱਖੀ ਤੇ ਜਮਹੂਰੀ ਅਧਿਕਾਰਾਂ ਨੂੰ ਕੁਚਲਣ ਦੀ ਜਾਬਰ ਨੀਤੀ ਦੇ ਇੱਕ ਪਸਾਰ ਵਜੋਂ ਹੀ ਦੇਖੀ ਜਾਣੀ ਚਾਹੀਦੀ ਹੈ। ਪੁਲਿਸ ਨੂੰ ਦਿੱਤੇ ਜਾ ਰਹੇ ਅਜਿਹੇ ਬੇਲਗਾਮ ਅਖਤਿਆਰ ਗੈਂਗਸਟਰ ਜਾਂ ਨਸ਼ਾ ਤਸਕਰਾਂ ਦੇ ਪ੍ਰਭਾਵ ਹੇਠ ਆਏ ਨੌਜਵਾਨਾਂ ਖ਼?ਲਾਫ਼ ਵਰਤੇ ਜਾਣ ਤੱਕ ਹੀ ਸੀਮਤ ਨਹੀਂ ਰਹਿਣੇ, ਇਹ ਆਖ਼ਿਰ ਨੂੰ ਸਭਨਾਂ ਲੋਕਾਂ ਦੇ ਮਨੁੱਖੀ ਤੇ ਜਮਹੂਰੀ ਅਧਿਕਾਰਾਂ ਨੂੰ ਦਿਨ ਦਿਹਾੜੇ ਕੁਚਲਣ ਤੱਕ ਜਾਣੇ ਹਨ। ਪੰਜਾਬ 80ਵਿਆਂ ਦੇ ਦਹਾਕੇ 'ਚ ਪਹਿਲਾਂ ਹੀ ਝੂਠੇ ਪੁਲਿਸ ਮੁਕਾਬਲਿਆਂ ਰਾਹੀਂ ਰਾਜ ਦੀ ਜਾਬਰ ਨੀਤੀ ਦਾ ਸੰਤਾਪ ਹੰਢਾਅ ਚੁੱਕਿਆ ਹੈ। ਇਸ ਲਈ ਇਸ ਜਾਬਰ ਫਾਸ਼ੀ ਰੁਝਾਨ ਖ਼ਿਲਾਫ਼ ਜ਼ੋਰਦਾਰ ਆਵਾਜ਼ ਬੁਲੰਦ ਕੀਤੀ ਜਾਣੀ ਚਾਹੀਦੀ ਹੈ। ਪੰਜਾਬ ਅੰਦਰ ਪਿਛਲੇ ਤਿੰਨ ਮਹੀਨਿਆਂ ਦੌਰਾਨ ਕਹੇ ਗਏ ਪੁਲਿਸ ਮੁਕਾਬਲਿਆਂ ਦੀ ਸੂਚੀ ਤੇ ਉਸ ਬਾਰੇ ਇਹ ਰਿਪੋਰਟ ਇੰਡੀਅਨ ਐਕਸਪ੍ਰੈਸ ਵੱਲੋਂ ਫਰਵਰੀ ਵਿੱਚ ਪ੍ਰਕਾਸ਼ਿਤ ਕੀਤੀ ਗਈ ਹੈ। ਹਰ ਮੁਕਾਬਲੇ ਦੀ ਇੱਕੋ ਜਿਹੀ ਕਹਾਣੀ ਤੇ ਇੱਕੋ ਜਿਹਾ ਢੰਗ ਦਰਸਾਉਂਦਾ ਹੈ ਕਿ ਇਹ ਪੁਲਿਸ ਮੁਕਾਬਲੇ ਝੂਠੇ ਹਨ। ਪਾਠਕਾਂ ਦੀ ਜਾਣਕਾਰੀ ਲਈ ਇਸਦਾ ਪੰਜਾਬੀ ਰੂਪ ਸਾਂਝਾ ਕੀਤਾ ਜਾ ਰਿਹਾ ਹੈ। -ਸੰਪਾਦਕ]*

**ਪੰਜਾਬ ਵਿਚ ਪੁਲਿਸ ਮੁਕਾਬਲੇ**

ਸੂਬੇ ਵਿੱਚ ਪੁਲਿਸ ਕਾਰਵਾਈਆਂ ਬਾਰੇ ਅਜਿਹੇ ਪਹਿਲੇ ਬਿਆਨ ਵਿੱਚ, ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਪਿਛਲੇ ਸਾਲ ਨਵੰਬਰ ਵਿੱਚ ਕਿਹਾ ਕਿ ਅਪ੍ਰੈਲ 2022 ਤੋਂ, ਜਦੋਂ ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਸਰਕਾਰ ਬਣਾਈ, ਉਸ ਤੋਂ ਇੱਕ ਮਹੀਨੇ ਬਾਅਦ ਤੋਂ ਸੂਬੇ ਦੀ ਪੁਲਿਸ ਨੇ 'ਗੈਂਗਸਟਰਾਂ ਨਾਲ 324 ਮੁਕਾਬਲੇ' ਦਰਜ ਕੀਤੀਆਂ, ਜਿੰਨ੍ਹਾਂ ਵਿੱਚ 24 ਦੀ ਮੌਤ ਅਤੇ 515 ਦੀ ਗ੍ਰਿਫ਼ਤਾਰੀ ਹੋਈ। ਡੀ ਜੀ ਪੀ ਨੇ ਕਿਹਾ ਕਿ 'ਗ੍ਰਿਫ਼ਤਾਰ ਕੀਤੇ 515 ਗੈਂਗਸਟਰਾਂ ਵਿੱਚੋਂ 319 ਨੂੰ ਗੋਲੀ ਲੱਗੀ'। ਯਾਦਵ ਦਾ ਬਿਆਨ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ (ਐੱਨ ਐੱਚ ਆਰ ਸੀ) ਵੱਲੋਂ ਪੰਜਾਬ ਸਰਕਾਰ ਦੇ ਗ੍ਰਹਿ ਸਕੱਤਰ ਨੂੰ ਨੋਟਿਸ ਜਾਰੀ ਕੀਤੇ ਜਾਣ ਮਗਰੋਂ ਆਇਆ ਹੈ, ਜਿਸ ਵਿੱਚ 'ਰਾਜ-ਸਮਰਥਿਤ ਗ਼ੈਰ-ਕਾਨੂੰਨੀ ਹੱਤਿਆਵਾਂ' ਦੇ ਦੋਸ਼ਾਂ ਬਾਰੇ ਕੀਤੀ ਗਈ ਕਾਰਵਾਈ ਦੀ ਰਿਪੋਰਟ ਮੰਗੀ ਗਈ ਸੀ। ਦੋ ਮਹੀਨੇ ਬੀਤ ਜਾਣ ਦੇ ਬਾਵਜੂਦ ਸੂਬੇ ਨੇ ਕੋਈ ਜਵਾਬ ਦਾਖ਼ਲ ਨਹੀਂ ਕੀਤਾ। ਯਾਦਵ ਵੱਲੋਂ ਅੰਕੜੇ ਸਾਂਝੇ ਕੀਤੇ ਜਾਣ ਦੇ ਮਗਰੋਂ ਵੀ ਹੁਣ ਤੱਕ, ਪੰਜਾਬ ਵਿੱਚ ਮੁਕਾਬਲਿਆਂ ਦਾ ਸਿਲਸਿਲਾ ਜਾਰੀ ਹੈ, ਕਿਉਂਕਿ ਆਪ ਸਰਕਾਰ ਗੈਂਗ ਹਿੰਸਾ ਅਤੇ ਬੇਲਗ਼ਾਮ ਗੋਲੀਬਾਰੀ ਦੀਆਂ ਘਟਨਾਵਾਂ ਕਾਰਨ ਦਬਾਅ ਹੇਠ ਹੈ। ਨਵੰਬਰ 2025 ਤੋਂ ਜਨਵਰੀ 2026 ਦੇ ਤਿੰਨ ਮਹੀਨਿਆਂ ਦੌਰਾਨ, ਦਿ ਇੰਡੀਅਨ ਐਕਸਪ੍ਰੈੱਸ ਦੁਆਰਾ ਜਾਂਚੇ ਗਏ ਪੁਲਿਸ ਰਿਕਾਰਡਾਂ ਅਨੁਸਾਰ, ਪੰਜਾਬ ਪੁਲਿਸ ਨੇ 34 ਮੁਕਾਬਲੇ ਦਰਜ ਕੀਤੇ —ਭਾਵ ਹਰ ਤਿੰਨ ਦਿਨਾਂ ਵਿੱਚ ਇੱਕ ਤੋਂ ਵੱਧ—ਜਿਨ੍ਹਾਂ ਵਿੱਚ ਪੰਜ ਮੌਤਾਂ ਅਤੇ 45 ਜ਼ਖ਼ਮੀ ਹੋਏ। ਇਨ੍ਹਾਂ ਵਿੱਚੋਂ 15 ਸਿਰਫ਼ ਪਿਛਲੇ ਮਹੀਨੇ ਵਾਪਰੇ ਸੂਬੇ ਦੀ ਸਰਕਾਰ, ਗ੍ਰਹਿ ਵਿਭਾਗ ਅਤੇ ਪੰਜਾਬ ਪੁਲਿਸ ਦੇ ਅਧਿਕਾਰੀਆਂ ਨੇ ਮੰਗਲਵਾਰ ਨੂੰ ਲਿਖਤੀ ਸਵਾਲ ਭੇਜੇ ਜਾਣ ਦੇ ਬਾਵਜੂਦ ਵਾਰ-ਵਾਰ ਕੋਸ਼ਿਸ਼ਾਂ ਮਗਰੋਂ ਵੀ ਸਾਡੇ ਸਵਾਲਾਂ ਦਾ ਕੋਈ ਜਵਾਬ ਨਹੀਂ ਦਿੱਤਾ।

ਇਹਨਾਂ ਮੁਕਾਬਲਿਆਂ ਦੇ ਹਾਲਾਤ ਕਈ ਸਮਾਨਤਾਵਾਂ ਦਿਖਾਉਂਦੇ ਹਨ, ਜਿੰਨ੍ਹਾਂ ਵਿੱਚ ਸਵੈ-ਰੱਖਿਆ ਪੁਲਿਸ ਦਾ ਸਭ ਤੋਂ ਆਮ ਬਹਾਨਾ ਹੈ। ਇੱਕ ਤਿਹਾਈ ਤੋਂ ਵੱਧ ਮੁਕਾਬਲੇ ਉਦੋਂ ਹੋਏ ਜਦੋਂ ਮੁਲਜ਼ਮ ਪੁਲਿਸ ਦੀ ਹਿਰਾਸਤ ਵਿੱਚ ਸਨ; ਕਈ ਮਾਮਲਿਆਂ ਵਿੱਚ ਪੁਲਿਸ ਨੇ ਕਿਹਾ ਕਿ 'ਹੱਥਕੜੀ ਲੱਗੇ' ਮੁਲਜ਼ਮ ਨੇ 'ਬਰਾਮਦਗੀ' ਲਈ ਲਿਜਾਏ ਜਾਣ ਵੇਲੇ ਲੁਕਿਆ ਹੋਇਆ ਹਥਿਆਰ ਖੋਹ ਕੇ ਗੋਲੀ ਚਲਾਈ। ਘੱਟੋ-ਘੱਟ ਅੱਠ ਘਟਨਾਵਾਂ ਵਿੱਚ ਪੁਲਿਸ ਕਰਮਚਾਰੀਆਂ 'ਤੇ 'ਅੰਨ੍ਹੇਵਾਹ' ਗੋਲੀਬਾਰੀ ਕੀਤੀ ਗਈ। ਪਰ ਰਿਕਾਰਡਾਂ ਅਨੁਸਾਰ ਪੁਲਿਸ ਵਾਲੇ 'ਬੁਲੇਟਪਰੂਫ਼ ਜੈਕਟਾਂ ਕਾਰਨ' ਬਚ ਗਏ। ਕਈ ਵਾਰ ਗੋਲੀਆਂ ਪੁਲਿਸ ਵਾਹਨਾਂ ਨੂੰ ਲੱਗੀਆਂ। ਲਗਭਗ ਅੱਧੀਆਂ ਮੁਕਾਬਲੇ ਬਾਰੇ ਪੁਲਿਸ ਨੇ ਕਿਹਾ ਕਿ ਉਨ੍ਹਾਂ ਨੇ ਸੂਚਨਾ ਦੇ ਆਧਾਰ 'ਤੇ ਨਾਕੇ ਲਗਾਏ, ਜਿਸ ਕਾਰਨ ਮੁਕਾਬਲੇ ਹੋਏ। ਅਜਿਹੇ ਮੁਕਾਬਲਿਆਂ ਵਿੱਚ ਘੱਟੋ-ਘੱਟ 34 ਮੁਲਜ਼ਮਾਂ ਨੂੰ ਗੋਲੀ ਲੱਗੀ। ਆਪਣੀਆਂ ਰਿਪੋਰਟਾਂ ਵਿੱਚ ਪੁਲਿਸ ਕਹਿੰਦੀ ਹੈ ਕਿ ਉਨ੍ਹਾਂ ਨੇ ਮੁਲਜ਼ਮਾਂ ਨੂੰ ਚਿਤਾਵਨੀ ਦੇਣ ਤੋਂ ਬਾਅਦ ਅਤੇ ਮੁਲਜ਼ਮਾਂ ਦੇ 'ਗੋਲੀ ਚਲਾਉਣ' ਤੋਂ ਬਾਅਦ ਹੀ ਪੈਰਾਂ ਜਾਂ ਲੱਤਾਂ ਵਿੱਚ ਗੋਲੀ ਮਾਰੀ। ਬਰਾਮਦ ਕੀਤੇ ਹਥਿਆਰ ਜ਼ਿਆਦਾਤਰ .30-.32 ਬੋਰ ਦੇ (ਵਿਦੇਸ਼ੀ ਜਾਂ ਦੇਸੀ) ਪਿਸਤੌਲ ਸਨ। ਮੁਕਾਬਲੇ ਪੂਰੇ ਸੂਬੇ ਵਿੱਚ ਹੋਏ ਹਨ— ਬਠਿੰਡਾ, ਫ਼ਰੀਦਕੋਟ, ਮੁਕਤਸਰ, ਮੋਗਾ, ਹੁਸ਼ਿਆਰਪੁਰ, ਫ਼ਾਜ਼ਿਲਕਾ ਵਿੱਚ ਇੱਕ-ਇੱਕ; ਪਟਿਆਲਾ, ਬਟਾਲਾ, ਖੰਨਾ, ਫ਼ਿਰੋਜ਼ਪੁਰ, ਮੋਹਾਲੀ, ਤਰਨਤਾਰਨ ਅਤੇ ਜਲੰਧਰ ਵਿੱਚ ਦੋ-ਦੋ; ਲੁਧਿਆਣਾ ਵਿੱਚ ਪੰਜ; ਅਤੇ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਸਭ ਤੋਂ ਵੱਧ ਨੌਂ ਮੁਕਾਬਲੇ ਹੋਏ।

ਜੁਲਾਈ 2025 ਵਿੱਚ, ਦ ਇੰਡੀਅਨ ਐਕਸਪ੍ਰੈੱਸ ਨੇ ਰਿਪੋਰਟ ਕੀਤਾ ਕਿ ਸਾਲ ਦੇ ਪਹਿਲੇ ਸੱਤ ਮਹੀਨਿਆਂ ਵਿੱਚ 20 ਮੁਕਾਬਲੇ ਹੋਏ ਜਿੰਨ੍ਹਾਂ ਵਿੱਚ ਮੁਲਜ਼ਮ ਪਹਿਲਾਂ ਤੋਂ ਹੀ ਹਿਰਾਸਤ ਵਿੱਚ ਸਨ ਅਤੇ ਉਨ੍ਹਾਂ ਨੂੰ ਪੁਲਿਸ 'ਬਰਾਮਦਗੀ' ਲਈ ਲਿਜਾ ਰਹੀ ਸੀ। ਇਨ੍ਹਾਂ ਮੁਕਾਬਲਿਆਂ ਵਿੱਚ ਪੰਜ ਮੌਤਾਂ ਹੋਈਆਂ। ਇਸੇ ਰਿਪੋਰਟ ਦੇ ਆਧਾਰ 'ਤੇ ਇੱਕ ਵਕੀਲ ਐੱਨ ਐੱਚ ਆਰ ਸੀ ਕੋਲ ਗਿਆ ਸੀ। 2024 ਵਿੱਚ, ਪੰਜਾਬ ਪੁਲਿਸ ਨੇ 64 ਮੁਕਾਬਲੇ ਦਰਜ ਕੀਤੇ, ਜਿੰਨ੍ਹਾਂ ਵਿੱਚ ਇੱਕ ਪੁਲਿਸ ਕਰਮਚਾਰੀ ਸਮੇਤ ਚਾਰ ਵਿਅਕਤੀਆਂ ਦੀ ਮੌਤ ਹੋਈ। ਘਟਨਾਵਾਂ ਵਿੱਚ 56 ਮੁਲਜ਼ਮ ਅਤੇ ਨੌਂ ਪੁਲਿਸ ਕਰਮਚਾਰੀ ਜ਼ਖ਼ਮੀ ਹੋਏ। ਸਭ ਤੋਂ ਤਾਜ਼ਾ ਮੁਕਾਬਲਾ ਐਤਵਾਰ ਨੂੰ ਮੋਗਾ ਵਿੱਚ ਹੋਇਆ, ਜਦੋਂ ਪੁਲਿਸ ਨੇ ਗੋਲੀਬਾਰੀ ਤੋਂ ਬਾਅਦ ਉਨ੍ਹਾਂ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਜਿੰਨ੍ਹਾਂ 'ਤੇ ਪ੍ਰਵਾਸੀ ਮਜ਼ਦੂਰਾਂ 'ਤੇ ਪਿਛਲੇ ਹਫ਼ਤੇ ਗੋਲੀਬਾਰੀ ਕਰਨ ਦਾ ਦੋਸ਼ ਸੀ।

ਵਕੀਲ ਨਿਖਿਲ ਸਾਰਫ਼, ਜੋ ਪੰਜਾਬ ਵਿੱਚ ਕਥਿਤ ਝੂਠੇ ਮੁਕਾਬਲਿਆਂ ਵਿਰੁੱਧ ਐੱਨਐੱਚਆਰਸੀ ਕੋਲ ਗਏ ਸਨ, ਨੇ ਕਿਹਾ: 'ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਜੇ ਕਿਸੇ ਪੁਲਿਸ ਮੁਕਾਬਲੇ ਵਿੱਚ ਮੁਲਜ਼ਮ ਨੂੰ ਗੰਭੀਰ ਸੱਟਾਂ ਲੱਗਦੀਆਂ ਹਨ ਤਾਂ ਐੱਫਆਈਆਰ ਦਰਜ ਕੀਤੀ ਜਾਣੀ ਚਾਹੀਦੀ ਹੈ ਅਤੇ ਜਾਂਚ, ਮੁਕਾਬਲੇ ਵਿੱਚ ਸ਼ਾਮਲ ਪੁਲਿਸ ਪਾਰਟੀ ਦੇ ਮੁਖੀ ਤੋਂ ਉੱਚੇ ਦਰਜੇ ਦੇ ਪੁਲਿਸ ਅਧਿਕਾਰੀ ਦੁਆਰਾ ਕੀਤੀ ਜਾਣੀ ਚਾਹੀਦੀ ਹੈ। ਜੇ ਮੌਤ ਦੀ ਰਿਪੋਰਟ ਹੋਵੇ ਤਾਂ ਮੈਜਿਸਟ੍ਰੇਟ ਜਾਂਚ ਜ਼ਰੂਰੀ ਹੈ। ਪਰ ਪੰਜਾਬ ਵਿੱਚ ਅਜਿਹਾ ਕੋਈ ਵੀ ਨਿਯਮ ਨਹੀਂ ਮੰਨਿਆ ਜਾ ਰਿਹਾ।'

ਸਰਬਜੀਤ ਸਿੰਘ ਵੇਰਕਾ, ਜੋ 1990ਵਿਆਂ ਤੋਂ ਸੂਬੇ ਵਿੱਚ ਕਥਿਤ ਝੂਠੇ ਮੁਕਾਬਲਿਆਂ ਦੇ ਮਾਮਲੇ ਚੁੱਕਦੇ ਆ ਰਹੇ ਹਨ, ਨੇ ਕਿਹਾ ਕਿ ਅਜਿਹੇ ਮੁਕਾਬਲਿਆਂ ਲਈ 'ਸਿਆਸੀ ਢੋਈ' ਮੌਜੂਦ ਸੀ। 'ਭਾਵੇਂ ਮੁਕਾਬਲੇ ਸਾਫ਼ ਵੀ ਹੋਵੇ, ਕਾਨੂੰਨੀ ਤੌਰ 'ਤੇ ਉਚਿਤ ਜਾਂਚ ਜ਼ਰੂਰੀ ਹੈ। ਨਿਆਂਪਾਲਿਕਾ ਨੂੰ ਅਜਿਹੇ ਮੁਕਾਬਲੇ ਦਾ ਨੋਟਿਸ ਲੈਣਾ ਚਾਹੀਦਾ ਹੈ ਕਿਉਂਕਿ ਵੇਰਵੇ ਲਗਭਗ ਇੱਕੋ ਜਿਹੇ ਹਨ।'

**ਪੁਲਿਸ ਮੁਕਾਬਲਾ ਨਵੰਬਰ 2025: ਸਵੈ-ਰੱਖਿਆ ਦਾ ਰਾਗ**

**11 ਨਵੰਬਰ:** ਹਰਕਰਨ ਸਿੰਘ ਅਤੇ ਗੁਰਤੇਜ ਸਿੰਘ, ਜੋ ਕਤਲ ਦੇ ਮਾਮਲੇ ਵਿੱਚ ਲੋੜੀਂਦੇ ਸਨ, ਖੰਨਾ ਪੁਲਿਸ ਨਾਲ ਮੁਕਾਬਲੇ ਵਿੱਚ ਜ਼ਖ਼ਮੀ ਹੋਏ। ਉਦੋਂ ਦੀ ਖੰਨਾ ਐੱਸਐੱਸਪੀ ਜੋਤੀ ਯਾਦਵ ਨੇ ਕਿਹਾ ਕਿ ਹਰਕਰਨ ਨੇ 'ਹਥਿਆਰ ਬਰਾਮਦਗੀ ਲਈ ਲਿਜਾਏ ਜਾਣ ਵੇਲੇ ਪੁਲਿਸ ਪਾਰਟੀ 'ਤੇ ਗੋਲੀ ਚਲਾਈ' ਅਤੇ ਜੋ ਇੱਕ ਸਬ-ਇੰਸਪੈਕਟਰ ਨੂੰ ਲੱਗੀ। 'ਸਵੈ-ਰੱਖਿਆ ਵਿੱਚ ਐੱਸ-ਆਈ ਨੇ ਇੱਕ ਰਾਊਂਡ ਚਲਾਇਆ, ਜੋ ਹਰਕਰਨ ਸਿੰਘ ਦੀ ਲੱਤ ਵਿੱਚ ਲੱਗਾ।' ਗੁਰਤੇਜ ਨੂੰ ਕਥਿਤ ਤੌਰ 'ਤੇ ਪਹਿਲੀ ਮੰਜ਼ਿਲ ਤੋਂ ਛਾਲ ਮਾਰਨ ਕਾਰਨ ਸੱਟਾਂ ਲੱਗੀਆਂ।

**12 ਨਵੰਬਰ:** ਡੇਰਾ ਬੱਸੀ ਪੁਲਿਸ ਨੇ ਕਿਹਾ ਕਿ ਗੋਲਡੀ ਢਿੱਲੋਂ ਗੈਂਗ ਦੇ ਦੋ ਮੈਂਬਰ —ਸ਼ਰਨਜੀਤ ਸਿੰਘ ਅਤੇ ਅਮਨ ਕੁਮਾਰ— ਗੋਲੀਬਾਰੀ ਦੌਰਾਨ ਜ਼ਖ਼ਮੀ ਹੋਏ। ਐੱਸਐੱਸਪੀ ਹਰਮਨਦੀਪ ਹੰਸ ਨੇ ਕਿਹਾ ਕਿ ਦੋਵਾਂ ਨੇ ਪੁਲਿਸ ਨਾਕੇ ਤੋਂ ਬਚਣ ਦੀ ਕੋਸ਼ਿਸ਼ ਕੀਤੀ ਅਤੇ ਗੋਲੀਬਾਰੀ ਕੀਤੀ। 'ਜਵਾਬੀ ਕਾਰਵਾਈ ਵਿੱਚ, ਅਧਿਕਾਰੀਆਂ ਨੇ ਗੋਲੀ ਚਲਾਈ, ਅਤੇ ਦੋਵੇਂ ਮੁਲਜ਼ਮਾਂ ਦੀਆਂ ਲੱਤਾਂ ਵਿੱਚ ਗੋਲੀ ਲੱਗੀ।'

**15 ਨਵੰਬਰ:** ਪੁਲਿਸ ਨੇ ਮੁਕਾਬਲੇ ਤੋਂ ਬਾਅਦ ਪ੍ਰਭ ਦਾਸੂਵਾਲ ਗੈਂਗ ਦੇ ਕਥਿਤ ਸਾਥੀ ਅਰਸ਼ਦੀਪ ਸਿੰਘ ਨੂੰ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ। ਫ਼ਰੀਦਕੋਟ ਪੁਲਿਸ ਨੇ ਕਿਹਾ, 'ਸੂਚਨਾ ਮਿਲੀ ਸੀ ਕਿ ਉਹ ਫ਼ਰੀਦਕੋਟ ਵਿੱਚ ਹੈ ਅਤੇ ਵੱਡਾ ਅਪਰਾਧ ਕਰਨ ਦੀ ਯੋਜਨਾ ਬਣਾ ਰਿਹਾ ਹੈ, ਇਸ ਲਈ ਪੁਲਿਸ ਨੇ ਨਾਕਾ ਲਗਾਇਆ। ਜਦੋਂ ਅਧਿਕਾਰੀਆਂ ਨੇ ਉਸ ਦੀ ਮੋਟਰਸਾਈਕਲ ਰੋਕਣ ਦਾ ਇਸ਼ਾਰਾ ਕੀਤਾ, ਉਸ ਨੇ ਟੀਮ 'ਤੇ ਹਮਲਾ ਕਰ ਦਿੱਤਾ।'

**19 ਤੇ 26 ਨਵੰਬਰ:** ਪੁਲਿਸ ਨੇ ਫ਼ਿਰੋਜ਼ਪੁਰ ਜ਼ਿਲ੍ਹੇ ਵਿੱਚ ਗੋਲੀਬਾਰੀ ਤੋਂ ਬਾਅਦ ਜਤਿਨ ਕਾਲੀ ਨੂੰ, ਜੋ ਕਿ ਆਰ ਐੱਸ ਐੱਸ ਵਰਕਰ ਬਲਦੇਵ ਰਾਜ ਅਰੋੜਾ ਦੇ ਪੁੱਤਰ ਨਵੀਨ ਅਰੋੜਾ ਦੀ 15 ਨਵੰਬਰ ਨੂੰ ਹੋਈ ਹੱਤਿਆ ਦਾ ਕਥਿਤ ਮਾਸਟਰਮਾਈਂਡ ਦੱਸਿਆ ਜਾਂਦਾ ਹੈ, ਤਿੰਨ ਸਾਥੀਆਂ ਸਮੇਤ ਗ੍ਰਿਫ਼ਤਾਰ ਕੀਤਾ।

**ਪੁਲਿਸ ਨੇ ਕਿਹਾ:** 'ਸਾਡੀ ਟੀਮ ਨੇ ਤੇਜ਼ ਰਫ਼ਤਾਰ ਮੋਟਰਸਾਈਕਲ ਆਉਂਦਾ ਦੇਖਿਆ ਸਵਾਰ ਨੇ ਰੁਕਣ ਦਾ ਇਸ਼ਾਰਾ ਨਜ਼ਰਅੰਦਾਜ਼ ਕੀਤਾ।' ਐੱਸ ਐੱਸ ਪੀ ਭੁਪਿੰਦਰ ਸਿੰਘ ਸਿੱਧੂ ਨੇ ਕਿਹਾ: 'ਜਿਉਂ ਹੀ ਪੁਲਿਸ ਨੇ ਪਿੱਛਾ ਕੀਤਾ, ਮੋਟਰਸਾਈਕਲ ਸਵਾਰ ਨੇ ਗੋਲੀਬਾਰੀ ਕੀਤੀ ਪੁਲਿਸ ਕਰਮਚਾਰੀਆਂ ਨੇ ਜਵਾਬੀ ਗੋਲੀ ਚਲਾਈ, ਜਿਸ ਨਾਲ ਕਾਲੀ ਜ਼ਖ਼ਮੀ ਹੋ ਗਿਆ।'

ਉਸੇ ਮਾਮਲੇ ਵਿੱਚ ਦੂਜੇ ਮੁਕਾਬਲੇ 26 ਨਵੰਬਰ ਨੂੰ ਹੋਈ, ਜਦੋਂ ਪੁਲਿਸ ਨੇ ਕਥਿਤ ਮੁੱਖ ਸ਼ੂਟਰ ਬਾਦਲ ਨੂੰ ਜ਼ੀਰੇ ਤੋਂ ਗ੍ਰਿਫ਼ਤਾਰ ਕੀਤਾ। ਫ਼ਿਰੋਜ਼ਪੁਰ ਪੁਲਿਸ ਅਨੁਸਾਰ, ਜਦੋਂ ਟੀਮ ਬਾਦਲ ਨਾਲ ਮਾਮੂ ਜੋਆ ਪਿੰਡ ਵਿੱਚ 'ਬਰਾਮਦਗੀ' ਲਈ ਗਈ ਤਾਂ ਉਸ ਦੇ ਦੋ ਸਾਥੀਆਂ ਜੋ 'ਪਹਿਲਾਂ ਹੀ ਉੱਥੇ ਲੁਕੇ ਹੋਏ' ਸਨ, ਨੇ ਗੋਲੀਬਾਰੀ ਕੀਤੀ। ਡੀ ਆਈ ਜੀ, ਫ਼ਿਰੋਜ਼ਪੁਰ ਰੇਂਜ, ਹਰਮਨਬੀਰ ਸਿੰਘ ਨੇ ਕਿਹਾ: 'ਇੱਕ ਗੋਲੀ ਹੈੱਡ ਕਾਂਸਟੇਬਲ ਨੂੰ ਲੱਗੀ। ਪੁਲਿਸ ਨੇ ਜਵਾਬੀ ਗੋਲੀਬਾਰੀ ਕੀਤੀ, ਜਿਸ ਵਿੱਚ ਬਾਦਲ ਜ਼ਖ਼ਮੀ ਹੋਇਆ ਉਹ ਆਪਣੀਆਂ ਸੱਟਾਂ ਕਾਰਨ ਦਮ ਤੋੜ ਗਿਆ।' ਡੀ ਆਈ ਜੀ ਨੇ ਕਿਹਾ ਕਿ ਦੋਵੇਂ ਕਥਿਤ ਹਮਲਾਵਰ ਫ਼ਰਾਰ ਹੋ ਗਏ। ਪੁਲਿਸ ਨੇ ਕਿਹਾ ਕਿ ਇੱਕ ਹੋਰ ਕਰਮਚਾਰੀ 'ਤੇ ਗੋਲੀ ਚਲਾਈ ਗਈ ਪਰ ਇਹ ਉਸ ਦੀ ਬੁਲੇਟਪਰੂਫ਼ ਜੈਕਟ ਨੂੰ ਲੱਗੀ।



**20 ਨਵੰਬਰ:** ਲੁਧਿਆਣਾ ਪੁਲਿਸ ਨੇ ਲਾਢੋਵਾਲ ਖੇਤਰ ਵਿੱਚ ਗੋਲੀਬਾਰੀ ਤੋਂ ਬਾਅਦ ਦੀਪਕ ਅਤੇ ਰਾਮ ਲਾਲ ਦੀ ਗ੍ਰਿਫ਼ਤਾਰੀ ਨਾਲ ਇੱਕ 'ਗੈਂਗਸਟਰ-ਅੱਤਵਾਦੀ ਮੌਡਿਊਲ' ਨਕਾਰਾ ਕੀਤਾ, ਜਿਸ ਦੇ ਕਥਿਤ ਤੌਰ 'ਤੇ ਆਈ ਐੱਸ ਆਈ ਅਤੇ 'ਗੈਂਗਸਟਰ ਲਾਰੈਂਸ ਬਿਸ਼ਨੋਈ ਨਾਲ ਸੰਬੰਧ' ਸਨ। ਰਾਮ ਲਾਲ ਜ਼ਖ਼ਮੀ ਹੋਇਆ। ਲੁਧਿਆਣਾ ਪੁਲਿਸ ਕਮਿਸ਼ਨਰ ਸਵਪਨ ਸ਼ਰਮਾ ਨੇ ਕਿਹਾ ਕਿ ਸੂਚਨਾ ਦੇ ਆਧਾਰ 'ਤੇ ਰੋਕੇ ਜਾਣ 'ਤੇ ਦੋਵਾਂ ਨੇ ਗੋਲੀਬਾਰੀ ਕੀਤੀ। ਅਧਿਕਾਰੀ ਨੇ ਕਿਹਾ, 'ਕੁਝ ਗੋਲੀਆਂ ਪੁਲਿਸ ਵਾਹਨ ਨੂੰ ਲੱਗੀਆਂ।'

**20 ਨਵੰਬਰ:** ਉਸੇ ਦਿਨ, ਅੰਮ੍ਰਿਤਸਰ ਪੁਲਿਸ ਨੇ 'ਬਦਨਾਮ ਗੈਂਗਸਟਰ' ਹਰਜਿੰਦਰ ਸਿੰਘ—ਜੋ 13 ਦਿਨ ਪਹਿਲਾਂ ਜੇਲ੍ਹ ਤੋਂ ਬਾਹਰ ਆਇਆ ਸੀ—ਦੀ ਮੁਕਾਬਲੇ ਵਿੱਚ ਹੱਤਿਆ ਨਾਲ ਇੱਕ ਕਤਲ ਰੋਕਣ ਦਾ ਦਾਅਵਾ ਕੀਤਾ। ਪੁਲਿਸ ਨੇ ਕਿਹਾ ਕਿ ਹਰਜਿੰਦਰ ਅਤੇ ਉਸ ਦੇ ਸਾਥੀ ਵੱਲੋਂ ਪੁਲਿਸ ਨਾਕੇ 'ਤੇ ਗੋਲੀਬਾਰੀ ਕਰਨ ਤੋਂ ਬਾਅਦ ਉਸ ਨੂੰ 'ਸਵੈ-ਰੱਖਿਆ ਵਿੱਚ' ਗੋਲੀ ਮਾਰੀ ਗਈ। ਅਧਿਕਾਰੀਆਂ ਨੇ ਕਿਹਾ ਕਿ ਇੱਕ ਗੋਲੀ ਪੁਲਿਸ ਵਾਹਨ ਨੂੰ ਲੱਗੀ।

**23 ਨਵੰਬਰ:** ਨਾਭੇ ਦੇ ਹਰਪ੍ਰੀਤ ਸਿੰਘ ਅਤੇ ਗੌਤਮ ਬਾਦਸ਼ਾਹ, ਜਿੰਨ੍ਹਾਂ ਦਾ ਕਥਿਤ ਤੌਰ 'ਤੇ ਬੰਬੀਹਾ ਗੈਂਗ ਨਾਲ ਸੰਬੰਧ ਸੀ, ਮੁਕਾਬਲੇ ਵਿੱਚ ਜ਼ਖ਼ਮੀ ਹੋਏ। ਪਟਿਆਲਾ ਐੱਸਐੱਸਪੀ ਵਰੁਣ ਸ਼ਰਮਾ ਨੇ ਕਿਹਾ ਕਿ ਉਨ੍ਹਾਂ ਨੇ ਸੂਚਨਾ ਦੇ ਆਧਾਰ 'ਤੇ ਨਾਕਾ ਲਗਾਇਆ। 'ਸਮਰਪਣ ਕਰਨ ਲਈ ਕਹੇ ਜਾਣ 'ਤੇ, ਦੋਵੇਂ ਮੁਲਜ਼ਮਾਂ ਨੇ (ਪੁਲਿਸ 'ਤੇ) ਗੋਲੀ ਚਲਾਈ। ਪੁਲਿਸ ਕਰਮਚਾਰੀਆਂ ਨੇ ਪੂਰੀ ਸੰਜਮ ਦਿਖਾਉਂਦੇ ਹੋਏ ਜਵਾਬ ਦਿੱਤਾ ਅਤੇ ਦੋਵਾਂ ਨੂੰ ਧੜ ਤੋਂ ਹੇਠਾਂ ਗੋਲੀ ਮਾਰੀ।'

**23 ਨਵੰਬਰ:** ਉਸੇ ਦਿਨ, ਮਲਕੀਤ ਸਿੰਘ ਬਟਾਲਾ ਪੁਲਿਸ ਹਿਰਾਸਤ ਤੋਂ ਭੱਜਣ ਦੀ ਕਥਿਤ ਕੋਸ਼ਿਸ਼ ਵਿੱਚ ਜ਼ਖ਼ਮੀ ਹੋਇਆ। ਡੀ ਜੀ ਪੀ ਯਾਦਵ ਨੇ ਕਿਹਾ ਕਿ ਉਨ੍ਹਾਂ ਨੇ ਮਲਕੀਤ ਅਤੇ ਵਿਜੈ ਮਸੀਹ, ਜੋਕਿ 'ਗੈਂਗਸਟਰ ਅੰਮ੍ਰਿਤ ਦਾਲਮ ਦੇ ਮੁੱਖ ਸਾਥੀ ਹਨ, ਨੂੰ ਗ੍ਰਿਫ਼ਤਾਰ ਕੀਤਾ। ਪੁਲਿਸ ਨੇ ਕਿਹਾ ਕਿ ਮਲਕੀਤ ਨੇ 'ਲੁਕਿਆ ਹੋਇਆ ਹਥਿਆਰ' ਵਰਤ ਕੇ ਗੋਲੀ ਚਲਾਈ। 'ਥੋੜ੍ਹੀ ਗੋਲੀਬਾਰੀ ਤੋਂ ਬਾਅਦ ਉਸ ਨੂੰ ਕਾਬੂ ਕੀਤਾ ਗਿਆ।'

**26 ਨਵੰਬਰ:** ਬਟਾਲਾ ਪੁਲਿਸ ਨੇ ਇੱਕ ਕਥਿਤ ਗੈਂਗ ਮੈਂਬਰ ਅਤੇ ਡਕੈਤੀ ਦੇ ਮੁਲਜ਼ਮ ਕੰਵਲਜੀਤ ਸਿੰਘ ਨੂੰ 'ਮੁਕਾਬਲੇ' ਤੋਂ ਬਾਅਦ ਗ੍ਰਿਫ਼ਤਾਰ ਕੀਤਾ। ਡੀ ਆਈ ਜੀ, ਬਾਰਡਰ ਰੇਂਜ, ਸੰਦੀਪ ਗੋਇਲ ਨੇ ਕਿਹਾ, 'ਜਾਂਚ ਦੇ ਆਧਾਰ 'ਤੇ ਪੁਲਿਸ ਟੀਮਾਂ ਨੇ ਮੁਲਜ਼ਮ ਨੂੰ ਰੋਕਿਆ ਜਦੋਂ ਪੁਲਿਸ ਟੀਮਾਂ ਨੇ ਉਸ ਨੂੰ ਫੜ੍ਹਨ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਗੋਲੀ ਚਲਾਈ।' ਕੰਵਲਜੀਤ ਨੂੰ ਖੱਬੀ ਲੱਤ ਵਿੱਚ ਗੋਲੀ ਲੱਗੀ।

**ਦਸੰਬਰ** 2025: ਲੱਤ ਤੇ ਨਿਸ਼ਾਨਾ 4 ਦਸੰਬਰ: ਕਤਲ ਲਈ ਲੋੜੀਂਦਾ ਕਥਿਤ ਸ਼ੂਟਰ ਦਲੇਰ ਸਿੰਘ ਅੰਮ੍ਰਿਤਸਰ ਵਿੱਚ ਪੁਲਿਸ ਹਿਰਾਸਤ ਵਿੱਚ ਮੁਕਾਬਲੇ ਦੌਰਾਨ ਜ਼ਖ਼ਮੀ ਹੋਇਆ। ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ, 'ਦਲੇਰ ਨੂੰ ਪੁਲਿਸ ਪਿਸਤੌਲ ਬਰਾਮਦਗੀ ਲਈ ਲੈ ਗਈ। ਉਸ ਨੇ ਝਾੜੀਆਂ ਵਿੱਚੋਂ ਹਥਿਆਰ ਕੱਢ ਕੇ ਟੀਮ 'ਤੇ ਗੋਲੀ ਚਲਾਈ।' ਪੁਲਿਸ ਨੇ ਕਿਹਾ ਕਿ ਦਲੇਰ ਨੂੰ ਅੰਤ ਵਿੱਚ ਸੱਜੀ ਲੱਤ ਵਿੱਚ ਗੋਲੀ ਮਾਰੀ ਗਈ।

**6 ਦਸੰਬਰ:** ਸ੍ਰੀ ਮੁਕਤਸਰ ਸਾਹਿਬ ਪੁਲਿਸ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਕੁਝ ਘੰਟਿਆਂ ਵਿੱਚ ਨਾਬਾਲਗ ਕੁੜੀ ਦੇ ਅਗਵਾ-ਕਤਲ ਦਾ ਮਾਮਲਾ ਸੁਲਝਾ ਲਿਆ ਅਤੇ ਮੁਕਾਬਲੇ ਤੋਂ ਬਾਅਦ ਮੁਲਜ਼ਮ ਮੁਕੇਸ਼ ਕੁਮਾਰ ਨੂੰ ਗ੍ਰਿਫ਼ਤਾਰ ਕੀਤਾ। ਪੁਲਿਸ ਅਨੁਸਾਰ, 'ਮੁਲਜ਼ਮ ਨੇ ਭੱਜਣ ਦੀ ਕੋਸ਼ਿਸ਼ ਕਰਦੇ ਹੋਏ ਗੋਲੀ ਚਲਾਈ।'

**12 ਦਸੰਬਰ:** ਮੋਗਾ ਪੁਲਿਸ ਨੇ ਦਾਅਵਾ ਕੀਤਾ ਕਿ ਗੋਲੀਬਾਰੀ ਤੋਂ ਬਾਅਦ ਅਮਰੀਕਾ ਸਥਿਤ ਗੈਂਗਸਟਰ ਪ੍ਰਭ ਦਾਸੂਵਾਲ ਦੇ ਸਾਥੀ ਗੁਰਬਿੰਦਰ ਸਿੰਘ ਉਰਫ਼ ਗਿੰਦੀ ਨੂੰ ਫੜਿਆ, ਅਤੇ ਗਿੰਦੀ ਜ਼ਖ਼ਮੀ ਹੋਇਆ। ਮੋਗਾ ਐੱਸ ਐੱਸ ਪੀ ਅਜੇ ਗਾਂਧੀ ਨੇ ਕਿਹਾ ਕਿ 'ਰੋਕੇ ਜਾਣ 'ਤੇ ਮੁਲਜ਼ਮ ਨੇ ਪੁਲਿਸ ਪਾਰਟੀ 'ਤੇ ਗੋਲੀ ਚਲਾਈ।'

**12 ਦਸੰਬਰ:** ਉਸੇ ਦਿਨ, ਗੈਂਗਸਟਰ ਅੰਮ੍ਰਿਤ ਦਾਲਮ ਦੇ ਕਥਿਤ ਸਾਥੀ ਰੋਹਿਨ ਮਨਸੀਹ ਨੂੰ ਲੁਧਿਆਣਾ ਪੁਲਿਸ ਨਾਲ 'ਮੁਕਾਬਲੇ' ਤੋਂ ਬਾਅਦ ਫੜਿਆ ਗਿਆ। ਡੀ

ਸੀ ਪੀ ਜਸਕਿਰਨਜੀਤ ਸਿੰਘ ਤੇਜਾ ਨੇ ਕਿਹਾ: 'ਪੁਲਿਸ ਨੇ ਦੋਵਾਂ ਨੂੰ ਫੜਨ ਲਈ ਜਾਲ ਵਿਛਾਇਆ, ਫਿਰ ਉਹਨਾਂ ਨੇ ਗੋਲੀਬਾਰੀ ਕੀਤੀ।' ਮਨਸੀਹ ਦੀ ਲੱਤ ਵਿੱਚ ਗੋਲੀ ਲੱਗੀ।

15 **ਦਸੰਬਰ**: ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਅਜਨਾਲੇ ਵਿੱਚ ਗੋਲੀਬਾਰੀ ਤੋਂ ਬਾਅਦ ਵੰਸ਼ਪ੍ਰੀਤ ਸਿੰਘ ਅਤੇ ਭੁਪਿੰਦਰ ਸਿੰਘ ਦੀ ਗ੍ਰਿਫ਼ਤਾਰੀ ਨਾਲ ਕਈ ਜਬਰੀ ਵਸੂਲੀ ਅਤੇ ਡਕੈਤੀ ਦੇ ਮਾਮਲੇ ਸੁਲਝਾਉਣ ਦਾ ਦਾਅਵਾ ਕੀਤਾ। ਪੁਲਿਸ ਨੇ ਕਿਹਾ ਕਿ ਸੂਚਨਾ ਦੇ ਆਧਾਰ 'ਤੇ ਉਨ੍ਹਾਂ ਨੇ ਚਹਾਰਪੁਰ ਪਿੰਡ ਵਿਖੇ ਨਾਕਾ ਲਗਾਇਆ। ਵਾਹਨ ਸਵਾਰ ਉਨ੍ਹਾਂ ਨੂੰ ਦੇਖ ਕੇ ਭੱਜ ਗਏ ਅਤੇ ਪੁਲਿਸ ਨੇ ਪਿੱਛਾ ਕੀਤਾ। ਡੀ ਆਈ ਜੀ, ਬਾਰਡਰ ਰੇਂਜ, ਸੰਦੀਪ ਗੋਇਲ ਨੇ ਕਿਹਾ ਕਿ ਬਾਅਦ ਵਿੱਚ ਹੋਈ ਗੋਲੀਬਾਰੀ 'ਚੋਂ ਮੁਲਜ਼ਮ ਬਚ ਨਿਕਲੇ , ਪਰ ਇੱਕ ਮੁਲਜ਼ਮ ਦੀ ਲੱਤ ਵਿੱਚ ਗੋਲੀ ਲੱਗੀ।

17 **ਦਸੰਬਰ**: ਅੰਮ੍ਰਿਤਸਰ ਵਿੱਚ ਹਥਿਆਰ ਬਰਾਮਦਗੀ ਦੌਰਾਨ ਮੁਲਜ਼ਮ ਨਿਰਮਲਜੋਤ ਸਿੰਘ ਕਥਿਤ ਤੌਰ 'ਤੇ ਜ਼ਖ਼ਮੀ ਹੋਇਆ। ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ, 'ਖ਼ਾਸ ਸੂਚਨਾ 'ਤੇ ਕੰਮ ਕਰਦਿਆਂ ਪੁਲਿਸ ਨੇ ਨਿਰਮਲਜੋਤ ਸਿੰਘ, ਮਨਪ੍ਰੀਤ ਸਿੰਘ ਅਤੇ ਕਰਨਦੀਪ ਸਿੰਘ ਨੂੰ ਗ੍ਰਿਫ਼ਤਾਰ ਕੀਤਾ। ਦੇਸੀ ਪਿਸਤੌਲ ਦੀ ਬਰਾਮਦਗੀ ਦੌਰਾਨ ਨਿਰਮਲਜੋਤ ਨੇ ਇੱਕ ਪੁਲਿਸ ਗਾਰਡ ਨੂੰ ਧੱਕਾ ਦਿੱਤਾ, ਕਾਰਬਾਈਨ ਖੋਹ ਲਈ ਅਤੇ ਪੁਲਿਸ ਕਰਮਚਾਰੀਆਂ 'ਤੇ ਗੋਲੀ ਚਲਾਉਣ ਦੀ ਕੋਸ਼ਿਸ਼ ਕੀਤੀ।' ਏ ਐੱਸ ਆਈ ਨਵਤੇਜ ਸਿੰਘ ਨੇ ਸਵੈ-ਰੱਖਿਆ ਵਿੱਚ ਜਵਾਬੀ ਗੋਲੀ ਚਲਾਈ ਜਿਹੜੀ ਕਿ ਨਿਰਮਲਜੋਤ ਦੀ ਖੱਬੀ ਲੱਤ ਵਿੱਚ ਲੱਗੀ।

26 **ਦਸੰਬਰ**: ਅੰਮ੍ਰਿਤਸਰ ਸਿਟੀ ਪੁਲਿਸ ਵੱਲੋਂ ਇੱਕ ਸਮਸ਼ਾਨਘਾਟ ਕੋਲ ਹਥਿਆਰ ਬਰਾਮਦਗੀ ਲਈ ਲਿਜਾਏ ਜਾਣ ਵੇਲੇ ਅੰਮ੍ਰਿਤਪਾਲ ਸਿੰਘ ਰੌਣੀ 'ਮੁਕਾਬਲੇ' ਦੌਰਾਨ ਜ਼ਖ਼ਮੀ ਹੋਇਆ। ਅੰਮ੍ਰਿਤਸਰ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ, ÷ਮੁਲਜ਼ਮ ਨੇ ਅਚਾਨਕ ਪਿਸਤੌਲ ਚੁੱਕ ਕੇ ਏ ਐੱਸ ਆਈ ਜੈਬੀਰ ਸਿੰਘ 'ਤੇ ਗੋਲੀ ਚਲਾਈ ਸਵੈ-ਰੱਖਿਆ ਵਿੱਚ ਏ ਐੱਸ ਆਈ ਤਲਵਿੰਦਰ ਸਿੰਘ ਨੇ ਇੱਕ ਰਾਊਂਡ ਚਲਾਇਆ।'

27 **ਦਸੰਬਰ**: ਰਾਜਗੜ੍ਹ ਪਿੰਡ ਦੇ ਸਰਪੰਚ 'ਤੇ ਕਥਿਤ ਤੌਰ 'ਤੇ ਗੋਲੀ ਮਾਰਨ ਵਾਲੇ ਦੋ ਮੁਲਜ਼ਮਾਂ ਨੂੰ ਖੰਨਾ ਪੁਲਿਸ ਦੀ 'ਮੁਕਾਬਲੇ' ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ। ਉਸ ਸਮੇਂ ਦੀ ਖੰਨਾ ਐੱਸ ਐੱਸ ਪੀ ਜੋਤੀ ਯਾਦਵ ਨੇ ਕਿਹਾ ਕਿ ਪੁਲਿਸ ਨੇ ਇੰਦਰਜੀਤ ਸਿੰਘ ਅਤੇ ਗੁਰਵੀਰ ਸਿੰਘ ਨੂੰ ਫੜਨ ਲਈ ਜਾਲ ਵਿਛਾਇਆ ਸੀ, ਪਰ ਉਹਨਾਂ ਨੇ ਭੱਜਣ ਦੀ ਕੋਸ਼ਿਸ਼ ਕੀਤੀ। ਯਾਦਵ ਨੇ ਕਿਹਾ ਕਿ ਪੁਲਿਸ ਨੇ ਪਿੱਛਾ ਕਰਕੇ ਗੁਰਵੀਰ ਨੂੰ ਫੜਿਆ, ਪਰ ਇੰਦਰਜੀਤ ਨੇ ਗੋਲੀ ਚਲਾਈ ਅਤੇ ਜਿਸ ਵਿਚੋਂ ਦੋ ਗੋਲੀਆਂ ਪੁਲਿਸ ਵਾਹਨ ਨੂੰ ਲੱਗੀਆਂ। ਪੁਲਿਸ ਨੇ ਜਵਾਬੀ ਕਾਰਵਾਈ ਕੀਤੀ ਅਤੇ ਇੰਦਰਜੀਤ ਦੀ ਲੱਤ ਵਿੱਚ ਗੋਲੀ ਲੱਗੀ।

28 **ਦਸੰਬਰ**: ਹੁਸ਼ਿਆਰਪੁਰ ਪੁਲਿਸ ਨੇ ਗੜ੍ਹਸ਼ੰਕਰ ਕੋਲ ਜੰਗਲੀ ਖੇਤਰ ਵਿੱਚ 'ਮੁਕਾਬਲੇ' ਤੋਂ ਬਾਅਦ ਡਕੈਤੀ ਦੇ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ। ਡੀ ਐੱਸਪੀ ਦਲਜੀਤ ਸਿੰਘ ਖੱਖ ਨੇ ਕਿਹਾ, 'ਰੁਕਣ ਦਾ ਇਸ਼ਾਰਾ ਕੀਤੇ ਜਾਣ 'ਤੇ ਮੁਲਜ਼ਮਾਂ ਨੇ ਗੋਲੀਬਾਰੀ ਕੀਤੀ। ਪੁਲਿਸ ਨੇ ਚੇਤਾਵਨੀ ਦੇਣ ਤੋਂ ਬਾਅਦ ਜਵਾਬੀ ਕਾਰਵਾਈ ਕੀਤੀ। ਓਂਕਾਰ ਸਿੰਘ, ਉਰਫ਼ ਗੋਰਾ, ਨੂੰ ਗੋਲੀ ਲੱਗੀ।'

**ਜਨਵਰੀ 2026: ਭੱਜਣ ਦੀ ਕੋਸ਼ਿਸ਼**

6 **ਜਨਵਰੀ**: ਹਰਨੂਰ, ਜਿਸ ਦਾ ਕਥਿਤ ਤੌਰ 'ਤੇ ਗੈਂਗਸਟਰਾਂ ਪ੍ਰਭ ਦਾਸੂਵਾਲ ਅਤੇ ਅਫ਼ਰੀਦੀ ਨਾਲ ਗੂੜ੍ਹਾ ਸੰਬੰਧ ਸੀ, ਤਰਨਤਾਰਨ ਜ਼ਿਲ੍ਹੇ ਵਿੱਚ ਮੁਕਾਬਲੇ ਵਿੱਚ ਮਾਰਿਆ ਗਿਆ। ਡੀ ਆਈ ਜੀ, ਬਾਰਡਰ ਰੇਂਜ, ਸਨੇਹਦੀਪ ਸ਼ਰਮਾ ਨੇ ਕਿਹਾ, 'ਸੂਚਨਾ ਮਿਲੀ ਸੀ ਕਿ ਨੂਰ ਮੋਟਰਸਾਈਕਲ 'ਤੇ ਆ ਰਿਹਾ ਹੈ, ਇੱਕ ਸਾਂਝੀ ਟੀਮ ਨੇ ਉਸ ਨੂੰ ਰੋਕਿਆ, (ਪਰ) ਉਸ ਨੇ ਗੋਲੀਬਾਰੀ ਕੀਤੀ। ਇੱਕ ਗੋਲੀ ਪੁਲਿਸ ਕਰਮਚਾਰੀ ਨੂੰ ਲੱਗੀ, ਪਰ ਉਹ ਬੁਲੇਟਪਰੂਫ਼ ਜੈਕਟ ਕਾਰਨ ਬਚ ਗਿਆ। ਨੂਰ ਨੂੰ ਗੰਭੀਰ ਸੱਟਾਂ ਲੱਗੀਆਂ ਅਤੇ ਉਹ ਦਮ ਤੋੜ ਗਿਆ।'

7 **ਜਨਵਰੀ**: ਅੰਮ੍ਰਿਤਸਰ ਪੁਲਿਸ ਨੇ ਕਿਹਾ ਕਿ ਮੁਲਜ਼ਮ ਗੁਰਪ੍ਰੀਤ ਸਿੰਘ ਲਾਲ ਹਥਿਆਰ ਬਰਾਮਦਗੀ ਲਈ ਲਿਜਾਏ ਜਾਣ ਵੇਲੇ ਭੱਜਣ ਦੀ ਕੋਸ਼ਿਸ਼ ਕਰਨ ਦੌਰਾਨ ਮੁਕਾਬਲੇ ਵਿੱਚ ਜ਼ਖ਼ਮੀ ਹੋਇਆ। ਅੰਮ੍ਰਿਤਸਰ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ: 'ਲਾਲ ਨੂੰ ਬਟਾਲਾ ਰੋਡ ਕੋਲ ਲਿਜਾਇਆ ਗਿਆ ਜਿੱਥੇ ਮੁਲਜ਼ਮ ਨੇ ਗੋਲੀ ਚਲਾਈ। ਜਵਾਬੀ ਕਾਰਵਾਈ ਕਰਦਿਆਂ ਪੁਲਿਸ ਨੇ ਮੁਲਜ਼ਮ 'ਤੇ ਗੋਲੀ ਚਲਾਈ।'

12 **ਜਨਵਰੀ**: ਰੋਹਿਤ ਗੋਦਾਰਾ ਗੈਂਗ ਦੇ ਕਥਿਤ ਤਿੰਨ ਕਾਰਕੁੰਨਾਂ ਨੂੰ ਲੁਧਿਆਣਾ ਪੁਲਿਸ ਨਾਲ 'ਗੋਲੀਬਾਰੀ' ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ। ਕਮਿਸ਼ਨਰ ਸਵਪਨ ਸ਼ਰਮਾ ਨੇ ਕਿਹਾ, 'ਤਿੰਨਾਂ ਨੇ ਨਾਕਾ ਤੋੜਨ ਦੀ ਕੋਸ਼ਿਸ਼ ਕੀਤੀ ਅਤੇ ਗੋਲੀਬਾਰੀ ਕੀਤੀ ਪੁਲਿਸ ਨੇ ਸਵੈ-ਰੱਖਿਆ ਵਿੱਚ ਗੋਲੀ ਚਲਾਈ।' ਗੋਲੀ ਲੱਗਣ ਵਾਲੇ ਦੋ ਵਿਅਕਤੀਆਂ ਦੀ ਪਛਾਣ ਸੁਮਿਤ ਕੁਮਾਰ ਅਤੇ ਸੰਜੂ ਵਜੋਂ ਹੋਈ।

14 **ਜਨਵਰੀ**: ਸੁਖਰਾਜ ਸਿੰਘ ਉਰਫ਼ ਗੁੰਗਾ, ਪ੍ਰਭ ਦਾਸੂਵਾਲ ਗੈਂਗ ਨਾਲ ਜੁੜਿਆ ਮੁੱਖ ਮੁਲਜ਼ਮ ਜਿਸ ਬਾਰੇ ਮੰਨਿਆ ਜਾਂਦਾ ਸੀ ਕਿ ਉਹ ਕਈ ਕਤਲਾਂ ਵਿੱਚ ਸ਼ਾਮਲ ਸੀ, ਅੰਮ੍ਰਿਤਸਰ ਦੇ ਵੱਲਾ ਖੇਤਰ ਵਿੱਚ ਸਰਵਿਸ ਪਿਸਤੌਲ ਖੋਹਣ ਦੀ ਕਥਿਤ ਕੋਸ਼ਿਸ਼ ਵਿੱਚ ਗੋਲੀ ਲੱਗਣ ਤੋਂ ਬਾਅਦ ਮਾਰਿਆ ਗਿਆ। ਪੁਲਿਸ ਨੇ ਦਾਅਵਾ ਕੀਤਾ ਕਿ ਦੋ 'ਅਣਪਛਾਤੇ ਮੋਟਰਸਾਈਕਲ ਸਵਾਰਾਂ' ਨੇ 'ਬਰਾਮਦਗੀ ਕਾਰਵਾਈ' ਦੌਰਾਨ ਗੁੰਗੇ ਨੂੰ ਛੁਡਾਉਣ ਲਈ ਗੋਲੀਬਾਰੀ ਕੀਤੀ। ਇੱਕ ਪੁਲਿਸ ਕਰਮਚਾਰੀ ਜ਼ਖ਼ਮੀ ਹੋਇਆ, ਜਦੋਂਕਿ ਗੁੰਗੇ ਨੇ ਕਥਿਤ ਤੌਰ 'ਤੇ ਏ ਐੱਸ ਆਈ ਹਰਜਿੰਦਰ ਸਿੰਘ ਤੋਂ ਪਿਸਤੌਲ ਖੋਹਣ ਦੀ ਕੋਸ਼ਿਸ਼ ਕੀਤੀ। ਤਿੰਨ ਗੋਲੀਆਂ ਚਲਾਈਆਂ ਗਈਆਂ— ਇੱਕ ਪੁਲਿਸ ਵਾਹਨ ਨੂੰ ਲੱਗੀ ਅਤੇ ਦੋ ਗੁੰਗੇ ਨੂੰ—ਜੋ ਹਸਪਤਾਲ ਵਿੱਚ ਦਮ ਤੋੜ ਗਿਆ।

17 **ਜਨਵਰੀ**: ਗੈਂਗ ਮੈਂਬਰ ਕਰਨ ਪਾਠਕ ਉਰਫ਼ ਕਰਨ 'ਡਿਫਾਲਟਰ', ਜਿਸ ਨੂੰ ਭਰੇ ਸਟੇਡੀਅਮ ਵਿਚ ਲੋਕਾਂ ਦੇ ਸਾਹਮਣੇ ਕਬੱਡੀ ਪ੍ਰਮੋਟਰ ਰਾਣਾ ਬਲਾਚੌਰੀਆ ਦੀ ਹੱਤਿਆ ਲਈ ਗ੍ਰਿਫ਼ਤਾਰ ਕੀਤਾ ਗਿਆ ਸੀ, ਨੂੰ ਮੁਕਾਬਲੇ ਵਿੱਚ ਗੋਲੀ ਮਾਰੀ ਗਈ। ਪੁਲਿਸ ਨੇ ਦਾਅਵਾ ਕੀਤਾ ਕਿ ਉਸ ਨੇ ਹਿਰਾਸਤ ਤੋਂ ਭੱਜਣ ਦੀ ਕੋਸ਼ਿਸ਼ ਕੀਤੀ। ਬਿਆਨ ਵਿੱਚ ਪੁਲਿਸ ਨੇ ਕਿਹਾ ਕਿ ਪਾਠਕ ਨੇ ਰਾਤ ਨੂੰ ਗੰਭੀਰ ਛਾਤੀ ਦੇ ਦਰਦ ਦੀ ਸ਼ਿਕਾਇਤ ਕੀਤੀ ਅਤੇ ਹਸਪਤਾਲ ਲਿਜਾਏ ਜਾਣ ਵੇਲੇ ਪੁਲਿਸ ਵੈਨ ਦੇ ਡਿਵਾਈਡਰ ਨਾਲ ਟਕਰਾਉਣ ਤੋਂ ਬਾਅਦ ਭੱਜ ਗਿਆ। ਪੁਲਿਸ ਨੇ ਮੰਨਿਆ ਕਿ ਉਸ ਵੇਲੇ ਪਾਠਕ ਨੂੰ ਹੱਥਕੜੀ ਲੱਗੀ ਹੋਈ ਸੀ ਅਤੇ ਤਿੰਨ ਪੁਲਿਸ ਕਰਮਚਾਰੀ ਉਸ ਦੇ ਨਾਲ ਸਨ। ਦੱਸਿਆ ਜਾਂਦਾ ਹੈ ਕਿ ਸਵੇਰੇ ਕਰੀਬ 6 ਵਜੇ ਉਸ ਦਾ ਖਰੜ ਵਿੱਚ ਪਤਾ ਲੱਗਾ ਅਤੇ ਉਸ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਪੁਲਿਸ ਨੇ ਕਿਹਾ ਕਿ ਪਾਠਕ ਦੀ ਲੱਤ ਵਿੱਚ ਗੋਲੀ ਲੱਗੀ, ਜਦੋਂਕਿ ਇੱਕ ਅਧਿਕਾਰੀ ਜ਼ਖ਼ਮੀ ਹੋਇਆ। ਪੁਲਿਸ ਨੇ ਕਿਹਾ ਕਿ ਪਾਠਕ ਹਸਪਤਾਲ ਵਿੱਚ ਦਮ ਤੋੜ ਗਿਆ।

18 **ਜਨਵਰੀ**: ਬਠਿੰਡਾ ਪੁਲਿਸ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ 1 ਕਰੋੜ ਰੁਪਏ ਦੀ ਕਥਿਤ ਜਬਰੀ ਵਸੂਲੀ ਦੀ ਮੰਗ ਲਈ ਲੋੜੀਂਦੇ ਸੇਵਕ ਸਿੰਘ ਨੂੰ ਕਟਾਰ ਸਿੰਘ ਵਾਲਾ ਪਿੰਡ ਕੋਲ ਇੱਕ 'ਮੁਕਾਬਲੇ' ਤੋਂ ਬਾਅਦ 'ਸੂਚਨਾ' ਦੇ ਆਧਾਰ 'ਤੇ ਲਗਾਏ ਨਾਕੇ 'ਤੇ ਗ੍ਰਿਫ਼ਤਾਰ ਕੀਤਾ।

18 **ਜਨਵਰੀ**: ਉਸੇ ਦਿਨ, ਦੋ ਮੁਲਜ਼ਮ ਚੰਦਰ ਸ਼ੇਖਰ ਅਤੇ ਜਸਪਾਲ ਸਿੰਘ ਜਲੰਧਰ ਪੁਲਿਸ ਹਿਰਾਸਤ ਵਿੱਚ ਮੁਕਾਬਲੇ ਦੌਰਾਨ ਜ਼ਖ਼ਮੀ ਹੋਏ। ਐੱਸ ਐੱਸ ਪੀ, ਜਲੰਧਰ ਦਿਹਾਤੀ, ਹਰਵਿੰਦਰ ਸਿੰਘ ਵਿਰਕ ਨੇ ਕਿਹਾ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ 16 ਜਨਵਰੀ ਦੇ ਕਤਲ ਲਈ ਲੋੜੀਂਦੇ ਲੋਕ ਹਥਿਆਰ ਲੈਣ ਕਿਸੇ ਜਗ੍ਹਾ ਆਉਣਗੇ। 'ਪੁਲਿਸ ਟੀਮਾਂ ਨੇ ਪੂਰੇ ਖੇਤਰ ਨੂੰ ਘੇਰਿਆ। ਜਦੋਂ ਪੁਲਿਸ ਪਾਰਟੀ ਨੇੜੇ ਪਹੁੰਚ ਰਹੀ ਸੀ ਤਾਂ ਮੁਲਜ਼ਮਾਂ ਨੇ ਲੁਕੇ ਹਥਿਆਰ ਚੁੱਕ ਲਏ ਅਤੇ ਗੋਲੀਬਾਰੀ ਕਰਦੇ ਹੋਏ ਭੱਜਣ ਦੀ ਕੋਸ਼ਿਸ਼ ਕੀਤੀ।' ਵਿਰਕ ਨੇ ਕਿਹਾ ਕਿ ਇੱਕ ਗੋਲੀ ਪੁਲਿਸ ਵਾਹਨ ਨੂੰ ਲੱਗੀ, ਦੂਜੀ ਰੁੱਖ ਨੂੰ ਅਤੇ ਤੀਜੀ ਨਿਸ਼ਾਨਾ ਖੁੰਝ ਗਈ। ਪੁਲਿਸ ਨੇ 'ਸਵੈ-ਰੱਖਿਆ' ਵਿੱਚ ਗੋਲੀ ਚਲਾਈ।

19 **ਜਨਵਰੀ**: ਲੁਧਿਆਣਾ ਦੇ ਦੋਰਾਹੇ ਤੋਂ ਮੁਕਾਬਲੇ ਦੀ ਖ਼ਬਰ ਮਿਲੀ। ਪੁਲਿਸ ਬਿਆਨ ਵਿੱਚ ਕਿਹਾ ਗਿਆ: 'ਸਕਾਰਪੀਓ ਵਿੱਚ ਸਫ਼ਰ ਕਰ ਰਹੇ ਦੋ ਅਪਰਾਧੀਆਂ ਨੇ ਪੁਲਿਸ ਜੀਪ ਨੂੰ ਟੱਕਰ ਮਾਰੀ। ਉਨ੍ਹਾਂ ਨੇ ਤਿੰਨ ਰਾਊਂਡ ਚਲਾਏ, ਜਿੰਨ੍ਹਾਂ ਵਿੱਚੋਂ ਇੱਕ ਗੋਲੀ ਐੱਸ ਐੱਚ ਓ ਦੀ ਛਾਤੀ ਵਿੱਚ ਲੱਗੀ, ਪਰ ਉਹ ਬੁਲੇਟਪਰੂਫ਼ ਜੈਕਟ ਕਾਰਨ ਬਚ ਗਿਆ। ਜਵਾਬੀ ਕਾਰਵਾਈ ਵਿੱਚ ਐੱਸ ਐੱਚ ਓ ਨੇ ਗੋਲੀ ਚਲਾਈ, ਜਿਸ ਵਿੱਚ ਇੱਕ ਅਪਰਾਧੀ ਹਰਸਿਮਰਨ ਉਰਫ਼ ਮੰਡ ਦੀ ਲੱਤ ਵਿੱਚ ਗੋਲੀ ਲੱਗੀ।'

20 **ਜਨਵਰੀ**: ਫਾਜ਼ਿਲਕਾ ਪੁਲਿਸ ਦੀ ਅਰਨੀਵਾਲਾ ਪਿੰਡ ਕੋਲ ਕਤਲ ਦੇ ਮਾਮਲੇ ਵਿੱਚ ਲੋੜੀਂਦੇ ਗੈਂਗਸਟਰ ਪ੍ਰੀਤਪਾਲ ਸਿੰਘ ਨਾਲ 'ਮੁਕਾਬਲੇ' ਹੋਈ, ਜਿਸ ਕਰਕੇ ਉਸ ਦੀ ਗ੍ਰਿਫ਼ਤਾਰੀ ਹੋਈ। ਪੁਲਿਸ ਨੇ ਕਿਹਾ ਕਿ ਉਨ੍ਹਾਂ ਨੇ ਨਾਕਾ ਲਗਾਇਆ ਅਤੇ ਪ੍ਰੀਤਪਾਲ ਨੇ ਗੋਲੀਬਾਰੀ ਕੀਤੀ। ਡੀ ਆਈ ਜੀ, ਫ਼ਿਰੋਜ਼ਪੁਰ ਰੇਂਜ, ਸਨੇਹਦੀਪ ਸ਼ਰਮਾ ਨੇ ਕਿਹਾ, 'ਉਸ ਦੇ ਗੋਡੇ ਵਿੱਚ ਗੋਲੀ ਲੱਗੀ ਅਤੇ ਉਸ ਨੂੰ ਮੌਕੇ 'ਤੇ ਹੀ ਫੜ ਲਿਆ ਗਿਆ।'

20 **ਜਨਵਰੀ**: ਉਸੇ ਦਿਨ, ਅੰਤਰਰਾਸ਼ਟਰੀ ਸਰਹੱਦ ਦੇ ਨੇੜੇ ਅਟਾਰੀ ਕੋਲ ਮੁਕਾਬਲੇ ਤੋਂ ਬਾਅਦ ਪੁਲਿਸ ਨੇ ਕਥਿਤ ਗੈਂਗਸਟਰ ਮਨੀ ਪ੍ਰਿੰਸ ਨੂੰ ਗੋਲੀ ਮਾਰੀ। ਪੁਲਿਸ ਨੇ ਕਿਹਾ ਕਿ ਸੂਚਨਾ ਦੇ ਆਧਾਰ 'ਤੇ ਉਨ੍ਹਾਂ ਨੇ ਖੇਤਰ ਵਿੱਚ ਜਾਲ ਵਿਛਾਇਆ। ਡੀ ਆਈ ਜੀ ਸੰਦੀਪ ਗੋਇਲ ਨੇ ਕਿਹਾ ਕਿ ਪ੍ਰਿੰਸ ਨੇ ਉਨ੍ਹਾਂ ਨੂੰ ਦੇਖ ਕੇ ਗੋਲੀਬਾਰੀ ਕੀਤੀ, 'ਪਰ ਬੁਲੇਟਪਰੂਫ਼ ਜੈਕਟਾਂ ਨੇ ਸਾਡੇ ਕਰਮਚਾਰੀਆਂ ਨੂੰ ਬਚਾਇਆ।' ਪੁਲਿਸ ਨੇ ਕਿਹਾ ਕਿ ਉਹ ਜਵਾਬੀ ਗੋਲੀਬਾਰੀ ਵਿੱਚ ਮਾਰਿਆ ਗਿਆ।

22 **ਜਨਵਰੀ**: ਕਥਿਤ ਗੈਂਗਸਟਰ ਹਰਜਿੰਦਰ ਸਿੰਘ ਲਾਡੀ ਪਟਿਆਲਾ ਵਿੱਚ ਮੁਕਾਬਲੇ ਦੌਰਾਨ ਜ਼ਖ਼ਮੀ ਹੋਇਆ। ਡੀ ਆਈ ਜੀ ਕੁਲਦੀਪ ਸਿੰਘ ਚਾਹਲ ਨੇ ਕਿਹਾ ਕਿ ਉਨ੍ਹਾਂ ਨੇ ਸੂਚਨਾ ਦੇ ਆਧਾਰ 'ਤੇ ਬਾਈਪਾਸ 'ਤੇ ਨਾਕਾ ਲਗਾਇਆ। ਪੁਲਿਸ ਨੇ ਕਿਹਾ ਕਿ ਉਨ੍ਹਾਂ ਨੇ ਹਰਜਿੰਦਰ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਉਸ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ।

23 **ਜਨਵਰੀ**: ਮੁਕਾਬਲੇ ਤੋਂ ਬਾਅਦ ਜਲੰਧਰ ਦਿਹਾਤੀ ਪੁਲਿਸ ਨੇ ਦਸੰਬਰ 2025 ਦੀ ਗੋਲੀਬਾਰੀ ਦੀ ਘਟਨਾ ਲਈ ਲੋੜੀਂਦੇ ਲਵਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ। ਪੁਲਿਸ ਨੇ ਕਿਹਾ, 'ਖ਼ਾਸ ਸੂਚਨਾ 'ਤੇ ਕੰਮ ਕਰਦਿਆਂ ਪੁਲਿਸ ਟੀਮ ਅਲਵਲਪੁਰ ਕੋਲ ਤਲਾਸ਼ੀ ਅਭਿਆਨ ਚਲਾ ਰਹੀ ਸੀ। ਸ਼ੱਕੀ ਨੂੰ ਰੋਕਿਆ ਗਿਆ ਪਰ ਉਸ ਨੇ ਪੁਲਿਸ ਪਾਰਟੀ 'ਤੇ ਗੋਲੀਬਾਰੀ ਕੀਤੀ ਮੁਲਜ਼ਮ ਦੀ ਸੱਜੀ ਬਾਂਹ ਵਿੱਚ ਗੋਲੀ ਲੱਗੀ।'

23 **ਜਨਵਰੀ**: ਉਸੇ ਦਿਨ, ਤਰਨਤਾਰਨ ਪੁਲਿਸ ਨੇ ਕਿਹਾ ਕਿ ਉਨ੍ਹਾਂ ਨੇ ਕੈਰੋਂ ਪਿੰਡ ਕੋਲ ਮੁਕਾਬਲੇ ਤੋਂ ਬਾਅਦ ਕਥਿਤ ਗੈਂਗਸਟਰ ਜਗਤਾਰ ਸਿੰਘ ਉਰਫ਼ ਜੱਗਾ ਪੱਟੂ ਨੂੰ ਗ੍ਰਿਫ਼ਤਾਰ ਕੀਤਾ। ਐੱਸ ਐੱਸ ਪੀ, ਤਰਨਤਾਰਨ, ਸੁਰੇਂਦਰ ਲੰਬਾ ਨੇ ਕਿਹਾ, 'ਪੁਲਿਸ ਜੱਗਾ ਪੱਟੂ ਨੂੰ ਹਥਿਆਰ ਬਰਾਮਦ ਕਰਨ ਲਈ ਕੈਰੋਂ ਪਿੰਡ ਕੋਲ ਨਹਿਰ 'ਤੇ ਲੈ ਗਈ, ਉਦੋਂ ਮੁਲਜ਼ਮ ਨੇ ਦੋ ਰਾਊਂਡ ਚਲਾਏ।'

24 **ਜਨਵਰੀ**: ਐਂਟੀ-ਨਾਰਕੋਟਿਕ ਟਾਸਕ ਫੋਰਸ ਨੇ ਕਿਹਾ ਕਿ ਉਸ ਨੇ ਲੁਧਿਆਣਾ ਦੇ ਸਦਰ ਥਾਣੇ ਦੇ ਖੇਤਰ ਵਿੱਚ 'ਗੋਲੀਬਾਰੀ' ਤੋਂ ਬਾਅਦ ਚਾਰ ਕਥਿਤ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ। ਪੁਲਿਸ ਨੇ ਕਿਹਾ ਕਿ ਉਨ੍ਹਾਂ ਨੇ 305 ਗ੍ਰਾਮ ਹੈਰੋਇਨ ਬਰਾਮਦ ਕੀਤੀ ਅਤੇ ਮੁਲਜ਼ਮਾਂ ਨੇ 'ਪੁਲਿਸ ਨਾਕਾ ਤੋੜਨ ਦੀ ਕੋਸ਼ਿਸ਼ ਕੀਤੀ ਅਤੇ ਗੋਲੀਬਾਰੀ ਕੀਤੀ।' ਪੁਲਿਸ ਨੇ ਕਿਹਾ, 'ਸਵੈ-ਰੱਖਿਆ ਵਿੱਚ ਜਵਾਬੀ ਕਾਰਵਾਈ ਦੌਰਾਨ ਇੱਕ ਮੁਲਜ਼ਮ ਤਰਨਪ੍ਰੀਤ ਸਿੰਘ ਦੀ ਕਮਰ ਵਿੱਚ ਗੋਲੀ ਲੱਗੀ।'

29 **ਜਨਵਰੀ**: ਅੰਮ੍ਰਿਤਸਰ ਪੁਲਿਸ ਨੇ ਕਿਹਾ ਕਿ ਮੁਲਜ਼ਮ ਜੋਬਨਜੀਤ ਨੇ ਪੁਲਿਸ ਅਧਿਕਾਰੀ ਦੀ ਸਰਵਿਸ ਪਿਸਤੌਲ ਖੋਹਣ ਤੋਂ ਬਾਅਦ ਭੱਜਣ ਦੀ ਕੋਸ਼ਿਸ਼ ਕੀਤੀ ਅਤੇ ਉਸ ਤੋਂ ਬਾਅਦ ਹੋਈ ਖਿੱਚਧੂਹ ਵਿੱਚ ਉਸ ਦੀ ਲੱਤ ਵਿੱਚ ਗੋਲੀ ਲੱਗੀ। ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ, 'ਪੁਲਿਸ ਪਾਰਟੀ ਜੋਬਨਜੀਤ ਨੂੰ ਉਸ ਦੇ ਸਾਥੀਆਂ ਦੀ ਭਾਲ ਲਈ ਨਾਲ ਲੈ ਕੇ ਗਈ ਸੀ। ਮੁਲਜ਼ਮ ਨੇ ਤਬੀਅਤ ਖ਼ਰਾਬ ਹੋਣ ਦੀ ਗੱਲ ਕਹੀ ਜਿਉਂ ਹੀ ਪੁਲਿਸ ਨੇ ਵਾਹਨ ਰੋਕਿਆ, ਉਸ ਨੇ ਸਾਡੇ ਇੱਕ ਕਰਮਚਾਰੀ ਤੋਂ ਸਰਵਿਸ ਹਥਿਆਰ ਖੋਹਣ ਦੀ ਕੋਸ਼ਿਸ਼ ਕੀਤੀ।'


**(ਦਿਵਿਆ ਗੋਇਲ ਗੋਪਾਲ ਦੇ ਸਹਿਯੋਗ ਨਾਲ ਸੁਰਖ਼ ਲੀਹ ਤੋਂ ਧੰਨਵਾਦ ਸਹਿਤ)**


# ਪੱਛੜੀਆਂ ਸ਼ੇਣੀਆਂ ਪੰਚਾਇਤੀ ਢਾਂਚੇ ਵਿੱਚ ਹਿੱਸੇਦਾਰੀ ਲਈ ਪੱਛੜੀਆਂ


-ਸੁਖਦੇਵ ਸਲੇਮਪੁਰੀ
09780620233


*** ਕਿਸੇ ਵੀ ਪੰਚਾਇਤ ਦਾ ਓਬੀਸੀ ਸਰਪੰਚ ਨਹੀਂ!**

*** ਆਰ. ਟੀ. ਆਈ. ਵਿਚ ਅਹਿਮ ਖੁਲਾਸਾ**

-ਪੰਜਾਬ ਵਿਚ ਹੀ ਨਹੀਂ ਬਲਕਿ ਸਮੁੱਚੇ ਭਾਰਤ ਵਿੱਚ ਪੱਛੜੀਆਂ ਸ਼੍ਰੇਣੀਆਂ ਅਤੇ ਹੋਰ ਪੱਛੜੀਆਂ ਸ਼੍ਰੇਣੀਆਂ ਦੀ ਜਨ-ਸੰਖਿਆ 52 ਫੀਸਦੀ ਤੋਂ ਵੱਧ ਹੈ, ਪਰ ਜਦੋਂ ਦੇਸ਼ ਵਿੱਚ ਰਾਜ-ਭਾਗ ਵਿੱਚ ਹਿੱਸੇਦਾਰੀ ਦੀ ਗੱਲ ਕੀਤੀ ਜਾਂਦੀ ਹੈ ਤਾਂ ਨਾਮਾਤਰ ਹੈ। ਪੱਛੜੀਆਂ ਸ਼੍ਰੇਣੀਆਂ ਅਤੇ ਹੋਰ ਪੱਛੜੀਆਂ ਸ਼੍ਰੇਣੀਆਂ ਦੇ ਲੋਕ ਆਪਣੇ ਹੱਕਾਂ ਲਈ ਰਤਾ ਵੀ ਜਾਗਰੂਕ ਨਹੀਂ ਹਨ। ਦੇਸ਼ ਵਿਚ ਜਦੋਂ ਮੰਡਲ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਲਈ 1990 ਵਿਚ ਉਸ ਵੇਲੇ ਦੇ ਪ੍ਰਧਾਨ ਮੰਤਰੀ ਸ੍ਰੀ ਵਿਸ਼ਵਾਨਾਥ ਪ੍ਰਤਾਪ ਸਿੰਘ ਵਲੋਂ ਕਦਮ ਚੁੱਕਿਆ ਗਿਆ ਤਾਂ ਉੱਚ-ਜਾਤੀ ਲੋਕਾਂ ਦੇ ਪਿਛਲੱਗੂ ਬਣ ਕੇ ਪੱਛੜੀਆਂ ਸ਼ ?ਰੇਣੀਆਂ ਅਤੇ ਹੋਰ ਪੱਛੜੀਆਂ ਸ਼੍ਰੇਣੀਆਂ ਦੇ ਲੋਕਾਂ ਵਲੋਂ ਦੇਸ਼ ਵਿਚ ਸਾੜ-ਫੂਕ ਕੀਤੀ ਗਈ, ਰੇਲਗੱਡੀਆਂ ਫੂਕੀਆਂ ਗਈਆਂ ਅਤੇ ਸਰਕਾਰੀ ਮਸ਼ੀਨਰੀ ਦਾ ਨੁਕਸਾਨ ਕੀਤਾ ਗਿਆ ਤਾਂ ਸਰਕਾਰ ਨੇ ਮੰਡਲ ਕਮਿਸ਼ਨ ਦੀ ਰਿਪੋਰਟ ਨੂੰ ਠੰਢੇ ਬਸਤੇ ਵਿਚ ਪਾ ਦਿੱਤਾ। ਉੱਚ-ਜਾਤੀ ਦੇ ਲੋਕਾਂ ਨੇ ਪੱਛੜੀਆਂ ਸ਼੍ਰੇਣੀਆਂ ਅਤੇ ਹੋਰ ਪੱਛੜੀਆਂ ਸ਼੍ਰੇਣੀਆਂ ਦੇ ਲੋਕਾਂ ਨੂੰ ਗੁੰਮਰਾਹ ਕੀਤਾ ਗਿਆ ਕਿ ਸਰਕਾਰ ਨੇ ਦੇਸ਼ ਦੀਆਂ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨ-ਜਾਤੀਆਂ ਦੇ ਲੋਕਾਂ ਨੂੰ ਸਰਕਾਰੀ ਨੌਕਰੀਆਂ ਵਿਚ ਹੋਰ ਰਾਖਵਾਂਕਰਨ ਦੇ ਦਿੱਤਾ ਹੈ। ਪੱਛੜੀਆਂ ਸ਼੍ਰੇਣੀਆਂ ਦੇ ਲੋਕਾਂ ਨੇ ਮੰਡਲ ਕਮਿਸ਼ਨ ਦੀ ਰਿਪੋਰਟ ਪੜ੍ਹਨ ਅਤੇ ਸਮਝਣ ਦੀ ਥਾਂ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ, ਯਾਨੀ ਕਿ ਆਪਣੇ ਪੈਰਾਂ 'ਤੇ ਆਪ ਹੀ ਕੁਹਾੜਾ ਮਾਰ ਲਿਆ।

ਗੁਰੂਆਂ/ਪੀਰਾਂ ਦੀ ਧਰਤ ਪੰਜਾਬ ਉਪਰ ਪੱਛੜੀਆਂ ਸ਼੍ਰੇਣੀਆਂ ਅਤੇ ਹੋਰ ਅੱਤ-ਪੱਛੜੀਆਂ ਸ਼੍ਰੇਣੀਆਂ ਦੀ ਸਮਾਜਿਕ, ਆਰਥਿਕ, ਰਾਜਨੀਤਕ ਸਥਿਤੀ ਖ਼ਾਸ ਨਹੀਂ ਹੈ। ਪੰਜਾਬ ਦੇ ਪੰਚਾਇਤੀ ਢਾਂਚੇ ਸਬੰਧੀ ਬਲਵਿੰਦਰ ਸਿੰਘ ਮੁਲਤਾਨੀ ਪ੍ਰਧਾਨ ਓ. ਬੀ. ਸੀ. ਫੈਡਰੇਸ਼ਨ ਦੁਆਰਾ ਮੰਗੀ ਗਈ ਆਰ ਟੀ ਆਈ ਦਾ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਪੰਜਾਬ ਸਰਕਾਰ ਮੋਹਾਲੀ ਨੇ ਜੋ ਜੁਆਬ ਦਿੱਤਾ ਹੈ, ਦੁਆਰਾ ਹੈਰਾਨੀਜਨਕ ਖੁਲਾਸਾ ਹੋਇਆ ਹੈ।

ਆਰ. ਟੀ. ਆਈ. ਰਾਹੀਂ ਜੁਆਬ ਦਿੱਤਾ ਗਿਆ ਹੈ ਕਿ ਪੰਜਾਬ ਰਾਜ ਵਿੱਚ ਪੰਚਾਇਤਾਂ ਦੇ 13236 ਸਰਪੰਚ ਹਨ, ਜਿਨ੍ਹਾਂ ਵਿੱਚ ਬੀਸੀ/ਓਬੀਸੀ ਨਾਲ ਸਬੰਧਿਤ ਰਾਖਵਾਂਕਰਨ ਅਧੀਨ ਸਰਪੰਚ ਇੱਕ ਵੀ ਨਹੀਂ ਹੈ ਜਦਕਿ ਬੀਸੀ/ਓਬੀਸੀ ਨਾਲ ਸਬੰਧਿਤ 3574 ਸਰਪੰਚ ਲੋੜੀਂਦੇ ਸਨ।

ਇਸੇ ਤਰ੍ਹਾਂ ਹੀ ਪੰਜਾਬ ਦੀਆਂ ਪੰਚਾਇਤਾਂ ਵਿਚ 83613 ਪੰਚ ਹਨ ਜਦ ਕਿ ਉਨ੍ਹਾਂ ਵਿੱਚ ਬੀਸੀ/ਓਬੀਸੀ ਨਾਲ ਸਬੰਧਿਤ 2901ਪੰਚ ਹਨ ਜੋ ਕੁਲ ਪੰਚਾਂ ਦਾ ਕੇਵਲ 0.03 ਫੀਸਦੀ ਹਿੱਸਾ ਬਣਦਾ ਹੈ ਜਦ ਕਿ ਰਾਖਵਾਂਕਰਨ ਅਨੁਸਾਰ ਬੀਸੀ/ਓਬੀਸੀ ਨਾਲ ਸਬੰਧਿਤ 22576 ਪੰਚ ਲੋੜੀਂਦੇ ਸਨ। ਇਸੇ ਤਰ੍ਹਾਂ ਹੀ ਪੰਜਾਬ ਵਿਚ ਕੁੱਲ ਬਲਾਕ ਸੰਮਤੀ ਦੇ 154 ਚੇਅਰਮੈਨ ਹਨ, ਜਿਨ੍ਹਾਂ ਵਿਚ ਬੀਸੀ/ਓਬੀਸੀ ਨਾਲ ਸਬੰਧਿਤ ਕਿਸੇ ਵੀ ਬਲਾਕ ਸੰਮਤੀ ਦਾ ਇਕ ਵੀ ਚੇਅਰਮੈਨ ਨਹੀਂ ਹੈ ਜਦ ਕਿ ਰਾਖਵਾਂਕਰਨ ਅਨੁਸਾਰ ਬੀਸੀ/ਓਬੀਸੀ ਨਾਲ ਸਬੰਧਿਤ ਬਲਾਕ ਸੰਮਤੀ ਦੇ 42 ਚੇਅਰਮੈਨ ਲੋੜੀਂਦੇ ਹਨ। ਪੰਜਾਬ ਵਿੱਚ ਬਲਾਕ ਸੰਮਤੀਆਂ ਲਈ 2858 ਜ਼ੋਨ ਹਨ ਜਿਨ੍ਹਾਂ ਵਿਚ ਬੀਸੀ/ਓਬੀਸੀ ਨਾਲ ਸਬੰਧਿਤ 32 ਬਲਾਕ ਸੰਮਤੀ ਜ਼ੋਨ ਰਿਜ਼ਰਵ ਹਨ ਜੋ 0.01 ਫੀਸਦੀ ਬਣਦਾ ਹੈ ਜਦ ਕਿ ਰਾਖਵਾਂਕਰਨ ਅਨੁਸਾਰ 772 ਬੀਸੀ/ਓਬੀਸੀ ਬਲਾਕ ਸੰਮਤੀ ਜ਼ੋਨ ਲੋੜੀਂਦੇ ਹਨ।





ਪੰਜਾਬ ਵਿਚ 23 ਜ਼ਿਲ੍ਹਾ ਪ੍ਰੀਸ਼ਦਾਂ ਲਈ 23 ਚੇਅਰਮੈਨ ਹਨ, ਪਰ ਸਿਤਮ ਦੀ ਗੱਲ ਇਹ ਹੈ ਕਿ ਉਨ੍ਹਾਂ ਵਿੱਚ ਬੀ.ਸੀ./ਓ.ਬੀ.ਸੀ. ਨਾਲ ਸਬੰਧਿਤ ਇਕ ਵੀ ਜ਼ਿਲ੍ਹਾ ਪ੍ਰੀਸ਼ਦ ਲਈ ਚੇਅਰਮੈਨ ਰਾਖਵਾਂਕਰਨ ਅਧੀਨ ਨਹੀਂ ਹੈ ਜਦ ਕਿ ਰਾਖਵਾਂਕਰਨ ਅਨੁਸਾਰ ਬੀ.ਸੀ./ਓ.ਬੀ.ਸੀ. ਨਾਲ ਸਬੰਧਿਤ 6 ਜ਼ਿਲ੍ਹਾ ਪ੍ਰੀਸ਼ਦ ਚੇਅਰਮੈਨ ਲੋੜੀਂਦੇ ਹਨ।

ਪੰਜਾਬ ਵਿੱਚ ਜ਼ਿਲ੍ਹਾ ਪ੍ਰੀਸ਼ਦ ਨਾਲ ਸਬੰਧਿਤ 357 ਜ਼ੋਨ ਹਨ, ਜਿਨ੍ਹਾਂ ਵਿਚ ਬੀ.ਸੀ./ਓ.ਬੀ.ਸੀ. ਨਾਲ ਸਬੰਧਿਤ ਇਕ ਵੀ ਜ਼ਿਲ੍ਹਾ ਪ੍ਰੀਸ਼ਦ ਜ਼ੋਨ ਰਾਖਵਾਂਕਰਨ ਅਧੀਨ ਨਹੀਂ ਹੈ ਜਦ ਕਿ ਰਾਖਵਾਂਕਰਨ ਅਨੁਸਾਰ ਬੀ.ਸੀ./ਓ.ਬੀ.ਸੀ. ਨਾਲ ਸਬੰਧਿਤ 96 ਜ਼ਿਲ੍ਹਾ ਪ੍ਰੀਸ਼ਦ ਜ਼ੋਨ ਲੋੜੀਂਦੇ ਸਨ। ਇਥੇ ਦੱਸਣਯੋਗ ਹੈ ਕਿ ਅਨੁਸੂਚਿਤ ਜਾਤੀਆਂ ਅਤੇ ਜਨ-ਜਾਤੀਆਂ ਦੇ ਲੋਕ ਆਪਣੇ ਹੱਕਾਂ ਲਈ ਕੁੱਝ ਜਾਗਰੂਕ ਹੋ ਕੇ ਸੰਘਰਸ਼ ਦੇ ਰਾਹ ਤੁਰ ਪਏ ਹਨ, ਜਿਸ ਕਰਕੇ ਉਨ੍ਹਾਂ ਦੇਸ਼ ਦੇ ਰਾਜ-ਭਾਗ ਵਿੱਚ ਕੁੱਝ ਹਿੱਸੇਦਾਰੀ ਪ੍ਰਾਪਤ ਕਰ ਲਈ ਹੈ। ਇਸ ਵੇਲੇ ਪੰਜਾਬ ਵਿੱਚ ਸ਼ੁਰੂ ਵਿੱਚ ਦਰਸਾਈਆਂ ਪੰਚਾਇਤਾਂ ਵਿਚ 4875 ਅਨੁਸੂਚਿਤ ਜਾਤੀਆਂ ਨਾਲ ਸਬੰਧਿਤ ਸਰਪੰਚ, 30308 ਪੰਚ, 57 ਬਲਾਕ ਸੰਮਤੀ ਚੇਅਰਮੈਨ, 1037 ਬਲਾਕ ਸੰਮਤੀ ਮੈਂਬਰ, 9 ਜਿਲ੍ਹਾ ਪ੍ਰੀਸ਼ਦ ਚੇਅਰਮੈਨ ਜਦ ਕਿ 129 ਮੈਂਬਰ ਜਿਲ੍ਹਾ ਪ੍ਰੀਸ਼ਦ ਹਨ।

ਵੱਖ-ਵੱਖ ਅਨੁਮਾਨਾਂ ਅਨੁਸਾਰ, ਪੰਜਾਬ ਵਿੱਚ ਹੋਰ ਪਛੜੇ ਵਰਗਾਂ (ਓ.ਬੀ.ਸੀ./ਬੀ.ਸੀ.) ਦੀ ਕੁੱਲ ਆਬਾਦੀ ਰਾਜ ਦੀ ਕੁੱਲ ਆਬਾਦੀ ਦੇ 15 ਫੀਸਦੀ ਤੋਂ 20 ਫੀਸਦੀ ਦੇ ਵਿਚਕਾਰ ਹੋਣ ਦਾ ਅਨੁਮਾਨ ਹੈ। ਹਾਲਾਂਕਿ, ਕੁਝ ਸਥਾਨਕ ਰਿਪੋਰਟਾਂ ਅਤੇ ਓ.ਬੀ.ਸੀ. ਕਮਿਸ਼ਨ ਦੇ ਅਨੁਸਾਰ ਅਬਾਦੀ ਲਗਭਗ 43 ਫੀਸਦੀ ਤੱਕ ਦੱਸੀ ਗਈ ਹੈ, ਪਰ ਅਧਿਕਾਰਤ ਜਨਗਣਨਾ ਤੋਂ ਨਿਸ਼ਚਿਤ ਅੰਕੜੇ ਉਪਲਬਧ ਨਹੀਂ ਹਨ।

ਪੰਜਾਬ ਵਿੱਚ ਓਬੀਸੀ/ਬੀਸੀ ਆਬਾਦੀ ਵਿੱਚ ਸੈਣੀ, ਕੰਬੋਜ, ਲੁਬਾਣਾ , ਤਰਖਾਣ /ਰਾਮਗੜ੍ਹੀਆ, ਘੁਮਾਰ/ਪ੍ਰਜਾਪਤੀ, ਅਰਾਇਣ, ਗੁੱਜਰ, ਨਾਈ, ਤੇਲੀ, ਵਣਜਾਰਾ ਆਦਿ ਭਾਈਚਾਰੇ ਸ਼ਾਮਲ ਹਨ।

ਪੰਜਾਬ ਵਿੱਚ ਅਨੁਸੂਚਿਤ ਜਾਤੀਆਂ ਸਭ ਤੋਂ ਵੱਧ ਆਬਾਦੀ ਲਗਭਗ 31.9ਫੀਸਦੀ - 32.8 ਫੀਸਦੀ ਬਣਾਉਂਦੀਆਂ ਹਨ।


www.malwatires.ca
MALWA
TIRES & SERVICES LTD
UNIT - JK 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
MOBILE
24/7 SERVICE
services@malwatires.com

# ਰਜਿਸਟਡ ਡਿਸਏਬਿਲਟੀ ਸੇਵਿੰਗ ਪਲਾਨ (RDSP)

ਲਗਦਾ ਹੈ ਕਿ ਇਹ ਕੋਈ ਨਵਾਂ ਪਲਾਨ ਹੈ। ਪਰ ਨਹੀਂ ਇਸ ਬਾਰੇ ਸਭ ਤੋਂ ਪਹਿਲਾਂ 2008 ਦੇ ਵਿਚ ਗੌਰਮਿੰਟ ਆਫ਼ ਕੈਨੇਡਾ ਨੇ ਕਾਨੂੰਨ ਬਣਾਇਆ ਸੀ ਜਿਸ ਦਾ ਮਕਸਦ ਸੀ ਕਿ ਉਹ ਕੈਨੇਡੀਅਨ ਜਿਹੜੇ ਜਾਂ ਤਾਂ ਜਮਾਂਦਰੂ ਹੀ ਡਿਸਏਬਲ ਹੁੰਦੇ ਹਨ ਜਾਂ ਫਿਰ ਬਾਅਦ ਵਿਚ ਜ਼ਿੰਦਗੀ 'ਚ, ਪਰਮਾਨੈਂਟਲੀ ਡਿਸਏਬਲ ਹੋ ਜਾਂਦੇ ਹਨ। ਉਨ੍ਹਾਂ ਦਾ ਹੱਕ ਹੈ ਕਿ ਉਹ ਰੋਟੀ, ਕੱਪੜਾ ਤੇ ਮਕਾਨ ਲਈ ਯਾਨੀ ਰਹਿਣ ਸਹਿਣ ਜਾਂ ਖਾਣ ਪੀਣ ਤੇ ਤਨ 'ਤੇ ਕੱਪੜੇ ਲਈ ਸਰਕਾਰੀ ਸਹਾਇਤਾ ਪਾ ਸਕਣ।

**ਇਹ ਹੈ ਕੀ?**

ਇਹ ਇਕ ਉਹ ਸੇਵਿੰਗ ਅਕਾਊਂਟ ਹੁੰਦਾ ਹੈ ਜਿਸ ਵਿਚ ਕੈਨੇਡੀਅਨ ਜੋ ਕਿ ਜਾਂ ਪੀ ਆਰ (PR) ਹਨ ਜਾਂ ਫਿਰ ਪੱਕੀ ਸ਼ਹਿਰੀ ਹਨ, ਆਪਣਾ ਆਰਡੀਐਸਪੀ ਅਕਾਊਂਟ ਖੋਲ੍ਹ ਸਕਦੇ ਹਨ। ਅਜੇ ਤੱਕ ਸਿਰਫ਼ ਇਕ ਹੀ ਇੰਸ਼ੋਰੈਂਸ ਕੰਪਨੀ ਹੈ ਜਿਸ ਵਿਚ ਉਹ ਆਪਣਾ ਸੇਵਿੰਗਜ਼ ਅਕਾਊਂਟ ਖੋਲ੍ਹ ਸਕਦੇ ਹਨ ਅਤੇ ਇਸ ਤੋਂ ਇਲਾਵਾ ਕਈ ਵਿੱਤੀ ਸੰਸਥਾਵਾਂ ਵੀ ਹਨ। ਸਰਕਾਰ ਆਪਣੇ ਵਲੋਂ ਉਸ ਦੀ ਬਣਦੀ ਗਰਾਂਟ ਵੀ ਪਾ ਦਿੰਦੀ ਹੈ। ਕਿੰਨਾ ਅਕਾਊਂਟ ਖੋਲ੍ਹਣਾ ਹੈ ਤੇ ਕਿੰਨੀ ਗਰਾਂਟ ਮਿਲ ਸਕਦੀ ਹੈ ਇਸ ਲਈ ਉਨ੍ਹਾਂ ਨੂੰ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਕਰ ਕੀਤਾ ਜਾ ਸਕਦਾ ਹੈ।

ਇਸ ਅਕਾਊਂਟ ਨੂੰ ਖੋਲ੍ਹਣ ਦੀ ਉਮਰ 0 ਸਾਲ ਤੋਂ 49 ਸਾਲ ਤੱਕ ਦੀ ਹੈ। ਜੇ ਗਰਾਂਟ ਲੈਣੀ ਹੋਵੇ।

ਇਹ ਗਰਾਂਟ 0 ਤੋਂ 49 ਸਾਲ ਦੀ ਉਮਰ ਤੱਕ $90,000 ਤੱਕ ਦੀ ਹੋ ਸਕਦੀ ਹੈ। ਸੇਵਿੰਗ ਕਰਨ ਲਈ ਵੀ ਬਹੁਤਾ ਵੱਡਾ ਅਮਾਊਂਟ ਨਹੀਂ ਹੈ। ਅਸੀਂ ਮਹੀਨੇ ਦੇ ਮਹੀਨੇ $125 ਤੱਕ ਦੀ ਵੀ ਸੇਵਿੰਗ ਕਰ ਸਕਦੇ ਹਾਂ।

ਇਸ ਤਰ੍ਹਾਂ ਇਸ ਪਲਾਨ ਵਿਚ ਆਪਣਾ ਮੂਲ ਪੈਸਾ ਪਲੱਸ ਗਰਾਂਟ ਤੇ ਪਲੱਸ ਦੋਹਾਂ ਉਤੇ ਵਿਆਜ ਵੀ ਲੈ ਸਕਦੇ ਹਾਂ। ਵੱਧ ਤੋਂ ਵੱਧ ਇਸ ਪਲਾਨ ਵਿਚ ਅਸੀਂ $200,000 ਡਾਲਟ ਤੱਕ ਸੇਵ ਕਰ ਸਕਦੇ ਹਾਂ। $500 ਜੋੜਨ ਨਾਲ $1500 ਦੀ ਗਰਾਂਟ ਤੇ ਹੋਰ $1000 ਜੋੜਨ ਨਾਲ $2000 ਦੀ ਗਰਾਂਟ। ਗਰਾਂਟ ਇਸ ਤੋਂ ਵੱਧ ਵੀ ਉਪਲਬਧ ਹੈ।

ਇਹ ਪਲੈਨ ਕਦੋਂ ਮਿਚਿਓਰ (Mature) ਹੁੰਦੀ ਹੈ?



**ਸ਼ੇਰ ਜੰਗ ਰਾਣਾ**
416-910-9000



**ਬਚਿੱਤਰ ਸਿੰਘ**
416-527-3737



**ਹਰਬੰਸ ਸਿੰਘ**
416-817-7142




ਵੈਸੇ ਪੈਸੇ ਜੋੜਨ ਵਾਲੇ ਆਪਣਾ ਪੈਸਾ ਵਿਆਜ ਸਮੇਤ ਜਦ ਮਰਜ਼ੀ ਲੈ ਸਕਦੇ ਹਨ ਪਰ ਜੇ ਅਸੀਂ ਆਪਣਾ ਪੈਸਾ ਪੂਰਾ ਤੇ ਗਰਾਂਟ ਤੇ ਉਪਰ ਦਾ ਵਿਆਜ ਥੋੜ੍ਹਾ-ਥੋੜ੍ਹਾ ਕਰਕੇ ਲੈਣਾ ਚਾਹੁੰਦੇ ਹਾਂ ਤਾਂ ਇਹ ਪਲੈਨ 60 ਸਾਲ ਦੀ ਉਮਰ ਤੇ ਮਿਚਿਓਰ ਹੋ ਜਾਂਦੀ ਹੈ।

ਫਿਰ ਆਪਣਾ ਜੋ ਹੈਂਡੀਕੈਪ ਹੁੰਦਾ ਹੈ ਉਹ ਆਪਣੇ 60 ਸਾਲ ਤੋਂ ਵੱਧ ਦੇ ਸਮੇਂ ਲਈ ਮਹੀਨੇ ਦੇ ਮਹੀਨੇ ਪੈਸੇ ਲੈਣਾ ਸ਼ੁਰੂ ਕਰ ਸਕਦਾ ਹੈ। ਕਿੰਨਾ ਪੈਸਾ ਮਹੀਨੇ ਦਾ ਜਾਂ ਸਾਲ ਦਾ ਲਿਆ ਜਾ ਸਕਦਾ ਹੈ? ਇਹ ਨਿਰਭਰ ਕਰਦਾ ਹੈ ਕਿ ਉਸ ਨੇ ਕਿੰਨਾ ਪੈਸਾ ਸੇਵ ਕੀਤਾ ਹੈ ਤੇ ਕਿੰਨੀ ਗਰਾਂਟ ਲਈ ਹੈ।

ਤੇ ਉਸ ਨੂੰ ਕਿੰਨਾ ਵਿਆਜ ਮਿਲਿਆ ਹੈ।

**ਕਿੰਨਾ ਲੋਕਾਂ ਲਈ ਇਹ ਪਲੈਨ ਲਾਹੇਵੰਦ ਹੈ?**

- ਜਿਨ੍ਹਾਂ ਕੋਲ CRA ਕੋਲੋਂ DTC Certificate ਹੈ।
- ਜਿਨ੍ਹਾਂ ਦੀ ਉਮਰ 59 ਸਾਲ ਤੋਂ ਘੱਟ ਹੈ ਜਾਂ ਗਰਾਂਟ ਹਾਸਲ ਕਰਨ ਲਈ 49 ਸਾਲ ਤੋਂ ਘੱਟ ਹੈ।
- ਜੋ ਜਨਮ ਤੋਂ ਹੀ Autism, Bipolar Disorder, Cerebral palsy, COPD, permanent depression Down syndrome , Hearing Loss, blindness, multiple sclerosis, paralysis, Parkinson disease, Dementia, crohn's disease, cystic, Fibrosis or amputation.
- ਇਸ ਤੋਂ ਇਲਾਵਾ ਕੋਈ ਵੀ ਜੋ ਪੂਰੀ ਤਰ੍ਹਾਂ ਕਿਸੇ ਵੀ ਕਾਰਨ ਕਰਕੇ ਡਿਸਏਬਲ ਹੈ ਉਹਦਾ ਡਾਕਟਰ ਉਹ ਨੂੰ CRA ਦਾ T 2201 ਫਾਰਮ ਭਰ ਕੇ ਦੇ ਸਕਦਾ ਹੈ।
- ਬਾਕੀ ਤੁਸੀਂ ਵੱਧ ਜਾਣਕਾਰੀ ਲਈ ਹੇਠਾਂ ਦਿੱਤੇ ਨੰਬਰਾਂ 'ਤੇ ਫੋਨ ਕਰਕੇ ਜਾਣਕਾਰੀ ਹਾਸਲ ਕਰ ਸਕਦੇ ਹੋ। ਕਿਉਂਕਿ ਇਥੇ ਸਾਰਾ ਕੁਝ ਨਹੀਂ ਲਿਖਿਆ ਜਾ ਸਕਦਾ। ਜਿਵੇਂ ਕਿ ਹਰ ਕੋਈ ਵੱਖਰੇ ਢੰਗ ਨਾਲ ਵੀ ਡਿਸਟੇਬਲ ਹੋ ਸਕਦਾ ਹੈ।




PROGRESSIVE CULTURAL ASSOCIATION CALGARY (REGD.)
BE RATIONALIST

ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ (ਰਜਿ:)
ਸਵ. ਸੋਹਣ ਮਾਨ ਯਾਦਗਾਰੀ 15ਵਾਂ ਸਾਲਾਨਾ ਅਗਾਂਹਵਧੂ ਸਭਿਆਚਾਰਕ
ਨਾਟਕ ਸਮਾਗਮ



June 6, 2026 Saturday

TIMING : 2.30 PM to 5.30 PM | GATE OPEN 2:00 PM
HOP EVENTS CENTRE, 5 RED STONE HEIGHTS NE
CALGARY AB T3N 0T6

ਜਸਵਿੰਦਰ ਮਾਨ (ਪ੍ਰਧਾਨ)
ਮਾਸਟਰ ਭਜਨ (ਸਕੱਤਰ) : 403-455-4220 | ਕਮਲਪ੍ਰੀਤ ਪੰਧੇਰ (ਵਿੱਤ ਸਕੱਤਰ) : 403-479-4220
ਵਿਸ਼ੇਸ਼ ਸਹਿਯੋਗ: ਹਰਚਰਨ ਸਿੰਘ ਸਿੱਖ ਵਿਰਸਾ : 403-681-8689 | ਸੁਖਵੀਰ ਗਰੇਵਾਲ : 403-402-0770

BRING YOUR PARENTS & GRAND PARENTS FOR A
FREE HEARING TEST



1410-6004 Country Hills Blvd NE
Building 1401 Calgary, AB T3N 1T8
APEX SKY MEDICAL CENTRE

ਅਲਬਰਟਾ ਦੀ ਪਹਿਲੀ ਪੰਜਾਬੀ ਬੋਲਣ ਵਾਲੀ
Hearing Instrument ਸਪੈਸ਼ਲਿਸਟ

403 723 3141
www.primehearing.clinic
info@primehearing.clinic

PRIME HEARING CLINIC




*Conditions Apply

18 ਸਾਲ ਤੋਂ ਵੱਧ ਉਮਰ ਵਾਲਿਆਂ ਲਈ
ਮੁਫ਼ਤ ਕੰਨਾਂ ਦਾ ਟੈਸਟ ਅਤੇ ਮੁਫ਼ਤ ਕੰਨਾਂ ਦੀਆਂ ਮਸ਼ੀਨਾਂ

WE SPEAK YOUR LANGUAGE
ਪੰਜਾਬੀ | ਹਿੰਦੀ
URDU | ENGLISH

Ramandeep (Reet) Kaur
Registered Hearing Aid Prcatitioner(RHAP)
Board Certified Hearing Instrument Specialist(BC-HIS)
Book Your Free Hearing Test



Taralake Dental
Taralake Dental offers Full Range of General and Cosmetic Dental Services
TARALAKE DENTAL

We Offer
Oral Exams and Checkups | Dental Cleanings | Children's Dentistry
Cosmetic Procedures : Crowns, Bridges | Teeth Whitening | Tooth Coloured Fillings
Same Day Emergencies | Root Canals | Wisdom Tooth Extraction

Ph. : 403-455-1600 | Fax : 403-764-9788
contact@taralakedental.com | www.taralakedental.com
Unit 321 (2nd Floor) 7171 80th Ave NE Calgary, AB T3J 0P6

RDSP UP TO $90,000 GOVERNMENT GRANT + BOND.
SUPER VISA INSURANCE



MDRT
The Premier Association of Financial Professionals

Punjab Insurance Inc

LIFE INSURANCE | CRITICAL ILLNESS INSURANCE
DISABILITY INSURANCE | TRAVEL INSURANCE
VISITOR INSURANCE | RESP, RRSP, TFSA & FHSA

HARPREET RANA 416-871-3571
NIAMAT RANA 416-206-1616

WWW.PUNJABINSURANCE.CA

